PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
27th Mar - 3rd Apr 2025 • Issue No. 3073
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact: S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

## ਜਥਾ ਨਿਹੰਗ ਸਿੰਘ ਤਰਨਾ ਦਲ ਦੇ ਜਥੇਦਾਰ ਬਾਬਾ ਨਿਹਾਲ ਸਿੰਘ ਜੀ ਦਾ ਡਰਬੀ ਵਿਖੇ ਆਉਣ ’ਤੇ ਸਿੱਖ ਅਜਾਇਬਘਰ ਅਤੇ ਗੁਰਦੁਆਰਾ ਸਿੰਘ ਸਭਾ ਵੱਲੋਂ ਨਿੱਘਾ ਸਵਾਗਤ



ਖਬਰ ਅੰਦਰ ਦੇਖੋ

## ਰੰਗਾਂ ਦੇ ਜਾਦੂਗਰ, ਪ੍ਰਸਿੱਧ ਚਿੱਤਰਕਾਰ ਸਵਰਗੀ ਸਰੂਪ ਸਿੰਘ ਨੂੰ ਆਖਰੀ ਅਲਵਿਦਾ




### ਲੈਸਟਰ ਵਿਖੇ ਉਨ੍ਹਾਂ ਦੇ ਅੰਤਿਮ ਸੰਸਕਾਰ ਸਮੇਂ ਦੂਰੋਂ ਨੇੜਿਓਂ ਸੰਗਤਾਂ ਆਈਆਂ

### ਨੈਸ਼ਨਲ ਸਿੱਖ ਅਜਾਇਬਘਰ ਅਤੇ ਸਿੰਘ ਸਭਾ ਡਰਬੀ ਤੋਂ ਪਹੁੰਚੇ ਰਘਬੀਰ ਸਿੰਘ ਅਤੇ ਰਾਜਿੰਦਰ ਸਿੰਘ ਪੁਰੇਵਾਲ ਵੱਲੋਂ ਵਿੱਛੜੇ ਚਿੱਤਰਕਾਰ ਨੂੰ ਨਿੱਘੀ ਸ਼ਰਧਾਂਜਲੀ ਭੇਟ





ਖਬਰ ਅੰਦਰ ਦੇਖੋ

# ਕੈਂਸਰ ਕਿਸੇ ਨੂੰ ਵੀ ਹੋ ਸਕਦਾ ਹੈ

NHS

## ਸੰਭਾਵਿਤ ਸੰਕੇਤਾਂ ਵੱਲ ਧਿਆਨ ਦਿਓ ਅਤੇ ਆਪਣੀ ਜਾਂਚ ਕਰਵਾਓ



**ਕੈਂਸਰ ਦੀਆਂ ਨਿਸ਼ਾਨੀਆਂ ਅਤੇ ਲੱਛਣਾਂ ਵਿੱਚ ਹੇਠ ਲਿਖੇ ਸ਼ਾਮਲ ਹੋ ਸਕਦੇ ਹਨ:**

ਸਰੀਰ 'ਤੇ ਕਿਤੇ ਵੀ ਇੱਕ ਅਣਜਾਣ ਗੰਢ

ਤੁਹਾਡੇ ਪਿਸ਼ਾਬ ਵਿੱਚ ਖੂਨ ਭਾਂਵੇ ਇੱਕ ਵਾਰ ਹੀ |

ਤੁਹਾਡੀ ਸਟੂਲ ਵਿੱਚ ਖੂਨ, ਮੀਨੋਪੌਜ਼ ਤੋਂ ਬਾਅਦ ਜਾਂ ਮਾਹਵਾਰੀ ਦੇ ਵਿਚਕਾਰ ਜਾਂ ਸੈਕਸ ਤੋਂ ਬਾਅਦ ਵਿੱਚ ਖੂਨ |

**ਜੇਕਰ ਤੁਸੀਂ ਇਹਨਾਂ ਵਿੱਚੋਂ ਕੋਈ ਵੀ ਲੱਛਣ ਦੇਖਦੇ ਹੋ ਅਤੇ ਇਹ ਤਿੰਨ ਹਫ਼ਤੇ ਜਾਂ ਵੱਧ ਸਮੇਂ ਤੱਕ ਰਹਿੰਦਾ ਹੈ, ਤਾਂ ਇਹ ਕੈਂਸਰ ਦਾ ਸੰਕੇਤ ਹੋ ਸਕਦਾ ਹੈ:**

ਖੰਘ ਜਾਂ ਮੌਜੂਦਾ ਖੰਘ ਵਿੱਚ ਤਬਦੀਲੀ

ਮੂੰਹ ਵਿੱਚ ਫੋੜਾ ਜਾਂ ਫੋੜਾ ਜੋ ਠੀਕ ਨਹੀਂ ਹੁੰਦਾ

ਪੇਟ ਦੀ ਪਰੇਸ਼ਾਨੀ, ਜਿਵੇਂ ਕਿ ਪੇਟ ਦਰਦ, ਦਸਤ ਜਾਂ ਜ਼ਿਆਦਾਤਰ ਢਿੱਡ ਫੁੱਲਣਾ |

ਕੀ ਤੁਹਾਨੂੰ ਕਦੇ ਇਹ ਮਹਿਸੂਸ ਹੋਇਆ ਹੈ ਕਿ ਤੁਹਾਡੇ ਸਰੀਰ ਵਿੱਚ ਕੋਈ ਚੀਜ਼ ਬਿਲਕੁਲ ਸਹੀ ਨਹੀਂ ਹੈ, ਜਾਂ ਕੀ ਤੁਸੀਂ ਕੁਝ ਅਜਿਹਾ ਦੇਖਿਆ ਹੈ ਜੋ ਆਮ ਨਾਲੋਂ ਵੱਖਰਾ ਹੈ? ਇਹ ਹੋ ਸਕਦਾ ਹੈ ਕਿ ਤੁਹਾਨੂੰ ਤਿੰਨ ਹਫ਼ਤਿਆਂ ਤੋਂ ਵੱਧ ਸਮੇਂ ਤੋਂ ਦਸਤ ਜਾਂ ਪੇਟ ਦੀ ਸਮੱਸਿਆ ਰਹੀ ਹੋਵੇ ਜਾਂ ਤੁਸੀਂ ਆਪਣੇ ਪਿਸ਼ਾਬ ਵਿੱਚ ਖੂਨ ਦੇਖਿਆ ਹੋਵੇ, ਇੱਥੋਂ ਤੱਕ ਕਿ ਸਿਰਫ਼ ਇੱਕ ਵਾਰ; ਜਾਂ ਅਚਾਨਕ ਭਾਰ ਘਟਿਆ; ਜਾਂ ਸ਼ਾਇਦ ਤੁਹਾਨੂੰ ਤਿੰਨ ਹਫ਼ਤੇ ਜਾਂ ਵੱਧ ਸਮੇਂ ਤੋਂ ਖੰਘ ਰਹੀ ਹੈ। ਕੋਈ ਚੀਜ਼ ਜੋ ਅਸਾਧਾਰਨ ਮਹਿਸੂਸ ਕਰਦੀ ਹੈ ਜਾਂ ਤੁਹਾਡੀ ਸਿਹਤ ਵਿੱਚ ਤਬਦੀਲੀ ਕੈਂਸਰ ਦੀ ਨਿਸ਼ਾਨੀ ਹੋ ਸਕਦੀ ਹੈ। ਕਿਸੇ ਵੀ ਵਿਅਕਤੀ ਨੂੰ ਕੈਂਸਰ ਹੋ ਸਕਦਾ ਹੈ, ਪਰ ਇਸ ਦਾ ਜਲਦੀ ਪਤਾ ਲਗਾਉਣਾ ਇਸ ਨੂੰ ਵਧੇਰੇ ਇਲਾਜਯੋਗ ਬਣਾਉਂਦਾ ਹੈ ਅਤੇ ਤੁਹਾਡੀ ਜਾਨ ਬਚਾ ਸਕਦਾ ਹੈ, ਇਸ ਲਈ ਸਭ ਤੋਂ ਪਹਿਲਾਂ ਇਸਦੀ ਜਾਂਚ ਕਰਵਾਉਣ ਲਈ ਆਪਣੇ ਜੀਪੀ ਅਭਿਆਸ ਨਾਲ ਸੰਪਰਕ ਕਰੋ

ਦਿਵਯੇਸ਼ ਤ੍ਰਿਵੇਦੀ, ਉਮਰ 62, ਆਪਣੇ ਬਗੀਚੇ ਵਿੱਚ ਕੰਮ ਕਰ ਰਿਹਾ ਸੀ ਜਦੋਂ ਉਸਨੇ ਆਪਣੀ ਗਰਦਨ 'ਤੇ ਕੁਝ ਛੋਟੇ-ਛੋਟੇ ਫੋੜੇ ਦੇਖੇ ਅਤੇ ਸੋਚਿਆ ਕਿ ਇਹ ਸ਼ਾਇਦ ਕੀੜੇ ਦੇ ਕੱਟੇ ਹੋਏ ਹਨ। ਹਾਲਾਂਕਿ ਉਹ ਹਾਲ ਵਿੱਚ ਵਿੱਚ ਕੁਝ ਥਕਾਵਟ ਦਾ ਅਨੁਭਵ ਕਰ ਰਿਹਾ ਸੀ, ਉਸਨੇ ਇਸਨੂੰ ਆਪਣੀ ਸ਼ੂਗਰ ਦਾ ਕਾਰਨ ਸੋਚਿਆ ਜਦੋਂ ਦਿਵਯੇਸ਼ ਲਾਗ ਬਾਰੇ ਆਪਣੇ ਡਾਕਟਰ (GP) ਕੋਲ ਗਿਆ, ਤਾਂ ਉਸਨੇ ਛੋਟੇ ਛੋਟੇ ਫੋੜਿਆ ਦਾ ਜ਼ਿਕਰ ਕੀਤਾ।

*'ਮੈਂ ਇਸ ਬਾਰੇ ਕੁਝ ਨਹੀਂ ਸੋਚਿਆ, ਪਰ ਮੈਂ ਸੋਚਿਆ ਕਿ ਜਦੋਂ ਮੈਂ ਉੱਥੇ ਸੀ ਤਾਂ ਡਾਕਟਰ (GP) ਨੂੰ ਦੱਸਣਾ ਮਹੱਤਵਪੂਰਣ ਸੀ। ਉਸਨੇ ਤੁਰੰਤ ਜ਼ੋਰ ਦੇ ਕੇ ਕਿਹਾ ਕਿ ਮੈਂ ਹਸਪਤਾਲ ਵਿੱਚ ਇੱਕ ਸਲਾਹਕਾਰ ਨੂੰ ਵੇਖਾਂ। ਮੈਂ ਥੋੜਾ ਚਿੰਤਤ ਸੀ ਪਰ ਮੈਨੂੰ ਇਹ ਵੀ ਰਾਹਤ ਮਹਿਸੂਸ ਹੋਈ ਕਿ ਮੈਂ ਇਹ ਮੰਨਣ ਦੀ ਬਜਾਏ ਇਸ ਦਾ ਜ਼ਿਕਰ ਕੀਤਾ ਸੀ।*

ਸਲਾਹਕਾਰ ਨੇ ਬਾਇਓਪਸੀ ਲਈ ਅਤੇ MRI ਸਕੈਨ ਦਾ ਆਯੋਜਨ ਕੀਤਾ, ਅਤੇ ਦੋ ਤੋਂ ਤਿੰਨ ਹਫ਼ਤਿਆਂ ਦੇ ਅੰਦਰ ਦਿਵਯੇਸ਼ ਨੂੰ ਦੱਸਿਆ ਗਿਆ ਕਿ ਉਸਨੂੰ ਨਾਨ ਹਾਡਕਿਨਜ਼ ਲਿੰਫੋਮਾ - ਇੱਕ ਕਿਸਮ ਦਾ ਬਲੱਡ ਕੈਂਸਰ ਹੈ। ਦਿਵਯੇਸ਼ ਇਸ ਖਬਰ ਨਾਲ ਘਬਰਾ ਗਿਆ ,ਕਿਉਂਕਿ ਉਸ ਸਮੇਂ ਤੱਕ ਉਸ ਨੇ ਇਹ ਨਹੀਂ ਸੋਚਿਆ ਸੀ ਕਿ ਕੁਝ ਗਲਤ ਸੀ। ਉਸ ਦੇ ਪਿਤਾ ਨੂੰ ਵੀ ਨਾਨ ਹੌਡਕਿਨਜ਼ ਲਿੰਫੋਮਾ ਅਤੇ ਪੇਟ ਦਾ ਕੈਂਸਰ ਸੀ, ਇਸ ਲਈ ਦਿਵਯੇਸ਼ ਨੂੰ ਪਤਾ ਸੀ ਕਿ ਉਸ ਨੂੰ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਉਸਦਾ ਇੱਕ ਮਹੀਨੇ ਤੱਕ ਇਲਾਜ ਚੱਲਿਆ, ਉਸ ਤੋਂ ਬਾਅਦ ਇੱਕ ਹੋਰ ਐਮਆਰਆਈ ਕੀਤਾ ਗਿਆ, ਜਿਸ ਵਿੱਚ ਸ਼ੁਕਰ ਹੈ ਕਿ ਕੈਂਸਰ ਦੇ ਕੋਈ ਲੱਛਣ ਦਿਖਾਈ ਨਹੀਂ ਦਿੱਤੇ।

*'ਇਹ ਜਾਣ ਕੇ ਬਹੁਤ ਰਾਹਤ ਮਿਲੀ ਕਿ ਇਲਾਜ ਨੇ ਕੰਮ ਕੀਤਾ, ਅਤੇ ਹੁਣ ਇਕ ਸਾਲ ਬਾਅਦ ਮੇਰੇ ਵਿੱਚ ਕੋਈ ਲੱਛਣ ਨਹੀਂ ਹਨ। ਮੇਰੇ ਕੋਲ ਨਿਯਮਤ MRI ਸਕੈਨ ਹੁੰਦੇ ਹਨ ਅਤੇ ਮੈਂ ਇਹ ਯਕੀਨੀ ਬਣਾਉਂਦਾ ਹਾਂ ਕਿ ਮੈਂ ਆਪਣੇ ਆਪ ਨੂੰ ਕਿਸੇ ਵੀ ਚੀਜ਼ ਲਈ ਜਾਂਚ ਕਰਦਾ ਹਾਂ ਜੋ ਮੇਰੇ ਲਈ ਅਸਾਧਾਰਨ ਲੱਗਦਾ ਹੈ।'*

ਦਿਵਯੇਸ਼ ਦੀ ਕਹਾਣੀ ਇਹ ਦਰਸਾਉਂਦੀ ਹੈ ਕਿ ਤੁਹਾਡੇ ਸਰੀਰ ਵਿੱਚ ਕਿਸੇ ਵੀ ਤਬਦੀਲੀ ਦਾ ਨੋਟਿਸ ਲੈਣਾ ਅਤੇ ਇਸ ਬਾਰੇ ਜਲਦੀ ਕੁਝ ਕਰਨਾ ਕਿੰਨਾ ਜ਼ਰੂਰੀ ਹੈ। ਉਦਾਹਰਨ ਲਈ, ਜੇਕਰ ਤੁਸੀਂ ਬਿਨਾਂ ਕਿਸੇ ਸਪੱਸ਼ਟ ਕਾਰਨ ਦੇ ਆਮ ਨਾਲੋਂ ਜ਼ਿਆਦਾ ਥਕਾਵਟ ਮਹਿਸੂਸ ਕਰ ਰਹੇ ਹੋ, ਬਹੁਤ ਜ਼ਿਆਦਾ ਲਾਗ ਲੱਗ ਗਈ ਹੈ ਜਾਂ ਰਾਤ ਨੂੰ ਬਿਨਾਂ ਕਾਰਨ ਪਸੀਨਾ ਆ ਰਿਹਾ ਹੈ, ਤਾਂ ਇਹ ਕੈਂਸਰ ਦੇ ਸਾਰੇ ਸੰਭਾਵੀ ਲੱਛਣ ਹਨ ਜੋ ਤੁਹਾਡਾ ਜੀਪੀ ਤੁਹਾਡੇ ਲਈ ਜਾਂਚ ਕਰ ਸਕਦਾ ਹੈ ਅਤੇ ਉਮੀਦ ਹੈ ਕਿ ਤੁਹਾਡੀ ਮਦਦ ਕਰਨ ਵਿੱਚ ਮਦਦ ਮਿਲੇਗੀ। ਚਿੰਤਾ ਤੋਂ ਮਨ.

ਆਪਣੇ ਠੀਕ ਹੋਣ ਤੋਂ ਬਾਅਦ, ਦਿਵਯੇਸ਼ ਹਰ ਰੋਜ਼ ਪੂਰੀ ਜ਼ਿੰਦਗੀ ਜੀਣਾ ਚਾਹੁੰਦਾ ਹੈ, ਅਤੇ ਉਸਨੇ ਅਤੇ ਉਸਦੀ ਪਤਨੀ ਨੇ ਦੁਨੀਆ ਭਰ ਵਿੱਚ ਉਹਨਾਂ ਥਾਵਾਂ ਦੀ ਇੱਕ 'ਬਕੇਟ ਲਿਸਟ' ਲਿਖੀ ਹੈ ਜਿੱਥੇ ਉਹ ਯਾਤਰਾ ਜਾਣਾ ਚਾਹੁੰਦੇ ਹਨ। ਉਹ ਆਪਣੇ ਪਰਿਵਾਰ ਅਤੇ ਆਪਣੇ ਬੱਚਿਆਂ ਲਈ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸ਼ੁਕਰਗੁਜ਼ਾਰ ਹੈ, ਅਤੇ ਦੂਜਿਆਂ ਨੂੰ ਜਾਂਚ ਕਰਵਾਉਣ ਦੀ ਤਾਕੀਦ ਕਰਦਾ ਹੈ ਤਾਂ ਜੋ ਉਹ ਮਨ ਦੀ ਸ਼ਾਂਤੀ ਨਾਲ ਆਪਣੀ ਜ਼ਿੰਦਗੀ ਜੀ ਸਕਣ।

*ਹੋ ਸਕਦਾ ਹੈ ਕਿ ਇਹ ਕੁਝ ਵੀ ਨਾ ਹੋਵੇ, ਪਰ ਜੇਕਰ ਇਹ ਕੈਂਸਰ ਹੈ, ਤਾਂ ਜਿੰਨੀ ਜਲਦੀ ਪਤਾ ਲਗਾਇਆ ਜਾਵੇਗਾ ਅਤੇ ਇਲਾਜ ਕੀਤਾ ਜਾਵੇਗਾ, ਤੁਹਾਡੇ ਠੀਕ ਹੋਣ ਦੀ ਸੰਭਾਵਨਾ ਓਨੀ ਹੀ ਜ਼ਿਆਦਾ ਹੋਵੇਗੀ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਕੈਂਸਰ ਕਿਸੇ ਨੂੰ ਵੀ ਹੋ ਸਕਦਾ ਹੈ, ਇਸ ਲਈ ਜੇਕਰ ਤੁਸੀਂ ਆਪਣੇ ਸਰੀਰ ਵਿੱਚ ਕੁਝ ਵੱਖਰਾ ਮਹਿਸੂਸ ਕਰਦੇ ਹੋ ਤਾਂ ਕਿਰਪਾ ਕਰਕੇ ਤੁਰੰਤ ਆਪਣੇ ਜੀਪੀ ਨਾਲ ਮੁਲਾਕਾਤ ਕਰੋ। ਤੁਸੀਂ ਉਨ੍ਹਾਂ ਦਾ ਸਮਾਂ ਬਰਬਾਦ ਨਹੀਂ ਕਰੋਗੇ ਅਤੇ ਇਹ ਤੁਹਾਡੀ ਜਾਨ ਬਚਾ ਸਕਦਾ ਹੈ।'*

ਜੇਕਰ ਤੁਹਾਡੇ ਸਰੀਰ ਵਿੱਚ ਕੁਝ ਠੀਕ ਮਹਿਸੂਸ ਨਹੀਂ ਹੁੰਦਾ, ਤਾਂ ਆਪਣੇ ਡਾਕਟਰ (GP) ਨਾਲ ਸੰਪਰਕ ਕਰੋ। ਜੇਕਰ ਤੁਹਾਡੇ ਡਾਕਟਰ (GP) ਨੂੰ ਕੈਂਸਰ ਦਾ ਸ਼ੱਕ ਹੈ ਤਾਂ ਉਹ ਤੁਹਾਨੂੰ ਹੋਰ ਟੈਸਟਾਂ ਲਈ ਭੇਜ ਦੇਣਗੇ। ਇਹ ਸ਼ਾਇਦ ਕੁਝ ਵੀ ਗੰਭੀਰ ਨਹੀਂ ਹੈ, ਪਰ ਕੈਂਸਰ ਦਾ ਛੇਤੀ ਪਤਾ ਲਗਾਉਣਾ ਇਸ ਨੂੰ ਵਧੇਰੇ ਇਲਾਜਯੋਗ ਬਣਾਉਂਦਾ ਹੈ ਅਤੇ ਜਾਨਾਂ ਬਚਾ ਸਕਦਾ ਹੈ।

Clear on cancer

Help us help you

ਕੈਂਸਰ ਦੇ ਲੱਛਣਾਂ ਅਤੇ ਲੱਛਣਾਂ ਬਾਰੇ ਵਧੇਰੇ ਜਾਣਕਾਰੀ ਲਈ
**nhs.uk/cancersymptoms** 'ਤੇ ਜਾਓ

ਮਾਮਲਾ ਪੁਲੀਸ ਵਲੋਂ ਕਰਨਲ ਦੀ ਕੁੱਟਮਾਰ ਦਾ

# ਕਰਨਲ ਬਾਠ ਦੇ ਮਾਮਲੇ ਵਿਚ ਹਾਈਕੋਰਟ ਦਾ ਸਖ਼ਤ ਰੁਖ

## ✪ ਪੰਜਾਬ ਸਰਕਾਰ ਨੂੰ ਪੁੱਛੇ ਕਈ ਸਵਾਲ, ਦੋ ਦਿਨ ਵਿਚ ਜੁਆਬ ਮੰਗਿਆ

ਚੰਡੀਗੜ੍ਹ-ਕਰਨਲ ਬਾਠ ਮਾਮਲੇ ਵਿਚ ਹਾਈਕੋਰਟ ਸਖਤ ਰੁਖ ਅਪਣਾਉਂਦਾ ਦਿਖਾਈ ਦਿੱਤਾ। ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਕਈ ਸਵਾਲ ਪੁੱਛੇ. ਹਾਈਕੋਰਟ ਨੇ ਪੁੱਛਿਆ ਕਿ ਐਫ ਆਈ ਆਰ ਦਰਜ ਕਰਨ ਵਿਚ ਆਖਰ ਦੇਰੀ ਕਿਉਂ ਹੋਈ, ਘਟਨਾ ਤੋਂ ਤੁਰੰਤ ਬਾਅਦ ਐਫ ਆਈ ਆਰ ਦਰਜ ਕਿਉਂ ਨਹੀਂ ਕੀਤੀ ਗਈ ਤੇ ਕਿਹੜੇ ਪੁਲਿਸ ਮੁਲਾਜ਼ਮਾਂ ਨੇ ਐਫ ਆਈ ਆਰ ਦਰਜ ਕਰਨ ਤੋਂ ਮਨਾ ਕੀਤਾ? ਹਾਈਕੋਰਟ ਨੇ ਸਖਤ ਲਹਿਜੇ ਵੀ ਪੁੱਛਿਆ ਕਿ ਅਸੀਂ ਪੰਜਾਬੀ ਵਿਚ ਪੁੱਛ ਰਹੇ ਹਾਂ ਕਿ ਕਿਸ ਨੇ ਐਫ ਆਈ ਆਰ ਦਰਜ ਕਰਨ ਤੋਂ ਮਨਾ ਕੀਤਾ। ਦੂਜੇ ਪਾਸੇ ਕਰਨਲ ਦੇ ਵਕੀਲ ਨੇ ਜਵਾਬ ਦਿੱਤਾ ਕਿ ਢਾਬੇ ਵਾਲੇ ਦੇ ਕਹਿਣ ਤੇ ਐਫ ਆਈ ਆਰ ਦਰਜ ਕੀਤੀ ਗਈ ਹੈ। ਇਸਦੇ ਨਾਲ ਹੀ ਇੰਸਪੈਕਟਰ ਰੌਣੀ ਦੇ ਵਕੀਲ ਨੇ ਕਿਹਾ ਕਿ ਇੱਕ ਤਰਫਾ ਤਸਵੀਰ ਪੇਸ਼ ਕੀਤੀ ਜਾ ਰਹੀ ਹੈ। ਜਿਕਰੇਖਾਸ ਹੈ ਕਿ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ 2 ਦਿਨ ਵਿੱਚ ਜਵਾਬ ਮੰਗਿਆ ਹੈ।



### ਕੀ ਹੈ ਮਾਮਲਾ

ਪਟਿਆਲਾ ਵਿਚ ਫੌਜ ਦੇ ਕਰਨਲ ਅਤੇ ਉਸ ਦੇ ਪੁੱਤਰ ਨਾਲ ਪੁਲੀਸ ਵੱਲੋਂ ਕੀਤੀ ਕੁੱਟਮਾਰ ਦੇ ਮਾਮਲੇ ਨੂੰ ਜਿਵੇਂ ਪੁਲੀਸ ਨੇ ਸਿੱਝਣ ਦੀ ਕੋਸ਼ਿਸ਼ ਕੀਤੀ ਹੈ, ਉਸ ਨੂੰ ਲੈ ਕੇ ਸਵਾਲ ਵਧ ਰਹੇ ਹਨ ਅਤੇ ਇਹ ਮਾਮਲਾ ਵੀ ਦਿਨੋ-ਦਿਨ ਤੂਲ ਫੜ ਰਿਹਾ ਹੈ। ਢੁੱਕਵੀਂ ਕਾਰਵਾਈ ਨਾ ਹੋਣ ਦਾ ਦੋਸ਼ ਲਾਉਂਦਿਆਂ ਜਿੱਥੇ ਪੀੜਤ ਪਰਿਵਾਰ ਨੇ ਰਾਜਪਾਲ ਕੋਲ ਪਹੁੰਚ ਕੀਤੀ ਸੀ ਉੱਥੇ ਵਿਧਾਨ ਸਭਾ ਵਿਚ ਵੀ ਇਸ ਮਾਮਲੇ ਦੀ ਗੂੰਜ ਪਈ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਬਾਜਵਾ ਨੇ ਇਹ ਮਾਮਲਾ ਸਦਨ 'ਚ ਚੁੱਕਦਿਆਂ ਜਾਂਚ ਕਿਸੇ ਜੱਜ ਕੋਲੋਂ ਕਰਵਾਉਣ ਦੀ ਮੰਗ ਰੱਖੀ ਹੈ। ਵਿਰੋਧੀ ਧਿਰ ਨੇ ਇਸ ਮਾਮਲੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਚੁੱਪ 'ਤੇ ਵੀ ਸਵਾਲ ਉਠਾਇਆ ਹੈ। ਇਸ ਦੌਰਾਨ ਕਰਨਲ ਦੇ ਪਰਿਵਾਰ ਨੇ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ ਕਰ ਕੇ ਇਨਸਾਫ਼ ਮੰਗਿਆ ਹੈ। ਇਸ ਤੋਂ ਪਹਿਲਾਂ ਸਰਕਾਰ ਦੀ ਕਾਰਵਾਈ ਤੋਂ ਨਿਰਾਸ਼ ਪੀੜਤ ਪਰਿਵਾਰ ਕਈ ਦਿਨਾਂ ਤੋਂ ਵੱਖ-ਵੱਖ ਮੰਚਾਂ 'ਤੇ ਆਪਣਾ ਪੱਖ ਰੱਖ ਰਿਹਾ ਹੈ। ਫ਼ੌਜ ਨੇ ਵੀ ਮਾਮਲੇ ਵਿਚ ਦਖ਼ਲ ਦਿੱਤਾ ਹੈ ਤੇ ਕਈ ਸੇਵਾਮੁਕਤ ਸੈਨਾ ਅਧਿਕਾਰੀ ਵੀ 'ਢਿੱਲੀ' ਸਰਕਾਰੀ ਕਾਰਵਾਈ 'ਤੇ ਆਪਣੀ ਨਾਰਾਜ਼ਗੀ ਜ਼ਾਹਿਰ ਕਰ ਚੁੱਕੇ ਹਨ। ਕੋਈ ਸ਼ੱਕ ਨਹੀਂ ਕਿ ਆਮ ਲੋਕਾਂ 'ਚ ਵੀ ਇਸ ਮਾਮਲੇ 'ਤੇ ਰੋਸ ਹੈ ਹਾਲਾਂਕਿ ਪੁਲੀਸ ਨੇ ਆਪਣੇ 12 ਮੁਲਾਜ਼ਮਾਂ ਨੂੰ ਮੁਅੱਤਲ ਕੀਤਾ ਹੈ।

ਪੰਜਾਬ ਸਰਕਾਰ ਨੇ ਇਸ ਸਾਰੇ ਘਟਨਾਕ੍ਰਮ ਤੋਂ ਬਾਅਦ ਹੁਣ ਪਟਿਆਲਾ ਨਗਰ ਨਿਗਮ ਦੇ ਕਮਿਸ਼ਨਰ, ਜੋ ਆਈਏਐੱਸ ਅਧਿਕਾਰੀ ਵੀ ਹਨ, ਨੂੰ ਮਾਮਲੇ ਦੀ ਜਾਂਚ ਸੌਂਪੀ ਹੈ। ਜਦਕਿ ਪੀੜਤ ਪਰਿਵਾਰ ਸੀਬੀਆਈ ਜਾਂਚ ਦੀ ਮੰਗ ਕਰ ਰਿਹਾ ਹੈ। ਪਰਿਵਾਰ ਨੇ ਕੁੱਟਮਾਰ ਕਰਨ ਵਾਲੇ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਮੁਅੱਤਲ ਕਰਨ ਤੇ ਪਟਿਆਲਾ ਤੋਂ ਬਾਹਰ ਬਦਲਣ, ਪੀੜਤ ਪਰਿਵਾਰ ਨੂੰ ਸੁਰੱਖਿਆ ਪ੍ਰਦਾਨ ਕਰਨ ਅਤੇ ਐੱਸਐੱਸਪੀ ਡਾ. ਨਾਨਕ ਸਿੰਘ ਦੀ ਬਦਲੀ ਸਣੇ ਮਾਮਲੇ ਦੀ ਸੀਬੀਆਈ ਜਾਂਚ ਦੀ ਮੰਗ ਰੱਖੀ ਸੀ।

ਇੱਥੇ ਪੁਲੀਸ ਵੱਲੋਂ ਕਰਨਲ ਪੁਸ਼ਪਿੰਦਰ ਸਿੰਘ ਬਾਠ ਦੀ ਕੁੱਟਮਾਰ ਕਰਨ ਦੇ ਮਾਮਲੇ 'ਚ ਪੀੜਤ ਪਰਿਵਾਰ ਵੱਲੋਂ ਸ੍ਰੀ ਬਾਠ ਦੀ ਪਤਨੀ ਜਸਵਿੰਦਰ ਕੌਰ ਬਾਠ ਦੀ ਅਗਵਾਈ ਹੇਠ ਡੀਸੀ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ ਸੀ। ਇਸ ਧਰਨੇ ਦੌਰਾਨ ਸਾਬਕਾ ਸੈਨਿਕਾਂ ਤੋਂ ਇਲਾਵਾ ਕਿਸਾਨਾਂ ਨੇ ਵੀ ਸ਼ਿਰਕਤ ਕੀਤੀ ਸੀ। ਉੱਧਰ, ਪੀੜਤ ਪਰਿਵਾਰ ਦੀ 31 ਮਾਰਚ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਮੁਕੱਰਰ ਹੋਣ 'ਤੇ ਧਰਨਾ ਮੁਲਤਵੀ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਜੇ ਮੀਟਿੰਗ 'ਚ ਵੀ ਇਨਸਾਫ਼ ਨਾ ਮਿਲਿਆ ਤਾਂ ਉਹ ਮੁੜ ਇੱਥੇ ਹੀ ਧਰਨਾ ਸ਼ੁਰੂ ਕਰਨਗੇ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਏਡੀਜੀਪੀ ਦੀ ਅਗਵਾਈ ਹੇਠ ਤਿੰਨ ਮੈਂਬਰੀ ਸਿਟ ਕਾਇਮ ਕਰ ਕੇ ਤਿੰਨ ਹਫ਼ਤਿਆਂ 'ਚ ਰਿਪੋਰਟ ਮੰਗੀ ਗਈ ਹੈ।

ਇਸ ਘਟਨਾ ਨੂੰ ਵਾਪਰਿਆਂ ਲਗਭਗ ਹਫ਼ਤਾ ਹੋ ਚੁੱਕਾ ਹੈ ਤੇ ਪੁਲੀਸ ਵੱਲੋਂ ਮੁਅੱਤਲ ਕੀਤੇ ਆਪਣੇ ਮੁਲਾਜ਼ਮਾਂ ਦੇ ਨਾਂ ਅਜੇ ਤੱਕ ਐੱਫਆਈਆਰ ਵਿਚ ਦਰਜ ਨਾ ਕਰਨ ਕਰ ਕੇ ਇਸ ਸਬੰਧੀ ਹੋਈ ਕਾਰਵਾਈ ਦੀ ਪਾਰਦਰਸ਼ਤਾ ਅਤੇ ਨਿਰਪੱਖਤਾ 'ਤੇ ਵੀ ਸਵਾਲ ਉੱਠ ਰਹੇ ਹਨ। ਇਸ ਤੋਂ ਪਹਿਲਾਂ ਪਰਿਵਾਰ, ਪੁਲੀਸ 'ਤੇ ਸਮਝੌਤੇ ਲਈ ਦਬਾਅ ਬਣਾਉਣ ਦਾ ਦੋਸ਼ ਵੀ ਲਾ ਚੁੱਕਾ ਹੈ। ਪੁਲੀਸ ਵੱਲੋਂ ਐੱਫਆਈਆਰ ਕਰਨਲ ਅਤੇ ਉਸ ਦੇ ਪੁੱਤਰ ਤੋਂ ਬਿਨਾਂ ਕਿਸੇ ਹੋਰ ਵੱਲੋਂ ਦਰਜ ਕਰਨਾ ਵੀ ਸ਼ੱਕ ਪੈਦਾ ਕਰਦਾ ਹੈ। ਇਸ ਸੂਰਤ ਵਿੱਚ ਪਰਿਵਾਰ ਵੱਲੋਂ ਰਾਜ ਸਰਕਾਰ ਦੇ ਇਕ ਪ੍ਰਸ਼ਾਸਕੀ ਅਧਿਕਾਰੀ ਨੂੰ ਸੌਂਪੀ ਜਾਂਚ ਦੀ ਭਰੋਸੇਯੋਗਤਾ 'ਤੇ ਸਵਾਲ ਚੁੱਕਣਾ ਸੁਭਾਵਿਕ ਹੈ ਫ਼ੌਜ ਦੇ ਚੋਟੀ ਦੇ ਅਧਿਕਾਰੀ ਨਾਲ ਵਾਪਰੀ ਇਸ ਮੰਦਭਾਗੀ ਘਟਨਾ ਦੀ ਵੀਡੀਓ ਜਨਤਕ ਖੇਤਰ 'ਚ ਆ ਚੁੱਕੀ ਹੈ ਜਿਸ ਨੇ ਸੂਬੇ ਦੀ ਸਾਖ਼ ਨੂੰ ਵੀ ਸੱਟ ਮਾਰੀ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਆਮ ਲੋਕਾਂ 'ਚ ਵੀ ਅਸੁਰੱਖਿਆ ਦੀ ਭਾਵਨਾ ਪੈਦਾ ਕਰਦੀਆਂ ਹਨ। ਇੰਜ ਜਾਪਦਾ ਹੈ ਕਿ ਪੰਜਾਬ ਪੁਲਸੀਆ ਸਟੇਟ ਬਣ ਰਹੀ ਹੈ। ਭਵਿੱਖ 'ਚ ਇਨ੍ਹਾਂ ਨੂੰ ਵਾਪਰਨ ਤੋਂ ਰੋਕਣ ਲਈ ਸਰਕਾਰ ਨੂੰ ਠੋਸ ਕਾਰਵਾਈ ਕਰਨੀ ਚਾਹੀਦੀ ਹੈ। ਆਮ ਲੋਕਾਂ ਦਾ ਭਰੋਸਾ ਬਹਾਲ ਕਰਨ ਤੇ ਪੀੜਤਾਂ ਨੂੰ ਇਨਸਾਫ਼ ਦੇਣ ਲਈ ਜ਼ਰੂਰੀ ਹੈ ਕਿ ਮਾਮਲੇ ਦੀ ਨਿਰਪੱਖਤਾ ਨਾਲ ਢੁੱਕਵੇਂ ਪੱਧਰ 'ਤੇ ਜਾਂਚ ਯਕੀਨੀ ਬਣਾਈ ਜਾਵੇ।

ਮਾਮਲਾ ਨੌਜਵਾਨ ਦੀ ਖੁਦਕੁਸ਼ੀ ਦਾ

# ਜਲੰਧਰ ਕੈਂਟ ਥਾਣੇ ਦੇ ਐਸ ਐਚ ਓ ਤੇ ਮੁੱਖ ਸਿਪਾਹੀ ਮੁਅੱਤਲ

## ✪ ਕਮਿਸ਼ਨਰ ਧਨਪ੍ਰੀਤ ਕੌਰ ਨੇ ਲਿਆ ਐਕਸ਼ਨ

ਜਲੰਧਰ-ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਜਲੰਧਰ ਕੈਂਟ ਥਾਣੇ ਦੇ ਐਸਐਚਓ ਹਰਿੰਦਰ ਸਿੰਘ ਅਤੇ ਮੁੱਖ ਸਿਪਾਹੀ ਜਸਪਾਲ ਸਿੰਘ ਨੂੰ ਮੁਅੱਤਲ ਕਰ ਦਿੱਤਾ ਹੈ। ਇਲਜ਼ਾਮ ਹੈ ਕਿ ਉਕਤ ਅਧਿਕਾਰੀਆਂ ਵੱਲੋਂ ਗ੍ਰਿਫਤਾਰ ਕੀਤੇ ਗਏ ਇੱਕ ਨੌਜਵਾਨ ਨੇ ਤਸ਼ੱਦਦ ਤੋਂ ਪਰੇਸ਼ਾਨ ਹੋ ਕੇ ਆਪਣੇ ਘਰ ਆ ਕੇ ਖੁਦਕੁਸ਼ੀ ਕਰ ਲਈ। ਜਿਸ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੇ ਪੁਲਸ 'ਤੇ ਗਲਤ ਕਾਰਵਾਈ ਕਰਨ ਦਾ ਦੋਸ਼ ਲਗਾਇਆ।

ਮੁਅੱਤਲ ਕੀਤੇ ਗਏ ਅਧਿਕਾਰੀਆਂ 'ਚ ਥਾਣਾ ਕੈਂਟ ਦੇ ਐਸਐਚਓ ਇੰਸਪੈਕਟਰ ਹਰਿੰਦਰ ਸਿੰਘ ਅਤੇ ਕਾਂਸਟੇਬਲ ਜਸਪਾਲ ਸਿੰਘ ਦੇ ਨਾਂ ਸ਼ਾਮਲ ਹਨ। ਇਸ ਸਬੰਧੀ ਪੁਲਿਸ ਕਮਿਸ਼ਨਰ ਦਫ਼ਤਰ ਵੱਲੋਂ ਪੱਤਰ ਜਾਰੀ ਕਰ ਕੇ ਕਾਰਵਾਈ ਕੀਤੀ ਗਈ ਹੈ। ਇਸ ਕਾਰਵਾਈ ਸਬੰਧੀ ਪੁਲਿਸ ਕਮਿਸ਼ਨਰ ਦਫ਼ਤਰ ਵੱਲੋਂ ਹੋਰ ਸਰਕਾਰੀ ਸ਼ਾਖਾਵਾਂ ਨੂੰ ਪੱਤਰ ਭੇਜ ਦਿੱਤਾ ਗਿਆ ਹੈ।

ਨੌਜਵਾਨ ਵੱਲੋਂ ਖੁਦਕੁਸ਼ੀ ਕਰਨ ਤੋਂ ਬਾਅਦ ਪਰਿਵਾਰ ਨੇ ਲਾਸ਼ ਨੂੰ ਥਾਣੇ 'ਚ ਰੱਖ ਕੇ ਸੋਗ ਮਨਾਇਆ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਨੌਜਵਾਨ ਨੇ ਆਪਣੇ ਘਰ ਵਿੱਚ ਹੀ ਖੁਦਕੁਸ਼ੀ ਕਰ ਲਈ ਹੈ। ਨੌਜਵਾਨ ਦੀ ਖੁਦਕੁਸ਼ੀ ਬਾਰੇ ਜਦੋਂ ਪਰਿਵਾਰ ਨੂੰ ਪਤਾ ਲੱਗਾ ਤਾਂ ਨੌਜਵਾਨ ਦਾ ਪੂਰਾ ਪਰਿਵਾਰ ਨੌਜਵਾਨ ਦੀ ਲਾਸ਼ ਲੈ ਕੇ ਜਲੰਧਰ ਕੈਂਟ ਥਾਣੇ 'ਚ ਇਕੱਠੇ ਹੋ ਗਿਆ ਅਤੇ ਹੰਗਾਮਾ ਸ਼ੁਰੂ ਕਰ ਦਿੱਤਾ। ਪਰਿਵਾਰ ਨੇ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਥਾਣੇ ਦੇ ਅੰਦਰ ਰੱਖ ਕੇ ਸੋਗ ਮਨਾਇਆ।



ਮਾਮਲਾ ਵਧਣ 'ਤੇ ਪੁਲਿਸ ਕਮਿਸ਼ਨਰ ਵੱਲੋਂ ਕਾਰਵਾਈ ਕੀਤੀ ਗਈ। ਸਾਰੀ ਘਟਨਾ ਦਾ ਸੀਸੀਟੀਵੀ ਵੀ ਸਾਹਮਣੇ ਆਇਆ ਹੈ। ਜਿਸ ਵਿੱਚ ਪੁਲਿਸ ਮੁਲਾਜ਼ਮ ਉਕਤ ਨੌਜਵਾਨ ਨੂੰ ਫੜ ਕੇ ਕੁੱਟਮਾਰ ਕਰਦੇ ਨਜ਼ਰ ਆ ਰਹੇ ਹਨ। ਪੁਲੀਸ ਵੱਲੋਂ ਇਹ ਕਾਰਵਾਈ ਸੀਸੀਟੀਵੀ ਦੇ ਆਧਾਰ 'ਤੇ ਕੀਤੀ ਗਈ ਹੈ। ਵਾਇਰਲ ਹੋਈ ਆਡੀਓ ਵਿੱਚ ਰਿਸ਼ਵਤ ਲੈਣ ਅਤੇ ਉਸਨੂੰ ਵਾਪਸ ਕਰਨ ਦੀ ਵੀ ਗੱਲ ਕਹੀ ਜਾ ਰਹੀ ਹੈ।

ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਬੀਤੇ ਕੱਲ੍ਹ ਜਲੰਧਰ ਛਾਉਣੀ ਦੇ ਰਹਿਣ ਵਾਲੇ ਹੈਰੀ ਦੇ ਘਰ ਪੁਲਿਸ ਟੀਮ ਵੱਲੋਂ ਛਾਪਾ ਮਾਰਿਆ ਗਿਆ ਸੀ। ਹੈਰੀ ਅਤੇ ਉਸਦਾ ਦੋਸਤ ਨਸ਼ੇ ਦੇ ਆਦੀ ਸਨ। ਪੁਲਿਸ ਦੋਵਾਂ ਨੂੰ ਆਪਣੇ ਨਾਲ ਲੈ ਆਈ ਸੀ। ਜਸਵੰਤ ਸਿੰਘ ਅਤੇ ਰਵੀ ਨਾਮਕ ਮੁਲਾਜ਼ਮ ਦੋਵੇਂ ਨੌਜਵਾਨਾਂ ਨੂੰ ਆਪਣੇ ਨਾਲ ਲੈ ਗਏ ਸਨ। ਦੋਵਾਂ ਨੂੰ ਦੇਰ ਸ਼ਾਮ ਥਾਣੇ ਲਿਆਂਦਾ ਗਿਆ।

ਪਰਿਵਾਰਕ ਮੈਂਬਰਾਂ ਅਨੁਸਾਰ ਪੁਲੀਸ ਨੇ ਦੋਵਾਂ ਨੌਜਵਾਨਾਂ ਨੂੰ ਕਰੀਬ 5 ਤੋਂ 7 ਘੰਟੇ ਆਪਣੇ ਕੋਲ ਰੱਖਿਆ ਅਤੇ ਦੇਰ ਰਾਤ ਛੱਡ ਦਿੱਤਾ ਗਿਆ। ਜਾਣ ਤੋਂ ਥੋੜ੍ਹੀ ਦੇਰ ਬਾਅਦ ਪਰਿਵਾਰ ਨੂੰ ਜਸਵੰਤ ਦਾ ਫੋਨ ਆਉਂਦਾ ਹੈ, ਜਿਸ ਵਿਚ ਜਸਵੰਤ ਨੇ ਨੌਜਵਾਨ ਨੂੰ ਧਮਕੀ ਦਿੱਤੀ ਸੀ। ਜਿਸ ਕਾਰਨ ਉਸ ਨੇ ਡਰ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਦੀ ਉਮਰ ਸਿਰਫ 20 ਸਾਲ ਸੀ। ਪ੍ਰਸ਼ਾਸਨ ਤੋਂ ਦੋਸ਼ੀਆਂ ਖ਼ਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

# ਸੁਖਬੀਰ 'ਤੇ ਗੋਲੀ ਚਲਾਉਣ ਦੇ ਮਾਮਲੇ ਵਿਚ ਭਾਈ ਚੌੜਾ ਦੀ ਜ਼ਮਾਨਤ ਹੋਈ





ਅੰਮ੍ਰਿਤਸਰ-ਸ੍ਰੀ ਦਰਬਾਰ ਸਾਹਿਬ ਵਿਖੇ ਧਾਰਮਿਕ ਸਜ਼ਾ ਭੁਗਤ ਰਹੇ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਗੋਲੀ ਚਲਾ ਕੇ ਜਾਨਲੇਵਾ ਹਮਲਾ ਕਰਨ ਦੇ ਚਰਚਿਤ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਬਜ਼ੁਰਗ ਸਾਬਕਾ ਖਾੜਕੂ ਭਾਈ ਨਰਾਇਣ ਸਿੰਘ ਚੌੜਾ (69) ਵਾਸੀ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਨੂੰ ਜ਼ਮਾਨਤ ਮਿਲ ਗਈ ਹੈ, ਜਿਸ ਨਾਲ ਉਨ੍ਹਾਂ ਦੀ ਜਲਦ ਰਿਹਾਈ ਹੋਣ ਦਾ ਰਾਹ ਪੱਧਰਾ ਹੋ ਗਿਆ ਹੈ। ਉਹ ਇਸ ਵੇਲੇ ਰੋਪੜ ਦੀ ਜੇਲ੍ਹ ਅੰਦਰ ਨਜ਼ਰਬੰਦ ਹਨ। ਜਸਟਿਸ ਸੁਮਿਤ ਘਈ ਨੇ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕਰਦਿਆਂ ਕਿਹਾ ਕਿ "ਨਰਾਇਣ ਸਿੰਘ ਚੌੜਾ ਸੀਨੀਅਰ ਸਿਟੀਜਨ ਹਨ ਅਤੇ ਉਨ੍ਹਾਂ ਦੀ ਉਮਰ 70 ਸਾਲ ਦੇ ਕਰੀਬ ਹੈ। ਪਿਛਲੇ ਚਾਰ ਮਹੀਨੇ ਤੋਂ ਉਹ ਕਸਟਡੀ ਦੇ ਵਿੱਚ ਹਨ, ਜਿਸ ਕਾਰਨ ਉਨ੍ਹਾਂ ਦੀ ਜ਼ਮਾਨਤ ਮਨਜ਼ੂਰ ਕੀਤੀ ਗਈ ਹੈ।"

ਬਚਾਅ ਪੱਖ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਇਹ ਮਾਮਲਾ ਬੀਤੇ 4 ਦਸੰਬਰ 2024 ਦਾ ਹੈ, ਜਦੋਂ ਕਿ ਭਾਈ ਚੌੜਾ ਨੂੰ ਅੰਮਿਤਸਰ ਦੇ ਥਾਣਾ ਕੋਤਵਾਲੀ ਦੀ ਪੁਲਿਸ ਵਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ 'ਚ ਉਹ ਚਾਰ ਮਹੀਨਿਆਂ ਤੋਂ ਜੇਲ੍ਹ ਵਿਚ ਬੰਦ ਹਨ ਤੇ ਕਰੀਬ 12 ਦਿਨ ਉਹ ਅੰਮਿਤਸਰ ਪੁਲਿਸ ਦੇ ਰਿਮਾਂਡ 'ਤੇ ਰਹੇ। ਭਾਈ ਚੌੜਾ, ਜਿਨ੍ਹਾਂ ਦੀ ਉਮਰ ਕਰੀਬ 70 ਸਾਲ ਹੈ, ਦੀ ਜ਼ਮਾਨਤ ਅਰਜ਼ੀ ਦਾਇਰ ਕੀਤੀ ਗਈ ਸੀ। ਸਰਕਾਰੀ ਪੱਖ ਨੇ ਅਦਾਲਤ ਨੂੰ ਦੱਸਿਆ ਕਿ ਭਾਈ ਚੌੜਾ ਵਿਰੁੱਧ 28 ਮਾਮਲੇ ਦਰਜ ਹਨ। ਜਿਸ ਸੰਬੰਧੀ ਅਦਾਲਤ ਨੂੰ ਦੱਸਿਆ ਗਿਆ ਕਿ ਉਹ ਸਾਰੇ ਮਾਮਲਿਆਂ ਵਿਚ ਬਰੀ ਹੋ ਚੁੱਕੇ ਹਨ। ਇਸ ਸੰਬੰਧੀ ਏ. ਸੀ. ਪੀ. ਜਸਪਾਲ ਸਿੰਘ ਦਾ ਹਲਫੀਆ ਬਿਆਨ ਵੀ ਲੱਗਾ ਹੋਇਆ ਸੀ। ਜਦੋਂ ਕਿ ਇਸ ਮਾਮਲੇ ਵਿਚ ਅਦਾਲਤ ਨੂੰ ਦੱਸਿਆ ਗਿਆ ਕਿ ਜਾਨਲੇਵਾ ਹਮਲੇ ਦੇ ਮਾਮਲੇ ਵਿਚ ਕੋਈ ਵੀ ਵਿਅਕਤੀ ਜ਼ਖ਼ਮੀ ਨਹੀਂ ਹੋਇਆ ਸੀ ਅਤੇ ਗ੍ਰਿਫ਼ਤਾਰ ਕੀਤੇ ਭਾਈ ਚੌੜਾ ਬਜ਼ੁਰਗ ਵਿਅਕਤੀ ਹਨ। ਜਿਸ ਉਪਰੰਤ ਅਦਾਲਤ 'ਚ ਚਲਾਨ ਵੀ ਪੇਸ਼ ਹੋ ਚੁੱਕਾ ਹੈ। ਅਦਾਲਤ ਵਲੋਂ ਭਾਈ ਚੌੜਾ ਨੂੰ ਜ਼ਮਾਨਤ ਪ੍ਰਦਾਨ ਕੀਤੀ ਗਈ। ਇਸ ਮੌਕੇ ਭਾਈ ਚੌੜਾ ਦੇ ਸਪੁੱਤਰ ਵਕੀਲ ਬਲਜਿੰਦਰ ਸਿੰਘ ਬਾਜਵਾ, ਐਡਵੋਕੇਟ ਜਗਦੀਪ ਸਿੰਘ ਰੰਧਾਵਾ ਵੀ ਹਾਜ਼ਰ ਸਨ। ਉਨ੍ਹਾਂ ਦੀ ਜ਼ਮਾਨਤ ਦੀ ਪੁਸ਼ਟੀ ਉਨ੍ਹਾਂ ਨੇ ਪੁੱਤਰ ਐਡਵੋਕੇਟ ਬਲਜਿੰਦਰ ਸਿੰਘ ਨੇ ਕੀਤੀ। ਇਸ ਦੇ ਨਾਲ ਹੀ ਦਲ ਖ਼ਾਲਸਾ ਵੱਲੋਂ ਵੀ ਅਦਾਲਤ ਦੇ ਇਸ ਫ਼ੈਸਲੇ ਦਾ ਸੁਆਗਤ ਕੀਤਾ ਗਿਆ ਸੀ।

### ਨਰਾਇਣ ਸਿੰਘ ਚੌੜਾ ਕੌਣ ਹਨ

4 ਅਪ੍ਰੈਲ 1956 ਨੂੰ ਜਨਮੇਂ ਨਰਾਇਣ ਸਿੰਘ ਦਾ ਸਬੰਧ ਡੇਰਾ ਬਾਬਾ ਨਾਨਕ ਕਸਬੇ ਦੇ ਚੌੜਾ ਪਿੰਡ ਨਾਲ ਹੈ ਅਤੇ ਉਨ੍ਹਾਂ ਦੇ ਦੋ ਪੁੱਤਰ ਹਨ ਅਤੇ ਦੋਵੇਂ ਪੇਸ਼ੇ ਵਜੋਂ ਵਕੀਲ ਹਨ।

ਨਰਾਇਣ ਸਿੰਘ ਚੌੜਾ "ਖ਼ਾਲਿਸਤਾਨ ਵਿਰੁੱਧ ਸਾਜਿਸ਼" ਕਿਤਾਬ ਦੇ ਲੇਖਕ ਵੀ ਹਨ। ਚੌੜਾ ਦੀ ਕਿਤਾਬ ਵਿੱਚ ਉਨ੍ਹਾਂ ਬਾਰੇ ਦਿੱਤੀ ਨਿੱਜੀ ਜਾਣਕਾਰੀ ਮੁਤਾਬਕ ਉਨ੍ਹਾਂ ਨੇ ਸ਼ਹੀਦ ਸਿੰਘ ਮਿਸ਼ਨਰੀ ਕਾਲਜ, ਅੰਮ੍ਰਿਤਸਰ ਤੋਂ ਗੁਰਬਾਣੀ ਦੀ ਕਥਾ ਅਤੇ ਲੈਕਚਰ ਕਰਨ ਦੀ ਸਿੱਖਿਆ ਹਾਸਿਲ ਕੀਤੀ ਹੈ।

ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਗਿਆਨੀ ਅਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਖੇਤੀਬਾੜੀ ਸਿੱਖਿਆ ਵਿੱਚ ਡਿਪਲੋਮਾ ਹਾਸਲ ਕੀਤਾ ਹੈ।

ਇਸ ਤੋਂ ਇਲਾਵਾ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਰਾਜਨੀਤੀ ਸ਼ਾਸਤਰ ਵਿੱਚ ਅਤੇ ਪੰਜਾਬੀ ਵਿੱਚ ਐੱਮਏ ਦੀਆਂ ਦੋ ਡਿਗਰੀਆਂ ਲਈਆਂ ਹਨ।

ਕਿਤਾਬ ਵਿੱਚ ਦਿੱਤੀ ਗਈ ਜਾਣਕਾਰੀ ਮੁਤਾਬਕ ਉਨ੍ਹਾਂ ਦਾ ਮੁੱਖ ਪਰਿਵਾਰਕ ਕਿੱਤਾ ਖੇਤੀਬਾੜੀ ਹੀ ਰਿਹਾ ਹੈ।

ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਮੁਤਾਬਕ ਨਰਾਇਣ ਸਿੰਘ ਚੌੜਾ ਦਾ ਸਬੰਧ ਅਕਾਲ ਫੈਡਰੇਸ਼ਨ ਗਰੁੱਪ ਨਾਲ ਹੈ। ਉਹ ਪਹਿਲਾਂ ਉਸ ਦੇ ਕਾਰਜਕਾਰੀ ਕਨਵੀਨਰ ਰਹੇ ਸਨ ਅਤੇ ਫਿਰ ਕਨਵੀਨਰ ਨਿਯੁਕਤ ਹੋਏ। ਨਰਾਇਣ ਸਿੰਘ ਚੌੜਾ ਕੁਝ ਸਾਲਾਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਪ੍ਰਚਾਰਕ ਵੀ ਰਹੇ ਹਨ।

ਬੁੜੈਲ ਜੇਲ੍ਹ ਬਰੇਕ ਜਿਸ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਦੇ ਦੋਸ਼ੀ ਭਾਈ ਜਗਤਾਰ ਸਿੰਘ ਹਵਾਰਾ, ਭਾਈ ਪਰਮਜੀਤ ਸਿੰਘ ਭਿਉਰਾ, ਭਾਈ ਜਗਤਾਰ ਸਿੰਘ ਤਾਰਾ ਤੇ ਇੱਕ ਹੋਰ ਕੇਸਾਂ ਦੇ ਕੈਦੀ ਦੇਵੀ ਸਿੰਘ ਫਰਾਰ ਹੋ ਗਏ ਸਨ, ਵਿੱਚ ਵੀ ਨਰਾਇਣ ਸਿੰਘ ਚੌੜਾ ਦੀ ਸ਼ਮੂਲੀਅਤ ਦੇ ਇਲਜ਼ਾਮ ਲਗਦੇ ਰਹੇ ਹਨ।

ਕਿਤਾਬ ਵਿੱਚ ਦਿੱਤੀ ਜਾਣਕਾਰੀ ਮੁਤਾਬਕ, ਉਹ ਸਤੰਬਰ 1995 ਤੋਂ ਜੁਲਾਈ 1997, ਜਨਵਰੀ 2004 ਤੋਂ ਅਪ੍ਰੈਲ 2005 ਤੱਕ, ਫਰਵਰੀ 2013 ਤੋਂ ਅਗਸਤ 2018 ਤੱਕ, ਅੰਮ੍ਰਿਤਸਰ, ਜਲੰਧਰ, ਨਾਭਾ ਅਤੇ ਚੰਡੀਗੜ੍ਹ ਦੀਆਂ ਜੇਲ੍ਹਾਂ ਵਿੱਚ ਵੱਖ-ਵੱਖ ਕੇਸਾਂ ਤਹਿਤ ਬੰਦ ਵੀ ਰਹੇ ਹਨ।

# ਰੰਗੀਲਾ ਪਾਦਰੀ ਬਜਿੰਦਰ ਵਲੋਂ ਆਪਣੇ ਦਫ਼ਤਰ ਵਿਚ ਗੁੰਡਾਗਰਦੀ, ਔਰਤ ਨੂੰ ਮਾਰਿਆ ਥੱਪੜ





ਜਲੰਧਰ ਦੇ ਤਾਜਪੁਰ ਚਰਚ ਦੇ ਪਾਸਟਰ ਬਜਿੰਦਰ ਸਿੰਘ (42) ਵੱਲੋਂ ਇੱਕ ਔਰਤ 'ਤੇ ਜਿਨਸੀ ਹਮਲੇ ਦਾ ਮਾਮਲਾ ਸ਼ਾਂਤ ਹੋਣ ਤੋਂ ਪਹਿਲਾਂ ਹੀ ਉਹ ਫਿਰ ਵਿਵਾਦਾਂ ਵਿੱਚ ਘਿਰ ਗਿਆ ਹੈ। ਹੁਣ ਇਸ ਵਾਰ ਪਾਸਟਰ ਬਜਿੰਦਰ ਸਿੰਘ ਵੱਲੋਂ ਕੁਝ ਨੌਜਵਾਨਾਂ ਨਾਲ ਮਿਲ ਕੇ ਇੱਕ ਔਰਤ ਨਾਲ ਕੁੱਟਮਾਰ ਕਰਨ ਦੀ ਸੀਸੀਟੀਵੀ ਫੁਟੇਜ ਸਾਹਮਣੇ ਆਈ ਹੈ। ਸੂਤਰਾਂ ਅਨੁਸਾਰ ਪਾਸਟਰ ਦਾ ਇਹ ਵੀਡੀਓ ਚੰਡੀਗੜ੍ਹ ਦਾ ਦੱਸਿਆ ਜਾ ਰਿਹਾ ਹੈ।

ਹਾਲਾਂਕਿ, ਇਸਦੀ ਅਜੇ ਪੁਸ਼ਟੀ ਨਹੀਂ ਹੋਈ ਹੈ। ਵਾਇਰਲ ਹੋ ਰਹੀ ਹੈ ਵੀਡੀਓ ਅਨੁਸਾਰ ਕੁੱਝ ਲੋਕ ਉਸ ਦੇ ਦਫ਼ਤਰ ਵਿਚ ਉਸ ਨੂੰ ਮਿਲਣ ਤੇ ਅਪਣੇ ਕੰਮਾਂ ਕਾਰਨ ਆਉਂਦੇ ਹਨ। ਫਿਰ ਉਨ੍ਹਾਂ ਦੀ ਪਾਦਰੀ ਬਜਿੰਦਰ ਨਾਲ ਗੱਲਬਾਤ ਹੁੰਦੀ ਹੈ। ਜਿਸ ਦੌਰਾਨ ਪਾਦਰੀ ਕੁੱਝ ਕਾਰਨਾਂ ਕਰ ਕੇ ਉਨ੍ਹਾਂ 'ਤੇ ਭੜਕ ਜਾਂਦਾ ਹੈ। ਇੰਨਾ ਹੀ ਨਹੀਂ ਉਹ ਸੀਟ ਤੋਂ ਖੜ੍ਹਾ ਹੁੰਦਾ ਹੈ ਤੇ ਉਹ ਇਕ ਆਦਮੀ ਕੋਲ ਜਾ ਕੇ ਉਨ੍ਹਾਂ ਨਾਲ ਲੜਾਈ ਕਰਨ ਲੱਗ ਜਾਂਦਾ ਹੈ। ਜਿਸ ਦੌਰਾਨ ਉਹ ਉਥੇ ਪਏ ਬੈਗ ਨਾਲ ਉਨ੍ਹਾਂ 'ਤੇ ਹਮਲਾ ਕਰਦਾ ਹੈ ਤੇ ਉਨ੍ਹਾਂ ਵਿਰੁਧ ਭੱਦੀ ਭਾਸ਼ਾ ਦੀ ਵਰਤੋਂ ਕਰਦਾ ਹੈ। ਇਸ ਦੇ ਨਾਲ ਹੀ ਬਜਿੰਦਰ ਕੋਲ ਬੈਠੀ ਮਹਿਲਾ ਨਾਲ ਲੜਾਈ ਕਰਦਾ ਹੈ ਅਤੇ ਉਸ ਦੇ ਚਪੇੜ ਮਾਰਦਾ ਹੈ ਤੇ ਉਸ ਨੂੰ ਗਲ ਤੋਂ ਫੜ ਕੇ ਪਰ੍ਹਾਂ ਕਰਦਾ ਹੈ। ਇਹ ਪਤਾ ਨਹੀਂ ਲੱਗ ਸਕਿਆ ਕਿ ਮਾਮਲਾ ਕੀ ਸੀ ਤੇ ਉਥੇ ਬੈਠੇ ਲੋਕ ਕੌਣ ਸਨ। ਸੀਸੀਟੀਵੀ ਟਾਈਮਿੰਗ ਦੇ ਅਨੁਸਾਰ, ਇਹ ਵੀਡੀਓ ਇਸ ਸਾਲ 14 ਫਰਵਰੀ ਨੂੰ ਦੁਪਹਿਰ 2.20 ਵਜੇ ਦੇ ਕਰੀਬ ਹੈ। ਇਸ ਵੀਡੀਓ ਦੇ ਜਾਰੀ ਹੋਣ ਤੋਂ ਬਾਅਦ, ਪੁਜਾਰੀ ਇੱਕ ਵਾਰ ਫਿਰ ਸੂਬੇ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਹ ਪੂਰੀ ਘਟਨਾ ਲਗਭਗ ਅੱਧਾ ਘੰਟਾ ਚੱਲੀ। ਪਰ ਇਸ ਸਬੰਧੀ ਪਾਦਰੀ ਦਾ ਪਖ ਲੈਣ ਦੀ ਕੋਸ਼ਿਸ਼ ਕੀਤੀ ਪਰ ਸੰਪਰਕ ਨਹੀਂ ਹੋ ਸਕਿਆ। ਪਾਦਰੀ ਬਜਿੰਦਰ ਵਿਵਾਦਾਂ ਵਿਚ ਘਿਰਿਆ ਰਹਿੰਦਾ ਹੈ ਤੇ ਪਾਦਰੀ ਦੇ ਦਫ਼ਤਰ 'ਚ ਹੋਈ ਦੀ ਇਸ ਘਟਨਾ ਨਾਲ ਉਸ ਦੀਆਂ ਮੁਸ਼ਕਲਾਂ ਵੱਧ ਦੀਆਂ ਦਿਖਾਈ ਦੇ ਰਹੀਆਂ ਹਨ। ਜਾਣਕਾਰੀ ਅਨੁਸਾਰ ਪਾਦਰੀ ਬਜਿੰਦਰ ਵਿਰੁਧ ਪਹਿਲਾਂ ਤੋਂ ਦੋ ਜਿਨਸੀ ਸੋਸ਼ਣ ਦੇ ਮਾਮਲੇ ਵੀ ਦਰਜ ਹਨ। ਇਨ੍ਹਾਂ ਵਿਚ ਇਕ ਮਾਮਲਾ ਕਪੂਰਥਲੇ ਤੇ ਦੂਜਾ ਮੋਹਾਲੀ ਨਾਲ ਸਬੰਧਤ ਹੈ।


## ਪੰਜਾਬ ਟਾਈਮਜ਼ ਦੇ ਵਿਸਾਖੀ ਵਿਸ਼ੇਸ਼ ਅੰਕ ਦੀ ਤਿਆਰੀ

ਖਾਲਸਾ ਪੰਥ ਦਾ ਸਿਰਜਨਾ ਦਿਵਸ ਤੇ ਵਿਸਾਖੀ ਦਿਹਾੜੇ ਦੇ ਸ਼ੁੱਭ ਮੌਕੇ ਪੰਜਾਬ ਟਾਈਮਜ਼ ਵੱਲੋਂ ਹਰ ਸਾਲ ਦੀ ਤਰ੍ਹਾਂ (ਵਿਸਾਖੀ ਵਿਸ਼ੇਸ਼ ਅੰਕ) ਦੀ ਤਿਆਰੀ ਕੀਤੀ ਜਾ ਰਹੀ ਹੈ। ਵਿਸਾਖੀ ਵਿਸ਼ੇਸ਼ ਅੰਕ 9 ਅਪ੍ਰੈਲ 2025 ਨੂੰ ਪ੍ਰਕਾਸ਼ਿਤ ਹੋਵੇਗਾ। ਇਸ ਇਤਿਹਾਸਕ ਅੰਕ ਵਿੱਚ ਬਹੁਤ ਸਾਰੇ ਲੇਖਕਾਂ, ਵਿਦਵਾਨਾਂ, ਦੀਆਂ ਰਚਨਾਵਾਂ ਛਾਪੀਆਂ ਜਾਂਦੀਆਂ ਹਨ। ਇਸ ਵਿਸ਼ੇਸ਼ ਅੰਕ ਵਿਚ ਵਪਾਰਕ ਅਦਾਰਿਆਂ ਅਤੇ ਨਿੱਜੀ ਸੰਸਥਾਵਾਂ ਲਈ ਵੀ ਵਧੀਆ ਮੌਕਾ ਹੁੰਦਾ ਹੈ ਕਿ ਉਹ ਆਪਣੇ ਰੰਗਦਾਰ ਸਫ਼ਿਆਂ 'ਤੇ ਆਪਣੇ ਕਾਰੋਬਾਰ ਸਬੰਧੀ ਅਤੇ ਵਧਾਈ ਦੇਣ ਲਈ ਇਸ਼ਤਿਹਾਰ ਦੇ ਸਕਣ। ਬੇਨਤੀ ਹੈ ਕਿ ਆਪਣੇ ਇਸ਼ਤਿਹਾਰਾਂ ਲਈ ਥਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ ਜੀ।

–ਸੰਪਾਦਕ

ਸੰਪਰਕ ਲਈ ਫ਼ੋਨ: 07966 388 388

ਈਮੇਲ: panjabtimes@aol.com www.panjabtimes.uk

# ਬੀਬੀ ਜਗੀਰ ਕੌਰ ਦਰਬਾਰ ਸਾਹਿਬ ਵਿਖੇ ਧਰਨਿਆਂ ਦੇ ਹੱਕ ਵਿਚ ਨਹੀਂ

## ਕਿਹਾ ਕਿ ਦਰਬਾਰ ਸਾਹਿਬ ਧਰਨਿਆਂ ਦਾ ਸਥਾਨ ਨਾ ਬਣਾਉ ✪ 28 ਦੇ ਸੰਭਾਵੀ ਟਕਰਾਅ ਨੂੰ ਰੋਕਣ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਉਪਰਾਲਾ ਕਰਨ-ਬੀਬੀ ਜਗੀਰ ਕੌਰ

ਜਲੰਧਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਦੀ ਨੁਮਾਇੰਦਾ ਸੰਸਥਾ ਹੈ। ਇਸ ਸੰਸਥਾ ਸੰਬੰਧੀ ਕੋਈ ਵੀ ਚਿੰਤਾ ਜਾਂ ਵਿਰੋਧ ਗੁਰਮਤਿ ਮਰਿਆਦਾ ਪਰੰਪਰਾ ਅਤੇ ਪੰਥਕ ਸੰਵਾਦ ਰਾਹੀਂ ਹੀ ਹੱਲ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਵਕਾਰ ਨੂੰ ਕਾਇਮ ਰੱਖਣਾ ਇਸ ਦੇ ਪ੍ਰਬੰਧਕਾਂ ਅਤੇ ਸਮੁੱਚੀ ਕੌਮ ਦੀ ਜ਼ਿੰਮੇਵਾਰੀ ਹੈ। ਦਰਬਾਰ ਸਾਹਿਬ ਨੂੰ ਧਰਨਿਆਂ ਦਾ ਸਥਾਨ ਬਣਾਉਣਾ ਜਾਇਜ ਨਹੀਂ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕੀਤਾ। ਉਨ੍ਹਾਂ ਨੇ ਕਿਹਾ ਕਿ 2 ਦਸੰਬਰ ਦੇ ਹੁਕਮਨਾਮੇ ਨਾਲ ਇਕ ਪਾਸੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਬਹਾਲ ਹੁੰਦੀ ਦਿਸੀ ਦੂਜੇ ਪਾਸੇ ਕੌਮ ਵਿਚ ਇਹ ਆਸ ਜਾਗੀ ਸੀ ਕਿ ਪੰਥ ਦੀ ਇਕ ਸਦੀ ਪੁਰਾਣੀ ਰਾਜਨੀਤਿਕ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਵੀ ਪੁਨਰ ਸੁਰਜੀਤ ਹੋ ਕੇ ਤਕੜਾ ਹੋ ਸਕੇਗਾ ਪਰ ਉਸ ਤੋਂ ਬਾਅਦ ਲਗਾਤਾਰ ਇਹੋ ਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਪੰਥ ਵਿਚ ਨਿਰਾਸ਼ਾ ਅਤੇ ਗੁੱਸਾ ਪੈਦਾ ਕੀਤਾ।

2 ਦਸੰਬਰ ਦੇ ਹੁਕਮਨਾਮੇ ਦੇ ਆਦੇਸ਼ ਨੂੰ ਲਾਗੂ ਕਰਨ ਦੀ ਬਜਾਏ ਸਿਆਸੀ ਹਿੱਤਾਂ ਲਈ ਸਤਿਕਾਰਯੋਗ ਸਿੰਘ ਸਾਹਿਬਾਨ ਨੂੰ ਜਿਸ ਤਰੀਕੇ ਨਾਲ ਕਿਰਦਾਰਕੁਸ਼ੀ ਕਰਕੇ ਜ਼ਲੀਲ ਕਰਦਿਆਂ ਸੇਵਾਵਾਂ ਤੋਂ ਲਾਂਭੇ ਕੀਤਾ ਗਿਆ ਉਸ ਨਾਲ ਤਖਤ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਦੇ ਸਨਮਾਨ ਨੂੰ ਠੇਸ ਪੁੱਜੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਵੀ ਕਮਜ਼ੋਰੀ ਦਿਖਾਉਂਦਿਆਂ ਕੋਈ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ ਜਿਸ ਕਰਕੇ ਸਥਿਤੀ ਹੋਰ ਖਰਾਬ ਹੋਈ। ਜੋ ਮੌਜੂਦਾ ਹਾਲਾਤ ਨਜ਼ਰ ਆਉਂਦੇ ਹਨ ਉਨ੍ਹਾਂ ਦੇ ਆਧਾਰ 'ਤੇ ਮੈਨੂੰ ਲੱਗ ਰਿਹਾ ਹੈ ਕਿ



28 ਮਾਰਚ ਨੂੰ ਸਥਿਤੀ ਕਿਤੇ ਟਕਰਾਅ ਵਾਲੀ ਨਾ ਬਣ ਜਾਵੇ ਜਿਸ ਨਾਲ ਪੰਥ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦੇ ਵਕਾਰ ਨੂੰ ਹੋਰ ਠੇਸ ਪਹੁੰਚੇ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਮੁੱਖ ਸੇਵਾਦਾਰ ਹੋਣ ਦੇ ਨਾਤੇ ਮੇਰੀ ਮੌਜੂਦਾ ਪ੍ਰਧਾਨ ਐਸ. ਜੀ. ਪੀ. ਸੀ. ਨੂੰ ਸਨਿਮਰ ਬੇਨਤੀ ਹੈ ਕਿ ਉਹ ਸਾਰੇ ਮੈਂਬਰਾਂ ਨੂੰ ਇਕੱਠੇ ਬਿਠਾਉਣ ਅਤੇ ਉਨ੍ਹਾਂ ਨਾਲ ਖੁੱਲ੍ਹੇ ਮਨ ਨਾਲ ਵਿਚਾਰ ਕਰਨੀ ਚਾਹੀਦੀ ਹੈ ਕਿ ਇਸ ਵਿਚੋਂ ਉਸਾਰੂ ਹੱਲ ਕਿਵੇਂ ਲੱਭਿਆ ਜਾਵੇ। ਮੈਨੂੰ ਆਸ ਹੈ ਕਿ ਜੋ ਸਾਰੇ ਮੈਂਬਰ ਆਪਣੇ ਸਿਆਸੀ ਆਕਾਵਾਂ ਨੂੰ ਛੱਡ ਕਿ ਆਪ ਹੀ ਗੁਰੂ ਦੇ ਸਨਮੁਖ ਹੋ ਬੈਠਣ ਤਾਂ ਗੁਰਮਤਿ ਦੀ ਰੋਸ਼ਨੀ ਵਿਚੋਂ ਸਾਰਥਿਕ ਹੱਲ ਨਿਕਲ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੇ ਸ਼੍ਰੋਮਣੀ ਕਮੇਟੀ ਖ਼ਿਲਾਫ਼ ਰੋਸ ਦੀ ਭਾਵਨਾ ਲੈ ਕੇ ਇਕੱਠ ਹੁੰਦਾ ਹੈ ਤਾਂ ਉਸ ਦਾ ਫਾਇਦਾ ਕੋਈ ਪੰਥ ਵਿਰੋਧੀ ਜਾਂ ਬਾਹਰੀ ਸ਼ਕਤੀਆਂ ਵੀ ਉਠਾ ਸਕਦੀਆਂ ਹਨ।

## ਅਜਨਾਲਾ ਥਾਣਾ ਹਿੰਸਾ ਮਾਮਲੇ ਵਿਚ ਅਮਨਦੀਪ ਸਿੰਘ ਅਮਨਾ ਗ੍ਰਿਫ਼ਤਾਰ





ਪੰਜਗਰਾਈਂ ਕਲਾਂ (ਫਰੀਦਕੋਟ)-'ਵਾਰਿਸ ਪੰਜਾਬ ਦੇ' ਜਥੇਬੰਦੀ ਨਾਲ ਜੁੜੇ ਹੋਏ ਪੰਜਗਰਾਈ ਕਲਾਂ ਦੇ ਨੌਜਵਾਨ ਅਮਨਦੀਪ ਸਿੰਘ ਅਮਨਾ ਨੂੰ ਪੁਲਿਸ ਵਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜਾਣਕਾਰੀ ਅਨੁਸਾਰ ਅਮਨਾ ਜੋ ਕਿ ਜਥੇਬੰਦੀ ਦਾ ਫ਼ਰੀਦਕੋਟ ਜ਼ਿਲ੍ਹੇ ਦਾ ਪ੍ਰਧਾਨ ਹੈ, ਬਾਰੇ ਪੁਲਿਸ ਨੂੰ ਅਜਨਾਲਾ ਥਾਣਾ ਮਾਮਲੇ ਵਿਚ ਸ਼ਾਮਿਲ ਹੋਣ ਦਾ ਸ਼ੱਕ ਸੀ, ਨੂੰ ਦੇਰ ਰਾਤ ਉਸ ਦੇ ਘਰੋਂ ਗ੍ਰਿਫ਼ਤਾਰ ਕਰ ਲਿਆ ਗਿਆ।

ਜ਼ਿਕਰਯੋਗ ਹੈ ਕਿ ਅਮਨਾ ਨੂੰ ਇਸ ਮਾਮਲੇ 'ਚ ਪਹਿਲਾਂ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਬਾਅਦ ਵਿਚ ਉਸ ਨੂੰ 7/51 ਦੀ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਸੀ। ਬੀਤੇ ਦਿਨੀਂ ਅੰਮ੍ਰਿਤਪਾਲ ਸਿੰਘ ਨਾਲ ਸਬੰਧਿਤ ਸਾਥੀਆਂ ਨੂੰ ਪੰਜਾਬ ਲਿਆਉਣ ਉਪਰੰਤ ਉਕਤ ਮਾਮਲੇ ਸਬੰਧੀ ਹੋਈ ਪੁੱਛਗਿਛ ਦੌਰਾਨ ਅਮਨਾ ਦਾ ਨਾਂਅ ਫਿਰ ਸਾਹਮਣੇ ਆਉਣ 'ਤੇ ਉਸ ਨੂੰ ਅਜਨਾਲਾ ਪੁਲਿਸ ਵਲੋਂ ਗ੍ਰਿਫ਼ਤਾਰ ਕਰ ਲਿਆ ਗਿਆ।

## ਬੀਬੀ ਕਿਰਨਜੋਤ ਕੌਰ ਦੀ ਅਗਵਾਈ ਵਿਚ ਜਥੇਦਾਰਾਂ ਦੇ ਹੱਕ 'ਚ ਨਿੱਤਰੇ ਸ਼੍ਰੋਮਣੀ ਕਮੇਟੀ ਮੈਂਬਰ

### ✪ ਕਿਹਾ ਕਿ ਤਿੰਨੋਂ ਜਥੇਦਾਰਾਂ ਨੂੰ ਫਾਰਗ ਕਰਨ ਦੇ ਫੈਸਲੇ ਨੂੰ ਵਾਪਸ ਲਿਆ ਜਾਵੇ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲਗਪਗ 42 ਮੈਂਬਰਾਂ ਨੇ ਅੱਜ ਸ਼੍ਰੋਮਣੀ ਕਮੇਟੀ ਦੇ ਸਕੱਤਰ ਨੂੰ ਪੱਤਰ ਸੌਂਪ ਕੇ ਤਿੰਨੋਂ ਜਥੇਦਾਰਾਂ ਨੂੰ ਫਾਰਗ ਕਰਨ ਵਾਲੇ ਅੰਤ੍ਰਿੰਗ ਕਮੇਟੀ ਦੇ ਦੋਵੇਂ ਮਤੇ ਰੱਦ ਕਰਨ ਦੀ ਮੰਗ ਕੀਤੀ ਹੈ। ਇਹ ਮੰਗ ਪੱਤਰ ਦੇਣ ਵਾਲਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਵਿਰੋਧੀ ਧਿਰ ਨਾਲ ਸਬੰਧਤ ਮੈਂਬਰ ਸ਼ਾਮਲ ਹਨ। ਇਹ ਮੰਗ ਪੱਤਰ ਇੱਥੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਖੇ ਸਕੱਤਰ ਨੂੰ ਸੌਂਪਿਆ ਗਿਆ। ਮੰਗ ਪੱਤਰ ਦੇਣ ਵਾਲਿਆਂ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ, ਭਾਈ ਮਨਜੀਤ ਸਿੰਘ, ਹਰਜਾਪ ਸਿੰਘ ਸੁਲਤਾਨਵਿੰਡ, ਅਮਰੀਕ ਸਿੰਘ ਸ਼ਾਹਪੁਰ ਤੇ ਹੋਰ ਸ਼ਾਮਲ ਸਨ। ਬੀਬੀ ਕਿਰਨਜੋਤ ਕੌਰ ਨੇ ਦੱਸਿਆ ਕਿ ਮੰਗ ਪੱਤਰ 'ਤੇ ਲਗਪਗ 42 ਮੈਂਬਰਾਂ ਦੇ ਦਸਤਖ਼ਤ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਤਿੰਨੋਂ ਜਥੇਦਾਰਾਂ ਨੂੰ ਫਾਰਗ ਕਰਨ ਦੇ ਫੈਸਲੇ ਨੂੰ ਵਾਪਸ ਲਿਆ ਜਾਵੇ। ਉਨ੍ਹਾਂ ਇਸ ਨੂੰ ਮਰਿਆਦਾ ਦੀ ਉਲੰਘਣਾ ਕਰਾਰ ਦਿੱਤਾ। ਇਸ ਦੌਰਾਨ ਭਾਈ ਮਨਜੀਤ ਸਿੰਘ ਨੇ ਦੱਸਿਆ ਕਿ ਇਸ ਪੱਤਰ ਰਾਹੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕੋਲੋਂ ਮੰਗ ਕੀਤੀ ਗਈ ਕਿ 28 ਮਾਰਚ ਨੂੰ ਬਜਟ ਸਬੰਧੀ ਹੋ ਰਹੇ ਜਨਰਲ ਇਜਲਾਸ ਵਿੱਚ ਤਿੰਨਾਂ ਜਥੇਦਾਰਾਂ ਨੂੰ ਫਾਰਗ ਕਰਨ ਵਾਲੇ ਅੰਤ੍ਰਿੰਗ ਕਮੇਟੀ ਦੇ ਮਤੇ ਰੱਦ ਕੀਤੇ ਜਾਣ। ਉਨ੍ਹਾਂ ਕਿਹਾ ਕਿ ਇਹ ਮਤੇ ਰੱਦ ਕਰਨ ਦਾ ਏਜੰਡਾ ਜਨਰਲ ਹਾਊਸ ਦੀ ਮੀਟਿੰਗ ਦੇ ਏਜੰਡੇ ਵਿੱਚ ਸ਼ਾਮਲ ਕੀਤਾ ਜਾਵੇ। ਉਨ੍ਹਾਂ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਤੇ ਕਾਰਜ ਖੇਤਰ ਸਬੰਧੀ ਨਿਯਮ ਤੈਅ ਕੀਤੇ ਜਾਣ ਦੀ ਮੰਗ ਕੀਤੀ।

## ਰੁਲਦਾ ਸਿੰਘ ਕਤਲ ਕਾਂਡ ਵਿਚੋਂ ਭਾਈ ਤਾਰਾ ਤੇ ਗੋਲਡੀ ਹੋਏ ਬਰੀ, 15 ਸਾਲ ਤੱਕ ਕੇਸ ਚਲਿਆ



ਪਟਿਆਲਾ-ਸਥਾਨਕ ਅਦਾਲਤ ਵਲੋਂ ਰਾਸ਼ਟਰੀ ਸਿੱਖ ਸੰਗਤ ਪੰਜਾਬ ਦੇ ਪ੍ਰਧਾਨ ਰੁਲਦਾ ਸਿੰਘ ਦੇ ਪਟਿਆਲਾ ਵਿਖੇ ਹੋਏ ਕਤਲ ਕੇਸ ਦੀ ਸੁਣਵਾਈ ਦੌਰਾਨ ਸਜ਼ਾ ਜ਼ਾਬਤਾ ਭਾਈ ਜਗਤਾਰ ਸਿੰਘ ਤਾਰਾ ਅਤੇ ਰਮਨਦੀਪ ਸਿੰਘ ਗੋਲਡੀ ਨੂੰ ਬਰੀ ਕਰ ਦਿੱਤਾ ਹੈ। ਭਾਈ ਤਾਰਾ ਨੂੰ ਬੁੜੈਲ ਜੇਲ੍ਹ 'ਚੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਪਟਿਆਲਾ ਲਿਆਂਦਾ ਗਿਆ। ਉਹ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਸਜਾ ਯਾਫ਼ਤਾ ਹਨ ਅਤੇ ਰਮਨਦੀਪ ਸਿੰਘ ਗੋਲਡੀ ਵੱਖ-ਵੱਖ ਕੇਸਾਂ ਵਿਚ ਨਾਮਜ਼ਦ ਹਨ ਅਤੇ ਜ਼ਮਾਨਤ 'ਤੇ ਚੱਲ ਰਹੇ ਹਨ। ਇਸ ਦੀ ਪੁਸ਼ਟੀ ਉਨ੍ਹਾਂ ਦੇ ਵਕੀਲ ਬਰਜਿੰਦਰ ਸਿੰਘ ਸੋਢੀ ਨੇ ਕੀਤੀ। ਦੱਸਣਯੋਗ ਹੈ ਕਿ ਸਾਲ 2009 ਦੌਰਾਨ ਪਟਿਆਲਾ ਦੇ ਅਨਾਜ ਮੰਡੀ ਵਿਚ ਆਰ. ਐਸ. ਐਸ. ਦੇ ਸੂਬਾ ਪ੍ਰਧਾਨ ਰੁਲਦਾ ਸਿੰਘ ਨੂੰ ਕੁਝ ਮੋਟਰਸਾਈਕਲ ਸਵਾਰਾਂ ਨੇ ਗੋਲੀਆਂ ਮਾਰ ਦਿੱਤੀਆਂ ਸਨ ਜਿਸ ਨੂੰ ਬਾਅਦ ਵਿਚ ਪਟਿਆਲਾ ਦੇ ਸਰਕਾਰੀ ਰਾਜਿੰਦਰਾ ਹਸਪਤਾਲ ਵਿਚ ਲਿਜਾਇਆ ਗਿਆ ਅਤੇ ਇਸ ਤੋਂ ਬਾਅਦ ਉਨ੍ਹਾਂ ਦੀ ਇਲਾਜ ਦੌਰਾਨ ਪੀ. ਜੀ. ਆਈ. ਚੰਡੀਗੜ੍ਹ ਵਿਖੇ ਮੌਤ ਹੋ ਗਈ ਸੀ। ਇਸ ਮਾਮਲੇ ਵਿਚ ਪਟਿਆਲਾ ਪੁਲਿਸ ਵਲੋਂ ਅਣਪਛਾਤੇ ਵਿਅਕਤੀਆਂ ਉਤੇ ਕੇਸ ਦਰਜ ਕੀਤਾ ਗਿਆ ਤੇ ਬਾਅਦ ਵਿਚ ਸਾਜ਼ਿਸ਼ ਘਾੜਿਆਂ ਦੇ ਦੋਸ਼ਾਂ ਤਹਿਤ ਭਾਈ ਜਗਤਾਰ ਸਿੰਘ ਤਾਰਾ ਅਤੇ ਰਮਨਦੀਪ ਸਿੰਘ ਗੋਲਡੀ ਨੂੰ ਇਸ ਕੇਸ ਵਿਚ ਨਾਮਜ਼ਦ ਕਰ ਲਿਆ ਸੀ। 15 ਸਾਲ ਤੱਕ ਚੱਲੇ ਇਸ ਕੇਸ ਦੀ ਸੁਣਵਾਈ ਹੋਣ ਤੋਂ ਬਾਅਦ ਹੁਣ ਅਦਾਲਤ ਨੇ ਭਾਈ ਤਾਰਾ ਅਤੇ ਗੋਲਡੀ ਨੂੰ ਇਸ ਕੇਸ 'ਚੋਂ ਬਰੀ ਕਰ ਦਿੱਤਾ।

# ਇਲਾਹਾਬਾਦ ਬਾਰ: ਜਸਟਿਸ ਵਰਮਾ ਦੇ ਤਬਾਦਲੇ ਦਾ ਵਿਰੋਧ, ਮਹਾਂਦੋਸ਼ ਦੀ ਮੰਗ ਕਿਉਂ ?

**ਖਾਸ ਖਬਰ**

## ✪ ਸੁਪਰੀਮ ਕੋਰਟ ਜੱਜ ਦੀ ਕਾਰਵਾਈ ਕਰਨ ਬਾਰੇ ਢਿਲੀ ਕਾਰਵਾਈ ਕਿਉਂ ਕਰ ਰਹੀ ਹੈ ?

ਇਲਾਹਾਬਾਦ ਹਾਈ ਕੋਰਟ ਬਾਰ ਐਸੋਸੀਏਸ਼ਨ ਨੇ ਸੁਪਰੀਮ ਕੋਰਟ ਦੇ ਉਸ ਫੈਸਲੇ ਦਾ ਸਖ਼ਤ ਵਿਰੋਧ ਕੀਤਾ ਹੈ, ਜਿਸ ਵਿੱਚ ਦਿੱਲੀ ਹਾਈ ਕੋਰਟ ਦੇ ਜੱਜ ਜਸਟਿਸ ਯਸ਼ਵੰਤ ਵਰਮਾ ਨੂੰ ਇਲਾਹਾਬਾਦ ਹਾਈ ਕੋਰਟ ਵਿੱਚ ਤਬਦੀਲ ਕਰਨ ਦੀ ਸਿਫਾਰਸ਼ ਕੀਤੀ ਗਈ ਸੀ। ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਜਸਟਿਸ ਵਰਮਾ ਦੇ ਦਿੱਲੀ ਸਥਿਤ ਸਰਕਾਰੀ ਨਿਵਾਸ ਸਥਾਨ 'ਤੇ ਅੱਗ ਲੱਗਣ ਤੋਂ ਬਾਅਦ ਵੱਡੀ ਮਾਤਰਾ ਵਿੱਚ ਸੜੀ ਹੋਈ ਨਕਦੀ ਬਰਾਮਦ ਹੋਈ।ਉਕਤ ਤੋਂ ਇਲਾਵਾ ਅੱਜ ਜਸਟਿਸ ਵਰਮਾ ਦੀ ਰਿਹਾਇਸ਼ ਨੇੜਿਓਂ 500 ਰੁਪਏ ਦੇ ਸੜੇ ਨੋਟ ਮਿਲਣ ਦੀਆਂ ਕਈ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ, ਜਿਥੇ ਇਲਾਕੇ ਦੀ ਸਫਾਈ ਕਰਨ ਆਏ ਕਰਮਚਾਰੀਆਂ ਨੂੰ ਉਕਤ ਸੜੇ ਹੋਏ ਨੋਟ ਮਿਲੇ ਸਨ। ਬਾਰ ਐਸੋਸੀਏਸ਼ਨ ਨੇ ਨਾ ਸਿਰਫ਼ ਇਸ ਤਬਾਦਲੇ ਦਾ ਵਿਰੋਧ ਕੀਤਾ ਹੈ ਅਤੇ ਇਸਨੂੰ ਅਸਵੀਕਾਰਨਯੋਗ ਦੱਸਿਆ ਹੈ, ਸਗੋਂ ਜਸਟਿਸ ਵਰਮਾ ਵਿਰੁੱਧ ਮਹਾਂਦੋਸ਼ ਅਤੇ ਸੀਬੀਆਈ-ਈਡੀ ਜਾਂਚ ਦੀ ਮੰਗ ਵੀ ਉਠਾਈ ਹੈ। ਆਖ਼ਿਰਕਾਰ, ਇਹ ਮਾਮਲਾ ਕੀ ਹੈ ਅਤੇ ਬਾਰ ਐਸੋਸੀਏਸ਼ਨ ਦਾ ਅਜਿਹਾ ਰਵੱਈਆ ਕਿਉਂ ਹੈ ?

24 ਮਾਰਚ ਨੂੰ ਪ੍ਰਯਾਗਰਾਜ ਵਿੱਚ ਹੋਈ ਜਨਰਲ ਹਾਊਸ ਮੀਟਿੰਗ ਵਿੱਚ, ਇਲਾਹਾਬਾਦ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਨਿਲ ਤਿਵਾੜੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਅਸੀਂ ਕਿਸੇ ਵੀ ਹਾਲਤ ਵਿੱਚ ਜਸਟਿਸ ਯਸ਼ਵੰਤ ਵਰਮਾ ਦੇ ਤਬਾਦਲੇ ਨੂੰ ਬਰਦਾਸ਼ਤ ਨਹੀਂ ਕਰਾਂਗੇ। ਨਾ ਅੱਜ ਅਤੇ ਨਾ ਹੀ ਭਵਿੱਖ ਵਿੱਚ। ਉਨ੍ਹਾਂ ਨੇ 11 ਮਤੇ ਪਾਸ ਕੀਤੇ, ਜਿਨ੍ਹਾਂ ਵਿੱਚੋਂ ਮੁੱਖ ਮੰਗ ਇਹ ਸੀ ਕਿ ਚੀਫ਼ ਜਸਟਿਸ ਸੰਜੀਵ ਖੰਨਾ ਸੀਬੀਆਈ ਅਤੇ ਈਡੀ ਨੂੰ ਜਸਟਿਸ ਵਰਮਾ ਖ਼ਿਲਾਫ਼ ਐਫਆਈਆਰ ਦਰਜ ਕਰਨ ਅਤੇ ਜਾਂਚ ਸ਼ੁਰੂ ਕਰਨ ਦੀ ਇਜਾਜ਼ਤ ਦੇਣ। ਤਿਵਾੜੀ ਨੇ ਦਲੀਲ ਦਿੱਤੀ ਕਿ ਜੇਕਰ ਕੋਈ ਸਿਆਸਤਦਾਨ ਜਾਂ ਨੌਕਰਸ਼ਾਹ ਅਜਿਹੇ ਮਾਮਲੇ ਵਿੱਚ ਸ਼ਾਮਲ ਹੁੰਦਾ, ਤਾਂ ਤੁਰੰਤ ਕਾਰਵਾਈ ਕੀਤੀ ਜਾਂਦੀ। ਉਨ੍ਹਾਂ ਕਿਹਾ, 'ਇਹ ਘਟਨਾ ਨਿਆਂਇਕ ਕੰਮ ਦਾ ਹਿੱਸਾ ਨਹੀਂ ਹੈ, ਇਸ ਲਈ ਆਮ ਕਾਨੂੰਨੀ ਪ੍ਰਕਿਰਿਆ ਲਾਗੂ ਹੋਣੀ ਚਾਹੀਦੀ ਹੈ।'

ਇਸ ਤੋਂ ਇਲਾਵਾ ਤਿਵਾੜੀ ਨੇ ਜਸਟਿਸ ਵਰਮਾ ਵਿਰੁੱਧ ਮਹਾਂਦੋਸ਼ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਤੁਰੰਤ ਮਹਾਂਦੋਸ਼ ਦੀ ਕਾਰਵਾਈ ਸ਼ੁਰੂ ਕਰਨੀ ਚਾਹੀਦੀ ਹੈ ਤਾਂ ਜੋ ਸਬੂਤਾਂ ਨੂੰ ਨਸ਼ਟ ਕਰਨ ਦੀ ਕੋਈ ਕੋਸ਼ਿਸ਼ ਨਾ ਹੋਵੇ। ਉਨ੍ਹਾਂ ਨੇ ਕਾਲਜੀਅਮ ਪ੍ਰਣਾਲੀ 'ਤੇ ਵੀ ਸਵਾਲ ਉਠਾਉਂਦੇ ਹੋਏ ਕਿਹਾ ਕਿ ਇਹ "ਚੰਗੇ ਸੰਬੰਧਾਂ" ਵਾਲੇ ਲੋਕਾਂ ਦਾ ਪੱਖ ਪੂਰਦੀ ਹੈ, ਜੋ ਕਿ ਨਿਆਂਇਕ ਨਿਯੁਕਤੀਆਂ ਵਿੱਚ ਨਿਰਪੱਖਤਾ ਦੀ ਘਾਟ ਨੂੰ ਦਰਸਾਉਂਦਾ ਹੈ। ਪਿਛਲੇ ਹਫ਼ਤੇ ਵੀ ਬਾਰ ਨੇ ਚੀਫ਼ ਜਸਟਿਸ




**ਪੰਜਾਬ ਟਾਈਮਜ ਅਨੁਸਾਰ ਇਲਾਹਾਬਾਦ ਹਾਈ ਕੋਰਟ ਬਾਰ ਐਸੋਸੀਏਸ਼ਨ ਦਾ ਵਿਰੋਧ ਅਤੇ ਇਸ ਦੀਆਂ ਮੰਗਾਂ ਦਰਸਾਉਂਦੀਆਂ ਹਨ ਕਿ ਇਹ ਸਿਰਫ਼ ਇੱਕ ਜੱਜ ਦਾ ਮਾਮਲਾ ਨਹੀਂ ਹੈ, ਸਗੋਂ ਕਾਲਜੀਅਮ ਪ੍ਰਣਾਲੀ ਅਤੇ ਨਿਆਂਇਕ ਪਾਰਦਰਸ਼ਤਾ ਦਾ ਸਵਾਲ ਹੈ। ਜੇਕਰ ਜਾਂਚ ਨਿਰਪੱਖ ਅਤੇ ਨਿਰਣਾਇਕ ਨਹੀਂ ਹੁੰਦੀ, ਤਾਂ ਜਨਤਾ ਦਾ ਵਿਸ਼ਵਾਸ ਡਗਮਗਾ ਸਕਦਾ ਹੈ। ਇਹ ਮਾਮਲਾ ਅਦਾਲਤ, ਸਰਕਾਰ ਅਤੇ ਜਨਤਾ ਵਿਚਕਾਰ ਇੱਕ ਵੱਡਾ ਟਕਰਾਅ ਪੈਦਾ ਕਰ ਸਕਦਾ ਹੈ, ਜਿਸਦੇ ਪ੍ਰਭਾਵ ਲੰਬੇ ਸਮੇਂ ਤੱਕ ਦਿਖਾਈ ਦੇਣਗੇ ਉਕਤ ਘਟਨਾਕ੍ਰਮ ਦੇ ਸੰਦਰਭ ਵਿਚ ਸੁਪਰੀਮ ਕੋਰਟ ਦੇ ਚੀਫ ਜਸਟਿਸ ਖੰਨਾ ਨੇ ਸਨਿਚਰਵਾਰ ਨੂੰ ਜਸਟਿਸ ਵਰਮਾ ਦੇ ਖ਼ਿਲਾਫ਼ ਅੰਦਰੂਨੀ ਜਾਂਚ ਕਰਨ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਗਠਿਤ ਕੀਤੀ ਗਈ ਸੀ ਅਤੇ ਨਿਰਦੇਸ਼ ਦਿੱਤੇ ਸਨ ਕਿ ਜਸਟਿਸ ਵਰਮਾ ਨੂੰ ਕੋਈ ਵੀ ਨਿਆਂਇਕ ਕੰਮ ਨਾ ਸੌਂਪਿਆ ਜਾਵੇ।**

ਅਰੁਣ ਭਸਾਲੀ ਨੂੰ ਇੱਕ ਪੱਤਰ ਲਿਖਿਆ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ 'ਇਲਾਹਾਬਾਦ ਹਾਈ ਕੋਰਟ ਕੂੜੇਦਾਨ ਨਹੀਂ ਹੈ'। ਸੁਪਰੀਮ ਕੋਰਟ ਦੇ ਕਾਲਜੀਅਮ ਵਿੱਚ ਸ਼ਾਮਲ ਸੀਜੇਆਈ ਸੰਜੀਵ ਖੰਨਾ ਅਤੇ ਚਾਰ ਸਭ ਤੋਂ ਸੀਨੀਅਰ ਜੱਜਾਂ ਨੇ 20 ਅਤੇ 24 ਮਾਰਚ ਨੂੰ ਹੋਈਆਂ ਆਪਣੀਆਂ ਮੀਟਿੰਗਾਂ ਵਿੱਚ ਜਸਟਿਸ ਵਰਮਾ ਦੇ ਤਬਾਦਲੇ ਦੀ ਸਿਫਾਰਸ਼ ਕੀਤੀ ਸੀ।

ਕੌਲਿਜੀਅਮ ਨੇ ਇਸਨੂੰ ਇੱਕ ਪ੍ਰਸ਼ਾਸਕੀ ਫੈਸਲਾ ਕਰਾਰ ਦਿੱਤਾ ਅਤੇ ਸਪੱਸ਼ਟ ਕੀਤਾ ਕਿ ਇਹ ਨਕਦੀ ਬਰਾਮਦਗੀ ਨਾਲ ਜੁੜੀ ਇਨ ਹਾਊਸ ਦੀ ਜਾਂਚ ਤੋਂ ਵੱਖਰਾ ਸੀ। ਦਿੱਲੀ ਹਾਈ ਕੋਰਟ ਦੇ ਮੁੱਖ ਜੱਜ ਡੀ.ਕੇ. ਉਪਾਧਿਆਏ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਤਬਾਦਲਾ ਪ੍ਰਸਤਾਵ ਜਾਂਚ ਦੇ ਨਤੀਜੇ 'ਤੇ ਨਿਰਭਰ ਨਹੀਂ ਕਰਦਾ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਕਦਮ ਜਸਟਿਸ ਵਰਮਾ ਨੂੰ ਸਜ਼ਾ ਦੇਣ ਦੀ ਬਜਾਏ ਸਥਿਤੀ ਨੂੰ ਸੰਭਾਲਣ ਦੀ ਕੋਸ਼ਿਸ਼ ਹੋ ਸਕਦੀ ਹੈ। ਜਸਟਿਸ ਵਰਮਾ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਇਸਨੂੰ ਉਨ੍ਹਾਂ ਦੇ ਅਕਸ ਨੂੰ ਖਰਾਬ ਕਰਨ ਦੀ ਸਾਜ਼ਿਸ਼ ਦੱਸਿਆ। ਦਿੱਲੀ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਲਿਖੇ ਇੱਕ ਪੱਤਰ ਵਿੱਚ, ਉਸਨੇ ਕਿਹਾ, 'ਨਾ ਤਾਂ ਮੇਰੇ ਪਰਿਵਾਰ ਨੇ ਅਤੇ ਨਾ ਹੀ ਮੈਂ ਉਸ ਜਗ੍ਹਾ 'ਤੇ ਕੋਈ ਨਕਦੀ ਰੱਖੀ ਸੀ।' ਜਦੋਂ ਅੱਗ ਲੱਗੀ, ਮੇਰੀ ਧੀ ਅਤੇ ਨਿੱਜੀ ਸਕੱਤਰ ਨੇ ਫਾਇਰ ਬ੍ਰਿਗੇਡ ਨੂੰ ਫ਼ੋਨ ਕੀਤਾ। ਜਦੋਂ ਅੱਗ ਬੁਝਾਉਣ ਤੋਂ ਬਾਅਦ ਲੋਕ ਵਾਪਸ ਆਏ ਤਾਂ ਉੱਥੇ ਕੋਈ ਨਕਦੀ ਨਹੀਂ ਦਿਖਾਈ ਦਿੱਤੀ।

ਜਸਟਿਸ ਵਰਮਾ ਦਾ ਦਾਅਵਾ ਹੈ ਕਿ ਇਹ ਸਭ ਉਨ੍ਹਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ, ਪਰ ਹੁਣ ਤੱਕ ਕੋਈ ਠੋਸ ਸਬੂਤ ਸਾਹਮਣੇ ਨਹੀਂ ਆਇਆ ਹੈ ਜੋ ਉਨ੍ਹਾਂ ਦੇ ਪੱਖ ਨੂੰ ਮਜ਼ਬੂਤ ਕਰ ਸਕੇ।

ਰਾਜ ਸਭਾ ਦੇ ਸਪੀਕਰ ਜਗਦੀਪ ਧਨਖੜ ਨੇ ਸੀਜੇਆਈ ਖੰਨਾ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਆਜ਼ਾਦੀ ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਚੀਫ਼ ਜਸਟਿਸ ਨੇ ਸਾਰੇ ਤੱਥ ਜਨਤਕ ਕੀਤੇ ਹਨ। ਉਨ੍ਹਾਂ ਇਸਨੂੰ 'ਸਹੀ ਦਿਸ਼ਾ ਵਿੱਚ ਕਦਮ' ਦੱਸਿਆ ਅਤੇ ਕਿਹਾ, 'ਸੀਜੇਆਈ ਦੀ ਚੌਕਸੀ ਅਤੇ ਕਮੇਟੀ ਦਾ ਗਠਨ ਸ਼ਲਾਘਾਯੋਗ ਹੈ।' ਨਿਆਂਪਾਲਿਕਾ ਅਤੇ ਵਿਧਾਨਪਾਲਿਕਾ ਵਰਗੀਆਂ ਸੰਸਥਾਵਾਂ ਦੇ ਅੰਦਰੂਨੀ ਤੰਤਰ ਜਿੰਨੇ ਕੁਸ਼ਲ ਅਤੇ ਤੇਜ਼ ਹੋਣਗੇ, ਜਨਤਾ ਦਾ ਵਿਸ਼ਵਾਸ ਓਨਾ ਹੀ ਮਜ਼ਬੂਤ ਹੋਵੇਗਾ। ਪਰ ਬਾਰ ਐਸੋਸੀਏਸ਼ਨ ਦਾ ਮੰਨਣਾ ਹੈ ਕਿ ਤਬਾਦਲਾ ਕੋਈ ਹੱਲ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਕਦਮ ਨਿਆਂਇਕ ਨਿਯੁਕਤੀਆਂ ਅਤੇ ਤਬਾਦਲਿਆਂ ਦੀ ਪ੍ਰਣਾਲੀ ਵਿੱਚ ਕਮੀਆਂ ਨੂੰ ਉਜਾਗਰ ਕਰਦਾ ਹੈ, ਜਿਸ ਨੇ "ਕਾਨੂੰਨ ਦੇ ਰਾਜ ਵਿੱਚ ਜਨਤਾ ਦਾ ਵਿਸ਼ਵਾਸ ਘਟਾ ਦਿੱਤਾ ਹੈ"। ਇਹ ਘਟਨਾ ਕਈ ਪੱਧਰਾਂ 'ਤੇ ਸਵਾਲ ਖੜ੍ਹੇ ਕਰਦੀ ਹੈ। ਜੇਕਰ ਨਕਦੀ ਦੀ ਵਸੂਲੀ ਸੱਚ ਹੈ, ਤਾਂ ਇਹ ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ ਦਾ ਗੰਭੀਰ ਸੰਕੇਤ ਹੈ। ਜੇਕਰ ਇਹ ਕੋਈ ਸਾਜ਼ਿਸ਼ ਹੈ ਤਾਂ ਇਹ ਨਿਆਂਇਕ ਆਜ਼ਾਦੀ 'ਤੇ ਹਮਲਾ ਹੈ।

ਬਾਰ ਐਸੋਸੀਏਸ਼ਨ ਵੱਲੋਂ ਤਬਾਦਲੇ ਦਾ ਵਿਰੋਧ ਅਤੇ ਮਹਾਂਦੋਸ਼ ਦੀ ਮੰਗ ਤੋਂ ਪਤਾ ਲੱਗਦਾ ਹੈ ਕਿ ਉਹ ਇਸਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੁੰਦੇ। ਉਨ੍ਹਾਂ ਦਾ ਤਰਕ ਹੈ ਕਿ ਤਬਾਦਲਾ ਸਿਰਫ਼ ਇਲਾਹਾਬਾਦ ਹਾਈ ਕੋਰਟ ਨੂੰ 'ਡੰਪਿੰਗ ਗਰਾਊਂਡ' ਵਜੋਂ ਵਰਤ ਰਿਹਾ ਹੈ, ਜੋ ਨਾ ਤਾਂ ਸਮੱਸਿਆ ਦਾ ਹੱਲ ਕਰਦਾ ਹੈ ਅਤੇ ਨਾ ਹੀ ਜਵਾਬਦੇਹੀ ਯਕੀਨੀ ਬਣਾਉਂਦਾ ਹੈ। ਸੀਬੀਆਈ-ਈਡੀ ਜਾਂਚ ਅਤੇ ਮਹਾਂਦੋਸ਼ ਦੀ ਬਾਰ ਦੀ ਮੰਗ ਦਰਸਾਉਂਦੀ ਹੈ ਕਿ ਵਿਵਾਦ ਅਜੇ ਖਤਮ ਨਹੀਂ ਹੋਇਆ ਹੈ। ਜੇਕਰ ਜਾਂਚ ਨਕਦੀ ਦੀ ਮੌਜੂਦਗੀ ਸਾਬਤ ਕਰਦੀ ਹੈ, ਤਾਂ ਇਹ ਸਵਾਲ ਉੱਠੇਗਾ ਕਿ ਕੀ ਸਿਰਫ਼ ਤਬਾਦਲਾ ਹੀ ਕਾਫ਼ੀ ਹੈ ਜਾਂ ਇਹ ਨਿਆਂਪਾਲਿਕਾ ਦੀ ਭਰੋਸੇਯੋਗਤਾ ਨੂੰ ਹੋਰ ਨੁਕਸਾਨ ਪਹੁੰਚਾਏਗਾ। ਜਸਟਿਸ ਯਸ਼ਵੰਤ ਵਰਮਾ ਦਾ ਤਬਾਦਲਾ ਅਤੇ ਨਕਦੀ ਵਿਵਾਦ ਨਿਆਂਇਕ ਪ੍ਰਣਾਲੀ ਲਈ ਇੱਕ ਚੁਣੌਤੀ ਬਣ ਗਏ ਹਨ।

ਇਲਾਹਾਬਾਦ ਹਾਈ ਕੋਰਟ ਬਾਰ ਐਸੋਸੀਏਸ਼ਨ ਦਾ ਵਿਰੋਧ ਅਤੇ ਇਸ ਦੀਆਂ ਮੰਗਾਂ ਦਰਸਾਉਂਦੀਆਂ ਹਨ ਕਿ ਇਹ ਸਿਰਫ਼ ਇੱਕ ਜੱਜ ਦਾ ਮਾਮਲਾ ਨਹੀਂ ਹੈ, ਸਗੋਂ ਕਾਲਜੀਅਮ ਪ੍ਰਣਾਲੀ ਅਤੇ ਨਿਆਂਇਕ ਪਾਰਦਰਸ਼ਤਾ ਦਾ ਸਵਾਲ ਹੈ। ਜੇਕਰ ਜਾਂਚ ਨਿਰਪੱਖ ਅਤੇ ਨਿਰਣਾਇਕ ਨਹੀਂ ਹੁੰਦੀ, ਤਾਂ ਜਨਤਾ ਦਾ ਵਿਸ਼ਵਾਸ ਡਗਮਗਾ ਸਕਦਾ ਹੈ। ਇਹ ਮਾਮਲਾ ਅਦਾਲਤ, ਸਰਕਾਰ ਅਤੇ ਜਨਤਾ ਵਿਚਕਾਰ ਇੱਕ ਵੱਡਾ ਟਕਰਾਅ ਪੈਦਾ ਕਰ ਸਕਦਾ ਹੈ, ਜਿਸਦੇ ਪ੍ਰਭਾਵ ਲੰਬੇ ਸਮੇਂ ਤੱਕ ਦਿਖਾਈ ਦੇਣਗੇ।

ਐਸੋਸੀਏਸ਼ਨ ਵੱਲੋਂ ਤਬਾਦਲੇ ਦਾ ਵਿਰੋਧ ਅਤੇ ਮਹਾਂਦੋਸ਼ ਦੀ ਮੰਗ ਤੋਂ ਪਤਾ ਲੱਗਦਾ ਹੈ ਕਿ ਉਹ ਇਸਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੁੰਦੇ। ਉਨ੍ਹਾਂ ਦਾ ਤਰਕ ਹੈ ਕਿ ਤਬਾਦਲਾ ਸਿਰਫ਼ ਇਲਾਹਾਬਾਦ ਹਾਈ ਕੋਰਟ ਨੂੰ 'ਡੰਪਿੰਗ ਗਰਾਊਂਡ' ਵਜੋਂ ਵਰਤ ਰਿਹਾ ਹੈ, ਜੋ ਨਾ ਤਾਂ ਸਮੱਸਿਆ ਦਾ ਹੱਲ ਕਰਦਾ ਹੈ ਅਤੇ ਨਾ ਹੀ ਜਵਾਬਦੇਹੀ ਯਕੀਨੀ ਬਣਾਉਂਦਾ ਹੈ।

ਸੀਬੀਆਈ-ਈਡੀ ਜਾਂਚ ਅਤੇ ਮਹਾਂਦੋਸ਼ ਦੀ ਬਾਰ ਦੀ ਮੰਗ ਦਰਸਾਉਂਦੀ ਹੈ ਕਿ ਵਿਵਾਦ ਅਜੇ ਖਤਮ ਨਹੀਂ ਹੋਇਆ ਹੈ। ਜੇਕਰ ਜਾਂਚ ਨਕਦੀ ਦੀ ਮੌਜੂਦਗੀ ਸਾਬਤ ਕਰਦੀ ਹੈ, ਤਾਂ ਇਹ ਸਵਾਲ ਉੱਠੇਗਾ ਕਿ ਕੀ ਸਿਰਫ਼ ਤਬਾਦਲਾ ਹੀ ਕਾਫ਼ੀ ਹੈ ਜਾਂ ਇਹ ਨਿਆਂਪਾਲਿਕਾ ਦੀ ਭਰੋਸੇਯੋਗਤਾ ਨੂੰ ਹੋਰ ਨੁਕਸਾਨ ਪਹੁੰਚਾਏਗਾ। ਜਸਟਿਸ ਯਸ਼ਵੰਤ ਵਰਮਾ ਦਾ ਤਬਾਦਲਾ ਅਤੇ ਨਕਦੀ ਵਿਵਾਦ ਨਿਆਂਇਕ ਪ੍ਰਣਾਲੀ ਲਈ ਇੱਕ ਚੁਣੌਤੀ ਬਣ ਗਏ ਹਨ।

# ਸੰਤ ਭਿੰਡਰਾਂਵਾਲਾ ਤਸਵੀਰ ਵਿਵਾਦ ਪਿਛੇ ਭਗਵੇਂਵਾਦੀਆਂ ਦੀ ਮਨਸ਼ਾ ਕਾਂਗਰਸ ਨੂੰ ਸਮਝਣ ਦੀ ਲੋੜ

## ਖਾਸ ਖ਼ਬਰ ✪ ਹਿਮਾਚਲ ਬੱਸਾਂ ਨੂੰ ਨੁਕਸਾਨ ਪਹੁੰਚਾਏ ਜਾਣ ਪਿਛੇ ਕਿਹੜੇ ਅਨਸਰ ਨੇ ? ✪ ਹਿਮਾਚਲ ਸਰਕਾਰ ਵਲੋਂ ਨਫਰਤ ਫੈਲਾਉਣ ਵਾਲੇ ਭਗਵੇਂਵਾਦੀ ਅਮਨ ਸੂਦ ’ਤੇ ਸਖਤ ਕਾਰਵਾਈ

ਬੀਤੇ ਹਫ਼ਤੇ ਹਿਮਾਚਲ ਪ੍ਰਦੇਸ਼ ਦੇ ਮਨੀਕਰਨ ਗੁਰਦੁਆਰਾ ਸਾਹਿਬ ਜਾ ਰਹੇ ਪੰਜਾਬ ਦੇ ਕੁਝ ਸਿੱਖ ਨੌਜਵਾਨਾਂ ਨਾਲ ਕੁੱਲੂ ਵਿੱਚ ਕੁਝ ਹਿਮਾਚਲੀ ਲੋਕਾਂ ਦਾ ਝਗੜਾ ਹੋ ਗਿਆ ਸੀ। ਇਸ ਝਗੜੇ ਦੀ ਜੜ੍ਹ ਅਮਨ ਸੂਦ ਨਾਂ ਦੇ ਇੱਕ ਸਥਾਨਕ ਭਗਵੇਂਵਾਦੀ ਕਾਰਕੁਨ ਹੈ, ਜਿਸ ਨੇ ਇਨ੍ਹਾਂ ਨੌਜਵਾਨਾਂ ਉੱਤੇ ਹੁੱਲੜਬਾਜੀ ਕਰਨ ਦਾ ਇਲਜ਼ਾਮ ਲਾਇਆ ਸੀ ਅਤੇ ਨਾਲ ਹੀ ਇਨ੍ਹਾਂ ਦੇ ਮੋਟਰਸਾਈਕਲ ਉੱਥੇ ਲੱਗੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਫੋਟੋ ਵਾਲੇ ਝੰਡੇ ਨੂੰ ਜਬਰੀ ਖੋਹ ਕੇ ਪੈਰਾਂ ਵਿਚ ਲਿਤਾੜਿਆ ਤੇ ਧਮਕੀਆਂ ਦਿੱਤੀਆਂ ਸਨ। ਇਸ ਕਾਰਣ ਸਾਰਾ ਮਾਮਲਾ ਵਿਗੜਿਆ। ਸ਼ੋਸ਼ਲ ਮੀਡੀਆ ਉਪਰ ਲੋਕਾਂ ਦਾ ਕਹਿਣਾ ਹੈ ਕਿ ਭਾਜਪਾ ਕਾਂਗਰਸ ਨੂੰ ਕਿਤੇ ਵੀ ਰਾਜ ਨਹੀਂ ਕਰਨ ਦੇਣਾ ਚਾਹੁੰਦੀ। ਇਸੇ ਕਰਕੇ ਉਨ੍ਹਾਂ ਦੇ ਰਾਜਾਂ ਵਿਚ ਫਿਰਕੂ ਤਣਾਅ ਉਭਾਰ ਕੇ ਪੂਰੇ ਭਾਰਤ ਵਿਚ ਜੇਤੂ ਹੋਣਾ ਚਾਹੁੰਦੀ ਹੈ।

ਹਿਮਾਚਲ ਪ੍ਰਦੇਸ਼ ਦੀ ਮਣੀਕਰਨ ਘਾਟੀ ਵਿੱਚ ਹੋਏ ਵਿਵਾਦ ਵਿੱਚ ਜਨਤਕ ਸ਼ਾਂਤੀ ਅਤੇ ਧਾਰਮਿਕ ਸਦਭਾਵਨਾ ਨੂੰ ਭੰਗ ਕਰਨ ਦੇ ਦੋਸ਼ ਵਿੱਚ ਹੋਟਲ ਮਾਲਕ ਅਮਨ ਸੂਦ ਨੂੰ ਸੰਮਨ ਜਾਰੀ ਕਰ ਦਿਤੇ ਹਨ। ਰਾਜ ਸਰਕਾਰ ਵੱਲੋਂ ਦਾਇਰ ਸ਼ਿਕਾਇਤ ਤੋਂ ਬਾਅਦ, ਸਬ-ਡਿਵੀਜ਼ਨਲ ਮੈਜਿਸਟ੍ਰੇਟ (ਐਸਡੀਐਮ) ਦੀ ਅਦਾਲਤ ਨੇ ਅਮਨ ਸੂਦ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸੰਮਨ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਜੇਕਰ ਉਹ ਨਿਰਧਾਰਤ ਸਮੇਂ 'ਤੇ ਅਦਾਲਤ ਵਿੱਚ ਪੇਸ਼ ਨਹੀਂ ਹੁੰਦੇ ਹਨ, ਤਾਂ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਯਾਦ ਰਹੇ ਕਿ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਅਮਨ ਸੂਦ ਕਾਰਣ ਵਿਵਾਦ ਸ਼ੁਰੂ ਹੋਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ




ਜਥੇਦਾਰ ਨੇ ਇਸ ’ਤੇ ਸਖ਼ਤ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਹਿਮਾਚਲ ਪ੍ਰਦੇਸ਼ ਸਰਕਾਰ ਤੋਂ ਫਿਰਕੂ ਭਗਵੇਂਵਾਦੀਆਂ ਉਪਰ ਢੁਕਵੀਂ ਕਾਰਵਾਈ ਦੀ ਮੰਗ ਕੀਤੀ ਸੀ ਜੋ ਸਿੱਖ ਝੰਡੇ ਪੈਰਾਂ ਵਿਚ ਲਿਤਾੜ ਰਹੇ ਸਨ। ਸੰਤ ਭਿੰਡਰਾਂਵਾਲਿਆਂ ਦੀ ਤਸਵੀਰ ਵਾਲੇ ਝੰਡੇ ਖੋਹੇ ਜਾਣ ਦੇ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਖੁਦ ਨੂੰ ਦਲ ਖਾਲਸਾ ਦੇ ਕਾਰਕੁਨ ਦੱਸਣ ਵਾਲੇ ਕੁਝ ਨੌਜਵਾਨਾਂ ਨੇ ਹੁਸ਼ਿਆਰਪੁਰ ਵਿੱਚ ਹਿਮਾਚਲ ਦੀਆਂ ਬੱਸਾਂ ਉੱਤੇ ਸੰਤ ਭਿੰਡਰਾਂਵਾਲਿਆਂ ਦੇ ਪੋਸਟਰ ਚਿਪਕਾਏ ਸਨ।

ਇਸ ਵਿਵਾਦ ਤੋਂ ਬਾਅਦ ਪੰਜਾਬ ਵਿੱਚ ਹਿਮਾਚਲ ਪ੍ਰਦੇਸ਼ ਰੋਡਵੇਜ਼ ਦੀਆਂ ਬੱਸਾਂ ਉਪਰ ਹਮਲੇ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਖਰੜ ਵਿੱਚ ਹਿਮਾਚਲ ਰੋਡਵੇਜ਼ ਦੀ ਇੱਕ ਬੱਸ ’ਤੇ ਹਮਲਾ ਕੀਤਾ ਗਿਆ, ਜਿਸ ਵਿੱਚ ਬੱਸ ਦੀਆਂ ਖਿੜਕੀਆਂ ਟੁੱਟ ਗਈਆਂ। ਅੰਮ੍ਰਿਤਸਰ ਵਿਖੇ ਬੀਤੇ ਸ਼ੁੱਕਰਵਾਰ ਰਾਤ ਦੌਰਾਨ ਹਿਮਾਚਲ ਰੋਡਵੇਜ਼ ਦੀਆਂ 3 ਬੱਸਾਂ ਦੀ ਭੰਨਤੋੜ ਕੀਤੀ ਗਈ ਸੀ। ਅਣਪਛਾਤੇ ਵਿਅਕਤੀਆਂ ਨੇ ਬੱਸਾਂ ਦੇ ਸ਼ੀਸ਼ੇ ਤੋੜ ਦਿੱਤੇ ਅਤੇ ਬੱਸਾਂ ਉੱਤੇ ਖਾਲਿਸਤਾਨ ਲਿਖ ਦਿੱਤਾ ਸੀ। ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਜਾਂਚ ਸ਼ੁਰੂ ਕਰ ਦਿੱਤੀ ਹੈ। ਰਾਮਬਾਗ ਥਾਣੇ ਦੀ ਪੁਲਿਸ ਨੇ ਹਿਮਾਚਲ ਪ੍ਰਦੇਸ਼ ਦੀਆਂ ਚਾਰ ਬੱਸਾਂ ਦੀ ਭੰਨਤੋੜ ਕਰਨ ਅਤੇ ਉਨ੍ਹਾਂ ’ਤੇ ਖਾਲਿਸਤਾਨ ਦੇ ਨਾਅਰੇ ਲਿਖਣ ਦੇ ਦੋਸ਼ ਹੇਠ ਚਾਰ ਨੌਜਵਾਨਾਂ ਨੂੰ ਹਿਰਾਸਤ ਵਿੱਚ ਲਿਆ ਹੈ। ਕਿਹਾ ਜਾ ਰਿਹਾ ਹੈ ਕਿ ਪੁਲਿਸ ਨੇ ਮੁਲਜ਼ਮਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਤਾਂ ਜੋ ਫਰਾਰ ਮੁਲਜ਼ਮਾਂ ’ਤੇ ਆਤਮ ਸਮਰਪਣ ਕਰਨ ਲਈ ਦਬਾਅ ਪਾਇਆ ਜਾ ਸਕੇ।

ਸੁਆਲ ਇਹ ਹੈ ਕਿ ਅਜਿਹੇ ਅਨਸਰ ਕੌਣ ਹਨ ਜੋ ਹਿੰਸਕ ਤਣਾਅ ਖੜਾ ਕਰਕੇ ਫਿਰਕੂ ਤਣਾਅ ਵਧਾਉਣਾ ਚਾਹੁੰਦੇ ਹਨ। ਕਾਂਗਰਸ ਦਾ ਮੰਨਣਾ ਹੈ ਕਿ ਫਿਰਕੂਵਾਦ ਨੂੰ ਭਾਜਪਾ ਉਤਸ਼ਾਹਿਤ ਕਰ ਰਹੀ ਹੈ।

ਇਸੇ ਘਟਨਾਵਾਂ ਦੀ ਅਗਲੇਰੀ ਪ੍ਰਤਿਕਿਰਿਆ ਵਜੋਂ ਬੀਤੇ ਦਿਨੀਂ ਸ਼ਿਮਲਾ ਵਿੱਚ ਇੱਕ ਭਗਵੇਂਵਾਦੀ ਸੰਗਠਨ ਨਾਲ ਜੁੜੇ ਲੋਕਾਂ ਵੱਲੋਂ ਪੀਆਰਟੀਸੀ ਦੀਆਂ ਬੱਸਾਂ ਉੱਤੇ ਭਾਰਤ ਮਾਤਾ ਦੀਆਂ ਤਸਵੀਰਾਂ ਲਗਾਈਆਂ ਗਈਆਂ ਅਤੇ ਮੁਜ਼ਾਹਰਾ ਕੀਤਾ ਗਿਆ। ਇਨ੍ਹਾਂ ਘਟਨਾਵਾਂ ਤੋਂ ਬਾਅਦ, ਸਿੱਖ ਸੰਗਠਨਾਂ ਨੇ ਹਿਮਾਚਲ-ਪੰਜਾਬ ਸਰਹੱਦ ‘ਤੇ ਵਿਰੋਧ ਪ੍ਰਦਰਸ਼ਨ ਅਤੇ ਧਰਨਾ ਦੇਣ ਦੀ ਧਮਕੀ ਦਿੱਤੀ ਹੈ, ਜਿਸ ਕਾਰਨ ਦੋਵਾਂ ਰਾਜਾਂ ਦੀ ਪੁਲਿਸ ਨੇ ਸੁਰੱਖਿਆ ਸਖ਼ਤ ਕਰ ਦਿੱਤੀ ਹੈ।

ਹਿਮਾਚਲ ਪ੍ਰਦੇਸ਼ ਦੇ ਡਿਪਟੀ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੇ ਕਿਹਾ ਕਿ ਜਦੋਂ ਤੱਕ ਪੰਜਾਬ ਸਰਕਾਰ ਹਿਮਾਚਲ ਦੀਆਂ ਬੱਸਾਂ ਨੂੰ ਲੋੜੀਂਦੀ ਸੁਰੱਖਿਆ ਯਕੀਨੀ ਨਹੀਂ ਬਣਾਉਂਦੀ, ਉਦੋਂ ਤੱਕ ਐੱਚਆਰਟੀਸੀ ਦੀਆਂ ਬੱਸਾਂ ਪੰਜਾਬ ਵਿੱਚ ਰਾਤ ਨੂੰ ਨਹੀਂ ਠਹਿਰਾਈਆਂ ਜਾਣਗੀਆਂ। ਇਸ ਦੇ ਤਹਿਤ ਰਾਤ ਸਮੇਂ ਪੰਜਾਬ ’ਚ ਠਹਿਰਣ ਵਾਲੀਆਂ ਬੱਸਾਂ ਦੇ 20 ਰੂਟਾਂ ਨੂੰ ਅਸਥਾਈ ਤੌਰ ’ਤੇ ਬੰਦ ਕਰ ਦਿੱਤਾ ਗਿਆ ਹੈ।

ਉੱਧਰ ਪੰਜਾਬ ਪੁਲਿਸ ਦਾ ਕਹਿਣਾ ਹੈ ਕਿ ਅੰਮ੍ਰਿਤਸਰ ਭੰਨਤੋੜ ਦੇ ਮਾਮਲੇ ਵਿਚ ਕੇਸ ਦਰਜ ਕਰਕੇ ਜਾਂਚ ਕੀਤੀ ਜਾ ਰਹੀ ਹੈ ਅਤੇ ਖਰੜ ਵਿਚਲੇ ਹਮਲੇ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੰਜਾਬ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਮੁਕਤਸਰ ਸਾਹਿਬ ਦੇ ਰਹਿਣ ਵਾਲੇ ਗਗਨਦੀਪ ਸਿੰਘ ਅਤੇ ਰੋਪੜ ਦੇ ਰਹਿਣ ਵਾਲੇ ਹਰਦੀਪ ਸਿੰਘ ਵਜੋਂ ਹੋਈ ਹੈ।

ਦਲ ਖਾਲਸਾ ਦੇ ਆਗੂ ਭਾਈ ਕੰਵਰਪਾਲ ਸਿੰਘ ਬਿੱਟੂ ਨੇ ਗੱਲ ਕਰਦਿਆਂ ਪੰਜਾਬੀ ਨੌਜਵਾਨਾਂ ਦੇ ਵਾਹਨਾਂ ਤੋਂ ਹਿਮਾਚਲ ਪ੍ਰਦੇਸ਼ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਤਸਵੀਰ ਹਟਾਉਣ ਦੀ ਘਟਨਾ ’ਤੇ ਰੋਸ ਜ਼ਾਹਰ ਕੀਤਾ, ਪਰ ਹਿਮਾਚਲ ਰੋਡਵੇਜ਼ ਦੀਆਂ ਬੱਸਾਂ ’ਤੇ ਹੋ ਰਹੇ ਹਮਲਿਆਂ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ, “ਖਰੜ ਅਤੇ ਅੰਮ੍ਰਿਤਸਰ ਵਿਖੇ ਹਿਮਾਚਲ ਰੋਡਵੇਜ਼ ਦੀਆਂ ਬੱਸ ’ਤੇ ਹੋਏ ਹਮਲੇ ਸ਼ਰਾਰਤੀ ਅਨਸਰਾਂ ਦੀ ਕਾਰਵਾਈ ਸੀ ਅਤੇ ਅਜਿਹੀਆਂ ਘਟਨਾਵਾਂ ਅਸਲ ਮੁੱਦੇ ਤੋਂ ਧਿਆਨ ਪਾਸੇ ਹਟਾਉਂਦੀਆਂ ਹਨ ਉਹ ਕਹਿੰਦੇ ਹਨ ਕਿ ਅਜਿਹੇ ਕੋਈ ਵੀ ਹਿੰਸਕ ਕਾਰਵਾਈ ਮੁਨਾਸਿਬ ਨਹੀਂ ਹੈ, ਸਾਧਾਰਨ ਲੋਕ ਅਤੇ ਯਾਤਰੀਆਂ ਨੂੰ ਪਰੇਸ਼ਾਨੀ ਦਾ ਸਬੱਬ ਨਹੀਂ ਬਣਨਾ ਚਾਹੀਦਾ। ਉਨ੍ਹਾਂ ਦੀ ਮੰਗ ਹੈ ਕਿ ਹਿਮਾਚਲ ਸਰਕਾਰ ਵੱਲੋਂ ਦਰਜ ਕੀਤੇ ਸਾਰੇ ਕੇਸ ਵਾਪਸ ਲਏ ਜਾਣ ਅਤੇ ਹਿਮਾਚਲ ਪ੍ਰਦੇਸ਼ ਦੇ ਨੇਤਾਵਾਂ ਵੱਲੋਂ ਸਿਆਸੀ ਫਾਇਦੇ ਲਈ ਦਿੱਤੇ ਬਿਆਨਾਂ ਪ੍ਰਤੀ ਸਿੱਖਾਂ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ।

# ਸੰਤ ਭਿੰਡਰਾਂਵਾਲੇ ਦੇ ਉਭਾਰ ਤੋਂ ਔਖੇ ਗ੍ਰਹਿ ਮੰਤਰੀ ਅਮਿਤ ਸ਼ਾਹ

## ✪ ਅਖੇ ਪੰਜਾਬ ਵਿੱਚ ਵੀ ਕੁਝ ਲੋਕ ਭਿੰਡਰਵਾਲਾ ਬਣਨਾ ਚਾਹੁੰਦੇ ਸੀ ਪਰ ਸਰਕਾਰ ਨੇ ਉਨ੍ਹਾਂ ਨੂੰ ਅੱਗੇ ਨਹੀਂ ਵਧਣ ਦਿੱਤਾ ✪ ਅਮਿਤ ਸ਼ਾਹ ਨੂੰ ਬਾਬਾ ਬੰਤਾ ਸਿੰਘ ਨੇ ਦਿੱਤਾ ਮੋੜਵਾਂ ਜਵਾਬ, ਸ਼ੋਸ਼ਲ ਮੀਡੀਆ ਉਪਰ ਛਿੜੀ ਬਹਿਸ

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੀਤੇ ਸ਼ੁੱਕਰਵਾਰ ਨੂੰ ਰਾਜ ਸਭਾ ਵਿਚ ਆਪਣੇ ਸੰਬੋਧਨ ਦੌਰਾਨ ਕਿਹਾ ਸੀ ਕਿ ਪੰਜਾਬ ਵਿੱਚ ਵੀ ਕੁਝ ਲੋਕ ਭਿੰਡਰਵਾਲਾ ਬਣਨਾ ਚਾਹੁੰਦੇ ਸੀ ਪਰ ਸਰਕਾਰ ਨੇ ਉਨ੍ਹਾਂ ਨੂੰ ਅੱਗੇ ਨਹੀਂ ਵਧਣ ਦਿੱਤਾ ਤੇ ਅੱਜ ਉਹ ਅਸਾਮ ਦੀ ਜੇਲ੍ਹ ਵਿਚ ਬੰਦ ਹਨ ਭਾਵੇਂ ਕਿ ਉੱਥੇ ਸਾਡੀ ਸਰਕਾਰ ਨਹੀਂ ਹੈ, ਪਰ ਇਹ ਗ੍ਰਹਿ ਮੰਤਰਾਲੇ ਦਾ ਹੀ ਦ੍ਰਿੜ ਇਰਾਦਾ ਸੀ ਕਿ ਉਹ ਇਸ ਸਮੇਂ ਸਲਾਖਾਂ ਪਿੱਛੇ ਹਨ ਤੇ ਅਸਾਮ ਜੇਲ੍ਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਰਹੇ ਹਨ। ਜਿਸ ਤੋਂ ਬਾਅਦ ਇਸ ਬਿਆਨ ਦਾ ਪੰਜਾਬ ਵਿੱਚ ਤਿੱਖਾ ਵਿਰੋਧ ਹੋਇਆ ਸੀ। ਅਮਿਤ ਸ਼ਾਹ ਦਾ ਇਸ਼ਾਰਾ ਭਾਈ ਅੰਮ੍ਰਿਤਪਾਲ ਸਿੰਘ ਵਲ ਸੀ ਤੇ ਚਿਤਾਵਨੀ ਪੰਜਾਬ ਦੀਆਂ ਸਰਗਰਮ ਪੰਥਕ ਧਿਰਾਂ ਨੂੰ ਸੀ।



ਜਥੇਦਾਰ ਅਕਾਲ ਤਖਤ ਸਾਹਿਬ ਨੇ ਗ੍ਰਹਿ ਮੰਤਰੀ ਦੇ ਬਿਆਨ ਦੀ ਨਿਖੇਧੀ ਕੀਤੀ ਹੈ। ਕਿਹਾ ਸੀ ਕਿ ਸਿੱਖ ਚਰਖੜੀਆਂ ਉਪਰ ਚੜ੍ਹਕੇ ਵੀ ਗੁਰਬਾਣੀ ਦਾ ਜਾਪ ਕਰਦੇ ਹਨ। ਇਹ ਚੜ੍ਹਦੀ ਕਲਾ ਦੀ ਨਿਸ਼ਾਨੀ ਹੈ।

ਪ੍ਰਚਾਰਕ ਬਾਬਾ ਬੰਤਾ ਸਿੰਘ ਨੇ ਇਸ ਦੇ ਪ੍ਰਤੀਕਰਮ ਵਜੋਂ ਕਥਾ ਦੌਰਾਨ ਕਿਹਾ ਸੀ ਕਿ ਪਿਛਲੇ ਦਿਨੀਂ ਕੇਂਦਰ ਮੰਤਰੀ ਅਮਿਤ ਸ਼ਾਹ ਨੇ ਜੋ ਬਿਆਨ ਦਿੱਤਾ ਹੈ ਉਹ ਖਾਲਸਾ ਪੰਥ ਦੀ ਮੁਖ਼ਾਲਫਤ ਕਰਦਿਆਂ ਨਹੀਂ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਮਾੜੀ ਗੱਲ ਹੈ ਤੇ ਨਾ ਹੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਰੀਸ ਕਰਨਾ ਮਾੜੀ ਗੱਲ ਹੈ। ਵੱਡੇ ਅਹੁਦੇ ਉੱਤੇ ਬੈਠ ਕੇ ਇਹੋ ਜਿਹੇ ਬਿਆਨ ਸੋਭਦੇ ਨਹੀਂ ਹਨ। ਬਾਬਾ ਬੰਤਾ ਸਿੰਘ ਨੇ ਕਿਹਾ ਸੀ ਕਿ ਇਹ ਸਾਡੇ ਨਾਇਕ ਹਨ ਤੇ ਤੁਸੀਂ ਇਨ੍ਹਾਂ ਨੂੰ ਖਲਨਾਇਕ ਨਾ ਕਹੋ, ਜੋ ਹਿੰਦੂਆਂ ਦੇ ਨਾਇਕ ਹਨ ਅਸੀਂ ਉਨ੍ਹਾਂ ਨੂੰ ਖਲਨਾਇਕ ਨਹੀਂ ਕਹਿੰਦੇ, ਪਰ ਸਾਡੇ ਨਾਇਕਾਂ ਨੂੰ ਨੀਵਾਂ ਦਿਖਾਉਣਾ ਬੰਦ ਕਰ ਦਿਓ। ਇਹੋ ਜਿਹੇ ਬਿਆਨ 2027 ਵਿੱਚ ਹਿੰਦੂ ਵੀਰਾਂ ਦੀਆਂ ਵੋਟਾਂ ਤਾਂ ਦਵਾ ਸਕਦੇ ਹਨ ਪਰ ਇਸ ਨਾਲ ਭਾਈਚਾਰਕ ਸਾਂਝ ਨਹੀਂ ਰਹੇਗੀ।

**ਵਿਚਾਰ :–** ਤੁਸੀਂ ਕਿਸੇ ਨੂੰ ਇਹ ਨਹੀਂ ਕਹਿੰਦੇ ਕਿ ਉਹ ਬਹੁਤ ਬੁਰਾ ਆਦਮੀ ਹੈ ਸਗੋਂ ਤੁਸੀਂ ਇਹ ਸਮਝਦੇ ਹੋ ਕਿ ਤੁਸੀਂ ਬਹੁਤ ਚੰਗੇ ਆਦਮੀ ਹੋ ।



ਰਜਿੰਦਰ ਸਿੰਘ ਪੁਰੇਵਾਲ

# ਹਿਮਾਚਲ ਵਿਚ ਤਣਾਅ ਦੇ ਜ਼ਿੰਮੇਵਾਰ ਭਗਵੇਂ ਵਾਦੀਆਂ ਨੂੰ ਨੱਥ ਪਾਈ ਜਾਵੇ

ਬੀਤੇ ਦਿਨੀਂ ਹੋਲੇ ਮਹੱਲੇ ਦੌਰਾਨ ਗੁਰਧਾਮ ਦੀ ਯਾਤਰਾ ਉਪਰ ਹਿਮਾਚਲ ਵਲ ਜਾ ਰਹੇ ਮੋਟਰ ਸਾਈਕਲ ਸਵਾਰ ਸਿਖ ਨੌਜਵਾਨਾਂ ਦੇ ਨਿਸ਼ਾਨ ਸਾਹਿਬ ਉਤਾਰ ਕੇ ਭਗਵੇਂਵਾਦੀਆਂ ਵਲੋਂ ਬੇਅਦਬੀ ਕੀਤੀ ਗਈ। ਰਾਜ ਕਰੇਗਾ ਖਾਲਸਾ ਦੋਹਰਾ ਉਪਰ ਇਤਰਾਜ਼ ਕੀਤਾ ਗਿਆ। ਦੂਜੇ ਪਾਸੇ ਸਿਖ ਨੌਜਵਾਨਾਂ ਨੇਪੰਜਾਬ ਵਿਚ ਹਿਮਾਚਲ ਦੀਆਂ ਬਸਾਂ ਉਪਰ ਸੰਤ ਭਿੰਡਰਾਂਵਾਲਿਆਂ ਦੇ ਪੋਸਟਰ ਲਗਾਏ ਗਏ। ਸ਼ਰਾਰਤੀ ਅਨਸਰਾਂ ਨੇ ਕੁਝ ਹਿਮਾਚਲ ਬਸਾਂ ਦੀ ਕੀਤੀ ਗਈ। ਹਿਮਾਚਲ ਪ੍ਰਦੇਸ਼ ਸਰਕਾਰ ਨੇ ਪੰਜਾਬ ਦੇ ਚਾਰ ਜ਼ਿਲ੍ਹਿਆਂ ਵਿੱਚ 20 ਰੂਟਾਂ ’ਤੇ ਆਪਣੀਆਂ ਬੱਸ ਸੇਵਾਵਾਂ ਰੋਕ ਦਿੱਤੀਆਂ ਹਨ ਅਤੇ ਪੰਜਾਬ ਦੇ ਅੱਡਿਆਂ ਵਿੱਚ ਰਾਤਰੀ ਠਹਿਰਾਓ ਬੰਦ ਕਰ ਦਿੱਤਾ ਹੈ। ਚੰਗੀ ਗਲ ਇਹ ਹੈ ਕਿ ਪੰਜਾਬ ਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀਆਂ ਵਿਚਕਾਰ ਗੱਲਬਾਤ ਹੋਈ ਹੈ ਅਤੇ ਦੋਵਾਂ ਸੂਬਿਆਂ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੀ ਆਪਸੀ ਸੰਪਰਕ ਵਿੱਚ ਹਨ। ਬਹਰਹਾਲ, ਕੁਝ ਹੋਰ ਸਰਗਰਮ ਕਦਮ ਵੀ ਪੁੱਟਣ ਦੀ ਲੋੜ ਹੈ। ਦੋਵਾਂ ਸੂਬਿਆਂ ਨੂੰ ਆਪੋ-ਆਪਣੇ ਖੇਤਰਾਂ ਵਿੱਚ ਅਜਿਹੇ ਲੋਕਾਂ ਨੂੰ ਨੱਥ ਪਾਉਣ ਦੀ ਲੋੜ ਹੈ ਜਿਨ੍ਹਾਂ ਦੀਆਂ ਭੜਕਾਊ ਕਾਰਵਾਈਆਂ ਨਾਲ ਲੋਕਾਂ ਦੇ ਆਪਸੀ ਭਾਈਚਾਰੇ ਅਤੇ ਸਮਾਜਿਕ ਵਿਵਸਥਾ ਨੂੰ ਸੱਟ ਵੱਜਣ ਦਾ ਖ਼ਤਰਾ ਹੈ।

ਹਿਮਾਚਲ ਪ੍ਰਦੇਸ਼ ਵਿੱਚ ਅਜਿਹੇ ਕਈ ਅਨਸਰ ਦੇਖੇ ਗਏ ਹਨ ਜੋ ਉੱਥੇ ਘੁੰਮਣ ਗਏ ਪੰਜਾਬੀਆਂ ਨਾਲ ਖਾਹਮਖਾਹ ਉਲਝਦੇ ਹਨ ਅਤੇ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਂਦੇ ਹਨ। ਦਰਅਸਲ, ਕਈ ਸੂਬਿਆਂ ਵਿੱਚ ਘੱਟਗਿਣਤੀਆਂ ਖਾਸ ਕਰਕੇ ਸਿੱਖ ਕੌਮ ਵਿਰੁੱਧ ਵਿਰੋਧੀ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਹਿਮਾਚਲ ਪ੍ਰਦੇਸ਼ ਸ਼ਾਂਤਮਈ ਸੂਬਾ ਗਿਣਿਆ ਜਾਂਦਾ ਰਿਹਾ ਹੈ ਪਰ ਹੁਣ ਉੱਥੇ ਵੀ ਭਗਵੇਂਵਾਦੀ ਅਨਸਰ ਸਿਰ ਚੁੱਕ ਰਹੇ ਹਨ ਤਾਂ ਜੋ ਕਾਂਗਰਸ ਸਰਕਾਰ ਲਈ ਸਿਰਦਰਦੀ ਖੜੀ ਕੀਤੀ ਜਾ ਸਕੇ। ਹਿਮਾਚਲ ਸਰਕਾਰ ਨੂੰ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਲੋੜ ਹੈ। ਇਸੇ ਤਰ੍ਹਾਂ ਪੰਜਾਬ ਵਿੱਚ ਵੀ ਕੁਝ ਲੋਕ ਭੜਕਾਊ ਸਰਗਰਮੀਆਂ ਰਾਹੀਂ ਸੁਰਖ਼ੀਆਂ ਵਿੱਚ ਆਉਣ ਲਈ ਅਜਿਹੇ ਮੌਕਿਆਂ ਦੀ ਭਾਲ ਵਿੱਚ ਰਹਿੰਦੇ ਹਨ। ਪੁਲੀਸ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੋਈ ਵੀ ਵਿਅਕਤੀ ਕਾਨੂੰਨ ਨੂੰ ਆਪਣੇ ਹੱਥ ਵਿੱਚ ਨਾ ਲਵੇ ਅਤੇ ਜੇ ਉਹ ਅਜਿਹਾ ਕਰਦਾ ਹੈ ਤਾਂ ਉਸ ਨੂੰ ਇਸ ਦੀ ਕੀਮਤ ਅਦਾ ਕਰਨੀ ਪਵੇਗੀ। ਦਰਅਸਲ, ਸਰਕਾਰਾਂ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਖ਼ਾਮੋਸ਼ੀ ਕਾਰਨ ਹੀ ਅਜਿਹੇ ਮਨੂੰਵਾਦੀ ਅਨਸਰਾਂ ਦੇ ਹੌਂਸਲੇ ਵਧ ਜਾਂਦੇ ਹਨ।

## ਭਾਈ ਅੰਮ੍ਰਿਤਪਾਲ ਸਿੰਘ ਨੂੰ ਰਿਹਾਅ ਕੀਤਾ ਜਾਵੇ

ਕੁਝ ਦਿਨ ਪਹਿਲਾਂ ਕੋਟਕਪੂਰਾ ਤੋਂ ਗ੍ਰਿਫ਼ਤਾਰ ਕੀਤੇ ਗਏ ਹਰਜੀਤ ਸਿੰਘ, ਗੁਰਦੀਪ ਸਿੰਘ, ਕੁਲਵੰਤ ਸਿੰਘ, ਗੁਰਮੀਤ ਸਿੰਘ, ਭਗਵੰਤ ਸਿੰਘ, ਦਿਲਜੀਤ ਸਿੰਘ, ਬਸੰਤ ਸਿੰਘ ਅਤੇ ਅਮਨਦੀਪ ਸਿੰਘ ਨੂੰਬੀਤੇ ਮੰਗਲਵਾਰ ਸਵੇਰੇ ਅਜਨਾਲਾ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ। ਜੱਜ ਮਨਪ੍ਰੀਤ ਕੌਰ ਨੇ ਮੁਲਜ਼ਮਾਂ ਨੂੰ 28 ਮਾਰਚ ਤੱਕ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਮੁਲਜ਼ਮਾਂ ਨੂੰ ਕੁਝ ਦਿਨ ਪਹਿਲਾਂ ਅਜਨਾਲਾ ਥਾਣੇ ਦੀ ਪੁਲਿਸ ਨੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਦੋ ਸਾਥੀਆਂ ਨੂੰ ਅੰਮ੍ਰਿਤਸਰ ਲਿਆਉਣ ਲਈ ਹਾਈਕੋਰਟ ਵਿੱਚ ਕੇਸ ਚੱਲ ਰਿਹਾ ਹੈ। ਜਿਸ ਦੀ ਸੁਣਵਾਈ ਵੀ 25 ਮਾਰਚ ਨੂੰ ਹੋਣੀ ਸੀ। ਅੰਮ੍ਰਿਤਸਰ ਪੁਲਿਸ ਨੇ 21 ਮਾਰਚ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਅੰਮ੍ਰਿਤਪਾਲ ਸਿੰਘ ਦੇ ਸੱਤ ਸਾਥੀਆਂ ਨੂੰ ਇੱਥੇ ਲਿਆਂਦਾ ਸੀ।

ਇਸ ਮਾਮਲੇ ਦੇ ਮੁੱਖ ਮੁਲਜ਼ਮ ਐਮਪੀ ਅੰਮ੍ਰਿਤਪਾਲ ਸਿੰਘ, ਪਪਲਪ੍ਰੀਤ ਸਿੰਘ ਅਤੇ ਵਰਿੰਦਰ ਸਿੰਘ ਜੌਹਲ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਫਿਲਹਾਲ ਉਨ੍ਹਾਂ ’ਤੇ ਐਨਐਸਏ ਦੀ ਧਾਰਾ ਲਗਾਈ ਗਈ ਹੈ। ਜਿਨ੍ਹਾਂ ਨੂੰ ਅੰਮ੍ਰਿਤਸਰ ਲਿਆਂਦਾ ਗਿਆ, ਉਨ੍ਹਾਂ ਵਿੱਚ ਹਰਜੀਤ ਸਿੰਘ, ਗੁਰਦੀਪ ਸਿੰਘ, ਕੁਲਵੰਤ ਸਿੰਘ, ਗੁਰਮੀਤ ਸਿੰਘ, ਭਗਵੰਤ ਸਿੰਘ, ਦਿਲਜੀਤ ਸਿੰਘ ਅਤੇ ਬਸੰਤ ਸਿੰਘ ਸ਼ਾਮਲ ਹਨ। ਇਨ੍ਹਾਂ ਲੋਕਾਂ ਤੋਂ ਐਨਐਸਏ ਹਟਾ ਦਿੱਤਾ ਗਿਆ ਹੈ।

ਉਪਰੋਕਤ ਸਾਰੇ ਮੁਲਜ਼ਮਾਂ ਨੂੰ ਪੰਜਾਬ ਪੁਲਿਸ ਨੇ ਦੋ ਸਾਲ ਪਹਿਲਾਂ ਗ੍ਰਿਫ਼ਤਾਰ ਕੀਤਾ ਸੀ। ਕਥਿਤ ਮੁਲਜ਼ਮਾਂ ਨੇ ਧਾਰਮਿਕ ਯਾਤਰਾ ਦੌਰਾਨ ਅਜਨਾਲਾ ਥਾਣੇ ’ਤੇ ਹਮਲਾ ਕੀਤਾ ਸੀ। ਪੰਜਾਬ ਸਰਕਾਰ ਨੂੰ ਇਹੋ ਜਿਹੇ ਕਾਲੇ ਕਨੂੰਨ ਭਾਈ ਅੰਮ੍ਰਿਤ ਪਾਲ ਸਿੰਘ ਤੇ ਉਸਦੇ ਸਾਥੀਆਂ ਉਪਰ ਲਗਾਉਣੇ ਗੈਰ ਜਮਹੂਰੀਅਤ ਕਾਰਵਾਈ ਹੈ। ਭਾਈ ਸਾਹਿਬ ਤੇ ਉਸਦੇ ਸਾਥੀਆਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

ਇਸ ਲਈ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਅਜਿਹਾ ਲੋਕ ਪੱਖੀ ਅਤੇ ਵਿਕਸਤ ਰਾਜ ਪ੍ਰਬੰਧ ਸਥਾਪਿਤ ਕਰਨ ਦੀ ਲੋੜ ਹੈ ਜਿਸ ਵਿਚ ਹਰ ਸ਼ਖ਼ਸ ਲਈ ਬਿਨਾਂ ਕਿਸੇ ਵਿਤਕਰੇ ਦੇ ਪੂਰਨ ਆਜ਼ਾਦੀ, ਬਰਾਬਰੀ, ਸਮਾਜਿਕ ਨਿਆਂ ਅਤੇ ਵਿਕਾਸ ਦੇ ਜਮਹੂਰੀ ਹੱਕਾਂ ਅਤੇ ਜੀਵਨ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਨੂੰ ਯਕੀਨੀ ਬਣਾਇਆ ਜਾਵੇ। ਸਮੂਹ ਲੋਕ ਪੱਖੀ, ਪ੍ਰਗਤੀਸ਼ੀਲ ਅਤੇ ਜਮਹੂਰੀ ਅਧਿਕਾਰ ਸੰਸਥਾਵਾਂ ਨੂੰ ਆਮ ਲੋਕਾਂ ਦੇ ਬੁਨਿਆਦੀ ਜਮਹੂਰੀ ਹੱਕਾਂ ਦੀ ਰਾਖੀ ਯਕੀਨੀ ਬਣਾਉਣ ਲਈ ਯੋਗ ਅਗਵਾਈ ਕਰਨੀ ਚਾਹੀਦੀ ਹੈ।

**-ਰਜਿੰਦਰ ਸਿੰਘ ਪੁਰੇਵਾਲ**

# NEWS & VIEWS

## LEGAL STATUS OF DARBAR SAHIB COMPLEX INCLUDING SRI AKAL TAKHT SAHIB



Gurmukh Singh OBE

*The Golden Temple* [including Sri Akal Takht Sahib] *and by analogy, other Sikh places of worship, have a theo-political status which is not a matter of concession by a political state, but is a right, sui generis* [unique] *(Sirdar Kapur Singh**)*

With a cloud hanging over Sikh theo-politics in Panjab, the credibility gap between Sikh leaders of Panjab and diaspora Sikhs is growing. One issue raised but which remains unresolved is the unceremonious dismissal of Jathedars who delivered the historic Hukamnama of 2 December 2024. It is unlikely that the issue will go away! Many diaspora Panthic organisations are unlikely to accept the clandestine new appointments nor any Hukamnamas by the appointees issued, ostensibly, on behalf of the global Panth. That simply encourages those who have never accepted the Institution of Sri Akal Takht Sahib.

With that background, clarification of the legal status of Darbar Sahib Complex, including Sri Akal Takht Sahib, is highly relevant at this juncture.

To quote a learned colleague: *The question of the legal status of Sri Darbar Sahib complex under Indian jurisdiction rather than enjoying independence similar to Vatican City represents an important aspect of Sikh historical and political development. Examining this issue requires understanding the historical context of 1947 and subsequent Sikh political movements.*

In 1947, Sikh leadership remained focused on the future of the community and partition negotiations *centred on broader territorial arrangements rather than the specific legal status of religious sites.* Shiromani Akali Dal made the choices *that shaped the subsequent legal status of Sikh institutions.*

Following partition, the Shiromani Gurdwara Parbandhak Committee (SGPC) managed Darbar Sahib and other gurdwaras, but subject to Indian law rather than as an independent entity. Later, Anandpur Sahib Resolution of 1973, also remained focused on Sikh political aspirations but did not address the vital issue of the status of the highest Sikh Institutions: Harmandar Sahib, Sri Akal Takht Sahib and the SGPC (Mini Sikh Parliament?) to stress the independence of these Sikh institutions. Maybe this is wisdom of hindsight but that was a glaring oversight. Even if Sikh leaders did not see 1984 invasion of Darbar Sahib on the political horizon, they should have secured independent status not just for Darbar Sahib but for the city of Amritsar akin to the Vatican City

Despite these negatives, a new awakening in the global Panth over a period of time is possible. Post Covid communications technology and virtual meetings facilities are now available to the Singh Sahiban to establish two way consultation process to be able to assess Panthic view and to guide the Sikhs and promote community cohesion as the global Sikh nation, above local nationalities.

The first loyalty of a Sikh is to Sikhi principles and next to the country of adoption. Sri Akal Takht Sahib represents the Higher Authority and Singh Sahiban of the right Sikhi calibre, are the Sewadar Interpreters of Guru/Panth wishes.

Therefore, one positive outcome from the present chaos, can be a shift away from the management (sewa-sambhaal) of the Soveriegn Institution of Sri Akal Takht Sahib by the failed Panjab Sikh leadership, to global Panthic management.

Finally, there is a historical lesson for Delhi, that leaderless Sikhs of Panjab can be even more troublesome for the rulers at Delhi! (Ref: Post Maharaja Ranjit Singh period.)

** The Golden Temple [Darbar Sahib]: Its Theo-Political Status (Dharam Parchar Committee 1988 and, earlier, The Sikh Review (Kolkata) August 1974.)

**Gurmukh Singh OBE**, Ret'd Principal Civil Servant (UK) sewauk2005@yahoo.co.uk

# ਬੱਬਰ ਖਾਲਸਾ ਇੰਟਰਨੈਸ਼ਨਲ ਜਥੇਬੰਦੀ ਦੇ ਜਨਰਲ ਸਕੱਤਰ ਸਵਰਗੀ ਭਾਈ ਮਹਿਲ ਸਿੰਘ ਬੱਬਰ ਨੂੰ ਨਿੱਘੀ ਸ਼ਰਧਾਂਜਲੀ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫੁਰਮਾਨ 'ਚਲਿਆ ਪਤਿ ਸਿਉ ਜਨਮੁ ਸਵਾਰ ਵਾਜਾ ਵਾਇਸੀ' ਅਨੁਸਾਰ, ਗੁਰਸਿੱਖੀ ਜੀਵਨ ਜੀਅ ਕੇ, ਨਾਮ ਬਾਣੀ ਦੇ ਲਾਹੇ ਲੈ ਕੇ ਅਤੇ ਮੌਜੂਦਾ ਸਿੱਖ ਸੰਘਰਸ਼ ਵਿੱਚ ਆਪਣਾ ਹਿੱਸਾ ਪਾ ਕੇ ਬੱਬਰ ਖਾਲਸਾ ਇੰਟਰਨੈਸ਼ਨਲ ਜਥੇਬੰਦੀ ਦੇ ਜਨਰਲ ਸਕੱਤਰ ਭਾਈ ਮਹਿਲ ਸਿੰਘ ਜੀ ਬੱਬਰ ਗੁਰਪੁਰੀ ਸਿਧਾਰ ਗਏ ਹਨ।

ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਜਥੇਦਾਰ ਵਧਾਵਾ ਸਿੰਘ ਬੱਬਰ ਵੱਲੋਂ ਜਾਰੀ ਬਿਆਨ ਵਿੱਚ ਉਹਨਾਂ ਕਿਹਾ ਕਿ ਭਾਈ ਸਾਹਿਬ ਨੇ ਪੰਥ ਦੀ ਵੱਖ-ਵੱਖ ਖੇਤਰਾਂ ਅੰਦਰ ਬਹੁਤ ਲੰਬਾ ਸਮਾਂ ਸੇਵਾ ਕੀਤੀ। ਉਨ੍ਹਾਂ ਨੇ ਗੁਰੂ ਸਾਹਿਬ ਦੇ ਹੁਕਮਾਂ ਉਤੇ ਪਹਿਰਾ ਦਿੰਦਿਆਂ ਸਿੱਖੀ ਦੀ ਆਨ ਸ਼ਾਨ ਨੂੰ ਕਾਇਮ ਰੱਖਣ ਲਈ ਅਤੇ ਸਿੱਖਾਂ ਦੇ ਅਜ਼ਾਦ ਘਰ ਦੀ ਪ੍ਰਾਪਤੀ ਲਈ ਮੌਜੂਦਾ ਸਿੱਖ ਸੰਘਰਸ਼ ਵਿੱਚ ਅਹਿਮ ਰੋਲ ਨਿਭਾਇਆ। ਭਾਈ ਸਾਹਿਬ ਜ਼ਾਲਮ ਵੱਲੋਂ ਕੀਤੇ ਹਰ ਵਾਰ ਸਾਹਮਣੇ ਅਡੋਲ ਰਹੇ, ਪਰਿਵਾਰ ਉੱਤੇ ਹੋਏ ਜ਼ੁਲਮ ਨੂੰ ਖਿੜੇ ਮੱਥੇ ਸਹਾਰਦਿਆਂ ਆਪਣੇ ਆਖਰੀ ਸਾਹ ਤੱਕ ਸੰਘਰਸ਼ਸ਼ੀਲ ਰਹੇ।

ਉਹਨਾਂ ਹੋਰ ਕਿਹਾ, ਦਾਸ ਦਾ ਪਿਛਲੇ 50 ਸਾਲਾਂ ਤੋਂ ਭਾਈ ਸਾਹਿਬ ਦੇ ਨਾਲ ਇੱਕ ਬਹੁਤ ਵਧੀਆ ਪਿਆਰ ਵਾਲਾ ਰਿਸ਼ਤਾ ਸੀ। ਸਾਡੇ ਇਸ ਰਿਸ਼ਤੇ ਦੀ ਸ਼ੁਰੂਆਤ ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਵਿੱਚ ਹਾਜਰੀ ਭਰਨ ਤੋਂ ਸ਼ੁਰੂ ਹੋਈ ਸੀ ਜਿੱਥੇ ਸਾਡੀ ਮੁਲਾਕਾਤ ਹੋਈ ਸੀ।








BABBAR KHALSA INTERNATIONAL

ਇਹ ਮੁਲਾਕਾਤ ਬਾਅਦ ਵਿੱਚ ਪਿਆਰ ਅਤੇ ਸਤਿਕਾਰ ਭਰੇ ਇੱਕ ਲੰਬੇ ਰਿਸ਼ਤੇ ਵਿੱਚ ਤਬਦੀਲ ਹੋ ਗਈ। 1978 ਦੇ ਸਾਕੇ ਤੋਂ ਬਾਅਦ ਮੌਜੂਦਾ ਸਿੱਖ ਸੰਘਰਸ਼ ਵਿੱਚ ਵੀ ਅਸੀਂ ਇਕੱਠਿਆਂ ਪੈਰ ਪਾਇਆ ਸੀ। ਪਿਛਲੇ ਪੰਜਾਹ ਸਾਲਾਂ ਤੋਂ ਇਕੱਠਿਆਂ ਮਿਲ ਕੇ ਅਸੀਂ ਪੰਥਕ ਪਿੜ ਵਿੱਚ ਸੇਵਾ ਕੀਤੀ।

ਜੂਨ 1984 ਨੂੰ ਜਦੋਂ ਭਾਰਤੀ ਫੌਜ ਨੇ ਸਿੱਖਾਂ ਦੇ ਸਰਬ-ਉੱਚ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਘੇਰਾ ਪਾ ਕੇ ਹਮਲਾ ਕੀਤਾ ਸੀ ਤਾਂ ਉਸ ਸਮੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਕੌਮ ਨੂੰ ਟਰਾਂਸਮੀਟਰ ਰਾਹੀਂ ਸੁਨੇਹਾ ਦੇਣ ਲਈ ਭਾਈ ਸਾਹਿਬ ਵੱਲੋਂ ਟੈਕਨੀਕਲ ਕੋਸ਼ਿਸ਼ ਕੀਤੀ ਸੀ। ਹਮਲੇ ਦੌਰਾਨ ਜਦੋਂ ਭਾਈ ਸਾਹਿਬ ਸੰਤ ਭਿੰਡਰਾਂਵਾਲਿਆਂ ਨੂੰ ਮਿਲਣ ਜਾ ਰਹੇ ਸਨ ਤਾਂ ਫੌਜ ਵੱਲੋਂ ਭਾਰੀ ਗੋਲੀਬਾਰੀ ਕੀਤੀ ਗਈ ਪਰ ਉਹ ਭਾਈ ਸਾਹਿਬ ਨੂੰ ਨੁਕਸਾਨ ਨਹੀਂ ਸੀ ਪਹੁੰਚਾ ਸਕੇ। ਭਾਈ ਮਹਿਲ ਸਿੰਘ ਜੀ ਨੂੰ ਜਥੇਦਾਰ ਸੁਖਦੇਵ ਸਿੰਘ ਬੱਬਰ ਦੇ ਵੱਡੇ ਭਰਾਤਾ ਹੋਣ ਕਰਕੇ ਜਥੇਬੰਦੀ ਦੇ ਸਾਰੇ ਸਿੰਘ ਵੱਡੇ ਭਰਾ ਵਾਲਾ ਸਤਿਕਾਰ ਦਿੰਦੇ ਸਨ ਅਤੇ ਸਾਰੇ ਹੀ ਉਹਨਾਂ ਨੂੰ ਸਤਿਕਾਰ ਨਾਲ 'ਭਾਈ ਸਾਹਿਬ' ਕਹਿ ਕੇ ਸੰਬੋਧਨ ਕਰਦੇ ਸੀ। ਭਾਈ ਸਾਹਿਬ ਦਾ ਸੁਭਾਅ ਵੀ ਬਹੁਤ ਮਿਲਾਪੜਾ ਸੀ। ਉਹਨਾਂ ਦੇ ਚਲੇ ਜਾਣ ਨਾਲ ਜਿੱਥੇ ਸੰਘਰਸ਼ ਦਾ ਸਾਡਾ ਇੱਕ ਸਾਥੀ ਘੱਟ ਹੋਇਆ ਹੈ ਉੱਥੇ ਅਸੀਂ ਇਕ ਵੱਡੇ ਭਰਾ ਤੋਂ ਵੀ ਵਾਂਝੇ ਹੋ ਗਏ ਹਾਂ।

ਜਥੇਦਾਰ ਵਧਾਵਾ ਸਿੰਘ ਬੱਬਰ ਨੇ ਕਿਹਾ ਕਿ, ਕੌਮ ਪ੍ਰਤੀ ਫਰਜ ਨੂੰ ਨਿਭਾਉਂਦੇ ਹੋਏ ਗੁਰਪੁਰੀ ਸਿਧਾਰ ਗਏ ਭਾਈ ਸਾਹਿਬ ਨੂੰ ਸਮੁੱਚੀ ਜਥੇਬੰਦੀ ਸ਼ਰਧਾ ਦੇ ਫੁੱਲ ਅਰਪਣ ਕਰਦੀ ਹੈ। ਸਾਡੀ ਸਮੂਹ ਪੰਥ ਦਰਦੀ ਸੰਗਤਾਂ ਨੂੰ ਅਪੀਲ ਹੈ ਕਿ ਉਹ ਭਾਈ ਸਾਹਿਬ ਪ੍ਰਥਾਏ ਵੱਧ ਤੋਂ ਵੱਧ ਸਹਿਜ ਪਾਠ ਸਾਹਿਬ, ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮ ਆਯੋਜਿਤ ਕਰਨ ਅਤੇ ਉਨ੍ਹਾਂ ਪ੍ਰਤੀ ਗੁਰੂ ਚਰਨਾਂ ਵਿੱਚ ਅਰਦਾਸਾਂ ਕਰਨ। ਭਾਈ ਮਹਿਲ ਸਿੰਘ ਬੱਬਰ ਦਾ ਲੰਮਾਂ ਸੰਘਰਸ਼ ਕੌਮ ਲਈ ਇੱਕ ਚਾਨਣ ਮੁਨਾਰਾ ਹੈ। ਉਹਨਾਂ ਦੀ ਸੇਵਾ ਅਤੇ ਅਡੋਲ ਸੰਘਰਸ਼ ਤੋਂ ਸੇਧ ਲੈ ਕੇ ਅਜ਼ਾਦੀ ਪ੍ਰਾਪਤੀ ਦੇ ਸੰਘਰਸ਼ ਵਿੱਚ ਕੁਦਣਾ ਹੀ ਭਾਈ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਖਾਲਿਸਤਾਨ ਜਲਾਵਤਨ ਸਰਕਾਰ ਵੱਲੋਂ ਮਹਿਲ ਸਿੰਘ ਬੱਬਰ ਦੇ ਸਦੀਵੀ ਵਿਛੋੜੇ ’ਤੇ ਗਹਿਰੇ ਦੁੱਖ ਦਾ ਪ੍ਰਗਟਾਵਾ

ਅੰਮਿਤਸਰ - ਪਿਛਲੇ ਲੰਬੇ ਸਮੇਂ ਤੋਂ ਖਾਲਿਸਤਾਨ ਦੀ ਅਜ਼ਾਦੀ ਦਾ ਸੰਘਰਸ਼ ਲੜ ਰਹੇ ਖਾੜਕੂ ਮਹਿਲ ਸਿੰਘ ਬੱਬਰ ਉਰਫ਼ ਬਾਵਾ ਭੱਟੀ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ। ਉਹ ਸਾਬਕਾ ਹਵਾਈ ਸੈਨਾ ਅਧਿਕਾਰੀ ਸਨ ਤੇ ਵਿਸਾਖੀ 1978 ਦੇ ਸਾਕੇ ਪਿੱਛੋਂ ਸਿੱਖ ਸੰਘਰਸ਼ ਨਾਲ ਜੁੜ ਗਏ ਸਨ। ਕਿਡਨੀਆਂ ਦੀ ਖ਼ਰਾਬੀ ਦੇ ਕਾਰਨ ਲੰਮੇ ਸਮੇਂ ਤੋਂ ਉਨ੍ਹਾਂ ਦਾ ਇਕ ਨਿੱਜੀ ਹਸਪਤਾਲ ਤੋਂ ਡਾਕਟਰੀ ਇਲਾਜ ਚੱਲ ਰਿਹਾ ਸੀ। ਜਿੱਥੇ ਉਨ੍ਹਾਂ ਆਪਣਾ ਆਖ਼ਰੀ ਸਾਹ ਲਿਆ।

ਭਾਈ ਮਹਿਲ ਸਿੰਘ ਬੱਬਰ ਦੇ ਦਿਹਾਂਤ ਦੀ ਖ਼ਬਰ ਪੂਰੀ ਤਰ੍ਹਾਂ ਨਾਲ ਗੁਪਤ ਰੱਖੀ ਗਈ ਸੀ। ਦੱਸਿਆ ਜਾ ਰਿਹਾ ਹੈ ਕਿ ਜੁਝਾਰੂ ਜਥੇਬੰਦੀ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਡਿਪਟੀ ਚੀਫ਼ ਮਹਿਲ ਸਿੰਘ ਨੂੰ ਸਾਲ 1990 ਤੋਂ ‘ਭਗੌੜਾ’ ਐਲਾਨਿਆ ਹੋਇਆ ਸੀ। ਉਹ ਅੰਮਿਤਸਰ, ਜਲੰਧਰ ਅਤੇ ਫ਼ਰੀਦਕੋਟ ਜਿਲ੍ਹਿਆਂ ਵਿੱਚ 5 ਖਾੜਕੂ ਘਟਨਾਵਾਂ ਦੇ ਸੰਬੰਧ ਵਿੱਚ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੂੰ ਲੋੜੀਂਦੇ ਸਨ। ਦੱਸਿਆ ਜਾਂਦਾ ਹੈ ਕਿ ਉਹ 1993 ਵਿੱਚ ਗੁਆਂਢੀ ਮੁਲਕ ‘ਚ ਚਲੇ ਗਏ ਸਨ। ਉਸ ਤੋਂ ਬਾਅਦ ਉਨ੍ਹਾਂ ਨੂੰ ਸਾਲ 2003 'ਚ ਫਰਾਂਸ ਵਿੱਚ ਵੇਖਿਆ ਗਿਆ। ਜਿਸ ਤੋਂ ਬਾਅਦ ਪੰਜਾਬ ਪੁਲਿਸ ਵੱਲੋਂ ਉਨ੍ਹਾਂ ਦੀ ਹਵਾਲਗੀ ਦੀ ਕਾਰਵਾਈ ਸ਼ੁਰੂ ਕਰਦਿਆਂ ਮਹਿਲ ਸਿੰਘ ਦਾ ਰਿਕਾਰਡ ਇੰਟਰਪੋਲ ਨੂੰ ਭੇਜਿਆ ਗਿਆ ਪਰ ਬਾਅਦ ਵਿੱਚ ਕਿਹਾ ਗਿਆ ਕਿ ਉਹ ਉਥੋਂ ਵੀ ਚਲੇ ਗਏ ਸਨ।


ਬੱਬਰ ਖਾਲਸਾ ਦੇ ਜੁਝਾਰੂ ਸ਼ਹੀਦ ਸਿੰਘਾਂ ਦੇ ਨਾਲ ਐਨ ਸੱਜੇ ਭਾਈ ਮਹਿਲ ਸਿੰਘ ਬੱਬਰ ਦੀ ਇੱਕ ਯਾਦ

ਖਾਲਿਸਤਾਨ ਜਲਵਤਨ ਸਰਕਾਰ ਦੇ ਪ੍ਰਧਾਨ ਮੰਤਰੀ ਸ: ਗੁਰਮੇਜ ਸਿੰਘ ਗਿੱਲ, ਉਹਨਾਂ ਦੇ ਸਹਿਯੋਗੀ ਸਾਥੀਆਂ, ਜਥੇਦਾਰ ਬਲਬੀਰ ਸਿੰਘ ਬੱਬਰ, ਜਥੇਦਾਰ ਸਤਨਾਮ ਸਿੰਘ ਬੱਬਰ, ਭਾਈ ਸੁਬੇਗ ਸਿੰਘ ਅਤੇ ਭਾਈ ਰੇਸ਼ਮ ਸਿੰਘ ਬੱਬਰ ਨੇ ਉਹਨਾਂ ਦੇ ਅਚਾਨਕ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ, ਉਹਨਾਂ ਦੇ ਪਰਿਵਾਰ ਅਤੇ ਸਿੱਖ ਸੰਗਤ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ। ਉਹਨਾਂ ਕਿਹਾ ਕਿ ਭਾਈ ਮਹਿਲ ਸਿੰਘ ਬੱਬਰ ਅਤੇ ਸ਼ਹੀਦ ਜਥੇਦਾਰ ਸੁਖਦੇਵ ਸਿੰਘ ਬੱਬਰ ਨੇ ਖਾਲਿਸਤਾਨ ਦੇ ਸੰਘਰਸ਼ ਨੂੰ ਚੋਟੀ ’ਤੇ ਪਹੁੰਚਾਉਣ ਲਈ ਬਹੁਤ ਵੱਡੀ ਕੁਰਬਾਨੀ ਕੀਤੀ। ਉਹਨਾਂ ਦਾ ਨਾਂ ਖਾਲਿਸਤਾਨ ਦੀ ਅਜ਼ਾਦੀ ਦੇ ਇਤਿਹਾਸ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਜੁਝਾਰੂਆਂ ਵਜੋਂ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਜਲਾਵਤਨ ਸਰਕਾਰ ਦੇ ਆਗੂਆਂ ਨੇ ਸਮੂਹ ਪੰਥ ਨੂੰ ਅਪੀਲ ਕੀਤੀ ਹੈ ਕਿ ਉਹਨਾਂ ਵੱਲੋਂ ਸੰਘਰਸ਼ ਪ੍ਰਤੀ ਨਿਭਾਈ ਭੂਮਿਕਾ ਤੋਂ ਪੰਥ ਦੇ ਨੌਜਵਾਨਾਂ ਨੂੰ ਸੇਧ ਲੈ ਕੇ ਅੱਗੇ ਵਧਣ ਦੀ ਲੋੜ ਹੈ।


ਸ਼ਹੀਦ ਜਥੇਦਾਰ ਸੁਖਦੇਵ ਸਿੰਘ ਬੱਬਰ
ਅਤੇ ਸੱਜੇ ਭਾਈ ਮਹਿਲ ਸਿੰਘ ਬੱਬਰ

# ਸਿੱਖ ਫ਼ੌਜੀ ਆਰਗੇਨਾਈਜ਼ੇਸ਼ਨ ਨੂੰ ਸ਼ਾਹੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਸਵੈ-ਇੱਛੁਕ ਸੇਵਾ ਲਈ ਯੂ ਕੇ ਦਾ ਸਭ ਤੋਂ ਵੱਡਾ ਸਨਮਾਨ ਸਿੱਖ ਸੋਲਜਰ ਆਰਗੇਨਾਈਜ਼ੇਸ਼ਨ ਨੂੰ ਦਿੱਤਾ ਗਿਆ ਹੈ। ਆਰਗੇਨਾਈਜ਼ੇਸ਼ਨ ਦੀਆਂ ਇਤਿਹਾਸਕ ਪ੍ਰਾਪਤੀਆਂ ਕਿੰਗਜ਼ ਐਵਾਰਡ ਫਾਰ ਵਲੰਟਰੀ ਸੇਵਾ ਨਾਲ ਸਨਮਾਨਿਤ ਕੀਤਾ ਗਿਆ ਹੈ। ਜੋ ਕਿ ਸਵੈ-ਇੱਛੁਕ ਸਮੂਹਾਂ ਲਈ ਰਾਸ਼ਟਰੀ ਮਾਨਤਾ ਦਾ ਵੱਡਾ ਸਨਮਾਨ ਹੈ। ਇਹ ਪੁਰਸਕਾਰ ਵਿਸ਼ਵ ਯੁੱਧਾਂ ਅਤੇ ਉਸ ਤੋਂ ਬਾਅਦ ਅਡੋਲ ਹਿੰਮਤ ਨਾਲ ਲੜਨ ਵਾਲੇ ਸਿੱਖ ਅਤੇ ਰਾਸ਼ਟਰਮੰਡਲ ਸੈਨਿਕਾਂ ਦੀ ਬਹਾਦਰੀ ਵਾਲੀ ਵਿਰਾਸਤ ਨੂੰ ਸੁਰੱਖਿਅਤ ਰੱਖਣ ਲਈ ਸੰਗਠਨ ਦੇ ਅਣਥੱਕ ਸਮਰਪਣ ਦਾ ਇੱਕ ਸ਼ਕਤੀਸ਼ਾਲੀ ਪ੍ਰਮਾਣ ਹੈ।

ਯਾਦਗਾਰੀ ਸਮਾਗਮਾਂ, ਵਿਦਿਅਕ ਪਹੁੰਚ ਅਤੇ ਭਾਈਚਾਰਕ ਪਹਿਲਕਦਮੀਆਂ ਰਾਹੀਂ, ਸਿੱਖ ਸੋਲਜਰ ਆਰਗੇਨਾਈਜ਼ੇਸ਼ਨ ਪੀੜ੍ਹੀਆਂ ਨੂੰ ਸ਼ੁਕਰਗੁਜ਼ਾਰੀ ਅਤੇ ਸਤਿਕਾਰ



ਲਾਰਡ ਲੈਫਟੀਨੈਂਟ ਐਡ ਐਂਡਰਸਨ ਸੀ ਬੀ ਈ ਨੇ ਕਲਵਿੰਦਰ ਸਿੰਘ ਭੁੱਲਰ ਨੂੰ ਸ਼ਾਹੀ ਸਨਮਾਨ ਭੇਂਟ ਕਰਦੇ ਹੋਏ

ਵਿੱਚ ਜੋੜਦਾ ਹੈ, ਕੁਰਬਾਨੀ ਅਤੇ ਬਹਾਦਰੀ ਦੀ ਵਿਰਾਸਤ ਦਾ ਜਸ਼ਨ ਮਨਾਉਂਦਾ ਹੈ ਜੋ ਯੂ ਕੇ ਅਤੇ ਦੁਨੀਆ ਭਰ ਵਿੱਚ ਡੂੰਘਾਈ ਨਾਲ ਗੂੰਜਦਾ ਹੈ। ਸਿੱਖ ਸੋਲਜਰ ਆਰਗੇਨਾਈਜ਼ੇਸ਼ਨ ਦੇ ਚੇਅਰਮੈਨ ਕਲਵਿੰਦਰ ਭੁੱਲਰ ਨੇ ਕਿਹਾ ਕਿ ਅਸੀਂ ਇਹ ਸਨਮਾਨ ਪ੍ਰਾਪਤ ਕਰਕੇ ਬਹੁਤ ਖੁਸ਼ ਹਾਂ ਇਹ ਪੁਰਸਕਾਰ ਸਿੱਖ ਸੈਨਿਕਾਂ ਦੀਆਂ ਕਹਾਣੀਆਂ ਨੂੰ ਜ਼ਿੰਦਾ ਰੱਖਣ ਦੇ ਸਾਡੇ ਮਿਸ਼ਨ ਨੂੰ ਬਲ ਦਿੰਦਾ ਹੈ ਜਿਨ੍ਹਾਂ ਦੀ ਬਹਾਦਰੀ ਸਰਹੱਦਾਂ ਅਤੇ ਸਮੇਂ ਤੋਂ ਪਰ੍ਹੇ ਹੈ। ਕਿੰਗਜ਼ ਐਵਾਰਡ ਸਿੱਖ ਸੋਲਜਰ ਆਰਗੇਨਾਈਜ਼ੇਸ਼ਨ ਨੂੰ ਉਤਸ਼ਾਹਿਤ ਕਰਦਾ ਹੈ, ਭਾਈਚਾਰਿਆਂ ਨੂੰ ਆਜ਼ਾਦੀ ਦੇ ਮੋਰਚੇ 'ਤੇ ਖੜ੍ਹੇ ਲੋਕਾਂ ਨੂੰ ਯਾਦ ਕਰਨ ਅਤੇ ਉਨ੍ਹਾਂ ਦਾ ਸਨਮਾਨ ਕਰਨ ਲਈ ਪ੍ਰੇਰਿਤ ਕਰਦਾ ਹੈ।

ਇਹ ਵੱਕਾਰੀ ਮਾਨਤਾ ਨਾ ਸਿਰਫ਼ ਸੰਗਠਨ ਦੇ ਯਤਨਾਂ ਨੂੰ ਦਰਸਾਉਂਦੀ ਹੈ, ਸਗੋਂ ਅਣਗਿਣਤ ਵਲੰਟੀਅਰਾਂ ਅਤੇ ਸਮਰਥਕਾਂ ਨੂੰ ਵੀ ਦਰਸਾਉਂਦੀ ਹੈ ਜੋ ਇਸਦੇ ਮਿਸ਼ਨ ਨੂੰ ਅੱਗੇ ਵਧਾਉਂਦੇ ਹਨ। ਵਿਸ਼ਵ ਯੁੱਧਾਂ ਵਿੱਚ ਲੜਨ ਵਾਲੇ ਸਿੱਖ ਸਿਪਾਹੀਆਂ ਦੀਆਂ ਯਾਦਾਂ ਨੂੰ ਲੋਕਾਂ ਨਾਲ ਸਾਂਝਾ ਕਰਨ ਲਈ ਯਤਨਸ਼ੀਲ ਯੂ ਕੇ ਪੰਜਾਬ ਹੈਰੀਟੇਜ ਅਤੇ ਰਾਸ਼ਟਰੀ ਸਿੱਖ ਵਾਰ ਮੈਮੋਰੀਅਲ ਦੇ ਟਰੱਸਟੀ ਤੇਜਪਾਲ ਸਿੰਘ ਰਿਲਮਿਲ ਨੇ ਕਿਹਾ ਕਿ ਇਹ ਸਨਮਾਨ ਸਿੱਖ ਸੋਲਜਰ ਆਰਗੇਨਾਈਜ਼ੇਸ਼ਨ ਦੇ ਨਾਲ ਨਾਲ ਹੋਰਨਾਂ ਨੂੰ ਉਤਸ਼ਾਹਿਤ ਅਤੇ ਪ੍ਰੇਰਿਤ ਕਰੇਗਾ। ਇਹ ਸਨਮਾਨ ਸ਼ਾਹੀ ਪਰਿਵਾਰ ਦੇ ਨੁਮਾਇੰਦੇ ਲਾਰਡ ਲੈਫਟੀਨੈਂਟ ਐਡ ਐਂਡਰਸਨ ਸੀ ਬੀ ਈ ਨੇ ਕਲਵਿੰਦਰ ਸਿੰਘ ਭੁੱਲਰ ਨੂੰ ਭੇਂਟ ਕੀਤਾ ਇਸ ਮੌਕੇ ਡਾ. ਸੋਫੀਆ ਬੰਸੀ ਡੀ ਐਲ ਐਮ ਬੀ ਈ, ਕਿਰਕਲੀਜ਼ ਦੇ ਮੇਅਰ ਨੋਸ਼ੀਨ ਡੈਡ, ਡਾ. ਤੇਜਪਾਲ ਸਿੰਘ ਰੈਲਮਿਲ ਆਦਿ ਹਾਜ਼ਰ ਸਨ।

# ਅੰਮ੍ਰਿਤਸਰ ਜੇਲ੍ਹ ਵਿਚ ਡਰਗ ਤੇ ਹਵਾਲਾ ਦੇ ਕਾਰੋਬਾਰ ਦਾ ਪੁਲਿਸ ਨੇ ਕੀਤਾ ਪਰਦਾਫਾਸ਼

## ✪ ਪਾਕਿਸਤਾਨ ਕਨੈਕਸ਼ਨ ਆਇਆ ਸਾਹਮਣੇ, ਸੈਂਕੜੇ ਕਰੋੜ ਰੁਪਏ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਦੀ ਵੀ ਪਛਾਣ ਕੀਤੀ

ਚੰਡੀਗੜ੍ਹ-ਪੰਜਾਬ ਪੁਲਿਸ ਨੇ ਸਰਹੱਦ ਪਾਰ ਨਾਰਕੋ-ਅੱਤਵਾਦ ਨਾਲ ਜੁੜੇ ਇੱਕ ਹਵਾਲਾ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ ਅਤੇ 11 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਸੱਤ ਦੋਸ਼ੀ ਅਜੇ ਵੀ ਫਰਾਰ ਹਨ। ਇਨ੍ਹਾਂ ਵਿੱਚ ਪੰਜ ਨਸ਼ਾ ਤਸਕਰ, ਤਿੰਨ ਡਰੱਗ ਹਵਾਲਾ ਮਨੀ ਕੋਰੀਅਰ ਅਤੇ ਤਿੰਨ ਹਵਾਲਾ ਵਪਾਰੀ ਸ਼ਾਮਲ ਹਨ। ਮੁਲਜ਼ਮਾਂ ਤੋਂ ਵੱਖ-ਵੱਖ ਦੇਸ਼ਾਂ ਤੋਂ 5.09 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਹ ਨੈੱਟਵਰਕ ਇੱਕ ਪਾਕਿਸਤਾਨੀ ਤਸਕਰ ਦੇ ਇਸ਼ਾਰੇ 'ਤੇ ਕੇਂਦਰੀ ਜੇਲ੍ਹ ਅੰਮ੍ਰਿਤਸਰ ਤੋਂ ਚਲਾਇਆ ਜਾ ਰਿਹਾ ਸੀ।

ਡੀਜੀਪੀ ਪੰਜਾਬ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਦੀ ਐਂਟੀ-ਨਾਰਕੋਟਿਕਸ ਟਾਸਕ ਫੋਰਸ ਨੇ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਦੋ ਮਹੀਨਿਆਂ ਦੇ ਆਪ੍ਰੇਸ਼ਨ ਦੌਰਾਨ ਇਹ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਹਵਾਲਾ ਪੈਸੇ ਟ੍ਰਾਂਸਫਰ ਕਰਨ ਲਈ ਬੰਦ ਲੈਟਰ ਬਾਕਸ ਦੀ ਵਰਤੋਂ ਕਰਦੇ ਸਨ। ਨਸ਼ਿਆਂ ਅਤੇ ਹਵਾਲਾ ਦੇ ਇਸ ਕਾਰੋਬਾਰ ਵਿੱਚ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿੱਚ ਬੰਦ ਕੈਦੀ ਹਰਭਜ ਸਿੰਘ ਭੀਜਾ ਦੀ ਭੂਮਿਕਾ




ਵੀ ਸਾਹਮਣੇ ਆਈ ਹੈ। ਉਹ ਇਸ ਰੈਕੇਟ ਦਾ ਮਾਸਟਰਮਾਈਂਡ ਹੈ। ਉਹ ਜੇਲ੍ਹ ਦੇ ਅੰਦਰੋਂ ਹੀ ਪਾਕਿਸਤਾਨੀ ਨਸ਼ਾ ਤਸਕਰ ਸ਼ਾਹਬਾਜ਼ ਦੇ ਸੰਪਰਕ ਵਿੱਚ ਆਇਆ। ਏਐਨਟੀਐਫ ਨੇ ਇਸ ਨੈੱਟਵਰਕ ਦੀਆਂ ਸੈਂਕੜੇ ਕਰੋੜ ਰੁਪਏ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਦੀ ਵੀ ਪਛਾਣ ਕੀਤੀ ਹੈ। ਉਨ੍ਹਾਂ ਨੂੰ ਜ਼ਬਤ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਗਈ ਹੈ।

### ਜਾਂਚ ਵਿੱਚ ਪਾਕਿਸਤਾਨ ਕਨੈਕਸ਼ਨ ਸਾਹਮਣੇ ਆਇਆ

ਜਾਂਚ ਤੋਂ ਇਹ ਵੀ ਪਤਾ ਲੱਗਾ ਕਿ ਇਹ ਨੈੱਟਵਰਕ ਅੰਮ੍ਰਿਤਸਰ, ਤਰਨਤਾਰਨ, ਫਗਵਾੜਾ ਅਤੇ ਪੰਚਕੂਲਾ ਤੱਕ ਫੈਲਿਆ ਹੋਇਆ ਹੈ। ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਦੇ ਪਿੰਡ ਬੁਰੇਵਾਲ ਦਾ ਰਹਿਣ ਵਾਲਾ ਤਸਕਰ ਸ਼ਾਹਬਾਜ਼ ਗੈਰ-ਕਾਨੂੰਨੀ ਢੰਗ ਨਾਲ ਭਾਰਤ ਵਿੱਚ ਦਾਖਲ ਹੋਇਆ ਸੀ। ਉਸਨੂੰ ਫਰਵਰੀ 2021 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿੱਚ ਰੱਖਿਆ ਗਿਆ ਸੀ। ਇੱਥੇ ਹੀ ਉਸਦੀ ਮੁਲਾਕਾਤ ਹਰਭਜ ਸਿੰਘ ਅਤੇ ਹਰਮਨਜੀਤ ਉਰਫ਼ ਹੈਰੀ ਨਾਲ ਹੋਈ। ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ, ਸ਼ਾਹਬਾਜ਼ ਮੋਬਾਈਲ ਰਾਹੀਂ ਇਨ੍ਹਾਂ ਲੋਕਾਂ ਦੇ ਸੰਪਰਕ ਵਿੱਚ ਰਿਹਾ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਕਾਰੋਬਾਰ ਜਾਰੀ ਰੱਖਿਆ।

ਵੱਖ-ਵੱਖ ਥਾਵਾਂ ਤੋਂ ਬਰਾਮਦ ਕੀਤੀ ਗਈ 5.9 ਕਰੋੜ ਰੁਪਏ ਦੀ ਨਸ਼ੀਲੇ ਪਦਾਰਥਾਂ ਦੀ ਰਕਮ ਵਿੱਚ 1.45 ਕਰੋੜ ਰੁਪਏ, 2,63,630 ਯੂਰੋ, 7,000 ਅਮਰੀਕੀ ਡਾਲਰ, 10,020 ਕੈਨੇਡੀਅਨ ਡਾਲਰ, 27,500 ਪੌਂਡ ਤੇ ਭਾਰਤੀ ਕਰੰਸੀ ਵੀ ਸ਼ਾਮਲ ਹੈ। 372 ਗ੍ਰਾਮ ਸੋਨਾ ਵੀ ਜ਼ਬਤ ਕੀਤਾ ਗਿਆ। ਮਹਿੰਦਰਾ ਐਕਸਯੂਵੀ 300, ਬੀਐਮਡਬਲਯੂ, ਮਹਿੰਦਰਾ ਥਾਰ ਆਟੋਮੈਟਿਕ ਅਤੇ ਹੁੰਡਈ 10 ਸਮੇਤ ਚਾਰ ਹੋਰ ਲਗਜ਼ਰੀ ਵਾਹਨ ਵੀ ਜ਼ਬਤ ਕੀਤੇ ਗਏ ਹਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੰਜਾਬ ਪੁਲਿਸ ਨੇ 1 ਮਾਰਚ 2025 ਤੋਂ ਹੁਣ ਤੱਕ ਸੂਬੇ ਭਰ ਵਿੱਚ 3,868 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ 2,177 ਐਫਆਈਆਰ ਦਰਜ ਕੀਤੀਆਂ ਹਨ। ਇਸ ਸਮੇਂ ਦੌਰਾਨ, ਪੁਲਿਸ ਨੇ ਨਸ਼ਾ ਤਸਕਰਾਂ ਤੋਂ 135.5 ਕਿਲੋਗ੍ਰਾਮ ਹੈਰੋਇਨ 82.9 ਕਿਲੋਗ੍ਰਾਮ ਅਫੀਮ, 1,419 ਕਿਲੋਗ੍ਰਾਮ ਭੁੱਕੀ, 34.24 ਕਿਲੋਗ੍ਰਾਮ ਗਾਂਜਾ, 7.58 ਲੱਖ ਨਸ਼ੀਲੀਆਂ ਗੋਲੀਆਂ, ਕੈਪਸੂਲ/ਟੀਕੇ, 1 ਕਿਲੋਗ੍ਰਾਮ ਆਈਸ ਅਤੇ 5.42 ਕਰੋੜ ਰੁਪਏ ਦੀ ਡਰੱਗ ਮਨੀ ਜ਼ਬਤ ਕੀਤੀ ਹੈ।

# ਗੈਂਗਸਟਰ ਜੱਗੂ ਭਗਵਾਨ ਪੁਰੀਆ ਨੂੰ ਬਠਿੰਡਾ ਤੋਂ ਅਸਾਮ ਦੀ ਜੇਲ੍ਹ ਵਿਚ ਕੀਤਾ ਤਬਦੀਲ

## ✪ ਐਨਐਸਏ ਵਰਗੀ ਸਖ਼ਤੀ ਤੇ ਜ਼ਮਾਨਤ ਮਿਲਣੀ ਵੀ ਮੁਸ਼ਕਲ



ਬਠਿੰਡਾ-ਸਿੱਧੂ ਮੂਸੇਵਾਲਾ ਹੱਤਿਆਕਾਂਡ ਦੇ ਮੁਲਜ਼ਮ ਅਤੇ ਪੰਜਾਬ ਦੇ ਮਸ਼ਹੂਰ ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ ਬਠਿੰਡਾ ਤੋਂ ਅਸਾਮ ਦੀ ਸਿਲਚਰ ਜੇਲ੍ਹ 'ਚ ਸ਼ਿਫਟ ਕਰ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ ਐਨਸੀਬੀ ਨੇ ਇਹ ਕਾਰਵਾਈ ਐਨਡੀਪੀਐਸ ਐਕਟ ਤਹਿਤ ਕੀਤੀ ਹੈ। ਇਹ ਕਾਨੂੰਨ ਐਨਐਸਏ ਤਹਿਤ ਕਾਫੀ ਸਖ਼ਤ ਹੈ ਤੇ ਹੁਣ ਇਸ ਨੂੰ ਇਕ ਸਾਲ ਤਕ ਜ਼ਮਾਨਤ ਜਾਂ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਸੂਤਰਾਂ ਮੁਤਾਬਕ ਜੱਗੂ ਭਗਵਾਨਪੁਰੀਆ ਨੂੰ ਹਵਾਈ ਰਸਤੇ ਅਸਾਮ ਲਿਜਾਣ ਤੋਂ ਪਹਿਲਾਂ ਭਾਰੀ ਸੁਰੱਖਿਆ ਹੇਠ ਚੰਡੀਗੜ੍ਹ ਲਿਜਾਇਆ ਗਿਆ ਸੀ। ਗੈਂਗਸਟਰ ਜੱਗੂ ਖ਼ਿਲਾਫ਼ ਪਿਛਲੇ ਕਈ ਸਾਲਾਂ 'ਚ 128 ਮਾਮਲੇ ਦਰਜ ਹਨ। ਫਿਲਹਾਲ ਉਹ ਬਠਿੰਡਾ ਦੀ ਹਾਈ ਸਕਿਓਰਿਟੀ ਜੇਲ੍ਹ 'ਚ ਬੰਦ ਸੀ। ਜੱਗੂ 'ਤੇ ਸਿੱਧੂ ਮੂਸੇਵਾਲਾ ਹੱਤਿਆਕਾਂਡ 'ਚ ਵੀ ਸ਼ਾਮਲ ਹੋਣ ਦਾ ਦੋਸ਼ ਹੈ। ਇਸੇ ਦੌਰਾਨ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਫੈਸਲੇ 'ਤੇ ਟਿੱਪਣੀ ਕਰਦਿਆਂ ਸਵਾਲ ਉਠਾਏ ਹਨ। ਉਨ੍ਹਾਂ ਕਿਹਾ ਕਿ ਉਹ ਪਿਛਲੇ ਕਈ ਸਾਲਾਂ ਤੋਂ ਇਸ ਗੈਂਗਸਟਰ ਦੇ ਕਾਰਨਾਮਿਆਂ ਦਾ ਰੌਲਾ ਪਾ ਰਹੇ ਹਨ, ਪਰ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਜੇ ਪੰਜਾਬ ਦੇ ਕਰੀਬ ਇਕ ਦਰਜਨ ਗੈਂਗਸਟਰਾਂ ਨੂੰ ਟਰਾਂਸਫਰ ਕਰ ਦਿੱਤਾ ਜਾਵੇ ਤਾਂ ਅਪਰਾਧ ਅਤੇ ਨਸ਼ਿਆਂ ਦੀ ਤਸਕਰੀ ਨੂੰ ਘਟਾਇਆ ਜਾ ਸਕਦਾ ਹੈ। ਸੂਤਰਾਂ ਮੁਤਾਬਕ ਆਉਣ ਵਾਲੇ ਸਮੇਂ 'ਚ ਹੋਰ ਗੈਂਗਸਟਰਾਂ ਤੇ ਅਪਰਾਧੀਆਂ ਨੂੰ ਵੀ ਦੂਰ-ਦੁਰਾਡੇ ਦੀਆਂ ਜੇਲ੍ਹਾਂ 'ਚ ਸ਼ਿਫਟ ਕੀਤਾ ਜਾ ਸਕਦਾ ਹੈ। ਫਿਲਹਾਲ ਐਨਸੀਬੀ ਦੀ ਇਸ ਸਖ਼ਤ ਕਾਰਵਾਈ ਨੂੰ ਪੰਜਾਬ 'ਚ ਗੈਂਗਵਾਰ ਅਤੇ ਡਰੱਗਜ਼ ਨੈੱਟਵਰਕ 'ਤੇ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।

# ਕਿਸਾਨ ਅੰਦੋਲਨ: ਕਾਂਗਰਸ-'ਆਪ' ਟਕਰਾਅ ਇੰਡੀਆ ਗੱਠਜੋੜ ਵਿੱਚ ਦਰਾੜ ਪੈਦਾ ਕਰ ਸਕਦਾ ਹੈ?

## ਨਿਊਜ਼ ਵਿਸ਼ਲੇਸ਼ਣ ✪ ਕੀ 2027 ਅਤੇ ਉਸ ਤੋਂ ਬਾਅਦ ਪੰਜਾਬ ਵਿੱਚ ਭਾਜਪਾ ਲਈ ਰਸਤਾ ਸਾਫ਼ ਹੋ ਸਕਦਾ ਹੈ ?





ਪੰਜਾਬ ਵਿਚ ਕਿਸਾਨਾਂ ਦਾ ਅੰਦੋਲਨ ਸਟੇਟ ਦੇ ਡੰਡੇ ਨਾਲ ਕੁਚਲਣ ਦੀ ਘਟਨਾ ਨੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਆਹਮੋ-ਸਾਹਮਣੇ ਕਰ ਦਿੱਤਾ ਹੈ, ਜਿਸ ਨਾਲ ਇੰਡੀਆ ਗੱਠਜੋੜ ਵਿੱਚ ਮੌਜੂਦਾ ਦਰਾੜਾਂ ਹੋਰ ਵੀ ਵਧ ਗਈਆਂ ਹਨ। ਕਾਂਗਰਸ ਨੇ 'ਆਪ' ਦੀ ਪੰਜਾਬ ਸਰਕਾਰ ਅਤੇ ਭਾਜਪਾ ਦੀ ਕੇਂਦਰ ਸਰਕਾਰ ਨੂੰ ਇੱਕੋ ਸਮੇਂ ਨਿਸ਼ਾਨਾ ਬਣਾਇਆ ਹੈ। ਸਵਾਲ ਇਹ ਹੈ ਕਿ ਕੀ ਇਹ ਇੰਡੀਆ ਗੱਠਜੋੜ ਲਈ ਚੇਤਾਵਨੀ ਦਾ ਸੰਕੇਤ ਹੈ, ਜਾਂ ਰਾਜਨੀਤਿਕ ਡਰਾਮੇ ਦਾ ਇੱਕ ਨਵਾਂ ਅਧਿਆਇ? 19 ਮਾਰਚ ਨੂੰ ਪੰਜਾਬ ਦੇ ਸ਼ੰਭੂ ਅਤੇ ਖਨੌਰੀ ਸਰਹੱਦਾਂ 'ਤੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ 'ਤੇ ਪੁਲਿਸ ਦੀ ਸਖ਼ਤ ਕਾਰਵਾਈ ਨੇ ਨਾ ਸਿਰਫ਼ ਕਿਸਾਨਾਂ ਨੂੰ ਹਿਲਾ ਕੇ ਰੱਖ ਦਿੱਤਾ, ਸਗੋਂ ਆਲ ਇੰਡੀਆ ਅਲਾਇੰਸ ਦੀ ਏਕਤਾ ਨੂੰ ਵੀ ਡੂੰਘੀ ਸੱਟ ਮਾਰੀ। ਪੰਜਾਬ ਪੁਲਿਸ ਨੇ ਵਿਰੋਧ ਪ੍ਰਦਰਸ਼ਨ ਨੂੰ ਖਤਮ ਕਰਨ ਲਈ ਤਾਕਤ ਦੀ ਵਰਤੋਂ ਕੀਤੀ ਅਤੇ ਜਗਜੀਤ ਸਿੰਘ ਡੱਲੇਵਾਲ ਅਤੇ ਸਰਵਣ ਸਿੰਘ ਪੰਧੇਰ ਵਰਗੇ ਪ੍ਰਮੁੱਖ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ। ਇਹ ਸਭ ਉਦੋਂ ਵਾਪਰਿਆ ਜਦੋਂ ਇਹ ਆਗੂ ਚੰਡੀਗੜ੍ਹ ਵਿੱਚ ਕੇਂਦਰੀ ਮੰਤਰੀਆਂ ਨੂੰ ਮਿਲਣ ਤੋਂ ਬਾਅਦ ਵਾਪਸ ਆ ਰਹੇ ਸਨ।

ਇਸ ਘਟਨਾ ਨੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਆਹਮੋ-ਸਾਹਮਣੇ ਕਰ ਦਿੱਤਾ ਹੈ, ਜਿਸ ਨਾਲ ਗੱਠਜੋੜ ਵਿੱਚ ਮੌਜੂਦਾ ਦਰਾੜਾਂ ਹੋਰ ਵੀ ਵਧ ਗਈਆਂ ਹਨ। ਕਾਂਗਰਸ ਨੇ 'ਆਪ' ਦੀ ਪੰਜਾਬ ਸਰਕਾਰ ਅਤੇ ਭਾਜਪਾ ਦੀ ਕੇਂਦਰ ਸਰਕਾਰ ਨੂੰ ਇੱਕੋ ਸਮੇਂ ਨਿਸ਼ਾਨਾ ਬਣਾਇਆ ਹੈ। ਸਵਾਲ ਇਹ ਹੈ ਕਿ ਕੀ ਇਹ ਇੰਡੀਆ ਗੱਠਜੋੜ ਲਈ ਚੇਤਾਵਨੀ ਦਾ ਸੰਕੇਤ ਹੈ, ਜਾਂ ਰਾਜਨੀਤਿਕ ਡਰਾਮੇ ਦਾ ਇੱਕ ਨਵਾਂ ਅਧਿਆਇ?

ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ 'ਆਪ' ਅਤੇ ਭਾਜਪਾ ਨੂੰ ਕਿਸਾਨ ਵਿਰੋਧੀ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸੱਤਾ ਦੇ ਨਸ਼ੇ ਵਿੱਚ ਚੂਰ ਦੋਵੇਂ ਪਾਰਟੀਆਂ ਦੇਸ਼ ਦੇ ਅੰਨਦਾਤਾਵਾਂ ਵਿਰੁੱਧ ਅਪਰਾਧਿਕ ਕਾਰਵਾਈਆਂ ਕਰ ਰਹੀਆਂ ਹਨ। ਖੜਗੇ ਨੇ ਐਕਸ 'ਤੇ ਲਿਖਿਆ, "ਦੇਸ਼ ਭਾਜਪਾ ਦੇ ਸ਼ਾਸਨ ਦੌਰਾਨ ਮੰਦਸੌਰ ਵਿੱਚ ਕਿਸਾਨਾਂ 'ਤੇ ਗੋਲੀਬਾਰੀ, ਲਖੀਮਪੁਰ ਖੇੜੀ ਵਿੱਚ ਮੋਦੀ ਸਰਕਾਰ ਦੇ ਇੱਕ ਮੰਤਰੀ ਦੇ ਪੁੱਤਰ ਦੁਆਰਾ ਕਿਸਾਨਾਂ ਨੂੰ ਕੁਚਲਣ ਅਤੇ 2015 ਵਿੱਚ ਕੇਜਰੀਵਾਲ ਦੀ ਰੈਲੀ ਵਿੱਚ ਇੱਕ ਰਾਜਸਥਾਨੀ ਕਿਸਾਨ ਦੀ ਖੁਦਕੁਸ਼ੀ ਨੂੰ ਭੁੱਲਿਆ ਨਹੀਂ ਹੈ।"

ਖੜਗੇ ਨੇ ਅੱਗੇ ਦੋਸ਼ ਲਗਾਇਆ ਕਿ 'ਚਾਹੇ ਇਹ ਮੋਦੀ ਜੀ ਦਾ ਐਮਐਸਪੀ ਦਾ ਵਾਅਦਾ ਹੋਵੇ ਜਾਂ ਦਿੱਲੀ ਵਿੱਚ 'ਆਪ' ਵੱਲੋਂ ਤਿੰਨ ਕਾਲੇ ਕਾਨੂੰਨ ਲਾਗੂ ਕਰਨਾ, ਦੋਵਾਂ ਨੇ ਹੀ ਕਿਸਾਨਾਂ ਨਾਲ ਧੋਖਾ ਕੀਤਾ ਹੈ।' ਪੰਜਾਬ ਦੇ ਕਾਂਗਰਸੀ ਸੰਸਦ ਮੈਂਬਰਾਂ ਨੇ ਵੀ ਸੰਸਦ ਕੰਪਲੈਕਸ ਵਿੱਚ ਵਿਰੋਧ ਪ੍ਰਦਰਸ਼ਨ ਕੀਤਾ ਅਤੇ 'ਆਪ' ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਭਾਜਪਾ ਨਾਲ ਮਿਲੀਭੁਗਤ ਦਾ ਦੋਸ਼ ਲਗਾਇਆ। ਹਾਲਾਂਕਿ, 'ਆਪ' ਅਤੇ ਕਾਂਗਰਸ ਵਿਚਕਾਰ ਇਹ ਤਣਾਅ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਪਰ ਕਈ ਵਾਰ ਇਹ ਵੱਧ ਜਾਂਦਾ ਹੈ ਅਤੇ ਕਈ ਵਾਰ ਚੋਣ ਮਜਬੂਰੀਆਂ ਕਾਰਨ ਘਟਦਾ ਹੈ। 2024 ਦੀਆਂ ਲੋਕ ਸਭਾ ਚੋਣਾਂ ਲਈ ਦਿੱਲੀ, ਹਰਿਆਣਾ ਅਤੇ ਗੁਜਰਾਤ ਵਿੱਚ ਸੀਟਾਂ ਦੀ ਵੰਡ 'ਤੇ ਸਹਿਮਤ ਹੋਣ ਦੇ ਬਾਵਜੂਦ, ਸਮੇਂ ਦੇ ਨਾਲ ਦੋਵਾਂ ਪਾਰਟੀਆਂ ਦੇ ਰਿਸ਼ਤੇ ਵਿਗੜਦੇ ਗਏ। ਅਕਤੂਬਰ 2024 ਦੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ, ਕਾਂਗਰਸ ਅਤੇ 'ਆਪ' ਵਿਚਕਾਰ ਗੱਠਜੋੜ ਨਹੀਂ ਬਣ ਸਕਿਆ, ਜਿਸ ਤੋਂ ਬਾਅਦ 'ਆਪ' ਨੇ ਇਕੱਲੇ ਚੋਣ ਲੜੀ। ਭਾਜਪਾ ਨੇ ਹੈਰਾਨੀਜਨਕ ਜਿੱਤ ਹਾਸਲ ਕੀਤੀ, ਅਤੇ 'ਆਪ' ਨੇ ਕੁਝ ਸੀਟਾਂ 'ਤੇ ਕਾਂਗਰਸ ਦੀਆਂ ਵੋਟਾਂ ਘਟਾ ਦਿੱਤੀਆਂ।

'ਆਪ' ਨੇ ਫਰਵਰੀ 2025 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨਾਲ ਗੱਠਜੋੜ ਕਰਨ ਤੋਂ ਸਪੱਸ਼ਟ ਤੌਰ 'ਤੇ ਇਨਕਾਰ ਕਰ ਦਿੱਤਾ ਸੀ। ਕਾਂਗਰਸ ਨੇਤਾ ਅਜੇ ਮਾਕਨ ਨੇ ਕਿਹਾ ਸੀ, 'ਅਸੀਂ ਗੱਠਜੋੜ ਚਾਹੁੰਦੇ ਸੀ, ਪਰ ਕੇਜਰੀਵਾਲ ਨੇ ਇਸਨੂੰ ਰੱਦ ਕਰ ਦਿੱਤਾ।'

ਦਿੱਲੀ ਚੋਣਾਂ ਵਿੱਚ ਦੋਵਾਂ ਨੇ ਇੱਕ ਦੂਜੇ 'ਤੇ ਜ਼ੋਰਦਾਰ ਹਮਲਾ ਕੀਤਾ। ਜਦੋਂ ਰਾਹੁਲ ਗਾਂਧੀ ਨੇ 'ਆਪ' 'ਤੇ ਭ੍ਰਿਸ਼ਟਾਚਾਰ ਅਤੇ 'ਸ਼ੀਸ਼ ਮਹਿਲ' ਦਾ ਦੋਸ਼ ਲਗਾਇਆ, ਤਾਂ 'ਆਪ' ਨੇ ਰਾਹੁਲ ਨੂੰ 'ਬੇਈਮਾਨ' ਨੇਤਾਵਾਂ ਦੇ ਪੋਸਟਰ ਵਿੱਚ ਸ਼ਾਮਲ ਕਰ ਲਿਆ। ਨਤੀਜਾ? 27 ਸਾਲਾਂ ਬਾਅਦ ਦਿੱਲੀ ਵਿੱਚ ਭਾਜਪਾ ਸੱਤਾ ਵਿੱਚ ਆ ਗਈ।

ਪੰਜਾਬ ਵਿੱਚ ਕਾਂਗਰਸ ਅਤੇ 'ਆਪ' ਵਿਚਕਾਰ ਕਦੇ ਵੀ ਕੋਈ ਸਮਝੌਤਾ ਨਹੀਂ ਹੋਇਆ। ਸੂਬਾ ਕਾਂਗਰਸ ਇਕਾਈ ਨੇ ਲੋਕ ਸਭਾ ਚੋਣਾਂ ਵਿੱਚ 'ਆਪ' ਨਾਲ ਗੱਠਜੋੜ ਦਾ ਵਿਰੋਧ ਕੀਤਾ ਸੀ। ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਕਮਜ਼ੋਰ ਸਥਿਤੀ ਨੂੰ ਦੇਖਦੇ ਹੋਏ, ਕਾਂਗਰਸ ਨੂੰ ਲੱਗਦਾ ਹੈ ਕਿ ਉਹ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਤੋਂ ਸੱਤਾ ਖੋਹ ਸਕਦੀ ਹੈ। ਕਿਸਾਨ ਪੰਜਾਬ ਵਿੱਚ ਇੱਕ ਮਹੱਤਵਪੂਰਨ ਵੋਟ ਬੈਂਕ ਹਨ ਅਤੇ ਕਾਂਗਰਸ ਇਸ ਮੌਕੇ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਹਾਲ ਹੀ ਵਿੱਚ ਦਾਅਵਾ ਕੀਤਾ ਸੀ ਕਿ 'ਆਪ' ਦੇ 32 ਵਿਧਾਇਕ ਉਨ੍ਹਾਂ ਦੇ ਸੰਪਰਕ ਵਿੱਚ ਹਨ, ਹਾਲਾਂਕਿ 'ਆਪ' ਨੇ ਇਸ ਨੂੰ ਰੱਦ ਕਰ ਦਿੱਤਾ ਹੈ। ਕਾਂਗਰਸ ਦੇ ਜਨਰਲ ਸਕੱਤਰ ਭੁਪੇਸ਼ ਬਘੇਲ ਨੇ ਹਾਲ ਹੀ ਵਿੱਚ ਕਿਹਾ ਹੈ ਕਿ 'ਆਪ' ਸਰਕਾਰ ਇੱਕ ਡੁੱਬਦਾ ਜਹਾਜ਼ ਹੈ। ਦਿੱਲੀ ਦੀ ਹਾਰ ਤੋਂ ਬਾਅਦ 'ਆਪ' ਨੇ ਗੋਆ 2027 ਦੀਆਂ ਚੋਣਾਂ ਲਈ ਕਾਂਗਰਸ ਨਾਲ ਗੱਠਜੋੜ ਤੋਂ ਇਨਕਾਰ ਕਰ ਦਿੱਤਾ। ਆਤਿਸ਼ੀ ਨੇ ਕਿਹਾ, 'ਕਾਂਗਰਸ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।' ਪਰ ਦੋਵਾਂ ਪਾਰਟੀਆਂ ਦੇ ਕੁਝ ਆਗੂ ਗੱਠਜੋੜ ਦੇ ਹੱਕ ਵਿੱਚ ਹਨ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਦੇ ਅਨੁਸਾਰ, ਇੱਕ ਕਾਂਗਰਸੀ ਨੇਤਾ ਨੇ ਕਿਹਾ, 'ਭਾਜਪਾ ਨੂੰ ਹਰਾਉਣਾ ਆਸਾਨ ਨਹੀਂ ਹੈ।' ਅਸੀਂ ਹਰਿਆਣਾ, ਮਹਾਰਾਸ਼ਟਰ ਅਤੇ ਦਿੱਲੀ ਵਿੱਚ ਹਾਰ ਗਏ। ਦੋਵਾਂ ਪਾਰਟੀਆਂ ਦੀ ਲੀਡਰਸ਼ਿਪ ਨੇ ਸੂਬਾਈ ਚੋਣਾਂ ਵਿੱਚ ਗੱਠਜੋੜ ਨਾ ਬਣਾਉਣ ਦਾ ਫੈਸਲਾ ਕੀਤਾ ਹੈ। ਪੰਜਾਬ ਦੇ ਇੱਕ 'ਆਪ' ਨੇਤਾ ਨੇ ਚੇਤਾਵਨੀ ਦਿੱਤੀ, 'ਭਾਜਪਾ ਲੋਕ ਸਭਾ ਵਿੱਚ 240 ਸੀਟਾਂ 'ਤੇ ਰੁਕ ਗਈ, ਕਿਉਂਕਿ ਵਿਰੋਧੀ ਧਿਰ ਇੱਕਜੁੱਟ ਸੀ।' ਜੇਕਰ ਭਾਰਤ ਦੀਆਂ ਪਾਰਟੀਆਂ ਵੱਖ-ਵੱਖ ਹੁੰਦੀਆਂ ਹਨ, ਤਾਂ ਅਸੀਂ ਉਹ ਸਿਆਸੀ ਜਾਦੂ ਗੁਆ ਦੇਵਾਂਗੇ।

ਪੰਜਾਬ ਵਿੱਚ ਕਿਸਾਨਾਂ 'ਤੇ ਪੁਲਿਸ ਦਾ ਲਾਠੀਚਾਰਜ ਨਾ ਸਿਰਫ਼ ਵਿਰੋਧ ਪ੍ਰਦਰਸ਼ਨ ਨੂੰ ਤੋੜ ਰਿਹਾ ਹੈ ਬਲਕਿ ਇੰਡੀਆ ਗੱਠਜੋੜ ਦੀ ਨੀਂਹ ਨੂੰ ਵੀ ਹਿਲਾ ਰਿਹਾ ਹੈ। ਜਿੱਥੇ ਕਾਂਗਰਸ ਇਸਨੂੰ ਇੱਕ ਰਾਜਨੀਤਿਕ ਹਥਿਆਰ ਬਣਾ ਰਹੀ ਹੈ, ਉੱਥੇ ਹੀ 'ਆਪ' ਆਪਣੀ ਭਰੋਸੇਯੋਗਤਾ ਬਚਾਉਣ ਵਿੱਚ ਰੁੱਝੀ ਹੋਈ ਹੈ।

ਸਾਬਕਾ ਉਪ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਪੰਜਾਬ ਸਰਕਾਰ ਵੱਲੋਂ ਖਨੌਰੀ ਅਤੇ ਸ਼ੰਭੂ ਬਾਰਡਰਾਂ 'ਤੇ ਮੰਗਾਂ ਲਈ ਕੇਂਦਰ ਸਰਕਾਰ ਵਿਰੁੱਧ ਧਰਨੇ ਦੇ ਰਹੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ 'ਚ ਡੱਕਣ ਨੂੰ ਲੋਕਤੰਤਰ ਦਾ ਘਾਣ ਕਰਾਰ ਦਿੱਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੀ 'ਆਪ' ਸਰਕਾਰ ਹੁਣ ਕੇਂਦਰ ਸਰਕਾਰ, ਖ਼ਾਸ ਕਰ ਭਾਜਪਾ ਦੇ ਕਥਿਤ ਇਸ਼ਾਰੇ 'ਤੇ ਕੰਮ ਕਰ ਰਹੀ ਹੈ ਤੇ ਕਿਸਾਨਾਂ ਦੀ ਗ੍ਰਿਫ਼ਤਾਰੀ ਭਾਜਪਾ ਤੇ 'ਆਪ' ਦੀ ਮਿਲੀਭੁਗਤ ਦਾ ਨਤੀਜਾ ਹੈ। ਰੰਧਾਵਾ ਨੇ ਆਖਿਆ, 'ਇਤਿਹਾਸ ਗਵਾਹ ਹੈ ਕਿ ਕਿਸੇ ਧਿਰ ਨੂੰ ਗੱਲਬਾਤ ਲਈ ਬੁਲਾ ਕਿ ਉੱਥੋਂ ਹੀ ਗ੍ਰਿਫ਼ਤਾਰ ਕਰ ਲੈਣਾ ਲੋਕਤੰਤਰ ਦੀ ਸਿੱਧੀ ਹੱਤਿਆ ਹੈ ਅਤੇ 'ਆਪ' ਸਰਕਾਰ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ।' ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹਰ ਸਮੇਂ ਕਿਸਾਨਾਂ ਦੇ ਨਾਲ ਖੜ੍ਹੇਗੀ ਅਤੇ ਘੱਟੋ-ਘੱਟ ਸਮਰਥਨ ਮੁੱਲ ਤੇ ਕਰਜ਼ਾ ਮੁਆਫ਼ੀ ਜਿਹੀਆਂ ਮੁੱਖ ਮੰਗਾਂ ਲਈ ਉਨ੍ਹਾਂ ਦਾ ਸਾਥ ਦੇਵੇਗੀ।

ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਕਿਸਾਨਾਂ ਵਿਰੁੱਧ ਕਾਰਵਾਈ ਨੇ ਕਾਂਗਰਸ ਨੂੰ 'ਆਪ' 'ਤੇ ਹਮਲਾ ਕਰਨ ਦਾ ਮੌਕਾ ਦਿੱਤਾ ਹੈ, ਪਰ ਇਹ ਆਲ ਇੰਡੀਆ ਅਲਾਇੰਸ ਦੀ ਏਕਤਾ ਲਈ ਵੀ ਖ਼ਤਰਾ ਹੈ। ਜਿੱਥੇ ਕਾਂਗਰਸ ਕਿਸਾਨਾਂ ਦੇ ਸਮਰਥਨ ਨਾਲ 2027 ਵਿੱਚ ਸੱਤਾ ਵਿੱਚ ਆਉਣ ਦੀ ਉਮੀਦ ਕਰ ਰਹੀ ਹੈ, ਉੱਥੇ ਹੀ 'ਆਪ' ਆਪਣੀ ਸਰਕਾਰ ਬਚਾਉਣ ਅਤੇ ਭਾਜਪਾ ਵਿਰੁੱਧ ਲੜਨ ਦੀ ਲੜਾਈ ਵਿੱਚ ਫਸੀ ਹੋਈ ਹੈ। ਦੋਵਾਂ ਵਿਚਾਲੇ ਲੜਾਈ ਭਾਜਪਾ ਲਈ ਫਾਇਦੇਮੰਦ ਸਾਬਤ ਹੋ ਰਹੀ ਹੈ, ਜਿਵੇਂ ਕਿ ਦਿੱਲੀ ਅਤੇ ਹਰਿਆਣਾ ਵਿੱਚ ਦੇਖਿਆ ਗਿਆ ਹੈ। ਕੀ ਇਹ ਗੱਠਜੋੜ ਸਿਰਫ਼ ਲੋਕ ਸਭਾ ਤੱਕ ਸੀਮਤ ਰਹੇਗਾ? ਜਾਂ ਕੀ ਸੂਬਾ ਪੱਧਰ 'ਤੇ ਏਕਤਾ ਦੀ ਘਾਟ ਭਾਜਪਾ ਨੂੰ ਹੋਰ ਮਜ਼ਬੂਤ ਕਰੇਗੀ? ਪੰਜਾਬ ਵਿੱਚ ਇਹ ਤਾਜ਼ਾ ਵਿਵਾਦ ਦਰਸਾਉਂਦਾ ਹੈ ਕਿ ਇੰਡੀਆ ਗੱਠਜੋੜ ਦਾ ਰਸਤਾ ਆਸਾਨ ਨਹੀਂ ਹੈ। ਜੇਕਰ ਦੋਵੇਂ ਪਾਰਟੀਆਂ ਆਪਣੇ ਮਤਭੇਦਾਂ ਨੂੰ ਦੂਰ ਨਹੀਂ ਕਰਦੀਆਂ, ਤਾਂ 2027 ਅਤੇ ਉਸ ਤੋਂ ਬਾਅਦ ਪੰਜਾਬ ਵਿੱਚ ਭਾਜਪਾ ਲਈ ਰਸਤਾ ਸਾਫ਼ ਹੋ ਸਕਦਾ ਹੈ।

# ਰੰਗਾ ਦੇ ਜਾਦੂਗਰ ਵਜੋਂ ਜਾਣੇ ਜਾਂਦੇ ਵਿਸ਼ਵ ਪ੍ਰਸਿੱਧ ਚਿੱਤਰਕਾਰ ਸਵ: ਸਰੂਪ ਸਿੰਘ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਰੰਗਾ ਦੇ ਜਾਦੂਗਰ ਵਜੋਂ ਜਾਣੇ ਜਾਂਦੇ ਵਿਸਵ ਪ੍ਰਸਿੱਧ ਚਿੱਤਰਕਾਰ ਸ ਸਰੂਪ ਸਿੰਘ 8 ਮਾਰਚ ਨੂੰ ਇੱਕ ਸੰਖੇਪ ਬਿਮਾਰੀ ਕਾਰਨ ਇੰਗਲੈਂਡ ਦੇ ਸ਼ਹਿਰ ਲੈਸਟਰ ਵਿਖੇ ਅਕਾਲ ਚਲਾਣਾ ਕਰ ਗਏ ਸਨ। ਉਹ ਬਿਮਾਰ ਰਹਿਣ ਕਾਰਨ ਦੋ ਹਫ਼ਤੇ ਹਸਪਤਾਲ ਰਹੇ ਅਤੇ ਠੀਕ ਹੋਣ ਉਪਰੰਤ ਘਰ ਵਾਪਸ ਆ ਗਏ ਸਨ। ਪਰ ਘਰ ਆਉਣ ਤੋਂ ਬਾਅਦ ਉਹ ਫਿਰ ਬਿਮਾਰ ਹੋਏ ਅਤੇ ਅਕਾਲ ਚਲਾਣਾ ਕਰ ਗਏ ।**

ਉਨ੍ਹਾਂ ਇਸ ਬੇਵਕਤ ਮੌਤ ਨਾਲ ਜਿੱਥੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੱਡਾ ਘਾਟਾ ਪਿਆ, ਉੱਥੇ ਉਹਨਾਂ ਦੇ ਚਾਹੁਣ ਵਾਲਿਆਂ ਤੇ ਉਹਨਾਂ ਦੀ ਕਲਾ ਦੀ ਕਦਰ ਕਰਨ ਵਾਲਿਆਂ ਨੂੰ ਵੀ ਵੱਡਾ ਘਾਟਾ ਪਿਆ।ਸਵਰਗੀ ਚਿੱਤਰਕਾਰ ਸਰੂਪ ਸਿੰਘ ਅੰਤਿਮ ਸੰਸਕਾਰ ਲੈਸਟਰ ਵਿਖੇ ਕੀਤਾ ਗਿਆ, ਉਪਰੰਤ ਉਹਨਾਂ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਲੈਸਟਰ ਵਿਖੇ ਕੀਤੀ ਗਈ।

ਇਸ ਮੌਕੇ ਤੇ ਕੀਰਤਨੀ ਜਥੇ ਵੱਲੋਂ ਰਾਗਮਈ ਕੀਰਤਨ ਕੀਤਾ ਗਿਆ ਤੇ ਪਹੁੰਚੇ ਵੱਖ-ਵੱਖ ਬੁਲਾਰਿਆਂ ਵੱਲੋਂ ਉਹਨਾਂ ਦੇ ਜੀਵਨ ਤੇ ਚਾਨਣਾ ਪਾਉਂਦਿਆਂ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਲੰਡਨ ਤੋਂ ਸ ਸੰਤੋਖ ਸਿੰਘ ਭੁੱਲਰ (ਬਾਬਾ ਬਕਾਲਾ), ਗੁਰਵਿੰਦਰ ਸਿੰਘ ਭੁੱਲਰ, ਹਰਪਾਲ ਸੱਪਲ, ਕੰਵਲਜੀਤ ਕੌਰ ਭੁੱਲਰ, ਗਲਾਸਗੋ ਤੋਂ ਸਾਹਿਤਕਾਰ ਅਮਨਦੀਪ ਸਿੰਘ ਖਾਲਸਾ, ਸਾਊਥਾਲ ਤੋਂ ਪੰਜਾਬੀ ਸਾਹਿਤ ਸਭਾ ਦੀ ਪ੍ਰਧਾਨ ਕਵਿਤਰੀ ਕੁਲਵੰਤ ਕੌਰ ਢਿੱਲੋਂ, ਮਨਜੀਤ ਕੌਰ ਪੱਡਾ, ਬ੍ਰਮਿੰਘਮ ਤੋਂ ਸਾਹਿਤਕਾਰ ਬਲਵਿੰਦਰ ਸਿੰਘ ਚਾਹਲ, ਪ੍ਰਸਿੱਧ ਟੀਵੀ ਪੇਸ਼ਕਾਰਾ ਅਤੇ ਕਵਿਤਰੀ ਬੀਬੀ ਰੂਪ ਦਵਿੰਦਰ ਕੌਰ ਨਾਹਿਲ, ਡਰਬੀ ਤੋਂ ਸਿੱਖ ਅਜਾਇਬ ਘਰ ਦੇ ਚੇਅਰਮੈਨ ਸ: ਰਜਿੰਦਰ ਸਿੰਘ ਜੀ ਪੁਰੇਵਾਲ, ਗੁਰੂ ਘਰ ਦੇ ਪ੍ਰਧਾਨ ਸ: ਰਘਬੀਰ ਸਿੰਘ, ਇੰਗਲੈਂਡ ਦੇ ਪ੍ਰਸਿੱਧ ਕੀਰਤਨੀਏ ਭਾਈ ਸਾਹਿਬ ਭਾਈ ਜਸਬੀਰ ਸਿੰਘ ਖ਼ਾਲਸਾ ਸਮੇਤ ਹੋਰ ਮੁੱਖ ਬੁਲਾਰਿਆਂ ਨੇ ਜਿੱਥੇ ਉਹਨਾਂ ਦੀਆਂ ਕਲਾਕ੍ਰਿਤੀਆਂ ਅਤੇ ਪੇਟਿੰਗਾਂ ਦੀ ਭਰਪੂਰ ਸਲਾਘਾ ਕੀਤੀ ਉੱਥੇ ਉਹਨਾਂ ਨੇ ਜੀਵਨ ਤੇ




ਵੀ ਚਾਨਣਾ ਪਾਇਆ।

ਇਸ ਮੌਕੇ ਤੇ ਸਾਰੇ ਬੁਲਾਰਿਆਂ ਨੇ ਇਸ ਗੱਲ ਦੀ ਸ਼ਲਾਘਾ ਕੀਤੀ ਕਿ ਚਿੱਤਰਕਾਰ ਸਵਰਗੀ ਸਰੂਪ ਸਿੰਘ ਦੀਆਂ ਕਲਾ ਕ੍ਰਿਤਾਂ ਨੂੰ ਸੰਭਾਲਣ ਲਈ ਇੰਗਲੈਂਡ ਦੇ ਉੱਘੇ ਸਾਹਿਤਕਾਰ ਸੰਤੋਖ ਸਿੰਘ ਭੁੱਲਰ ਨੇ ਜਿਹੜੀਆਂ ਦੋ ਵੱਡ ਆਕਾਰੀ ਪੁਸਤਕਾਂ 'ਰੰਗਾਂ ਦਾ ਜਾਦੂਗਰ' ਅਤੇ ਚਿੱਤਰਾਂ ਦਾ ਸਾਹਿਤਕ ਸੁਮੇਲ ਲਿਖੀਆਂ ਹਨ।ਉਹ ਵਾਕਿਆ ਹੀ ਸਰਦਾਰ ਭੁੱਲਰ ਵੱਲੋਂ ਕੀਤਾ ਗਿਆ ਇੱਕ ਸ਼ਲਾਘਾ ਯੋਗ ਉਪਰਾਲਾ ਹੈ ਜੋ ਆਉਣ ਵਾਲੀਆਂ ਪੀੜੀਆਂ ਨੂੰ ਸਵਰਗੀ ਚਿੱਤਰਕਾਰ ਸਰੂਪ ਸਿੰਘ ਵੱਲੋਂ ਆਪਣੇ ਜੀਵਨ ਦੌਰਾਨ ਕੀਤੇ ਗਏ ਸਲਾਗਾ ਯੋਗ ਉਪਰਾਲਿਆਂ ਤੋਂ ਜਾਣੂ ਕਰਵਾਉਂਦਾ ਰਹੇਗਾ ।

ਜਿਗਰਯੋਗ ਹੈ ਕੀ ਸਵਰਗੀ ਚਿੱਤਰਕਾਰ ਸਰੂਪ ਸਿੰਘ ਦੀਆਂ ਧਾਰਮਿਕ ਕਲਾਕ੍ਰਿਤੀਆ ਤੇ ਪੇਂਟਿੰਗਾਂ ਇੰਗਲੈਂਡ ਦੇ ਡਰਬੀ ਸਥਿਤ ਸਿੱਖ ਮਿਊਜੀਅਮ ਅਤੇ ਦੁਨੀਆਂ ਦੇ ਵੱਖ-ਵੱਖ ਸਿੱਖ ਅਜਾਇਬ ਘਰਾਂ ਵਿੱਚ ਸ਼ਸੋਭਿਤ ਹਨ।

# ਸਾਊਥਾਲ ਵਿਸਾਖੀ ਨਗਰ ਕੀਰਤਨ 6 ਅਪ੍ਰੈਲ ਨੂੰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਾਲ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਖਾਲਸਾ ਸਾਜਨਾ ਦਿਵਸ ਮੌਕੇ ਸਜਾਇਆ ਜਾਂਦਾ ਨਗਰ ਕੀਰਤਨ ਇਸ ਵਾਰ 6 ਅਪ੍ਰੈਲ ਦਿਨ ਐਤਵਾਰ ਨੂੰ ਗੁਰਦੁਆਰਾ ਪਾਰਕ ਐਵੇਨਿਊ ਤੋਂ ਆਰੰਭ ਹੋ ਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੁਰੂ ਨਾਨਕ ਰੋਡ ਵਿਖੇ ਸਮਾਪਤ ਹੋਵੇਗਾ। ਗੁਰਦੁਆਰਾ ਪ੍ਰਬੰਧਕ ਕਮੇਟੀ ਅਨੁਸਾਰ ਨਗਰ ਕੀਰਤਨ ਦਾ ਰਸਤਾ ਇਸ ਵਾਰ ਭਾਵੇਂ ਉਹੀ ਹੋਵੇਗਾ ਪਰ ਸਥਾਨਿਕ ਐਂਮਰਜੈਂਸੀ ਸੇਵਾਵਾਂ ਦੀ ਬੇਨਤੀ ਤੇ ਦਿਸ਼ਾ ਬਦਲੀ ਗਈ ਹੈ। ਇਸ ਤੋਂ ਇਲਾਵਾ 29 ਮਾਰਚ ਨੂੰ ਗੁਰਦੁਆਰਾ ਪਾਰਕ ਐਵੇਨਿਊ ਵਿਖੇ ਅੰਮ੍ਰਿਤ ਸੰਚਾਰ ਕਰਵਾਇਆ ਜਾ ਰਿਹਾ ਹੈ।

ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੰਗਰਾਂ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਨੂੰ ਸੁਰੱਖਿਆ ਦੇ ਪ੍ਰਬੰਧ ਕਰਨ ਅਤੇ ਲੋੜੀਂਦੀਆਂ ਸਾਵਧਾਨੀਆਂ ਵਰਤਣ ਦੀ ਅਪੀਲ ਕਰਦਿਆਂ ਸੰਪਰਕ ਕਰਨ ਦੀ ਬੇਨਤੀ ਕੀਤੀ ਹੈ ਤਾਂ ਜੋ ਨਗਰ ਕੌਂਸਲ ਦੀਆਂ ਹਦਾਇਤਾਂ ਅਨੁਸਾਰ ਸੁਰੱਖਿਅਤ ਪ੍ਰਬੰਧ ਹੋ ਸਕਣ।

# ਪਾਕਿਸਤਾਨ ਚ ਵਧੇਗੀ ਗੁਰਦੁਵਾਰਿਆਂ ਦੀ ਗਿਣਤੀ

ਇਸਲਾਮਾਬਾਦ, ਕਵਿਤਾ: ਸ੍ਰੀ ਕਰਤਾਰਪੁਰ ਸਾਹਿਬ ਜਾਣ ਵਾਲੀਆਂ ਸੰਗਤਾਂ ਦੀ ਵੱਧਦੀ ਗਿਣਤੀ ਦੇ ਤਹਿਤ ਪਾਕਿਸਤਾਨ ਸਰਕਾਰ ਵੱਡਾ ਫੈਸਲਾ ਲਿਆ । ਪਾਕਿਸਤਾਨ ਸਰਕਾਰ ਨੇ ਘੱਟੋ-ਘੱਟ 46 ਹੋਰ ਗੁਰਦੁਆਰਿਆਂ ਅਤੇ ਸਿੱਖ ਧਰਮ, ਹਿੰਦੂ ਧਰਮ ਤੇ ਬੁੱਧ ਧਰਮ ਦੇ ਹੋਰ ਧਾਰਮਕ ਸਥਾਨਾਂ ਨੂੰ ਬਹਾਲ ਕਰਨ ਦੀ ਯੋਜਨਾ ਬਣਾਈ ਹੈ। ਤੁਹਾਨੂੰ ਜਾਣਕਾਰੀ ਦੇ ਦਈਏ ਕਿ ਪਾਕਿਸਤਾਨ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕਰਤਾਰਪੁਰ ਲਾਂਘਾ: ਸ਼ਾਂਤੀ ਅਤੇ ਸਦਭਾਵਨਾ ਲਈ ਪਾਕਿਸਤਾਨ ਦੀਆਂ ਪਹਿਲਕਦਮੀਆਂ ਵਿਸ਼ੇ ਤੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਰਤਾਰਪੁਰ ਲਾਂਘੇ ਨੇ ਅੰਤਰ-ਧਰਮ ਸਦਭਾਵਨਾ ਪ੍ਰਤੀ ਪਾਕਿਸਤਾਨ ਦੀ ਵਚਨਬੱਧਤਾ ਨੂੰ ਮਜ਼ਬੂਤ ਕੀਤਾ ਹੈ।

ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕਿਹਾ, ਚੁਨੌਤੀਆਂ ਦੇ ਬਾਵਜੂਦ ਸਿੱਖ ਸ਼ਰਧਾਲੂਆਂ ਦੀ ਗਿਣਤੀ ਚ 72 ਫੀਸਦੀ ਦਾ ਵਾਧਾ ਦੇਖਣ ਨੂੰ ਮਿਲਿਆ ਹੈ। ਭਾਰਤ ਤੋਂ ਆਉਣ ਵਾਲੇ ਲੋਕ ਪਿਆਰ ਤੇ ਸੱਭਿਆਚਾਰਕ ਯਾਦਾਂ ਲੈ ਕੇ ਵਾਪਸ ਆਉਂਦੇ ਹਨ। ਇਸੇ ਦੇ ਨਾਲ ਆਈ. ਐਸ. ਐਸ. ਆਈ. ਦੇ ਡਾਇਰੈਕਟਰ ਜਨਰਲ ਰਾਜਦੂਤ ਸੋਹੇਲ ਮਹਿਮੂਦ ਨੇ ਕਿਹਾ ਕਿ ਪਾਕਿਸਤਾਨ ਅਤੇ ਭਾਰਤ ਨੇ ਸਿੱਖ ਸ਼ਰਧਾਲੂਆਂ ਦੀ ਸਹੂਲਤ ਲਈ ਅਪਣੇ ਸਮਝੌਤੇ ਨੂੰ ਅਗਲੇ ਪੰਜ ਸਾਲਾਂ ਲਈ ਨਵੀਨੀਕਰਣ ਕੀਤਾ ਹੈ।

# ਗੁਰਦੁਆਰਾ ਹਰੀਆਂ ਬੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ ਜੀ ਦਾ ਡਰਬੀ ਸਿੱਖ ਅਜਾਇਬਘਰ ਪਹੁੰਚਣ 'ਤੇ ਨਿੱਘਾ ਸਵਾਗਤ ਅਤੇ ਮਾਣ ਸਨਮਾਨ



ਬਾਬਾ ਨਿਹਾਲ ਸਿੰਘ ਜੀ ਕਥਾ ਦੌਰਾਨ ਅਤੇ ਸਿੱਖ ਅਜਾਇਬਘਰ ਡਰਬੀ ਵਿਖੇ ਉਹਨਾਂ ਦਾ ਮਾਣ ਸਨਮਾਨ ਕਰਦੇ ਹੋਏ ਸਿੱਖ ਸੰਗਤਾਂ (ਹੋਰ ਤਸਵੀਰਾਂ ਮੁੱਖ ਪੰਨੇ ਤੇ)

**ਡਰਬੀ (ਪੰਜਾਬ ਟਾਈਮਜ਼) - ਬੀਤੇ ਮੰਗਲਵਾਰ 25 ਮਾਰਚ 2025 ਨੂੰ ਤਰਨਾ ਦਲ ਹਰੀਆਂ ਬੇਲਾਂ ਤੋਂ ਜਿੰਦਾ ਸ਼ਹੀਦ ਬਾਬਾ ਨਿਹਾਲ ਸਿੰਘ ਜੀ ਦਾ ਜਥੇ ਸਮੇਤ ਡਰਬੀ ਪਹੁੰਚਣ ਤੇ ਸਿੱਖ ਸੰਗਤਾਂ ਅਤੇ ਗੁਰੂ ਘਰ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਬਾਬਾ ਨਿਹਾਲ ਸਿੰਘ ਜੀ ਨੇ ਅੱਧੇ ਘੰਟੇ ਤੇ ਕਰੀਬ ਸਿੱਖ ਇਤਿਹਾਸ ਬਾਰੇ ਕਥਾ ਵਿਖਿਆਨ ਕਰਦਿਆਂ ਕਿਹਾ ਕਿ ਆਪਣੇ ਇਤਿਹਾਸ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਤਾਂ ਜੋ ਅਸੀਂ ਚੰਗੇ ਗੁਰਸਿੱਖ ਬਣ ਕੇ ਗੁਰੂ ਸਾਹਿਬ ਦੇ ਦੱਸੇ ਮਾਰਗ ਤੇ ਚੱਲ ਸਕੀਏ।**

ਉਹਨਾਂ ਨੇ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਨੈਸ਼ਨਲ ਸਿੱਖ ਅਜਾਇਬਘਰ ਦੇ ਦਰਸ਼ਨ ਕਰਨ ਉਪਰੰਤ ਸਿੰਘ ਸਭਾ ਅਤੇ ਅਜਾਇਬਘਰ ਦੇ ਸਮੂਹ ਸੇਵਾਦਾਰਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹਾ ਕੰਮ ਦੇਸ਼ ਵਿਦੇਸ਼ ਵਿੱਚ ਹੋਰ ਗੁਰੂ ਘਰਾਂ ਵਿਖੇ ਵੀ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਪੰਜਾਬ ਤੇ ਭਾਰਤ ਤੋਂ ਬਾਹਰ ਇਹ ਸ਼ਾਇਦ ਪਹਿਲਾ ਤੇ ਇੱਕੋ ਇੱਕ ਗੁਰ-ਦੁਆਰਾ ਹੈ ਜਿਸ ਦੇ ਅਜਾਇਬਘਰ ਵਿੱਚ ਸਿੱਖ ਰਾਜ ਨਾਲ ਸਬੰਧਿਤ ਏਨੀਆਂ ਨਾਯਾਬ ਵਸਤਾਂ ਮੌਜੂਦ ਹਨ । ਬਾਬਾ ਜੀ ਸਿੱਖ ਰਾਜ ਦੀਆਂ ਵੱਡੀਆਂ ਤੋਪਾਂ ਦੇਖ ਕੇ ਬਹੁਤ ਖ਼ੁਸ਼ ਹੋਏ ਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ।

ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਬਾਬਾ ਨਿਹਾਲ ਸਿੰਘ ਜੀ ਬਾਰੇ ਸੰਗਤਾਂ ਨੂੰ ਸੰਖੇਪ ਜਾਣਕਾਰੀ ਦਿੰਦੇ ਕਿਹਾ ਕਿ, ਬਾਬਾ ਜੀ ਦਾ ਇਤਿਹਾਸਕ ਗੁਰਦੁਆਰਾ ਪਾਉਂਟਾ ਸਾਹਿਬ ਦੇ ਸੰਘਰਸ਼ ਵਿੱਚ ਅਹਿਮ ਸਥਾਨ ਰਿਹਾ ਹੈ, ਉਥੇ ਹੋਏ ਸੰਘਰਸ਼ ਵਿੱਚੋਂ ਉਹਨਾਂ ਦੇ ਜਿੰਦਾ ਬਚ ਜਾਣ ਕਾਰਨ ਪੰਥ ਵੱਲੋਂ ਉਹਨਾਂ ਨੂੰ ਜਿੰਦਾ ਸ਼ਹੀਦ ਕਿਹਾ ਜਾਂਦਾ ਹੈ। ਜੂਨ 1984 ਨੂੰ ਭਾਰਤੀ ਫੌਜ ਦੇ ਹਮਲੇ ਸਮੇਂ ਵੀ ਬਾਬਾ ਨਿਹਾਲ ਸਿੰਘ ਜੀ ਨੂੰ ਵੀ ਗ੍ਰਿਫ਼ਤਾਰ ਕਰਕੇ ਤਸ਼ੱਦਦ ਕੀਤਾ ਗਿਆ ਸੀ। ਸ: ਪੁਰੇਵਾਲ ਨੇ ਕਿਹਾ ਕਿ ਆਓ ਬਾਬਾ ਜੀ ਦੇ ਜੀਵਨ ਤੋਂ ਸੇਧ ਲੈ ਕੇ ਚੰਗੇ ਗੁਰਸਿੱਖ ਬਣੀਏ ਤੇ ਸੋਹਣਾ ਸਮਾਜ ਸਿਰਜਣ ਲਈ ਕਾਰਜ ਕਰੀਏ।

ਇਸ ਮੌਕੇ ਗੁਰਦੁਆਰਾ ਸਿੰਘ ਸਭਾ ਵੱਲੋਂ ਪ੍ਰਧਾਨ ਭਾਈ ਰਘਬੀਰ ਸਿੰਘ ਨੇ ਬਾਬਾ ਜੀ ਨੂੰ ਸਿਰੋਪਾਓ ਦੇ ਕੇ ਨਿਵਾਜਿਆ। ਇਸੇ ਤਰ੍ਹਾਂ ਅਖੰਡ ਕੀਰਤਨੀ ਜਥੇ ਵੱਲੋਂ ਪ੍ਰੋਫੈਸਰ ਦਲਜੀਤ ਸਿੰਘ ਵਿਰਕ ਨੇ ਬਾਬਾ ਜੀ ਨੂੰ ਇੱਕ ਲੋਈ ਭੇਟ ਕੀਤੀ ਅਤੇ ਅਜਾਇਬ ਘਰ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਬਾਬਾ ਨਿਹਾਲ ਸਿੰਘ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ।

# ਮੌੜ ਮੰਡੀ ਬੰਬ ਧਮਾਕੇ ਦੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ, ਪੀੜਤ ਪਰਿਵਾਰਾਂ ਨੂੰ ਇਨਸਾਫ਼ ਦੇਵੇ ਸਰਕਾਰ– ਜਥੇਦਾਰ ਗੜਗੱਜ



*ਨਵੀਂ ਦਿੱਲੀ- (ਮਨਪ੍ਰੀਤ ਸਿੰਘ ਖਾਲਸਾ):- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ 2017 ਵਿੱਚ ਹੋਏ ਮੌੜ ਮੰਡੀ ਬੰਬ ਧਮਾਕੇ ਦੇ ਉਨ੍ਹਾਂ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਜਿਹੜੇ ਅੱਜ ਵੀ ਇਸ ਅੱਤਵਾਦੀ ਘਟਨਾ ਵਿੱਚ ਮਾਰੇ ਗਏ ਆਪਣੇ ਬੱਚਿਆਂ ਤੇ ਪਰਿਵਾਰਕ ਮੈਂਬਰਾਂ ਲਈ ਇਨਸਾਫ਼ ਦੀ ਉਡੀਕ ਕਰ ਰਹੇ ਹਨ। ਮੁਲਾਕਾਤ ਦੌਰਾਨ ਪੀੜਤ ਪਰਿਵਾਰਾਂ ਨੇ ਜਥੇਦਾਰ ਗੜਗੱਜ ਨੂੰ ਸਮੁੱਚੀ ਘਟਨਾ ਦੇ ਵੇਰਵੇ ਵਿਸਥਾਰ ਵਿੱਚ ਸਾਂਝੇ ਕੀਤੇ ਕਿ ਕਿਵੇਂ 31 ਜਨਵਰੀ 2017 ਨੂੰ ਉਨ੍ਹਾਂ ਦੇ ਮੁਹੱਲੇ ਵਿੱਚ ਇੱਕ ਸਿਆਸੀ ਰੈਲੀ ਦੇ ਦੌਰਾਨ ਬੰਬ ਧਮਾਕਾ ਹੋਇਆ ਜਿਸ ਵਿੱਚ ਪੰਜ ਬੱਚਿਆਂ ਸਮੇਤ ਸੱਤ ਜਣੇ ਮਾਰੇ ਗਏ।*

ਪਰਿਵਾਰਾਂ ਨੇ ਕਿਹਾ ਕਿ ਉਨ੍ਹਾਂ ਦੇ ਬੱਚੇ ਆਪਣੇ ਮੁਹੱਲੇ ਵਿੱਚ ਖੇਡ ਰਹੇ ਸਨ, ਜਦੋਂ ਉੱਥੇ ਕਰਵਾਈ ਇੱਕ ਸਿਆਸੀ ਰੈਲੀ ਦੇ ਨੇੜੇ ਬੰਬ ਧਮਾਕਾ ਹੋਇਆ ਅਤੇ ਉਨ੍ਹਾਂ ਦੇ ਬੱਚੇ ਸਿਆਸਤ ਦੀ ਭੇਟ ਚੜ੍ਹ ਗਏ। ਇਸ ਅੱਤਵਾਦੀ ਘਟਨਾ ਵਿੱਚ ਮੌੜ ਮੰਡੀ ਨਿਵਾਸੀ ਅੰਕੁਸ਼ ਸਿੰਗਲਾ, ਜਪਸਿਮਰਨ ਸਿੰਘ, ਵਰਖਾ ਰਾਣੀ, ਰਿਪਨਦੀਪ ਸਿੰਘ, ਸੌਰਵ ਸਿੰਗਲਾ, ਅਸ਼ੋਕ ਕੁਮਾਰ ਅਤੇ ਹਰਪਾਲ ਸਿੰਘ ਦੀ ਮੌਤ ਹੋ ਗਈ ਸੀ। ਪਰਿਵਾਰਾਂ ਨੇ ਜਥੇਦਾਰ ਨੂੰ ਦੱਸਿਆ ਉਨ੍ਹਾਂ ਵੱਲੋਂ ਇਨਸਾਫ਼ ਲਈ ਲੰਮੇ ਸੰਘਰਸ਼ ਦੇ ਬਾਵਜੂਦ ਉਨ੍ਹਾਂ ਨੂੰ ਨਿਆਂ ਨਹੀਂ ਮਿਲ ਰਿਹਾ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਪੀੜਤ ਪਰਿਵਾਰਾਂ ਨੂੰ ਤੁਰੰਤ ਇਨਸਾਫ਼ ਦੇਣ ਦੀ ਗੱਲ ਕਰਦਿਆਂ ਪੰਜਾਬ ਸਰਕਾਰ ਨੂੰ ਸਵਾਲ ਕੀਤਾ ਕਿ ਉਹ ਅੱਜ ਤੱਕ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਲੋਕਾਂ ਤੱਕ ਕਿਉਂ ਨਹੀਂ ਪਹੁੰਚ ਸਕੀ। ਉਨ੍ਹਾਂ ਕਿਹਾ ਕਿ ਪੀੜਤ ਪਰਿਵਾਰਾਂ ਦਾ ਇਹ ਹੱਕ ਹੈ ਕਿ ਉਨ੍ਹਾਂ ਨੂੰ ਇਨਸਾਫ਼ ਮਿਲੇ। ਪੰਜਾਬ ਦਾ ਸੱਭਿਆਚਾਰ ਪੂਰਨ ਰੂਪ ਵਿੱਚ ਨਿਆਂ ਪੂਰਨ ਹੈ, ਸਾਡੇ ਲੋਕਾਂ ਵਿੱਚ ਸਮਾਜਿਕ ਕਦਰਾਂ ਕੀਮਤਾਂ ਹਨ। ਇਸੇ ਕਾਰਨ ਇੱਥੇ ਲੋਕ ਮਾਨਸਿਕਤਾ ਵਿੱਚ ਜੁਰਮ ਦਰ ਬਾਕੀ ਸਭ ਸੂਬਿਆਂ ਨਾਲੋਂ ਘੱਟ ਹੈ। ਪਰ ਇਸਦੇ ਬਾਵਜੂਦ ਪੰਜਾਬ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇੱਥੇ ਤੰਤਰ ਨਿਆਂ ਤੋਂ ਸੱਖਣਾ ਹੈ। ਨਿਆਂ ਦੀ ਅਣਹੋਂਦ ਦੀ ਵੱਡੀ ਉਦਾਹਰਣ ਮੌੜ ਮੰਡੀ ਬੰਬ ਧਮਾਕੇ ਦੇ ਪੀੜਤ ਪਰਿਵਾਰ ਹਨ, ਜੋ 2017 ਤੋਂ ਲੈਕੇ ਹੁਣ ਤੱਕ ਇਹ ਅੱਤਵਾਦੀ ਕਾਰਾ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾ ਦੀ ਉਡੀਕ ਕਰ ਰਹੇ ਹਨ, ਪਰ ਦੁੱਖ ਦੀ ਗੱਲ ਹੈ ਕਿ ਹਾਲੇ ਤੱਕ ਕੋਈ ਗ੍ਰਿਫ਼ਤਾਰੀ ਵੀ ਨਹੀਂ ਹੋਈ। ਉਨ੍ਹਾਂ ਕਿਹਾ ਕਿ ਸਰਕਾਰਾਂ ਇਨਸਾਫ਼ ਦੇਣ ਦੀ ਬਜਾਏ ਇਹ ਕਾਰਾ ਕਰਨ ਵਾਲੇ ਅੱਤਵਾਦੀਆਂ ਨੂੰ ਬਚਾਉਣ ਦੇ ਨਾਲ-ਨਾਲ ਉਨ੍ਹਾਂ ਦੀ ਪੁਸ਼ਤਪਨਾਹੀ ਕਿਉਂ ਕਰ ਰਹੀਆਂ ਹਨ। ਜਥੇਦਾਰ ਗੜਗੱਜ ਨੇ ਪੁੱਛਿਆ ਕਿ ਕੀ ਇਹ ਪੀੜਤ ਲੋਕ ਇਸ ਦੇਸ਼ ਦੇ ਨਾਗਰਿਕ ਨਹੀਂ ਅਤੇ ਇਨ੍ਹਾਂ ਨੂੰ ਕਦੋਂ ਇਨਸਾਫ਼ ਦਿੱਤਾ ਜਾਵੇਗਾ? ਉਨ੍ਹਾਂ ਕਿਹਾ ਕਿ ਜਿਹੜੇ ਅੱਤਵਾਦੀਆਂ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ ਹੈ ਅੱਜ ਉਹ ਸਰਕਾਰੀ ਪੁਸ਼ਤਪਨਾਹੀ ਹੇਠ ਐਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕੱਲ੍ਹ ਨੂੰ ਇਨ੍ਹਾਂ ਪਰਿਵਾਰਾਂ ਵਿੱਚੋਂ ਕੋਈ ਆਪ ਇਨਸਾਫ਼ ਲੈਣ ਤੁਰ ਪਿਆ ਤਾਂ ਇਹੀ ਸਰਕਾਰੀ ਤੰਤਰ ਉਸ ਨੂੰ ਅੱਤਵਾਦੀ ਕਹੇਗਾ ਤੇ ਤੀਹ-ਤੀਹ ਸਾਲਾਂ ਤੱਕ ਜੇਲ੍ਹਾਂ ਵਿੱਚ ਡੱਕ ਦੇਵੇਗਾ। ਉਨ੍ਹਾਂ ਕਿਹਾ ਕਿ ਸਰਕਾਰਾਂ ਸੰਵਿਧਾਨ ਦੀ ਗੱਲ ਕਰਦੀਆਂ ਹਨ ਇਸ ਲਈ ਦੇਸ਼ ਦੇ ਸੰਵਿਧਾਨ ਦੇ ਤਹਿਤ ਹਰ ਨਾਗਰਿਕ ਨੂੰ ਨਿਆਂ ਮਿਲਣਾ ਚਾਹੀਦਾ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਜਿੰਨਾ ਚਿਰ ਤੱਕ ਪੀੜਤ ਪਰਿਵਾਰਾਂ ਨੂੰ ਇਨਸਾਫ਼ ਨਹੀਂ ਦਿੱਤਾ ਜਾਂਦਾ ਇਨ੍ਹਾਂ ਦੀ ਅਵਾਜ਼ ਸਮੁੱਚੇ ਪੰਥ ਅਤੇ ਪੰਜਾਬ ਨੂੰ ਨਾਲ ਲੈ ਕੇ ਚੁੱਕੀ ਜਾਵੇਗੀ।

# ਨਸ਼ੇ ਦੀ ਤਸਕਰੀ ਦੇ ਦੋਸ਼ 'ਚ ਇੰਡੋਨੇਸ਼ੀਆ 'ਚ 3 ਭਾਰਤੀਆਂ 'ਤੇ ਲਟਕੀ ਫਾਂਸੀ ਦੀ ਤਲਵਾਰ

ਸਿੰਗਾਪੁਰ ਦੇ ਝੰਡੇ ਵਾਲੇ ਇਕ ਜਹਾਜ਼ 'ਤੇ ਨਸ਼ੇ ਦੀ ਤਸਕਰੀ ਦੇ ਦੋਸ਼ 'ਚ 3 ਭਾਰਤੀ ਨਾਗਰਿਕਾਂ ਨੂੰ ਜੁਲਾਈ 2024 'ਚ ਇੰਡੋਨੇਸ਼ੀਆ 'ਚ ਹਿਰਾਸਤ 'ਚ ਲਿਆ ਗਿਆ ਸੀ। ਹੁਣ ਇਹ ਤਿੰਨੋਂ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਹਨ।ਮੀਡੀਆ ਰਿਪੋਰਟਾਂ ਅਨੁਸਾਰ, ਤਿੰਨੋਂ ਦੀ ਪਛਾਣ 38 ਸਾਲਾ ਰਾਜੂ ਮੁਥੁਕੁਮਾਰਨ, 34 ਸਾਲਾ ਸੇਲਵਾਦੁਰਈ ਦਿਨਕਰਨ ਅਤੇ 45 ਸਾਲਾ ਗੋਵਿੰਦਸਾਮੀ ਵਿਮਲਕਾਂਧਨ ਵਜੋਂ ਹੋਈ ਹੈ, ਜੋ ਸਿੰਗਾਪੁਰ 'ਚ ਸ਼ਿਪਿੰਗ ਉਦਯੋਗ 'ਚ ਕੰਮ ਕਰਦੇ ਸਨ। ਇਨ੍ਹਾਂ ਨੂੰ ਲੀਜੈਂਡ ਐਕਵੇਰੀਅਸ ਕਾਰਗੋ ਜਹਾਜ਼ 'ਚ 106 ਕਿਲੋਗ੍ਰਾਮ ਕ੍ਰਿਸਟਲ ਮੈਥ ਦੀ ਤਸਕਰੀ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਤਿੰਨੇ ਦੋਸ਼ੀ ਤਮਿਲਨਾਡੂ ਨਾਲ ਸਬੰਧ ਰੱਖਦੇ ਹਨ।ਕੈਪਟਨ ਦੀ ਗਵਾਹੀ ਜ਼ਰੂਰੀ ਸੀ ਇੰਡੋਨੇਸ਼ੀਆਈ ਅਧਿਕਾਰੀਆਂ ਨੇ ਇਕ ਗੁਪਤ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਕਰੀਮੁਨ ਜ਼ਿਲ੍ਹੇ ਦੇ ਪੋਂਗਕਰ 'ਚ ਜਹਾਜ਼ ਨੂੰ ਰੋਕਿਆ, ਜੋ ਸਿੰਗਾਪੁਰ ਤੋਂ ਫੇਰੀ ਰਾਹੀਂ ਲਗਪਗ ਇਕ ਘੰਟੇ ਦੀ ਦੂਰੀ 'ਤੇ ਹੈ। ਤਿੰਨੋਂ ਨੂੰ 14 ਮਾਰਚ ਨੂੰ ਇਕ ਵੱਡਾ ਝਟਕਾ ਲੱਗਿਆ, ਜਦੋਂ ਜਹਾਜ਼ ਦੇ ਕਪਤਾਨ, ਜਿਨ੍ਹਾਂ ਨੂੰ ਨਿੱਜੀ ਤੌਰ 'ਤੇ ਗਵਾਹੀ ਦੇਣ ਦਾ ਹੁਕਮ ਦਿੱਤਾ ਗਿਆ ਸੀ, ਅਦਾਲਤ 'ਚ ਪੇਸ਼ ਨਹੀਂ ਹੋਏ। ਇਸ ਤੋਂ ਬਾਅਦ ਅਦਾਲਤ ਨੇ ਕਪਤਾਨ ਨੂੰ 14 ਮਾਰਚ ਨੂੰ ਨਿੱਜੀ ਤੌਰ 'ਤੇ ਗਵਾਹੀ ਦੇਣ ਲਈ ਬੁਲਾਇਆ। ਹਾਲਾਂਕਿ, ਉਹ ਸਿਰਫ਼ ਜ਼ੂਮ ਰਾਹੀਂ ਕੁਝ ਸਮੇਂ ਲਈ ਹੀ ਹਾਜ਼ਰ ਹੋਏ, ਜਿਸ ਨਾਲ ਬਚਾਅ ਪੱਖ ਵੱਲੋਂ ਜ਼ਿਰਹ ਨਹੀਂ ਹੋ ਸਕੀ।

## ਸਿੱਖਿਆ ਵਿਭਾਗ ਵਲੋਂ ਨਾਟਕਾਂ ਵਿਚ ਸਿੱਖ ਗੁਰੂਆਂ ਤੇ ਸਾਹਿਬਜ਼ਾਦਿਆਂ ਦੇ ਰੌਲ ਕਰਨ ’ਤੇ ਪਾਬੰਦੀ

**ਸ੍ਰੀ ਮੁਕਤਸਰ ਸਾਹਿਬ-ਪੰਜਾਬ ਦੇ ਸਕੂਲ ਸਿੱਖਿਆ ਡਾਇਰੈਕਟੋਰੇਟ ਨੇ ਰਾਜ ਭਰ ਦੇ ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ (ਡੀਈਓਜ਼) ਅਤੇ ਸਕੂਲ ਮੁਖੀਆਂ ਨੂੰ ਨਾਟਕਾਂ ਜਾਂ ਡਰਾਮਿਆਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ‘ਸਾਹਿਬਜ਼ਾਦਿਆਂ’ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਚਿੱਤਰਣ ’ਤੇ ਪਾਬੰਦੀ ਲਾਉਣ ਦੇ ਨਿਰਦੇਸ਼ ਦਿੱਤੇ ਹਨ। ਇਹ ਹੁਕਮ ਕੌਮੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਵੱਲੋਂ ਰਾਜ ਦੇ ਮੁੱਖ ਸਕੱਤਰ ਨੂੰ ਲਿਖੇ ਪੱਤਰ ਦੇ ਜਵਾਬ ਵਿੱਚ ਜਾਰੀ ਕੀਤੇ ਗਏ ਹਨ।**

## ਨਿਊਯਾਰਕ ਸਟੇਟ ਸੈਨੇਟ ਵਿੱਚ 1984 ਸਿੱਖ ਨਸਲਕੁਸ਼ੀ (Genoicde) ਸਬੰਧੀ ਮਤਾ ਪਾਸ ਕੀਤਾ ਗਿਆ

ਵਰਲਡ ਸਿੱਖ ਪਾਰਲੀਮੈਂਟ ਸਿੱਖ ਸੰਗਤ ਨਾਲ ਇਹ ਸਾਂਝਾ ਕਰਦਿਆਂ ਮਾਣ ਮਹਿਸੂਸ ਕਰਦੀ ਹੈ ਕਿ 24 ਮਾਰਚ 2025 ਨੂੰ ਨਿਊਯਾਰਕ ਸਟੇਟ ਸੈਨੇਟ ਵਿੱਚ 1984 ਸਿੱਖ ਨਸਲਕੁਸ਼ੀ (Genoicde) ਸਬੰਧੀ ਮਤਾ ਪਾਸ ਕੀਤਾ ਗਿਆ।ਜਿਸ ਵਾਸਤੇ ਅਮਰੀਕਨ ਪੌਲਿਟਿਕਸ ਵਿੱਚ ਸਰਗਰਮ ਨੌਜਵਾਨ ਸਿੱਖ ਆਗੂ ਜਪਨੀਤ ਸਿੰਘ ਦੀ ਸਖ਼ਤ ਮਿਹਨਤ ਅਤੇ ਸਟੇਟ ਸੈਨੇਟਰ ਜੈਸਿਕਾ ਰੇਮੋਸ ਅਤੇ ਹੋਰਨਾਂ ਦੇ ਯਤਨਾਂ ਸਦਕਾ ਸਿੱਖ ਕੌਮ ਦੀ ਨਸਲਕੁਸ਼ੀ ਸਬੰਧੀ ਬਿੱਲ ਪਾਸ ਹੋਣ ਦਾ ਇਹ ਕਾਰਜ ਪੂਰਾ ਹੋਇਆ।

ਇਸ ਇਤਿਹਾਸਕ ਮੌਕੇ ਤੇ ਨਿਊਯਾਰਕ ਸਟੇਟ ਕੈਪੀਟਲ ਵਿੱਚ ਨਿਊ ਯਾਰਕ ਸਟੇਟ ਦੀ ਸਮੁੱਚੀ ਸਿੱਖ ਲੀਡਰਸ਼ਿਪ, ਜਥੇਬੰਦੀਆਂ ਅਤੇ ਸਿੱਖ ਸੰਗਤਾਂ ਨੇ ਭਰਪੂਰ ਹਾਜ਼ਰੀ ਲਵਾਈ।ਇਸ ਮੌਕੇ ਵਰਲਡ ਸਿੱਖ ਪਾਰਲੀਮੈਂਟ ਦੇ ਨੁਮਾਇੰਦਿਆਂ ਵੱਲੋਂ ਸਿੱਖ ਨਸਲਕੁਸ਼ੀ ਸਬੰਧੀ ਪ੍ਰਦਰਸ਼ਨੀ ਵੀ ਲਗਾਈ ਗਈ, ਜਿਸਨੂੰ ਸਟੇਟ ਦੇ ਇਲੈਕਟਡ ਨੁਮਾਇੰਦੇ ਤੇ ਹੋਰ ਲੋਕਾਂ ਨੇ ਬਹੁਤ ਧਿਆਨ ਨਾਲ ਵੇਖਿਆ ਅਤੇ ਇਸ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਗਈ ।








# ਜਮੂਹਰੀਅਤ ਤਰੀਕੇ ਨਾਲ ਹੱਕੀ ਮੰਗਾਂ ਵਾਸਤੇ ਸੰਘਰਸ਼ ਕਰ ਰਹੇ ਕਿਸਾਨਾਂ ਤੇ ਹਮਲਾ ਕਰਨ ਦਾ ਤਾਨਸ਼ਾਹੀ ਰਵਾਈਆ ਅੱਤਨਿੰਦਣਯੋਗ – ਵਰਲਡ ਸਿੱਖ ਪਾਰਲੀਮੈਂਟ

ਲੰਡਨ-(ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਰਲਡ ਸਿੱਖ ਪਾਰਲੀਮੈਂਟ ਕੋਆਰਡੀਨੇਟਰ ਭਾਈ ਹਿੰਮਤ ਸਿੰਘ ਅਮਰੀਕਾ, ਕੋ-ਕੋਅਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ ਜਰਮਨੀ, ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ ਇੰਗਲੈਂਡ ਨੇ ਪ੍ਰੈਸ ਦੇ ਨਾਂ ਜਾਰੀ ਬਿਆਨ ਕਰਦਿਆਂ ਹੋਇਆਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਧੋਖੇ ਨਾਲ ਚੰਡੀਗੜ੍ਹ ਵਿਚ ਕੇਂਦਰੀ ਮੰਤਰੀਆਂ ਨਾਲ ਮੀਟਿੰਗ ਤੋਂ ਵਾਪਸ ਪਰਤਦਿਆਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ਼, ਸਰਵਣ ਸਿੰਘ ਪੰਧੇਰ ਸਣੇ ਸੈਂਕੜੇ ਕਿਸਾਨਾਂ ਨੂੰ ਹਿਰਾਸਤ ਵਿੱਚ ਲੈਣ ਦੀ ਅਤੇ ਪੰਜਾਬ ਪੁਲਿਸ ਵੱਲੋਂ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਲੱਗੇ ਸ਼ਾਂਤਮਈ ਮੋਰਚਿਆਂ ਉੱਤੇ ਹਮਲਾ ਕਰਕੇ ਉਹਨਾਂ ਨੂੰ ਖਤਮ ਕਰਨ ਲਈ ਪੰਜਾਬ ਦੇ ਕਿਸਾਨਾਂ ਵਿਰੁੱਧ ਕੀਤੀ ਜਬਰੀ ਪੁਲਿਸ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਆਪਣੇ ਹੱਕਾਂ ਦੀ ਜਮਹੂਰੀ ਤਰੀਕੇ ਨਾਲ ਮੰਗ ਕਰਦੇ ਕਿਸਾਨਾਂ ਨੂੰ ਜਬਰ ਨਾਲ ਦਬਾਉਣਾ ਮਨੁੱਖੀ ਹੱਕਾਂ ਦਾ ਉਲੰਘਣ ਅਤੇ ਪ੍ਰਗਟਾਵੇ ਦੀ ਅਜ਼ਾਦੀ ਦਾ ਘਾਣ ਹੈ।



ਵਰਲਡ ਸਿੱਖ ਪਾਰਲੀਮੈਂਟ ਦੇ ਆਗੂ

ਸਰਮਾਏਦਾਰਾਂ ਦੇ ਹਿਤਾਂ ਨੂੰ ਮੁੱਖ ਰੱਖਦਿਆਂ ਭਾਰਤ ਦੀ ਬੀ ਜੇ ਪੀ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਕਾਲੇ ਕਾਨੂੰਨਾਂ ਨੂੰ ਵਾਪਸ ਕਰਵਾਉਣ ਤੋਂ ਸ਼ੁਰੂ ਹੋਇਆ ਕਿਸਾਨੀ ਦਾ ਸੰਘਰਸ਼ ਨਾ ਸਿਰਫ ਕਿਸਾਨਾਂ ਲਈ ਅਹਿਮ ਹੈ ਬਲਕਿ ਇਹ ਪੰਜਾਬ ਦੀ ਹੋਂਦ ਦਾ ਸਵਾਲ ਹੈ। ਉਕਤ ਆਗੂਆਂ ਨੇ ਕਿਹਾ ਕਿ ਭਾਰਤ ਸਰਕਾਰ ਦੀਆਂ ਨੀਤੀਆਂ ਸਦਾ ਹੀ ਪੰਜਾਬ ਖਿਲਾਫ ਰਹੀਆਂ ਹਨ ਤੇ ਭਾਰਤ ਦਾ ਅੰਨ ਭੰਡਾਰ ਭਰਨ ਵਾਲੇ ਪੰਜਾਬ ਦੀ ਲੋਕਾਈ ਦਾ ਮੁੱਖ ਕਿਤਾ ਕਿਸਾਨੀ ਹੋਣ ਕਰਕੇ ਇਹ ਨੀਤੀਆਂ ਮਾਰੂ ਅਸਰ ਰੱਖਦੀਆਂ ਹਨ। ਪੰਜਾਬ ਦੇ ਅਣਖੀ ਕਿਸਾਨਾਂ ਵੱਲੋਂ 13 ਮਹੀਨੇ ਦੇ ਸੰਘਰਸ਼ ਤੋਂ ਬਾਅਦ ਕਾਲੇ ਕਾਨੂੰਨ ਤਾਂ ਵਾਪਸ ਕਰਵਾ ਲਏ ਪਰ ਸਰਕਾਰ ਵੱਲੋਂ ਜਿਹੜੇ ਵਾਅਦੇ ਕੀਤੇ ਗਏ ਸਨ ਉਹ ਪੂਰੇ ਨਹੀਂ ਕੀਤੇ ਗਏ। ਉਹਨਾਂ ਵਾਅਦਿਆਂ ਦੀ ਪੂਰਤੀ ਲਈ ਲੱਗੇ ਇਹ ਮੌਜੂਦਾ ਮੋਰਚੇ ਆਪਣੀ ਜਮਹੂਰੀ ਹੱਕਾਂ ਦੀ ਪ੍ਰਾਪਤੀ ਦਾ ਸੰਘਰਸ਼ ਹੈ ਜਿਸ ਨੂੰ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਜਬਰ ਨਾਲ ਖਤਮ ਕੀਤਾ ਜਾ ਰਿਹਾ ਹੈ।

ਵਰਲਡ ਸਿੱਖ ਪਾਰਲੀਮੈਂਟ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੀਆਂ ਹਾਲੀਆ ਕਾਰਵਾਈਆਂ ਦਮਨ ਦੇ ਇੱਕ ਚਿੰਤਾਜਨਕ ਰੁਝਾਨ ਦਾ ਸੰਕੇਤ ਹਨ। ਝੂਠੇ ਦੋਸ਼ਾਂ ਹੇਠ ਸਿੱਖਾਂ ਦੀਆਂ ਮਨਮਾਨੀਆਂ ਗ੍ਰਿਫ਼ਤਾਰੀਆਂ, ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਗੈਰ-ਨਿਆਇਕ ਪੁਲਿਸ ਮੁਕਾਬਲੇ, ਅਤੇ ਕਿਸਾਨਾਂ 'ਤੇ ਹਿੰਸਕ ਕਾਰਵਾਈ ਇਸ ਸਰਕਾਰ ਦੇ ਸਿੱਖਾਂ ਵਿਰੁੱਧ ਨਾਪਾਕ ਇਰਾਦਿਆਂ ਨੂੰ ਦਰਸਾਉਂਦੇ ਹਨ। ਘੱਟ ਗਿਣਤੀਆਂ ਵਿਰੁੱਧ ਭਾਜਪਾ ਦੇ ਬੁਲਡੋਜ਼ਰ ਮਾਡਲ ਨੂੰ ਅਪਣਾ ਕੇ ਅਤੇ ਪੁਲਿਸ ਨੂੰ ਮਨਮਰਜੀ ਨਾਲ ਜ਼ੁਲਮ ਦੀ ਕਰਨ ਦੀ ਖੁਲ੍ਹ ਦੇ ਕੇ, ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਸੂਬੇ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰ ਦਿੱਤਾ ਹੈ। ਕਿਸਾਨਾਂ ਦੀਆਂ ਸਮੱਸਿਆ ਹੱਲ ਕਰਨ ਦੀ ਬਜਾਏ, ਸਰਕਾਰ ਉਦਯੋਗਪਤੀਆਂ ਅਤੇ ਵਪਾਰੀਆਂ ਦੇ ਹਿੱਤਾਂ ਨੂੰ ਤਰਜੀਹ ਦੇ ਰਹੀ ਹੈ, ਜਿਸ ਨਾਲ ਪੰਜਾਬ ਦੀ ਖੇਤੀਬਾੜੀ ਦਾ ਸੰਕਟ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ ।

ਵਰਲਡ ਸਿੱਖ ਪਾਰਲੀਮੈਂਟ ਨੇ ਪੰਜਾਬ ਦੇ ਕਿਸਾਨਾਂ ਦੀ ਹਮਾਇਤ ਕਰਦਿਆਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਇਸ ਚਿੰਤਾਜਨਕ ਸਥਿਤੀ ਦਾ ਨੋਟਿਸ ਲੈਣ ਦੀ ਅਪੀਲ ਕੀਤੀ ਅਤੇ ਹਿਰਾਸਤ ਵਿੱਚ ਲਏ ਕਿਸਾਨਾਂ ਅਤੇ ਕਿਸਾਨ ਆਗੂਆਂ ਦੀ ਤੁਰੰਤ ਰਿਹਾਈ, ਪੁਲਿਸ ਵਧੀਕੀਆਂ ਨੂੰ ਖਤਮ ਕਰਨ ਅਤੇ ਕਿਸਾਨਾਂ ਨਾਲ ਸਰਕਾਰ ਵੱਲੋਂ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਦੀ ਮੰਗ ਕੀਤੀ।

# PUNJAB AGRICULTURAL POLICIES



Agriculture, the core of Punjab's economy, is slow moving, input efficiency is low in cases plateaued, and farmers incomes are not commensurate with livelihoods requirements. Many farmers are burdened with rising input costs, and crop prices, growing debts. Punjab, the bread and butter state of India's progress and prosperity is today subjected to persistent and unfair treatment. Punjabi community known for there resilience, hard work and commitment to progress.

The green revolution which was transformed India agricultural landscape was driven by tireless efforts of Punjab farmers during its history. The punjab traditional agricultural is no longer enough to sustain its economy or provide young youth for employment. The state is also struggling with industrial growth to diversify economical productivity. The service sector while expanding remains underdeveloped. High unemployment among the youth of punjab whom are very educated but unable to find stable employment in the Punjab state. The frustration in Punjab has been on the increase and the state needs action and efforts to expand its economy.



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

The solution to the agricultural sector must be modernised with new technology and research development. Investment in manufacturing and the industrial sector is also needed to improve and create employment. It also needs to invest in education and training, with its sectors, which can open doors to a new generation of youth in Punjab. Through the 80s and 90s punjab saw its dark days of turbulence but now its achieved its peace. The lack of transparency and accountability in the state decision making process futher diminishes public trust.

Punjab policies are often disconnected from the agricultural community of the state. Punjab public debt is rising, tax revenues remain inadequate and capital is increasingly flowing out of the state. The state needs transparency in government functions is essential the fiscal decision should be made more transparent, and there should be clear system for public accountability. Punjab has has political disputes with concerning water sharing agreement, the unresolved issue has caused feeling of isolation with its agricultural population And feel ignored by the administration. There is also concern for its rural areas where poverty is on the increase, it needs a robust protection programme that protects the agricultural population. As many political parties have changed is it time for Navjot Singh Sidhu many ask who can bring a change to Punjab. There should be a comprehensive and honest dialogue must be implemented between the other states to resolve water issues. Punjab is in need of a comprehensive approach that involves economic diversification, social protection and resolution for its water dispute. Can the leadership of Punjab pave a way for brighter future for the new generation of Punjab.

**From : LAMBARDAR DHARMVEER SINGH CLAIRE COVENTRY**

# ਭਾਰਤੀ ਪੱਤਰਕਾਰ ਦੀ ਸ਼ਿਕਾਇਤ ਤੋਂ ਬਾਅਦ ਗੁਰਦੁਆਰਾ ਸਿੰਘ ਸਭਾ ਸਲੋਹ ਵਿੱਚ ਲੱਗੇ "ਖਾਲਿਸਤਾਨ" ਬੈਨਰ ਕਾਰਨ ਪ੍ਰਬੰਧਕ ਅਤੇ ਚੈਰਿਟੀ ਕਮਿਸ਼ਨ ਆਹਮੋ ਸਾਹਮਣੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦਸੰਬਰ 2019 ਦੀਆਂ ਆਮ ਚੋਣਾਂ ਤੋਂ ਪਹਿਲਾਂ ਯੂਕੇ-ਅਧਾਰਤ ਭਾਰਤੀ ਪੱਤਰਕਾਰ, ਲਵੀਨਾ ਟੰਡਨ, ਜੋ ਇੰਡੀਆ ਟੂਡੇ ਲਈ ਕੰਮ ਕਰਦੀ ਹੈ, ਨੇ ਗੁਰੂ ਸਿੰਘ ਸਭਾ, ਸਲੋਹ ਦਾ ਦੌਰਾ ਕੀਤਾ ਅਤੇ ਸਵਾਲ ਕੀਤਾ ਕਿ ਗੁਰਦੁਆਰੇ ਵਿੱਚ "ਖਾਲਿਸਤਾਨ" ਸ਼ਬਦ ਵਾਲੀਆਂ ਤਖ਼ਤੀਆਂ ਕਿਉਂ ਹਨ। ਇਹ ਤਖ਼ਤੀਆਂ ਪਿਛਲੇ 40 ਸਾਲਾਂ ਤੋਂ ਗੁਰਦੁਆਰੇ ਵਿੱਚ ਹਨ ਅਤੇ ਹਰ ਹਫ਼ਤੇ ਗੁਰਦੁਆਰੇ ਆਉਣ ਵਾਲੇ ਹਜ਼ਾਰਾਂ ਸਿੱਖਾਂ ਅਤੇ ਗੈਰ-ਸਿੱਖਾਂ ਵੱਲੋਂ ਕਦੇ ਵੀ ਕੋਈ ਇਤਰਾਜ਼ ਨਹੀਂ ਕੀਤਾ ਗਿਆ ਹੈ।

ਇਹ ਮਾਮਲਾ 2019 ਦੀਆਂ ਆਮ ਚੋਣਾਂ ਮੌਕੇ ਭਖਿਆ ਜਦੋਂ ਸਲੋਹ ਹਲਕੇ ਤੋਂ ਬਰਤਾਨੀਆ ਦੇ ਪਹਿਲੇ ਦਸਤਾਰਧਾਰੀ ਸਿੱਖ ਸਾਂਸਦ ਤਨਮਨਜੀਤ ਸਿੰਘ ਢੇਸੀ ਲੇਬਰ ਪਾਰਟੀ ਵੱਲੋਂ ਚੋਣ ਲੜ ਰਹੇ ਸਨ।

ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦੁਆਰੇ ਦੀ ਫੇਰੀ ਤੋਂ ਬਾਅਦ ਭਾਰਤੀ ਟੀ ਵੀ ਦੀ ਪੱਤਰਕਾਰ ਨੇ ਚੈਰਿਟੀ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ।



ਗੁਰਦੁਆਰਾ ਸਿੰਘ ਸਭਾ ਸਲੋਹ ਦੇ ਮੁੱਖ ਹਾਲ ਵਿੱਚ ਲੱਗੇ ਖਾਲਿਸਤਾਨ ਦੇ ਬੈਨਰ

ਚੈਰਿਟੀ ਕਮਿਸ਼ਨ ਨੂੰ ਗੁਰਦੁਆਰਾ ਪ੍ਰਬੰਧਕਾਂ ਵੇ ਖਾਲਿਸਤਾਨੀ ਤਖ਼ਤੀਆਂ ਦੀ ਧਾਰਮਿਕ ਮਹੱਤਤਾ ਬਾਰੇ ਸਪੱਸ਼ਟ ਕੀਤਾ ਜਿਸ ਨੂੰ ਚੈਰਿਟੀ ਕਮਿਸ਼ਨ ਨੇ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਚੈਰਿਟੀ ਕਮਿਸ਼ਨ ਨੇ ਸਿੰਘ ਸਭਾ, ਸਲੋਹ ਦੇ ਟਰੱਸਟੀਆਂ ਨੂੰ 10 ਮਾਰਚ 2025 ਤੱਕ ਤਖ਼ਤੀਆਂ ਹਟਾਉਣ ਦਾ ਆਦੇਸ਼ ਦਿੱਤਾ। ਜਿਸ ਤੋਂ ਬਾਅਦ ਸਿੱਖ ਫੈਡਰੇਸ਼ਨ (ਯੂ.ਕੇ.) ਨੇ 25 ਫਰਵਰੀ ਨੂੰ ਲੇਬਰ ਸੰਸਦ ਮੈਂਬਰਾਂ ਨੂੰ ਪੱਤਰ ਲਿਖ ਕੇ ਚੈਰਿਟੀ ਕਮਿਸ਼ਨ ਦੇ ਫੈਸਲੇ ਦਾ ਵਿਰੋਧ ਕੀਤਾ। ਪ੍ਰਾਪਤ ਜਾਣਕਾਰੀ ਅਨੁਸਾਰ ਸਿੱਖ ਸੰਸਦ ਮੈਂਬਰਾਂ ਅਤੇ ਚੈਰਿਟੀ ਕਮਿਸ਼ਨ ਵਿਚਕਾਰ ਉਕਤ ਮਾਮਲੇ ਨੂੰ ਲੈ ਕੇ ਮੀਟਿੰਗ ਹੋਈ ਹੈ। ਜਿਸ ਨੂੰ ਲੈ ਕੇ ਹੁਣ ਇੱਕ ਮਹੀਨੇ ਦਾ ਹੋਰ ਸਮਾਂ ਦਿੱਤਾ ਗਿਆ ਹੈ। ਜਿਕਰਯੋਗ ਹੈ ਕਿ ਗੁਰਦੁਆਰਾ ਸਾਹਿਬ ਦੀ ਸਟੇਜ ਦੇ ਪਿਛਲੇ ਪਾਸੇ ਲੱਗੇ ਖਾਲਿਸਤਾਨ ਦੇ ਬੈਨਰ ਨੂੰ ਲੈ ਕੇ ਪੰਜਾਬ ਦੇ ਇੱਕ ਵੱਡੇ ਸਿਆਸੀ ਆਗੂ ਦਾ ਭਾਸ਼ਣ ਵੀ ਚਰਚਾਵਾਂ ਵਿੱਚ ਰਿਹਾ ਸੀ।

ਭਾਈ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਇਹ 5 ਸਾਲ ਪੁਰਾਣਾ ਮਾਮਲਾ ਹੈ ਅਤੇ ਸਿੱਖਾਂ ਦਾ ਧਾਰਮਿਕ ਮਾਮਲਾ ਹੈ ਜਿਸ ਨੂੰ ਗਲਤ ਰੰਗਤ ਦਿੱਤੀ ਜਾ ਰਹੀ ਹੈ। ਸਲੋਹ ਸਿੱਖ ਭਾਈਚਾਰੇ ਵੱਲੋਂ ਕਦੇ ਵੀ ਇਸ ਤੇ ਇਤਰਾਜ਼ ਨਹੀਂ ਕੀਤਾ ਗਿਆ। ਜਦ ਕਿ 1984 ਤੋਂ ਲੈ ਕੇ ਹੁਣ ਤੱਕ ਕਈ ਪ੍ਰਬੰਧਕ ਕਮੇਟੀਆਂ ਬਦਲ ਚੁੱਕੀਆਂ ਹਨ।

# ਅਮਰੀਕਾ ਨੇ ਤਿੰਨ ਤਾਲਿਬਾਨ ਆਗੂਆਂ 'ਤੇ ਰੱਖੇ ਇਨਾਮ ਲਏ ਵਾਪਸ

ਕਾਬੁਲ - ਅਮਰੀਕਾ ਨੇ ਚੋਟੀ ਦੇ ਤਿੰਨ ਤਾਲਿਬਾਨ ਨੇਤਾਵਾਂ ਦੇ ਸਿਰਾਂ 'ਤੇ ਐਲਾਨੇ ਗਏ ਇਨਾਮ ਵਾਪਸ ਲੈ ਲਏ ਹਨ। ਇਨ੍ਹਾਂ ਵਿੱਚ ਅਫਗਾਨਿਸਤਾਨ ਦੇ ਗ੍ਰਹਿ ਮੰਤਰੀ ਸਿਰਾਜੁਦੀਨ ਹੱਕਾਨੀ ਸ਼ਾਮਲ ਹਨ, ਜੋ ਇੱਕ ਸ਼ਕਤੀਸ਼ਾਲੀ ਨੈੱਟਵਰਕ (ਹੱਕਾਨੀ ਨੈੱਟਵਰਕ) ਦਾ ਮੁਖੀ ਹੈ ਜਿਸ 'ਤੇ ਸਾਬਕਾ ਪੱਛਮੀ ਸਮਰਥਿਤ ਸਰਕਾਰ ਵਿਰੁੱਧ ਹਮਲੇ ਕਰਨ ਦਾ ਦੋਸ਼ ਹੈ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ।

ਸਿਰਾਜੁਦੀਨ ਹੱਕਾਨੀ ਦਾ ਨਾਮ ਹੁਣ ਅਮਰੀਕੀ ਵਿਦੇਸ਼ ਵਿਭਾਗ ਦੀ ਵੈੱਬਸਾਈਟ 'ਰਿਵਾਰਡਜ਼ ਫਾਰ ਜਸਟਿਸ' 'ਤੇ ਦਿਖਾਈ ਨਹੀਂ ਦਿੰਦਾ। ਹੱਕਾਨੀ ਨੇ ਜਨਵਰੀ 2008 ਵਿੱਚ ਕਾਬੁਲ ਦੇ ਸੇਰੇਨਾ ਹੋਟਲ 'ਤੇ ਹਮਲੇ ਦੀ ਯੋਜਨਾ ਬਣਾਉਣ ਦੀ ਗੱਲ ਕਬੂਲ ਕੀਤੀ। ਇਸ ਹਮਲੇ ਵਿੱਚ ਅਮਰੀਕੀ ਨਾਗਰਿਕ ਥੌਰ ਡੇਵਿਡ ਹੇਲੇਸਾ ਸਮੇਤ ਛੇ ਲੋਕ ਮਾਰੇ ਗਏ ਸਨ। ਹਾਲਾਂਕਿ ਹੱਕਾਨੀ ਦਾ ਲੋੜੀਂਦਾ ਪੋਸਟਰ ਅਜੇ ਵੀ ਐਫ.ਬੀ.ਆਈ ਦੀ ਵੈੱਬਸਾਈਟ 'ਤੇ ਮੌਜੂਦ ਹੈ। ਗ੍ਰਹਿ ਮੰਤਰਾਲੇ ਦੇ ਬੁਲਾਰੇ ਅਬਦੁਲ ਮਤੀਨ ਕਾਨੀ ਨੇ ਕਿਹਾ ਕਿ ਅਮਰੀਕੀ ਸਰਕਾਰ ਨੇ ਹੱਕਾਨੀ, ਅਬਦੁਲ ਅਜ਼ੀਜ਼ ਹੱਕਾਨੀ ਅਤੇ ਯਾਹੀਆ ਹੱਕਾਨੀ ਦੇ ਸਿਰਾਂ ਤੋਂ ਇਨਾਮ ਵਾਪਸ ਲੈ ਲਿਆ ਹੈ। ਕਾਨੀ ਨੇ ਐਸੋਸੀਏਟਿਡ ਪ੍ਰੈਸ ਨੂੰ ਦੱਸਿਆ,"ਇਹ ਤਿੰਨ ਆਦਮੀ (ਹੱਕਾਨੀ ਭਰਾ) ਦੋ ਭਰਾ ਅਤੇ ਇੱਕ ਚਚੇਰਾ ਭਰਾ ਹਨ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ !
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

ਸਵ: ਸ੍ਰ. ਉਮਰਾਓ ਅਟਵਾਲ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

VACANCIES
JSR CONTRACTS LTD.
ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ
Carpenters required at various sites in Manchester
**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.
**Annual pay is - £ 30,960.**
**The required training will be provided.**
Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.
Contact Mr. Randhawa via email below:
Email: jsrcontractslimited@gmail.com

# *ਗੁਰਦੁਆਰਾ ਐਕਟ ਵਿੱਚ ਸੋਧ/ ਬਦਲਾਅ ਕਰਨਾ ਸਮੇਂ ਦੀ ਲੋੜ ਹੈ

## *ਜਥੇਦਾਰ ਸਾਹਿਬਾਨਾਂ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ, ਮਾਣ-ਮਰਯਾਦਾ ਅਤੇ ਸੇਵਾ ਮੁਕਤੀ ਦੇ ਨਿਯਮ ਹੋਣ ਤੈਅ-ਸੁਪਰੀਮ ਸਿੱਖ ਕੌਸਲ ਯੂ.ਕੇ.

**ਡਰਬੀ :- ਪਿਛਲੇ ਦਿਨੀ ਮਿਤੀ 19 ਮਾਰਚ 2025 ਨੂੰ ਸੁਪਰੀਮ ਸਿੱਖ ਕੌਸਲ ਯੂ.ਕੇ. ਦੇ ਜਥੇਦਾਰ ਸਹਿਬਾਨਾ ਦੀ ਅਤੇ ਲੀਡਰਸ਼ਿਪ ਟੀਮ ਦੀ ਵਿਸ਼ੇਸ਼ ਗ਼ੋਮ ਮੀਟਿੰਗ ਸ਼ਾਮ 7.30 ਵਜੇ ਹੋਈ। ਮੀਟਿੰਗ ਦੀ ਪ੍ਰਧਾਨਗੀ ਬੋਰਡ ਆਫ ਜਥੇਦਾਰ ਦੇ ਕੰਨਵੀਨਰ ਭਾਈ ਚੰਦਰ ਸ਼ੇਖਰ ਸਿੰਘ ਗੁਰੂ ਨੇ ਕੀਤੀ।**

ਇਸ ਵਿਸ਼ੇਸ਼ ਮੀਟਿੰਗ ਦੇ ਏਜੰਡੇ ਦੀ ਜਾਣਕਾਰੀ ਦਿੰਦੇ ਹੋਏ ਭਾਈ ਬਲਦੇਵ ਸਿੰਘ ਬੈਂਸ ਹੁਰਾ ਕਿਹਾ ਕਿ ਇਸ ਸਮੇਂ ਸਿੱਖ ਕੌਮ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਸਾਨੂੰ ਸਾਰਿਆਂ ਨੂੰ ਇਕਜੁੱਟ ਹੋਣ ਦੀ ਜ਼ਰੂਰਤ ਹੈ।

ਭਾਈ ਚੰਦਰ ਸ਼ੇਖਰ ਸਿੰਘ ਗੁਰੂ ਨੇ ਮੀਟਿੰਗ ਦੀ ਸ਼ੁਰੂਆਤ ਕਰਦਿਆਂ ਸਾਰੇ ਹਾਜ਼ਰ ਮੈਂਬਰਾਂ ਦੇ ਨਾਲ-ਨਾਲ ਸਮੁੱਚੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਆਏ ਦਿਨ ਸਿੱਖਾਂ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ/ ਮੁਸ਼ਕਿਲਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹ ਮੁਸ਼ਕਲਾਂ ਭਾਵੇਂ ਸਮਾਜਿਕ ਹੋਣ, ਧਾਰਮਿਕ ਹੋਣ ਤੇ ਜਾਂ ਫਿਰ ਰਾਜਨੀਤਕ ਹੋਣ।

ਇਸ ਲਈ ਅੱਜ ਸਮਾਂ ਮੰਗ ਕਰਦਾ ਹੈ ਕਿ ਗੁਰਬਾਣੀ ਤੋ ਸੇਧ ਲੈ ਕੇ ਅਜੋਕੇ ਸਮੇਂ ਪੇਸ਼ ਆਉਣ ਵਾਲੇ ਮਸਲਿਆਂ ਨੂੰ ਹੱਲ ਕੀਤਾ ਜਾਵੇ।

ਭਾਈ ਚੰਦਰ ਸ਼ੇਖਰ ਸਿੰਘ ਗੁਰੂ ਨੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਕਿ ਭਾਈ ਗੁਰਮੀਤ ਸਿੰਘ ਰੰਧਾਵਾ - ਇੰਡੀਅਨ ਸਬ-ਕੰਨਟੀਨੈਂਟ ਕਮੇਟੀ ਵੱਲੋਂ ਪਹਿਲਾਂ ਵੀ ਦੋ ਪੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖੇ ਗਏ ਹਨ, ਜਿਨ੍ਹਾਂ ਵਿਚ ਬੇਨਤੀ ਕੀਤੀ ਗਈ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿੱਧੀ-ਵਿਧਾਨ ਬਣਾਉਣ ਲਈ ਸਾਰਥਿਕ ਕਦਮ ਚੁੱਕੇ ਜਾਣ। ਇਨ੍ਹਾਂ ਪੱਤਰਾਂ ਦਾ ਹਾਲੇ ਤੱਕ ਕੋਈ ਜਵਾਬ ਨਹੀਂ ਅਇਆ।

ਇਸ ਮੀਟਿੰਗ ਵਿੱਚ ਮੈਬਰਾਂ ਵਲੋਂ ਇੱਕ - ਇੱਕ ਵਿਸ਼ੇ ਉੱਪਰ ਚੜ੍ਹਦੀ ਕਲਾ ਵਾਲੀਆ ਵਿਚਾਰਾਂ ਹੋਈਆਂ ਅਤੇ ਹੇਠ ਲਿਖੇ ਫੈਸਲੇ ਲਏ ਗਏ:-

1. ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਹੈ ਕਿ ਸੋਮਵਾਰ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਜਥੇਦਾਰ ਸਾਹਿਬਾਨ ਵੱਲੋਂ ਜੋ ਫ਼ੈਸਲਾ ਸੁਣਾਇਆ ਗਿਆ ਸੀ ਅਤੇ ਉਸ ਨੂੰ ਪੰਥ ਨੇ ਪ੍ਰਵਾਨ ਵੀ ਕੀਤਾ ਸੀ, ਉਸ ਨੂੰ ਬਿਨਾ ਕਿਸੇ ਹੋਰ ਦੇਰੀ ਤੋਂ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ।

* ਜਥੇਦਾਰ ਸਾਹਿਬਾਨਾਂ ਨੂੰ ਜਿਸ ਢੰਗ-ਤਰੀਕੇ ਨਾਲ ਸੇਵਾ ਮੁਕਤ ਕੀਤਾ ਗਿਆ ਹੈ,ਉਸ ਫੈਸਲੇ ਨੂੰ ਮੁੜ ਵਿਚਾਰਿਆ ਜਾਵੇ। ਕਿਉ ਕਿ ਇਸ ਫੈਸਲੇ ਨਾਲ ਜਿੱਥੇ ਪੰਥ ਵਿੱਚ ਰੋਸ ਹੈ, ਉੱਥੇ ਦੇਸ਼ ਅਤੇ ਵਿਦੇਸ਼ਾਂ ਵਿੱਚ ਸਿੱਖ ਕੌਮ ਪਾਟ ਗਈ ਹੈ ।

* ਸਾਰੇ ਬਣੇ ਜਾਂ ਬਣਾਏ ਗਏ ਅਕਾਲੀ ਦਲ ਆਪੋ-ਆਪਣੇ ਅਕਾਲੀ ਦਲ ਖ਼ਤਮ ਕਰਕੇ ਇੱਕ ਮੰਚ ਅਤੇ ਇੱਕ ਨਿਸ਼ਾਨ ਹੇਠ ਇਕੱਠੇ ਹੋਣ। ਤਾ ਜੋ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਮੈਂਬਰਸ਼ਿਪ ਕਰਨ ਵਾਸਤੇ ਬਣਾਈ ਗਈ 7 ਮੈਬਰੀ ਕਮੇਟੀ ਮੈਂਬਰਸ਼ਿਪ ਕਰਨੀ ਸ਼ੁਰੂ ਕਰ ਸਕੇ।

* ਸਾਰੇ ਹੀ ਅਕਾਲੀ ਦਲ/ ਪਾਰਟੀਆਂ ਆਪੋ ਆਪਣੀਆਂ ਪਾਰਟੀਆਂ ਖ਼ਤਮ ਕਰਕੇ ਨਵੀਂ ਸ਼੍ਰੋਮਣੀ ਅਕਾਲੀ ਦਲ ( ਇਹ ਨਵਾਂ ਸ਼੍ਰੋਮਣੀ ਅਕਾਲੀ ਦਲ ਕਿਸੇ ਇੱਕ ਪਾਰਟੀ ਦਾ ਜਿਵੇ ਸ਼੍ਰੋਮਣੀ ਅਕਾਲੀ ਦਲ ਬਾਦਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸ਼੍ਰੋਮਣੀ ਅਕਾਲੀ ਦਲ 1920 ਯਾਨੀਕਿ ਸਾਰੀਆਂ ਹੀ ਪਾਰਟੀਆਂ ਆਪੋ-ਅਪਣੇ ਵਖਰੇਵੇਂ ਛੱਡ ਕੇ ਇੱਕ ਸ਼ਾਝੀ ਸ਼੍ਰੋਮਣੀ ਅਕਾਲੀ ਦਲ /ਪਾਰਟੀ ਬਣਾਉਣ) ਦੀ ਨਵੀਂ ਮੈਂਬਰਸ਼ਿਪ ਬਣਾ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਉਣ ਲਈ ਯਤਨਸ਼ੀਲ ਹੋਣ।

* ਸਿੱਖ ਧਰਮ ਵਿੱਚ ਕੇਂਦਰ ਜਾਂ ਸੂਬਿਆਂ ਦੀਆਂ ਸਰਕਾਰਾਂ ਦੀ ਦਖਲਅੰਦਾਜ਼ੀ ਦਿਨੋ-ਦਿਨ ਵਧਦੀ ਜਾ ਰਹੀ ਹੈ, ਜਿਸ ਨੂੰ ਰੋਕਣਾ ਬਹੁਤ ਜ਼ਰੂਰੀ ਹੈ। ਇਸ ਲਈ ਮੌਜੂਦਾ ਗੁਰਦੁਆਰਾ ਐਕਟ ਵਿੱਚ ਸੋਧ/ ਬਦਲਾਅ ਕਰਨਾ ਜ਼ਰੂਰੀ ਬਣ ਗਿਆ ਹੈ। ਅੱਜ ਦੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕੀਤੀ ਜਾਵੇ ਕਿ ਕਾਨੂੰਨੀ ਮਾਹਿਰਾਂ ਦੀ ਸਲਾਹ ਲੈ ਕੇ ਗੁਰਦੁਆਰਾ ਐਕਟ ਸੋਧ ਪ੍ਰਕਿਰਿਆ ਜਲਦ ਤੋਂ ਜਲਦ ਸ਼ੁਰੂ ਕੀਤੀ ਜਾਵੇ। ਕਿਉਂਕਿ 1925 ਤੋਂ ਲੈ ਕੇ ਅੱਜ ਤੱਕ ਦੇ ਹਾਲਾਤਾਂ ਵਿੱਚ, ਹਰ ਪੱਖ ਤੋਂ ਬਹੁਤ ਬਦਲਾਅ ਚੁੱਕਿਆ ਹੈ । ਇਸ ਕਰਕੇ ਸਿੱਖ ਗੁਰਦੁਆਰਾ ਐਕਟ 1925 ਵਿੱਚ ਸੋਧਾਂ ਲੋੜੀਂਦੀਆਂ ਹਨ। ਖਾਸ ਕਰਕੇ ਜਥੇਦਾਰ ਸਾਹਿਬਾਨਾਂ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ, ਮਾਣ-ਮਰਯਾਦਾ , ਜਥੇਦਾਰ ਸਾਹਿਬਾਨ ਕਿਸ ਅਥਾਰਟੀ ਨੂੰ ਜਵਾਬਦੇਹ ਹੋਣੇ ਚਾਹੀਦੇ ਹਨ ਅਤੇ ਸੇਵਾ ਮੁਕਤੀ ਵਗੈਰਾ ਦੇ ਨਿਯਮਾਂ ਦਾ ਖ਼ਲਾਸਾ ਹੋਣਾ ਜ਼ਰੂਰੀ ਹੈ। ਅੱਜ ਦੀ ਮੀਟਿੰਗ ਇਸ ਵਿਸ਼ੇ ਨੂੰ ਵੀ ਵਿਚਾਰਿਆਂ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਜਿੱਥੇ ਸਿੱਖ ਬੁੱਧੀਜੀਵੀਆਂ, ਕਾਨੂੰਨੀ ਮਾਹਿਰਾਂ, ਰਾਜਨੀਤਕ ਪਾਰਟੀਆਂ ਨਾਲ ਸਲਾਹ ਮਸ਼ਵਰਾ ਕਰਨਾ ਜ਼ਰੂਰੀ ਹੈ, ਉਥੇ ਹੀ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਨੂੰ ਅਣਗੌਲਿਆ ਨਹੀਂ ਜਾਣਾ ਚਾਹੀਦਾ। ਉਨ੍ਹਾਂ ਨੂੰ ਵੀ ਵਾਕਾਇਦਾ ਤੌਰ ਤੇ ਇਸ ਪੂਰੀ ਪ੍ਰਕਿਰਿਆ ਵਿੱਚ ਸ਼ਾਮਲ ਕੀਤਾ ਜਾਣਾ ਜ਼ਰੂਰੀ ਹੈ, ਕਿਉਂਕਿ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਕੋਲ ਅਜ਼ਾਦ ਸੋਚ, ਅਜ਼ਾਦ ਵਿਚਾਰ, ਦੇਸ਼ ਤੇ ਵਿਦੇਸ਼ੀ ਸੱਭਿਅਤਾ ਦੇ ਗਿਆਨ ਦੇ ਨਾਲ-ਨਾਲ ਗੁਰੂ ਦੀ ਬਖਸ਼ਿਸ਼ ਮਾਇਆ ਵੀ ਹੈ। ਇਸ ਕਰਕੇ ਵਿਦੇਸ਼ੀ ਸਿੱਖ ਕੌਮ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਤਨ-ਮਨ-ਧਨ ਨਾਲ ਅਪਣਾ ਯੋਗਦਾਨ ਪਾ ਸਕਦੇ ਹਨ।

1. ਸਰਵ ਸੰਮਤੀ ਨਾਲ ਫ਼ੈਸਲਾ ਲਿਆ ਗਿਆ ਹੈ ਕਿ ਸੁਪਰੀਮ ਸਿੱਖ ਕੌਂਸਲ ਯੂ.ਕੇ.ਵਲੋ ਸਾਰੇ ਹੀ ਗੁਰਦੁਆਰਾ ਸਾਹਿਬਾਨਾਂ ਨੂੰ "ਇੱਕ ਸਰਕੂਲਰ " ਜਾਰੀ ਕਰਕੇ ਇਹ ਅਪੀਲ ਕੀਤੀ ਜਾਵੇ ਕਿ ਇਸ ਸਾਲ ਖ਼ਾਲਸਾ ਪ੍ਰਗਟ ਦਿਵਸ ਮੌਕੇ ਜੋ ਨਗਰ ਕੀਰਤਨ ਸਜਾਏ ਜਾਣ ਉਹਨਾਂ ਵਿੱਚ " ਕੀਰਤਨ ਦੇ ਨਾਲ-ਨਾਲ ਸਤਿਨਾਮ - ਵਾਹਿਗੁਰੂ ਦਾ ਸਿਮਰਨ / ਜਾਪ " ਕਰਨ ਲਈ ਸੰਗਤਾਂ ਨੂੰ ਬੇਨਤੀ ਕੀਤੀ ਜਾਵੇ।


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..............................................................................

ADDRESS..........................................................................

..............................................POST CODE.............................

TEL.................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, DERBY, DE24 0QW, U.K.
or call on / WHATSAPP NO : 07966 388 388
*www.panjabtimes.uk Email: Panjabtimes@aol.com*


# 28,341 ਪ੍ਰਵਾਸੀਆਂ ਨੇ ਛੱਡਿਆ ਕੈਨੇਡਾ

**ਟੋਰਾਂਟੋ : ਟੈਂਪਰੇਰੀ ਰੈਜ਼ੀਡੈਂਟਸ ਨੇ ਕੈਨੇਡਾ ਛੱਡਣਾ ਸ਼ੁਰੂ ਕਰ ਦਿਤਾ ਹੈ ਅਤੇ 2024 ਦੀ ਅੰਤਮ ਤਿਮਾਹੀ ਦੌਰਾਨ ਵਾਪਸੀ ਦੀ ਰਫ਼ਤਾਰ ਸਭ ਤੋਂ ਵੱਧ ਰਹੀ ਜਦੋਂ 28,341 ਵਿਦੇਸ਼ੀ ਨਾਗਰਿਕ ਆਪਣੇ ਮੁਲਕ ਰਵਾਨਾ ਹੋ ਗਏ। ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਮੁਤਾਬਕ ਆਰਜ਼ੀ ਵੀਜ਼ਾ ਤੇ ਆਏ ਲੋਕਾਂ ਦੀ ਗਿਣਤੀ ਵਿਚ ਦਸੰਬਰ 2021 ਤੋਂ ਬਾਅਦ ਪਹਿਲੀ ਵਾਰ ਕਮੀ ਆਈ ਹੈ ਅਤੇ ਅਕਤੂਬਰ 2020 ਤੋਂ ਬਾਅਦ ਕੈਨੇਡਾ ਛੱਡ ਕੇ ਜਾਣ ਵਾਲਿਆਂ ਦਾ ਸਭ ਤੋਂ ਵੱਡਾ ਅੰਕੜਾ ਉਭਰ ਕੇ ਸਾਹਮਣੇ ਆਇਆ ਹੈ। ਸਟੱਡੀ ਵੀਜ਼ਾ ਵਾਲਿਆਂ ਦੀ ਗਿਣਤੀ ਵਿਚ ਵੀ ਕਮੀ ਆਈ ਹੈ ਪਰ ਇਸ ਦੇ ਉਲਟ ਅਸਾਇਲਮ ਦੇ ਦਾਅਵੇ ਕਰਨ ਵਾਲਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਦੂਜੇ ਪਾਸੇ ਕੈਨੇਡਾ ਦੀ ਵਸੋਂ ਪਿਛਲੇ ਸਾਲ 7 ਲੱਖ 45 ਹਜ਼ਾਰ ਦੇ ਵਾਧੇ ਨਾਲ 41,528,628 ਹੋ ਗਈ।ਭਾਵੇਂ ਜ਼ਿਆਦਾਤਰ ਰਾਜਾਂ ਦੀ ਵਸੋਂ ਵਿਚ ਵਾਧਾ ਹੋਇਆ ਹੈ ਪਰ 1 ਅਕਤੂਬਰ 2024 ਤੋਂ 31 ਦਸੰਬਰ 2024 ਦੇ ਅੰਕੜਿਆਂ ਵਿਚ ਨਿਊਫਾਊਂਡਲੈਂਡ ਐਂਡ ਲੈਬਰਾਡੋਰ, ਪ੍ਰਿੰਸ ਐਡਵਰਡ ਆਇਲੈਂਡ ਅਤੇ ਨੋਵਾ ਸਕੋਸ਼ੀਆ ਨੂੰ ਮਾਮੂਲੀ ਨੁਕਸਾਨ ਬਰਦਾਸ਼ਤ ਕਰਨਾ ਪਿਆ। ਵਸੋਂ ਵਿਚ ਤੇਜ਼ ਵਾਧੇ ਵਾਲੇ ਰਾਜਾਂ ਵਿਚ ਐਲਬਰਟਾ, ਸਸਕੈਚਵਨ ਅਤੇ ਮੈਨੀਟੋਬਾ ਰਹੇ। ਮੈਨੀਟੋਬਾ ਦੀ ਕੁਲ ਆਬਾਦੀ ਇਸ ਵੇਲੇ 15 ਲੱਖ ਦਾ ਅੰਕੜਾ ਪਾਰ ਕਰ ਚੁੱਕੀ ਹੈ। ਉਧਰ ਯੂਕੌਨ ਅਤੇ ਨੂਨਾਵਤ ਵਰਗੇ ਇਲਾਕਿਆਂ ਵਿਚ ਸਿਰਫ਼ 0.4 ਫੀ ਸਦੀ ਵਾਧਾ ਹੀ ਦਰਜ ਕੀਤਾ ਗਿਆ। ਕੈਨੇਡੀਅਨ ਵਸੋਂ 1.8 ਫੀ ਸਦੀ ਦੀ ਰਫ਼ਤਾਰ ਨਾਲ ਵਧੀ ਅਤੇ ਇਹ ਅੰਕੜਾ 2022 ਜਾਂ 2023 ਦੇ ਮੁਕਾਬਲੇ ਕਾਫ਼ੀ ਘੱਟ ਬਣਦਾ ਹੈ ਪਰ 2021 ਵਿਚ ਹੋਏ ਵਾਧੇ ਤੋਂ ਉਚਾ ਦੱਸਿਆ ਜਾ ਰਿਹਾ ਹੈ। ਆਬਾਦੀ ਵਿਚ ਵਾਧੇ ਦਾ ਮੁੱਖ ਆਧਾਰ ਕੌਮਾਂਤਰੀ ਪ੍ਰਵਾਸ ਹੀ ਰਿਹਾ।**

**ਪਿਛਲੇ ਸਾਲ ਅਕਤੂਬਰ ਤੋਂ ਦਸੰਬਰ ਦਰਮਿਆਨ ਕੈਨੇਡਾ ਵੱਲੋਂ 103,481 ਨਵੇਂ ਪਰਮਾਨੈਂਟ ਰੈਜ਼ੀਡੈਂਟਸ ਦਾ ਸਵਾਗਤ ਕੀਤਾ ਗਿਆ ਅਤੇ ਪੂਰੇ ਵਰ੍ਹੇ ਦਾ ਅੰਕੜਾ 483,591 ਫ਼ਰਸਤੁੱਤੇ ਪ੍ਰਜ ਗਿਆ। ਕੈਨੇਡਾ ਦੇ ਅੰਦਰੂਨੀ ਪ੍ਰਵਾਸ ਦਾ ਜ਼ਿਕਰ ਕੀਤਾ ਜਾਵੇ ਤਾਂ 2024 ਦੀਆਂ ਪਹਿਲੀਆਂ ਤਿੰਨ ਤਿਮਾਹੀਆਂ ਦੇ ਮੁਕਾਬਲੇ ਚੌਥੀ ਤਿਮਾਹੀ ਦੌਰਾਨ ਜ਼ਿਆਦਾ ਹਿਲਜੁਲ ਨਹੀਂ ਹੋਈ ਅਤੇ ਸਭ ਤੋਂ ਵੱਧ ਲਾਭ ਖੱਟਣ ਵਾਲਾ ਸੂਬਾ ਐਲਬਰਟਾ ਰਿਹਾ ਜਿਥੇ ਹੋਰਨਾਂ ਰਾਜਾਂ ਤੋਂ ਲੋਕ ਆ ਕੇ ਵਸੇ।**

# ਬਰਤਾਨੀਆ ਦੇ ਸਾਬਕਾ ਐਮ ਪੀ ਵਰਿੰਦਰ ਸ਼ਰਮਾ ਨੂੰ 50 ਸਾਲ ਜਨਤਕ ਸੇਵਾਵਾਂ ਲਈ ਲੇਬਰ-ਪਾਰਟੀ ਅਤੇ ਭਾਈਚਾਰੇ ਵੱਲੋਂ ਸਨਮਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਈਲਿੰਗ ਅਤੇ ਸਾਊਥਾਲ ਦੇ ਸਾਬਕਾ ਸੰਸਦ ਮੈਂਬਰ ਸ੍ਰੀ ਵਰਿੰਦਰ ਸ਼ਰਮਾ ਦੇ 50 ਸਾਲਾਂ ਦੀਆਂ ਜਨਤਕ ਸੇਵਾ ਨੂੰ ਮੁੱਖ ਰੱਖਦਿਆਂ ਲੇਬਰ ਪਾਰਟੀ ਵਲੋਂ ਆਯੋਜਿਤ ਇੱਕ ਵਿਸ਼ਾਲ ਸਮਾਗਮ ਦੌਰਾਨ ਉਮਰ ਭਰ ਦੀਆਂ ਪ੍ਰਾਪਤੀਆਂ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਇਹ ਸਨਮਾਨ ਬਰਤਾਨੀਆ ਦੇ ਸਿਹਤ ਮੰਤਰੀ ਵੇਸ ਸਟ੍ਰੀਟਿੰਗ ਐਮ ਪੀ, ਈਲਿੰਗ ਕੌਂਸਲ ਲੀਡਰ ਪੀਟਰ ਮੇਸਨ ਅਤੇ ਈਲਿੰਗ ਸਾਊਥਾਲ ਦੀ ਸੰਸਦ ਮੈਂਬਰ ਡੀਅਰਡਰੇ ਕੋਸਟੀਗਨ ਵੱਲੋਂ ਦਿੱਤਾ ਗਿਆ।

ਇਸ ਤੋਂ ਇਲਾਵਾ ਲੰਡਨ ਦੀਆਂ ਵੱਖ ਵੱਖ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਵੀ ਨਿੱਜੀ ਤੌਰ ਤੇ ਸਾਬਕਾ ਸਾਂਸਦ ਵਰਿੰਦਰ ਸ਼ਰਮਾ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਸ਼ਰਮਾ ਨੇ ਹਾਜ਼ਰ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਲੇਬਰ ਪਾਰਟੀ, ਟਰੇਡ ਯੂਨੀਅਨਾਂ ਅਤੇ ਭਾਈਚਾਰੇ ਦੇ ਵੱਖ-ਵੱਖ ਵਰਗਾਂ ਨਾਲ ਕੰਮ ਕਰਦਿਆਂ 50 ਸਾਲਾਂ ਤੋਂ ਵੱਧ ਸਮਾਂ ਬਿਤਾਇਆ, ਉਹਨਾਂ ਸੇਵਾਵਾਂ ਨੂੰ ਯਾਦ ਰੱਖਦਿਆਂ ਅੱਜ ਲੇਬਰ ਪਾਰਟੀ ਅਤੇ ਭਾਈਚਾਰਿਆਂ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਜੋ ਸਨਮਾਨ ਦਿੱਤਾ ਹੈ ਉਸ ਲਈ ਉਹ ਸਭ ਦੇ ਧੰਨਵਾਦੀ ਹਨ। ਜਿਕਰਯੋਗ ਹੈ ਕਿ ਪੰਜਾਬ ਤੋਂ ਰੋਜ਼ੀ ਰੋਟੀ ਕਮਾਉਣ ਲਈ ਆਏ ਵਰਿੰਦਰ ਸ਼ਰਮਾ ਨੇ ਬੱਸ ਕਡੰਕਟਰ ਤੋਂ ਜ਼ਿੰਦਗੀ ਦੀ ਸ਼ੁਰੂਆਤ ਕਰਕੇ ਟਰੇਡ ਯੂਨੀਅਨ, ਇੰਡੀਅਨ ਵਰਕਰਜ਼ ਐਸੋਸੀਏਸ਼ਨ, ਕੌਂਸਲਰ, ਮੇਅਰ ਆਦਿ ਅਹੁਦਿਆਂ ਤੇ ਸੇਵਾਵਾਂ ਦਿੰਦਿਆਂ ਬਰਤਾਨੀਆ ਦੀ ਸੰਸਦ ਤੱਕ ਦਾ ਸਫ਼ਰ ਤੈਅ ਕੀਤਾ। ਉਹਨਾਂ ਦੀ ਭਾਈਚਾਰਕ ਸਾਂਝ ਕਾਰਨ ਹੀ ਅੱਜ ਦੇ ਸਮਾਗਮ ਵਿੱਚ ਹਰ ਵਰਗ ਦੇ 800 ਦੇ ਕਰੀਬ ਮਹਿਮਾਨ ਸ਼ਾਮਲ ਹੋਏ । ਜਿਹਨਾਂ ਵਿੱਚ 20 ਦੇ ਕਰੀਬ ਸੰਸਦ ਮੈਂਬਰਾਂ ਤੋਂ ਇਲਾਵਾ ਲਾਰਡ, ਮੇਅਰ ਅਤੇ ਕੌਂਸਲਰ ਸ਼ਾਮਲ ਸਨ। ਮੁੱਖ ਤੌਰ ਤੇ ਰਾਜ ਗ੍ਰਹਿ ਮੰਤਰੀ ਸੀਮਾ ਮਲਹੋਤਰਾ, ਐਮ ਪੀ ਜੌਹਨ ਮੈਕਡਾਨਲ, ਸਾਬਕਾ ਲੰਡਨ ਅਸੈਂਬਲੀ ਮੈਂਬਰ ਡਾਃ ਉਂਕਾਰ ਸਿੰਘ ਸਹੋਤਾ, ਸਾਬਕਾ ਮੇਅਰ ਰਘਵਿੰਦਰ ਸਿੰਘ, ਕੌਂਸਲਰ ਰਾਜੂ ਸੰਸਾਰਪੁਰੀ, ਗੁਰਮਿੰਦਰ ਕੌਰ ਰੰਧਾਵਾ, ਸ਼ਿਵਦੀਪ ਕੌਰ ਢੇਸੀ ਆਦਿ ਹਾਜ਼ਰ ਸਨ।






ਸਾਬਕਾ ਐਮ ਪੀ ਵਰਿੰਦਰ ਸ਼ਰਮਾ ਦਾ ਸਨਮਾਨ ਕਰਦੇ ਹੋਏ ਸਿਹਤ ਮੰਤਰੀ ਵੇਸ ਸਟ੍ਰੀਟਿੰਗ ਐਮ ਪੀ, ਕੌਂਸਲ ਲੀਡਰ ਪੀਟਰ ਮੇਸਨ ਅਤੇ ਐਮ ਪੀ ਡੀਅਰਡਰੇ ਕੋਸਟੀਗਨ

# ਲੰਡਨ ਦੇ ਹੀਥਰੋ ਹਵਾਈ ਅੱਡੇ ਤੋਂ 18 ਘੰਟਿਆਂ ਬਾਅਦ ਉਡਾਣਾਂ ਮੁੜ ਸ਼ੁਰੂ ਹੋਈਆਂ



ਬਿਜਲੀ ਸਬਸਟੇਸ਼ਨ ਤੇ ਲੱਗੀ ਅੱਗ ਦੇ ਦ੍ਰਿਸ਼



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹੀਥਰੋ ਹਵਾਈ ਅੱਡੇ 'ਤੇ ਉਡਾਣ ਸੰਚਾਲਨ ਮੁੜ ਸ਼ੁਰੂ ਹੋਣ ਤੋਂ ਬਾਅਦ, ਪਹਿਲੀ ਉਡਾਣ ਸ਼ੁੱਕਰਵਾਰ ਦੇਰ ਸ਼ਾਮ ਨੂੰ ਉਤਰੀ। ਯੂਰਪ ਦੇ ਸਭ ਤੋਂ ਵਿਅਸਤ ਹਵਾਈ ਅੱਡੇ 'ਤੇ ਵੀਰਵਾਰ ਦੇਰ ਰਾਤ ਅੱਗ ਲੱਗਣ ਕਾਰਨ ਬਿਜਲੀ ਗੁੱਲ ਹੋ ਗਈ, ਜਿਸ ਕਾਰਨ ਹਜ਼ਾਰਾਂ ਯਾਤਰੀ ਫਸ ਗਏ ਅਤੇ ਹਵਾਈ ਯਾਤਰਾ ਵਿੱਚ ਵਿਘਨ ਪਿਆ।

ਲੰਡਨ ਦੇ ਹੀਥਰੋ ਹਵਾਈ ਅੱਡੇ ਤੋਂ ਬੀਤੀ ਦੇਰ ਰਾਤ ਨੂੰ 18 ਘੰਟਿਆਂ ਤੋਂ ਬਾਅਦ ਮੁੜ ਉਡਾਣਾਂ ਸ਼ੁਰੂ ਹੋਈਆਂ। ਹੀਥਰੋ ਹਵਾਈ ਅੱਡਾ ਪ੍ਰਸ਼ਾਸਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਸਦੀਆਂ ਟੀਮਾਂ ਨੇ ਵੀਰਵਾਰ ਰਾਤ ਨੂੰ ਨੇੜਲੇ ਸਬਸਟੇਸ਼ਨ ਵਿੱਚ ਭਿਆਨਕ ਅੱਗ ਲੱਗਣ ਤੋਂ ਬਾਅਦ ਹਵਾਈ ਅੱਡੇ ਨੂੰ ਪੂਰੀ ਤਰ੍ਹਾਂ ਬੰਦ ਕਰਨ ਲਈ ਮਜਬੂਰ ਹੋਣ ਤੋਂ ਬਾਅਦ ਸਥਿਤੀ ਨੂੰ ਬਹਾਲ ਕਰਨ ਲਈ ਅਣਥੱਕ ਮਿਹਨਤ ਕੀਤੀ। ਯਾਤਰੀਆਂ ਨੂੰ ਹਵਾਈ ਅੱਡੇ ਦਾ ਅਹਾਤਾ ਖਾਲੀ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ।

ਹੀਥਰੋ ਹਵਾਈ ਅੱਡੇ 'ਤੇ ਉਡਾਣ ਸੰਚਾਲਨ ਮੁੜ ਸ਼ੁਰੂ ਹੋਣ ਤੋਂ ਬਾਅਦ, ਪਹਿਲੀ ਉਡਾਣ ਸ਼ੁੱਕਰਵਾਰ ਸ਼ਾਮ ਨੂੰ ਉਤਰੀ ਅਤੇ ਸ਼ਨਿਚਰਵਾਰ ਨੂੰ ਹਵਾਈ ਅੱਡੇ 'ਤੇ ਆਮ ਵਾਂਗ ਪੂਰੀ ਤਰ੍ਹਾਂ ਕੰਮ ਸ਼ੁਰੂ ਹੋ ਗਿਆ। ਹੀਥਰੋ ਦੇ ਮੁੱਖ ਕਾਰਜਕਾਰੀ ਥਾਮਸ ਵੋਲਡਬੀ ਨੇ ਉਨ੍ਹਾਂ ਸਾਰਿਆਂ ਤੋਂ ਮੁਆਫੀ ਮੰਗੀ ਜਿਨ੍ਹਾਂ ਦੀ ਯਾਤਰਾ ਪ੍ਰਭਾਵਿਤ ਹੋਈ ਹੈ। ਯਾਤਰੀਆਂ ਨੂੰ ਹੋਈ ਅਸੁਵਿਧਾ ਲਈ ਉਨ੍ਹਾਂ ਅਫ਼ਸੋਸ ਪ੍ਰਗਟ ਕੀਤਾ।ਪੁਲਿਸ ਨੇ ਇਸ ਘਟਨਾ ਵਿੱਚ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਘਟਨਾ ਤੋਂ ਇਨਕਾਰ ਕੀਤਾ ਹੈ, ਹਾਲਾਂਕਿ ਜਾਂਚ ਅਜੇ ਵੀ ਜਾਰੀ ਹੈ। ਲੰਡਨ ਫਾਇਰ ਬ੍ਰਿਗੇਡ ਨੇ ਕਿਹਾ ਕਿ ਉਸਦੀ ਜਾਂਚ ਬਿਜਲੀ ਉਪਕਰਣਾਂ 'ਤੇ ਕੇਂਦ੍ਰਿਤ ਹੋਵੇਗੀ।

# ਵਿਸ਼ਵ ਦੇ ਖੁਸ਼ਹਾਲ ਦੇਸ਼ਾਂ ਦੀ ਸੂਚੀ 'ਚ ਫਿਨਲੈਂਡ ਪਹਿਲੇ ਅਤੇ ਭਾਰਤ 118ਵੇਂ ਸਥਾਨ 'ਤੇ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਸ਼ਵ ਦੇ ਖੁਸ਼ਹਾਲ ਦੇਸ਼ਾਂ ਦੀ ਜਾਰੀ 2025 ਸੂਚੀ ਵਿੱਚ ਭਾਰਤ 118ਵੇਂ ਸਥਾਨ 'ਤੇ ਹੈ, ਜੋ ਪਿਛਲੇ ਸਾਲ 126ਵੇਂ ਸਥਾਨ ਤੋਂ ਉੱਪਰ ਹੈ। ਹਰ ਸਾਲ 20 ਮਾਰਚ ਨੂੰ ਮਨਾਏ ਜਾਣ ਵਾਲੇ ਅੰਤਰਰਾਸ਼ਟਰੀ ਖੁਸ਼ਹਾਲ ਦਿਵਸ ਦੇ ਨਾਲ ਮੇਲ ਖਾਂਦੀ ਇਹ ਰਿਪੋਰਟ ਲੋਕਾਂ ਦੀ ਖੁਸ਼ੀ 'ਤੇ ਦੇਖਭਾਲ ਅਤੇ ਸਾਂਝਾ ਕਰਨ ਦੇ ਪ੍ਰਭਾਵ 'ਤੇ ਕੇਂਦ੍ਰਿਤ ਹੈ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਮਿਲ ਕੇ ਭੋਜਨ ਖਾਣ ਨਾਲ ਖੁਸ਼ੀਆਂ ਵਧਦੀਆਂ ਹਨ।**

ਫਿਨਲੈਂਡ ਨੂੰ ਲਗਾਤਾਰ ਅੱਠਵੇਂ ਸਾਲ ਦੁਨੀਆ ਦਾ ਸਭ ਤੋਂ ਖੁਸ਼ਹਾਲ ਦੇਸ਼ ਮੰਨਿਆ ਗਿਆ ਹੈ ਅਤੇ ਹੋਰ ਨੋਰਡਿਕ ਦੇਸ਼ - ਡੈਨਮਾਰਕ, ਆਈਸਲੈਂਡ ਅਤੇ ਸਵੀਡਨ - ਇਸ ਕ੍ਰਮ ਵਿੱਚ ਚੋਟੀ ਦੇ ਚਾਰ ਦੇਸ਼ ਬਣੇ ਹੋਏ ਹਨ। ਆਕਸਫੋਰਡ ਯੂਨੀਵਰਸਿਟੀ ਦੇ ਵੈਲਬੀਇੰਗ ਰਿਸਰਚ ਸੈਂਟਰ ਦੁਆਰਾ ਗੈਲਪ, ਸੰਯੁਕਤ ਰਾਸ਼ਟਰ ਸਸਟੇਨੇਬਲ ਡਿਵੈਲਪਮੈਂਟ ਸਲਿਊਸ਼ਨਜ਼ ਨੈੱਟਵਰਕ ਨਾਲ ਸਾਂਝੇਦਾਰੀ ਵਿੱਚ ਪ੍ਰਕਾਸ਼ਿਤ ਸਾਲਾਨਾ ਰਿਪੋਰਟ 2022-2024 ਦੇ ਸਾਲਾਂ ਦੌਰਾਨ ਔਸਤਨ ਸਰਵੇਖਣ ਕੀਤੇ ਗਏ ਲੋਕਾਂ ਦੁਆਰਾ ਸਵੈ-ਮੁਲਾਂਕਣ ਕੀਤੇ ਜੀਵਨ ਮੁਲਾਂਕਣਾਂ ਦੇ ਅਨੁਸਾਰ ਦੇਸ਼ਾਂ ਨੂੰ ਦਰਜਾ ਦਿੰਦੀ ਹੈ। ਰਿਪੋਰਟ ਵਿੱਚ ਕਿਹਾ ਕਿ ਗੈਲਪ ਵਰਲਡ ਪੋਲ ਦੁਆਰਾ ਕੀਤੇ ਗਏ ਸਰਵੇਖਣ ਵਿੱਚ ਦਾਨ ਕਰਨਾ, ਸਵੈ-ਇੱਛਾ ਨਾਲ ਕੰਮ ਕਰਨਾ ਅਤੇ ਅਜਨਬੀਆਂ ਦੀ ਮਦਦ ਕਰਨ ਦੇ ਸੱਭਿਆਚਾਰਕ ਅਤੇ ਸੰਸਥਾਗਤ ਅੰਤਰਾਂ ਦੇ ਅਧਾਰ ਤੇ ਅਧਾਰਿਤ ਦੇਸ਼ਾਂ ਦੀ ਦਰਜਾਬੰਦੀ ਕੀਤੀ ਗਈ ਹੈ।

ਭਾਰਤ 'ਉਦਾਰਤਾ ਦੇ ਛੇ ਮਾਪਾਂ ਲਈ ਦਰਜਾਬੰਦੀ' ਵਿੱਚ 118ਵੇਂ ਸਥਾਨ 'ਤੇ ਹੈ, ਜਿਸ ਵਿੱਚ ਦਾਨ ਕਰਨ ਦੇ ਢੰਗ ਸਬੰਧੀ 57ਵੇਂ ਸਥਾਨ 'ਤੇ ਸੂਚੀਬੱਧ ਹੈ, ਲੋਕਾਂ ਦੇ ਸਵੈ-ਇੱਛਤ ਕੰਮ ਕਰਨ ਲਈ 10ਵੇਂ ਸਥਾਨ 'ਤੇ, ਕਿਸੇ ਅਜਨਬੀ ਦੀ ਮਦਦ ਕਰਨ ਵਾਲਿਆਂ 'ਚ 74ਵੇਂ ਸਥਾਨ 'ਤੇ ਹੈ, ਇਸ ਤੋਂ ਇਲਾਵਾ ਕਿਸੇ ਗੁਆਂਢੀ ਨੂੰ ਬਟੂਆ ਵਾਪਿਸ ਕਰਨ ਦੇ ਮਾਮਲਿਆਂ ਵਿੱਚ 115, ਕਿਸੇ ਅਜਨਬੀ ਵੱਲੋਂ ਬਟੂਆ ਵਾਪਿਸ ਕਰਨ ਦੇ ਮਾਮਲੇ 'ਚ 86ਵੇਂ ਅਤੇ ਪੁਲਿਸ ਦੁਆਰਾ ਬਟੂਆ ਵਾਪਿਸ ਕਰਨ ਦੇ ਮਾਮਲੇ 'ਚ 93 ਵੇਂ ਸਥਾਨ 'ਤੇ ਹੈ।

ਭਾਰਤ ਦੇ ਆਂਢ-ਗੁਆਂਢ ਵਿੱਚ, ਅਫਗਾਨਿਸਤਾਨ ਨੂੰ ਫਿਰ ਦੁਨੀਆ ਦੇ ਸਭ ਤੋਂ ਵੱਧ ਨਾਖੁਸ਼ ਦੇਸ਼ ਵਜੋਂ ਦਰਜਾ ਦਿੱਤਾ ਗਿਆ ਹੈ, ਇਸ ਸਾਲ ਪਿਛਲੇ ਸਾਲ ਦੇ ਆਖਰੀ 143ਵੇਂ ਸਥਾਨ ਦੇ ਮੁਕਾਬਲੇ 147ਵੇਂ ਸਥਾਨ 'ਤੇ ਹੈ। ਜਦੋਂ ਕਿ ਬਰਤਾਨੀਆਂ 23ਵੇਂ, ਸੰਯੁਕਤ ਰਾਜ ਅਮਰੀਕਾ 24ਵੇਂ, ਨੇਪਾਲ 92ਵੇਂ ਅਤੇ ਪਾਕਿਸਤਾਨ 109ਵੇਂ ਸਥਾਨ ਤੇ ਹੈ। ਸ਼੍ਰੀਲੰਕਾ ਨੂੰ 133ਵਾਂ, ਬੰਗਲਾਦੇਸ਼ ਨੂੰ 134ਵਾਂ, ਚੀਨ 68ਵਾਂ, ਫਲਸਤੀਨ ਰਾਜ 108ਵਾਂ ਜਦੋਂ ਕਿ ਯੂਕਰੇਨ 111ਵੇਂ ਸਥਾਨ 'ਤੇ ਰਹੇ ਹਨ।

ਵਰਲਡ ਹੈਪੀਨੈਸ ਰਿਪੋਰਟ ਵੈੱਬਸਾਈਟ ਦੇ ਅਨੁਸਾਰ, ਸਾਲਾਨਾ ਰਿਪੋਰਟ ਅਤੇ ਖੁਸ਼ੀ ਖੋਜ ਵਿੱਚ ਵੱਧ ਰਹੀ ਦਿਲਚਸਪੀ "ਭੂਟਾਨ ਦੇ ਕਾਰਨ ਹੈ", ਜਿਸ ਵੱਲੋਂ 19 ਜੁਲਾਈ, 2011 ਨੂੰ ਸੰਯੁਕਤ ਰਾਸ਼ਟਰ ਵਿੱਚ ਲਿਆਂਦੇ ਮਤੇ ਤੋਂ ਬਾਅਦ ਹੀ ਪਹਿਲੀ ਵਿਸ਼ਵ ਖੁਸ਼ੀ ਰਿਪੋਰਟ 2012 ਵਿੱਚ ਜਾਰੀ ਕੀਤੀ ਗਈ ਸੀ। ਜੋ 20 ਮਾਰਚ ਨੂੰ ਅੰਤਰਰਾਸ਼ਟਰੀ ਖੁਸ਼ੀ ਦਿਵਸ ਵਜੋਂ ਮਨਾਉਂਦਿਆਂ ਵਿਸ਼ਵ ਖੁਸ਼ੀ ਰਿਪੋਰਟ ਹਰ ਸਾਲ ਜਾਰੀ ਕੀਤੀ ਜਾਂਦੀ ਹੈ। ਹਾਲਾਂਕਿ, ਭੂਟਾਨ ਇਸ ਸਾਲ ਦੀ ਵਿਸ਼ਵ ਖੁਸ਼ੀ ਰਿਪੋਰਟ ਵਿੱਚ 147 ਦੇਸ਼ਾਂ ਦੀ ਦਰਜਾਬੰਦੀ ਵਿੱਚ ਸ਼ਾਮਲ ਨਹੀਂ ਹੈ। ਇਸ ਸਾਲ ਦੀ ਰਿਪੋਰਟ ਲਈ ਵਿਧੀ ਦੀ ਵਿਆਖਿਆ ਕਰਦੇ ਹੋਏ, ਲੇਖਕਾਂ ਨੇ ਲਿਖਿਆ: "ਵਿਅਕਤੀਗਤ ਤੰਦਰੁਸਤੀ ਦਾ ਸਾਡਾ ਮਾਪ ਤਿੰਨ ਮੁੱਖ ਤੰਦਰੁਸਤੀ ਸੂਚਕਾਂ ਜੀਵਨ ਮੁਲਾਂਕਣ, ਸਕਾਰਾਤਮਕ ਭਾਵਨਾਵਾਂ ਅਤੇ ਨਕਾਰਾਤਮਕ ਭਾਵਨਾਵਾਂ 'ਤੇ ਨਿਰਭਰ ਕਰਦਾ ਹੈ। ਸਾਡੀ ਖੁਸ਼ੀ ਦਰਜਾਬੰਦੀ ਜੀਵਨ ਮੁਲਾਂਕਣਾਂ 'ਤੇ ਅਧਾਰਤ ਹੈ।

# ਕਿਸਾਨਾਂ ਦਾ ਸੰਘਰਸ਼, ਸਟੇਟ ਦਾ ਡੰਡਾ ਪੰਜਾਬ ਸਰਕਾਰ 'ਤੇ ਸਵਾਲ

**ਵਿਸ਼ੇਸ਼ ਰਿਪੋਟ**

## ✪ ਕੀ 'ਆਪ' ਅਤੇ ਭਾਜਪਾ ਕਾਰਪੋਰੇਟਾਂ ਲਈ ਇੱਕਜੁੱਟ ਨੇ ? ✪ ਕੀ ਇਹ ਦਮਨ ਕਿਸਾਨਾਂ ਨੂੰ ਚੁੱਪ ਕਰਵਾ ਦੇਵੇਗਾ, ਜਾਂ ਇਹ ਕਿਸਾਨਾਂ ਦੀ ਲੜਾਈ ਨੂੰ ਨਵੀਂ ਤਾਕਤ ਦੇਵੇਗਾ ?





ਪੰਜਾਬ ਵਿੱਚ ਕਿਸਾਨ ਵਿਰੋਧ ਦਾ ਇੱਕ ਨਵਾਂ ਤੂਫ਼ਾਨ ਉੱਠਿਆ ਹੈ। ਹਿਰਾਸਤ ਵਿੱਚ ਲਏ ਕਿਸਾਨ ਆਗੂਆਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ, ਜਦੋਂ ਕਿ ਸੰਯੁਕਤ ਕਿਸਾਨ ਮੋਰਚਾ ਦੇ ਸੰਗਠਨਾਂ ਨੇ ਭਾਜਪਾ ਅਤੇ 'ਆਪ' 'ਤੇ ਕਾਰਪੋਰੇਟ ਹਿੱਤਾਂ ਦੀ ਰਾਖੀ ਕਰਨ ਦੇ ਸਨਸਨੀਖੇਜ਼ ਦੋਸ਼ ਲਗਾਏ ਹਨ। ਇਹ ਦੋਸ਼ ਉਦੋਂ ਲਗਾਇਆ ਗਿਆ ਹੈ ਜਦੋਂ ਪੰਜਾਬ ਦੀ 'ਆਪ' ਸਰਕਾਰ ਨੇ ਹਾਲ ਹੀ ਵਿੱਚ ਕਿਸਾਨ ਆਗੂਆਂ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ। ਸੰਘਰਸ਼ ਨੂੰ ਸਟੇਟ ਦੇ ਡੰਡੇ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ। ਕਿਸਾਨਾਂ ਵਲੋਂ ਦੋਸ਼ ਲਗੇ ਕਿ ਉਨ੍ਹਾਂ ਦੀਆਂ ਗ੍ਰਿਫਤਾਰੀਆਂ ਬਾਅਦ ਉਨ੍ਹਾਂ ਦੇ ਕੈਂਪਾਂ ਵਿਚਲੇ ਸਮਾਨ ਦੀ ਲੁਟਮਾਰ ਹੋਈ ਹੈ।

ਕਿਸਾਨਾਂ ਦੇ ਬਣਾਏ ਸ਼ੈਡਾਂ ਨੂੰ ਬੁਲਡੋਜਰਾਂ ਦੇ ਨਾਲ ਤਹਿਸ ਨਹਿਸ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੇ ਕਈ ਟਰੈਕਟਰਾਂ ਨੂੰ ਜ਼ਬਤ ਕਰ ਲਿਆ ਗਿਆ ਸੀ। ਜਿਸ ਤੋਂ ਬਾਅਦ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਹੀ ਹੈ ਜਿਸ ਵਿੱਚ ਕਿਹਾ ਜਾ ਰਿਹਾ ਹੈ ਕਿ ਆਮ ਪਾਰਟੀ ਦਾ ਐਮ ਐਲਏ ਗੁਰਲਾਲ ਸਿੰਘ ਘਨੌਰ ਦੇ ਘਰੋਂ ਕਿਸਾਨਾਂ ਦੇ ਟਰੈਕਟਰ ਟਰਾਲੀਆਂ ਬਰਾਮਦ ਹੋਈਆਂ ਹਨ।

ਇਸ ਮਾਮਲੇ ਨੂੰ ਲੈ ਕੇ ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਾਹਿਰਾ ਨੇ ਪੰਜਾਬ ਸਰਕਾਰ ਅਤੇ ਗੁਰਲਾਲ ਸਿੰਘ ਘਨੌਰ 'ਤੇ ਨਿਸ਼ਾਨਾ ਸਾਧਦਿਆਂ ਖਹਿਰਾ ਨੇ ਕਿਹਾ ਸੀ ਕਿ ਮੈਂ ਭਗਵੰਤ ਮਾਨ ਅਤੇ ਡੀਜੀਪੀ ਪੰਜਾਬ ਪੁਲਿਸ ਨੂੰ ਬੇਨਤੀ ਕਰਦਾ ਹਾਂ ਕਿ ਉਹ ਕਿਸਾਨ ਅੰਦੋਲਨ ਤੋਂ ਕਿਸਾਨਾਂ ਦੇ ਟਰੈਕਟਰ-ਟਰਾਲੀਆਂ ਚੋਰੀ ਕਰਨ ਦੇ ਮਾਮਲੇ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਲਾਲ ਸਿੰਘ ਘਨੌਰ ਵਿਰੁੱਧ ਕੇਸ ਦਰਜ ਕਰਨ ਖ਼ਹਿਰਾ ਨੇ ਕਿਹਾ ਕਿ ਇਸ ਲਈ ਮੈਂ ਕਹਿੰਦਾ ਹਾਂ ਕਿ ਭਗਵੰਤ ਮਾਨ ਨੇ ਪੰਜਾਬ ਨੂੰ ਪੁਲਿਸ ਰਾਜ ਵਿੱਚ ਬਦਲ ਦਿੱਤਾ ਹੈ।

ਕਿਸਾਨਾਂ ਦਾ ਕਹਿਣਾ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਲਈ ਚੱਲ ਰਿਹਾ ਇਹ ਸੰਘਰਸ਼ ਹੁਣ ਸਿਰਫ਼ ਖੇਤਾਂ ਦੀ ਲੜਾਈ ਨਹੀਂ ਰਿਹਾ, ਸਗੋਂ ਸਰਕਾਰ ਅਤੇ ਕਿਰਤੀਆਂ ਵਿਚਕਾਰ ਜੰਗ ਬਣ ਗਿਆ ਹੈ।

ਇਥੇ ਜ਼ਿਕਰਯੋਗ ਹੈ ਕਿ 19 ਮਾਰਚ ਨੂੰ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਐਮਐਸਪੀ ਨੂੰ ਕਾਨੂੰਨੀ ਦਰਜਾ ਦੇਣ ਵਰਗੇ ਮੁੱਦਿਆਂ 'ਤੇ ਚਰਚਾ ਕਰਨ ਲਈ ਹੋਈ ਮੀਟਿੰਗ ਤੋਂ ਬਾਅਦ 28 ਕਿਸਾਨ ਆਗੂਆਂ ਦੀ ਗ੍ਰਿਫ਼ਤਾਰੀ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ।

ਸੰਯੁਕਤ ਕਿਸਾਨ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ ਤੇ ਗੈਰ-ਰਾਜਨੀਤਿਕ ਨੇ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ 'ਆਪ' ਸਰਕਾਰ 'ਤੇ ਕਾਰਪੋਰੇਟ ਹਿੱਤਾਂ ਦੀ ਰਾਖੀ ਲਈ ਇਕੱਠੇ ਹੋਣ ਦੇ ਗੰਭੀਰ ਦੋਸ਼ ਲਗਾਏ ਹਨ।

ਭਾਰਤੀ ਕਿਸਾਨ ਯੂਨੀਅਨ (ਏਕਤਾ-ਸਿੱਧੂਪੁਰ) ਦੇ ਬੁਲਾਰੇ ਗੁਰਦੀਪ ਸਿੰਘ ਚਾਹਲ ਅਨੁਸਾਰ ਡਲੇਵਾਲ, ਸਰਵਣ ਸਿੰਘ ਪੰਧੇਰ ਸਮੇਤ 28 ਆਗੂ ਪੁਲਿਸ ਹਿਰਾਸਤ ਵਿੱਚ ਭੁੱਖ ਹੜਤਾਲ 'ਤੇ ਹਨ।' ਜਿਵੇਂ ਹੀ ਉਹ ਚੰਡੀਗੜ੍ਹ ਤੋਂ ਪੰਜਾਬ ਵਿੱਚ ਦਾਖਲ ਹੋਇਆ, ਉਸਨੂੰ ਪੰਜਾਬ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ। ਸ਼ੰਭੂ ਬਾਰਡਰ 'ਤੇ ਕਿਸਾਨੀ ਕੈਂਪ ਨੂੰ ਬੁਲਡੋਜਰਾਂ ਨਾਲ ਪੂਰੀ ਤਰ੍ਹਾਂ ਢਾਹ ਦਿੱਤਾ ਗਿਆ। ਸੈਂਕੜੇ ਕਾਰਕੁਨ ਹਿਰਾਸਤ ਵਿੱਚ ਹਨ। ਇਸ ਦਮਨ ਨੂੰ ਬਸਤੀਵਾਦੀ ਦੌਰ ਨਾਲੋਂ ਵੀ ਵੱਧ ਬੇਰਹਿਮ ਦੱਸਦਿਆਂ, ਉਨ੍ਹਾਂ ਭਾਜਪਾ ਅਤੇ 'ਆਪ' 'ਤੇ ਕਿਸਾਨਾਂ ਵਿਰੁੱਧ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ।

ਸੰਯੁਕਤ ਕਿਸਾਨ ਮੋਰਚਾ-ਗੈਰ-ਰਾਜਨੀਤਿਕ ਅਤੇ ਕਿਸਾਨ ਮਜ਼ਦੂਰ ਮੋਰਚਾ, ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਬਸਪਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਗਿਆ ਹੈ ਕਿ ਮੀਟਿੰਗ ਲਈ ਬੁਲਾਏ ਗਏ ਆਗੂਆਂ ਨੂੰ ਗ੍ਰਿਫ਼ਤਾਰ ਕਰਨਾ ਸਰਕਾਰ ਦੇ ਵਿਸ਼ਵਾਸਘਾਤ ਦਾ ਸਬੂਤ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਨੇ ਕਿਹਾ, "ਮੁੱਖ ਮੰਤਰੀ ਭਗਵੰਤ ਮਾਨ ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲ ਕੇ ਗਏ ਹਨ।

ਬਾਕੀ ਹਿਸਾ ਸਫਾ 19 ਤੇ ਪੜ੍ਹੋ

## ਕਿਸਾਨ ਅੰਦੋਲਨ ਫੇਲ ਕਿਉਂ ਹੋਇਆ

ਹਰਿਆਣਾ ਦੀਆਂ ਕੁਝ ਕਿਸਾਨ ਜਥੇਬੰਦੀਆਂ ਬੇਸ਼ੱਕ ਇਸ ਅੰਦੋਲਨ ਵਿੱਚ ਨਾਲ ਸਨ ਪਰ ਉੱਤਰ ਪ੍ਰਦੇਸ਼, ਰਾਜਸਥਾਨ ਦੱਖਣੀ ਸੂਬਿਆਂ ਤੋਂ ਇਸ ਅੰਦੋਲਨ ਨੂੰ ਉਹ ਸਮਰਥਨ ਨਹੀਂ ਮਿਲਿਆ ਜੋ ਅੰਦੋਲਨ ਨੂੰ ਕਾਮਯਾਬ ਬਣਾਉਣ ਲਈ ਚਾਹੀਦਾ ਸੀ। ਇਹ ਲੱਗ ਰਿਹਾ ਸੀ ਜਿਵੇਂ ਪੰਜਾਬ ਦੇ ਕਿਸਾਨ ਹੀ ਐੱਮਐੱਸਪੀ ਮੰਗ ਰਹੇ ਹੋਣ।

ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਰਜਿੰਦਰ ਸਿੰਘ ਦੀਪ ਵਾਲਾ ਇਸ ਅੰਦੋਲਨ ਦਾ ਹਿੱਸਾ ਨਹੀਂ ਸਨ। ਪਰ ਉਹ ਸੰਯੁਕਤ ਕਿਸਾਨ ਮੋਰਚੇ ਦਾ ਹਿੱਸਾ ਰਹੇ ਹਨ। ਉਹ ਕਹਿੰਦੇ ਹਨ, "ਅਸੀਂ ਵੀ ਇਹੀ ਸਲਾਹ ਦਿੱਤੀ ਸੀ ਕਿ ਐੱਮਐੱਸਪੀ ਦੀ ਮੰਗ ਉਦੋਂ ਹੀ ਪੂਰੀ ਹੋਵੇਗੀ ਜਦੋਂ ਇਹ ਅੰਦੋਲਨ ਹੋਰ ਸੂਬਿਆਂ ਵਿੱਚ ਵੀ ਖੜ੍ਹਾ ਹੋਵੇਗਾ। ਰਜਿੰਦਰ ਸਿੰਘ ਦੀਪ ਵਾਲਾ ਇਹ ਵੀ ਕਹਿੰਦੇ ਹਨ ਕਿ ਪੰਜਾਬ ਸਰਕਾਰ ਦੀ ਇਸ ਕਾਰਵਾਈ ਨਾਲ ਅੰਦੋਲਨ ਖਤਮ ਨਹੀਂ ਹੋਇਆ, ਸਰਕਾਰ ਨੇ ਦਬਾਉਣ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ ਪਰ ਇਸਦਾ ਜਵਾਬ ਸਰਕਾਰ ਨੂੰ ਆਉਣ ਵਾਲੇ ਸਮੇਂ ਵਿੱਚ ਮਿਲ ਜਾਵੇਗਾ।"

ਕਿਸਾਨਾਂ ਦਾ ਧਰਨਾ ਖ਼ਤਮ ਹੋਣ ਪਿੱਛੇ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਕਹਿੰਦੇ ਹਨ ਕਿ "ਇਹ ਧਰਨਾ 13 ਮਹੀਨਿਆਂ ਤੋਂ ਚੱਲ ਰਿਹਾ ਸੀ, ਸ਼ੁਰੂਆਤੀ ਦਿਨਾਂ ਵਿੱਚ ਪੰਜਾਬ ਦੇ ਲੋਕ ਧਰਨੇ ਨਾਲ ਜੁੜੇ ਸਨ ਪਰ ਇਸ ਧਰਨੇ ਤੋਂ ਲੋਕ ਉਦੋਂ ਪਿੱਛੇ ਹਟੇ ਜਦੋਂ ਲੋਕਾਂ ਨੂੰ ਪ੍ਰੇਸ਼ਾਨੀ ਹੋਣ ਲੱਗੀ। ਰਸਤੇ ਬੰਦ ਹੋਣ ਕਰਕੇ ਆਮ ਲੋਕਾਂ ਦਾ ਸਮਰਥਨ ਕਿਸਾਨਾਂ ਨੂੰ ਮਿਲਣਾ ਘਟ ਗਿਆ। ਨੌਜਵਾਨ ਇਸ ਧਰਨੇ ਵਿੱਚ ਸ਼ਾਮਲ ਨਹੀਂ ਹੋ ਰਹੇ ਸਨ।"

ਕਿਸਾਨ ਆਗੂ ਤੇਜਵੀਰ ਸਿੰਘ ਕਹਿੰਦੇ ਹਨ, "ਪੰਜਾਬ ਸਰਕਾਰ ਦੁਹਾਈ ਦੇ ਰਹੀ ਹੈ ਕਿ ਵਪਾਰੀਆਂ ਨੂੰ ਘਾਟਾ ਪੈ ਰਿਹਾ ਸੀ ਇਸ ਕਰਕੇ ਅਸੀਂ ਇਹ ਕਾਰਵਾਈ ਕੀਤੀ। ਕਿਸਾਨਾਂ ਨੂੰ ਗੰਨੇ ਦਾ ਭਾਅ ਨਹੀਂ ਮਿਲ ਰਿਹਾ, ਪੰਜਾਬ ਦੇ ਕਿਸਾਨਾਂ ਨੂੰ ਹੋ ਰਹੇ ਕਰੋੜਾਂ ਦੇ ਘਾਟੇ ਬਾਰੇ ਪੰਜਾਬ ਸਰਕਾਰ ਕੀ ਕਰ ਰਹੀ ਹੈ। ਕਿਸਾਨ ਫਸਲਾਂ ਖਰਾਬ ਹੋਣ ਦਾ ਮੁਆਵਜ਼ਾ ਮੰਗ ਰਹੇ ਹਨ, ਕਿਸਾਨਾਂ ਦਾ ਇਹ ਘਾਟਾ ਪੰਜਾਬ ਸਰਕਾਰ ਕਦੋਂ ਪੂਰਾ ਕਰੇਗੀ।"

ਉਨ੍ਹਾਂ ਕਿਹਾ ਕਿ ਲੁਧਿਆਣਾ ਦੀ ਜਿਸ ਇੰਡਸਟਰੀ ਦਾ ਦੁੱਖ ਸਰਕਾਰ ਦੱਸ ਰਹੀ ਹੈ, ਉਹ ਇੰਡਸਟਰੀ ਬੁੱਢਾ ਨਾਲਾ ਪ੍ਰਦੂਸ਼ਿਤ ਕਰ ਰਹੀ ਹੈ, ਸਰਕਾਰ ਉਸ ਬਾਰੇ ਕਦੋਂ ਐਕਸ਼ਨ ਲਵੇਗੀ। ਇਹ ਇੰਡਸਟਰੀ ਤਾਂ ਸਾਡੀਆਂ ਫਸਲਾਂ ਤੇ ਸਾਰੇ ਪੰਜਾਬ ਨੂੰ ਬਿਮਾਰ ਕਰ ਰਹੀ ਹੈ।

ਤੇਜਵੀਰ ਸਿੰਘ ਕਿਸਾਨਾਂ ਦੇ ਟੈਂਟ, ਟ੍ਰੈਕਟਰ-ਟਰਾਲੀਆਂ ਨੂੰ ਜ਼ਬਰਦਸਤੀ ਹਟਾਉਣ ਦੀ ਕਾਰਵਾਈ ਦਾ ਵਿਰੋਧ ਕਰਦੇ ਕਹਿੰਦੇ ਹਨ, "ਸੜਕਾਂ ਹਰਿਆਣਾ ਸਰਕਾਰ ਨੇ ਰੋਕੀਆਂ ਸਨ, ਜੇ ਬੁਲਡੋਜ਼ਰ ਚਲਾਉਣਾ ਸੀ ਤਾਂ ਉਹ ਹਰਿਆਣਾ ਵੱਲੋਂ ਕੀਤੀਆਂ ਕੰਧਾਂ ਉੱਤੇ ਚੱਲਣਾ ਚਾਹੀਦਾ ਸੀ ਨਾ ਕਿ ਕਿਸਾਨਾਂ ਦੇ ਟੈਂਟਾਂ ਤੋੜਨੇ ਚਾਹੀਦੇ ਸਨ।"

ਪੰਜਾਬ ਦੇ ਸੀਨੀਅਰ ਪੱਤਰਕਾਰ ਹਮੀਰ ਸਿੰਘ ਕਹਿੰਦੇ ਹਨ, "ਇਸ ਐਕਸ਼ਨ ਪਿੱਛੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਇੱਕ ਵੱਡਾ ਕਾਰਨ ਹੈ। ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਦੀਆਂ ਨਜ਼ਰਾਂ ਪੰਜਾਬ ਉੱਤੇ ਹਨ। ਪੰਜਾਬ ਵਿੱਚ ਜ਼ਿਮਨੀ ਚੋਣ ਜਿੱਤਣਾ ਅਰਵਿੰਦ ਕੇਜਰੀਵਾਲ ਹੋਰਾਂ ਲਈ ਬਹੁਤ ਜ਼ਰੂਰੀ ਹੈ। ਉਹਨਾਂ ਦਾ ਉਮੀਦਵਾਰ ਜ਼ਿਮਨੀ ਚੋਣ ਜਿੱਤੇਗਾ ਤਾਂ ਉਹ ਰਾਜ ਸਭਾ ਵਿੱਚ ਜਾਣਗੇ।

ਹਮੀਰ ਸਿੰਘ ਅੱਗੇ ਕਹਿੰਦੇ ਹਨ, "ਲੁਧਿਆਣਾ ਪੱਛਮੀ ਨਿਰੋਲ ਸ਼ਹਿਰੀ ਸੀਟ ਹੈ। ਜਿੱਥੇ ਵਪਾਰੀ ਵਰਗ ਜ਼ਿਆਦਾ ਹੈ, ਇਸ ਲਈ ਵਪਾਰੀ ਵਰਗ ਨੂੰ ਖੁਸ਼ ਕਰਨ ਲਈ ਆਮ ਆਦਮੀ ਪਾਰਟੀ ਹੀ ਦਲੀਲ ਦੇ ਰਹੀ ਹੈ ਕਿ ਅਸੀਂ ਵਪਾਰੀਆਂ ਦੀ ਪ੍ਰੇਸ਼ਾਨੀ ਨੂੰ ਖਤਮ ਕਰਨ ਲਈ ਇਹ ਬਾਰਡਰ ਖੁਲਵਾਏ ਹਨ। ਹਮੀਰ ਸਿੰਘ ਕਹਿੰਦੇ ਹਨ, "ਕਿਸਾਨਾਂ ਖਿਲਾਫ ਇਸ ਐਕਸ਼ਨ ਨਾਲ ਭਾਵੇਂ ਆਮ ਆਦਮੀ ਪਾਰਟੀ ਨੂੰ ਲੁਧਿਆਣਾ ਵਿੱਚ ਫਾਇਦਾ ਹੋਵੇ ਪਰ ਇਸਦਾ ਨੁਕਸਾਨ ਲੰਮੇ ਸਮੇਂ ਤੱਕ ਆਮ ਆਦਮੀ ਪਾਰਟੀ ਨੂੰ ਭੁਗਤਣਾ ਪਵੇਗਾ।"

ਪ੍ਰੋਫੈਸਰ ਮਨਜੀਤ ਸਿੰਘ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਹਨ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਅਜਿਹੇ ਸਰਕਾਰੀ ਐਕਸ਼ਨਾਂ ਦੇ ਨਤੀਜੇ ਯੂਪੀ ਤੋਂ ਬਿਲਕੁਲ ਉਲਟ ਸਾਬਤ ਹੋਣਗੇ।

ਪੰਜਾਬ ਵਿੱਚ ਸਿੱਖ ਅਬਾਦੀ ਜ਼ਿਆਦਾ ਹੈ, ਧਰਨਾ ਦੇ ਰਹੇ ਕਿਸਾਨ ਵੀ ਜੱਟ ਸਿੱਖ ਹੀ ਹਨ। ਭਗਵੰਤ ਮਾਨ ਉਹਨਾਂ ਨੂੰ ਨਾਰਾਜ਼ ਕਰਕੇ ਬਹੁਤ ਭਾਰੀ ਗਲਤੀ ਕਰ ਰਹੇ ਹਨ। ਭਗਵੰਤ ਮਾਨ ਬਸ ਇੱਕ ਮੋਹਰਾ ਬਣ ਕੇ ਚਲ ਰਹੇ ਹਨ।

18 ਸਫ਼ੇ ਦੀ ਬਾਕੀ

ਉਸ ਤੋਂ ਬਾਅਦ ਅਮਿਤ ਸ਼ਾਹ ਦੀਆਂ ਨੀਤੀਆਂ ਤਹਿਤ ਕਿਸਾਨਾਂ ਖਿਲਾਫ ਐਕਸ਼ਨ ਕੀਤਾ ਗਿਆ। ਅੱਜ ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਭਗਵੰਤ ਮਾਨ ਨੇ ਕੇਂਦਰ ਅੱਗੇ ਗੋਡੇ ਟੇਕ ਦਿੱਤੇ ਹਨ।''

ਦੂਜੇ ਪਾਸੇ ਪੰਜਾਬ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਪੰਜਾਬ ਪੁਲਿਸ ਦੀ ਕਾਰਵਾਈ ਨੂੰ ਸਹੀ ਠਹਿਰਾਉਂਦਿਆਂ ਕਿਹਾ ਕਿ ਸੜਕ ਦੇ ਬੰਦ ਹੋਣ ਕਾਰਨ ਪੰਜਾਬ ਦਾ ਨੁਕਸਾਨ ਹੋ ਰਿਹਾ ਸੀ। ਉਨ੍ਹਾਂ ਕਿਹਾ ਕਿ ਬਾਰਡਰ ਦਾ ਬੰਦ ਹੋਣਾ, ਕਾਰੋਬਰ ਦੇ ਰਾਹ ਬੰਦ ਕਰਦੇ ਹੋਏ ਵਿੱਤੀ ਢਾਹ ਲਗਾ ਰਿਹਾ ਸੀ।

ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਇਹ ਘਟਨਾ ਸਿਰਫ਼ ਗ੍ਰਿਫ਼ਤਾਰੀਆਂ ਦੀ ਕਹਾਣੀ ਨਹੀਂ ਹੈ, ਸਗੋਂ ਇਹ ਸੱਤਾ ਅਤੇ ਕਾਰਪੋਰੇਟ ਤਾਕਤਾਂ ਵਿਚਕਾਰ ਡੂੰਘੇ ਗੱਠਜੋੜ ਨੂੰ ਉਜਾਗਰ ਕਰਦੀ ਹੈ। ਐਮਐਸਪੀ ਨੂੰ ਕਾਨੂੰਨੀ ਦਰਜਾ ਕਿਸਾਨਾਂ ਦੀ ਰੋਜ਼ੀ-ਰੋਟੀ ਦੀ ਗਰੰਟੀ ਦਿੰਦਾ ਹੈ, ਪਰ ਇਹ ਕਾਰਪੋਰੇਟ ਮੁਨਾਫ਼ਿਆਂ ਲਈ ਖ਼ਤਰਾ ਪੈਦਾ ਕਰਦਾ ਹੈ।

ਭਾਜਪਾ ਅਤੇ 'ਆਪ', ਜੋ ਰਾਜਨੀਤਿਕ ਮੰਚਾਂ 'ਤੇ ਇੱਕ ਦੂਜੇ ਦੇ ਵਿਰੁੱਧ ਜਾਪਦੇ ਹਨ, ਇਸ ਮੁੱਦੇ 'ਤੇ ਇੱਕੋ ਹੀ ਧੜੇ ਵਿੱਚ ਜਾਪਦੇ ਹਨ। ਸ਼ੰਭੂ ਸਰਹੱਦ 'ਤੇ ਵਿਰੋਧ ਸਥਾਨ ਨੂੰ ਢਾਹੁਣਾ ਅਤੇ ਆਗੂਆਂ ਵੱਲੋਂ ਭੁੱਖ ਹੜਤਾਲ ਸੱਤਾ ਦੇ ਚਿਹਰੇ ਨੂੰ ਬੇਨਕਾਬ ਕਰਦੀ ਹੈ ਜੋ ਲੋਕਤੰਤਰ ਦੇ ਨਾਮ 'ਤੇ ਕਾਰਪੋਰੇਟਾਂ ਨੂੰ ਉਤਸ਼ਾਹਿਤ ਕਰ ਰਹੀ ਹੈ।

## ਜ਼ਰੂਰੀ ਸੂਚਨਾ

ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜਿੰਮੇਵਾਰ ਨਹੀਂ ਹੈ।
ਵੱਲੋਂ - ਸੰਪਾਦਕ ਪੰਜਾਬ ਟਾਈਮਜ਼ ਡਰਬੀ

## ਕਿਸਾਨ ਅੰਦੋਲਨ ਕਾਰਨ ਪੰਜਾਬ ਨੂੰ ਹੋਇਆ 20 ਹਜ਼ਾਰ ਕਰੋੜ ਦਾ ਨੁਕਸਾਨ

ਦੈਨਿਕ ਭਾਸਕਰ ਦੀ ਖ਼ਬਰ ਦੇ ਮੁਤਾਬਕ ਸੂਬੇ ਦੇ ਉਦਯੋਗ ਨੂੰ 13 ਮਹੀਨਿਆਂ ਵਿੱਚ ਲਗਭਗ 20 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਵਪਾਰੀਆਂ ਦਾ ਤਾਂ ਇੱਥੋਂ ਤੱਕ ਕਹਿਣਾ ਹੈ ਕਿ ਕਿਸਾਨ ਅੰਦੋਲਨ ਪਹਿਲੀ ਵਾਰ ਸਾਲ 2020 ਵਿੱਚ ਸ਼ੁਰੂ ਹੋਇਆ ਸੀ ਅਤੇ ਉਦੋਂ ਤੋਂ, ਪੰਜਾਬ ਵਿੱਚ ਉਦਯੋਗ ਸਥਿਰ ਨਹੀਂ ਹੋ ਸਕਿਆ ਹੈ।

ਬਹੁਤ ਸਾਰੇ ਕਾਰੋਬਾਰੀਆਂ ਨੇ ਪੰਜਾਬ ਵਿੱਚ ਸਭ ਕੁਝ ਪੈਕ ਕੀਤਾ ਅਤੇ ਹਰਿਆਣਾ ਅਤੇ ਹੋਰ ਰਾਜਾਂ ਵਿੱਚ ਚਲੇ ਗਏ। ਉਨ੍ਹਾਂ ਦਾ ਅੰਦਾਜ਼ਾ ਹੈ ਕਿ ਪਿਛਲੇ ਦੋ-ਤਿੰਨ ਸਾਲਾਂ ਵਿੱਚ ਹਰਿਆਣਾ ਦਾ ਕਾਰੋਬਾਰ ਚਾਰ ਗੁਣਾ ਵਧਿਆ ਹੈ। ਹੁਣ ਦੋਵੇਂ ਸਰਹੱਦਾਂ ਖੁੱਲ੍ਹਣ ਨਾਲ, ਉਮੀਦ ਹੈ ਕਿ ਪੰਜਾਬ ਵਿੱਚ ਵਪਾਰਕ ਗਤੀਵਿਧੀਆਂ ਫਿਰ ਤੋਂ ਤੇਜ਼ ਹੋਣਗੀਆਂ।

# ਲੁਧਿਆਣਾ ਦੇ ਵੱਡੇ ਪ੍ਰਾਪਰਟੀ ਕਾਰੋਬਾਰੀ ਨਾਲ ਸਾਢੇ 7 ਕਰੋੜ ਦੀ ਮਾਰੀ ਠੱਗੀ

**✪ ਔਰਤਾਂ ਸਮੇਤ ਕੁੱਲ 10 ਖ਼ਿਲਾਫ਼ ਕੇਸ ਹੋਇਆ ਦਰਜ**

ਲੁਧਿਆਣਾ-ਲੁਧਿਆਣਾ ਦੇ ਸਾਊਥ ਸਿਟੀ ਇਲਾਕੇ ਦੇ ਵੱਡੇ ਪ੍ਰਾਪਰਟੀ ਕਾਰੋਬਾਰੀ ਪ੍ਰਦੀਪ ਅਗਰਵਾਲ ਨਾਲ ਸਾਢੇ 7 ਕਰੋੜ ਦੀ ਠੱਗੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਕੇਸ ਵਿੱਚ ਲੁਧਿਆਣਾ ਪੁਲਿਸ ਨੇ ਪੜਤਾਲ ਤੋਂ ਬਾਅਦ ਸੈਕਟਰ 28 ਡੀ ਚੰਡੀਗੜ੍ਹ ਦੇ ਰਹਿਣ ਵਾਲੇ ਮੀਤ ਇੰਦਰ ਸਿੰਘ ਮਾਨ, ਦਲਜੀਤ ਸਿੰਘ, ਕਸਤੂਰੀ ਲਾਲ, ਹਰਮੀਤ ਸਿੰਘ, ਰਾਜਵੰਤ ਕੌਰ, ਕੁਲਦੀਪ ਕੌਰ, ਸੁਰਿੰਦਰ ਕੌਰ, ਹਰਦੀਪ ਕੌਰ, ਮਨਜੀਤ ਕੌਰ ਤੇ ਗੁਰਦੀਪ ਕੌਰ ਖ਼ਿਲਾਫ਼ ਅਮਾਨਤ ਵਿੱਚ ਖ਼ਿਆਨਤ, ਧੋਖਾਧੜੀ ਤੇ ਅਪਰਾਧਿਕ ਸਾਜ਼ਿਸ਼ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ।



ਜਾਣਕਾਰੀ ਦਿੰਦਿਆਂ ਥਾਣਾ ਸਰਾਭਾ ਨਗਰ ਦੀ ਪੁਲਿਸ ਨੇ ਦੱਸਿਆ ਪ੍ਰਦੀਪ ਅਗਰਵਾਲ ਨੇ ਕੁਝ ਮਹੀਨੇ ਪਹਿਲੋਂ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਦਰਜ ਕਰਵਾਈ ਸੀ ਕਿ ਸਾਰੇ ਮੁਲਜਮਾਂ ਨੇ ਆਪਸ ਵਿੱਚ ਮਿਲੀ ਭੁਗਤ ਕਰਕੇ ਮੁਲਜ਼ਮ ਦਲਜੀਤ ਸਿੰਘ ਦੀ ਜਮੀਨ ਦਵਾਉਣ ਦੀ ਗੱਲ ਕਹਿ ਕੇ ਉਨ੍ਹਾਂ ਪਾਸੋਂ 7 ਕਰੋੜ 61 ਲੱਖ ਰੁਪਏ ਦੀ ਰਕਮ ਹਾਸਲ ਕਰ ਲਈ ਸੀ । ਰਕਮ ਲੈਣ ਤੋਂ ਬਾਅਦ ਮੁਲਜ਼ਮਾਂ ਨੇ ਜਮੀਨ ਦੀ ਰਜਿਸਟਰੀ ਨਹੀਂ ਕਰਵਾਈ। ਸ਼ਿਕਾਇਤ ਮਿਲਣ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੇ ਮਾਮਲੇ ਦੀ ਡੂੰਘਾਈ ਨਾਲ ਤਫਤੀਸ਼ ਕੀਤੀ ਤੇ 10 ਮੁਲਜ਼ਮਾਂ ਖ਼ਿਲਾਫ਼ ਥਾਣਾ ਸਰਾਭਾ ਨਗਰ ਦੀ ਪੁਲਿਸ ਨੂੰ ਮੁਕੱਦਮਾ ਦਰਜ ਕਰਨ ਦੇ ਆਦੇਸ਼ ਦਿੱਤੇ।

ਇਸ ਮਾਮਲੇ ਵਿੱਚ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਨਾਮਜਦ ਕੀਤੇ ਗਏ ਮੁਲਜ਼ਮਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਗਈ ਹੈ ਜਲਦੀ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਕੈਨੇਡਾ ਨੇ ਭਾਰਤ ਉਪਰ ਲਗਾਏ ਦੋਸ਼ ਕਿ ਭਾਰਤ ਤੋਂ ਸਾਨੂੰ ਖ਼ਤਰਾ



**✪ ਚੋਣਾਂ ਵਿਚ ਦੇ ਸਕਦਾ ਹਨ ਦਖਲ ✪ ਖੁਫੀਆ ਅਫਸਰ ਨੇ ਕਿਹਾ ਕਿ ਵਿਰੋਧੀ ਚੋਣਾਂ ਵਿੱਚ ਦਖਲ ਦੇਣ ਲਈ ਏਐਲ ਦਾ ਵੱਧ ਤੋਂ ਵੱਧ ਫਾਇਦਾ ਉਠਾ ਚੁੱਕ ਰਹੇ ਨੇ**

ਟਰਾਂਟੋ-ਕੈਨੇਡਾ ਵਿੱਚ ਪ੍ਰਧਾਨ ਮੰਤਰੀ ਬਦਲ ਗਿਆ ਪਰ ਭਾਰਤ ਨਾਲ ਥਣਾਅ ਅੱਜ ਵੀ ਜਾਰੀ ਹੈ। ਹੁਣ ਕੈਨੇਡਾ ਨੇ ਫਿਰ ਭਾਰਤ 'ਤੇ ਦੋਸ਼ ਲਗਾਏ ਹਨ। ਕੈਨੇਡਾ ਦੀ ਖੁਫੀਆ ਏਜੰਸੀ ਨੇ ਕਿਹਾ ਕਿ ਭਾਰਤ ਤੇ ਚੀਨ ਉਸ ਦੀਆਂ ਆਉਣ ਵਾਲੀਆਂ ਆਮ ਚੋਣਾਂ ਵਿੱਚ ਦਖਲ ਦੇਣ ਦੀ ਕੋਸ਼ਿਸ਼ ਕਰ ਸਕਦੇ ਹਨ। 28 ਅਪ੍ਰੈਲ ਦੀਆਂ ਚੋਣਾਂ 'ਤੇ ਇੱਕ ਪ੍ਰੈਸ ਕਾਨਫਰੰਸ ਵਿੱਚ ਕੈਨੇਡੀਅਨ ਸੁਰੱਖਿਆ ਖੁਫੀਆ ਸੇਵਾ ਦੇ ਡਿਪਟੀ ਡਾਇਰੈਕਟਰ ਆਫ਼ ਓਪਰੇਸ਼ਨਜ਼ ਵੈਨੇਸਾ ਲੋਇਡ ਨੇ ਕਿਹਾ ਕਿ ਕੁਝ ਵਿਰੋਧੀ ਚੋਣਾਂ ਵਿੱਚ ਦਖਲ ਦੇਣ ਲਈ ਏਐਲ ਦਾ ਵੱਧ ਤੋਂ ਵੱਧ ਫਾਇਦਾ ਉਠਾ ਚੁੱਕ ਰਹੇ ਹਨ, ਇੱਕ ਅਜਿਹੀ ਚਾਲ ਜਿਸ ਦਾ ਜ਼ਿਕਰ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵੀ ਕੀਤਾ।

ਵੈਨੇਸਾ ਲੋਇਡ ਨੇ ਕਿਹਾ ਕਿ ਇਸ ਗੱਲ ਦੀ ਬਹੁਤ ਸੰਭਾਵਨਾ ਹੈ ਕਿ ਪੀਆਰਸੀ ਇਸ ਮੌਜੂਦਾ ਚੋਣ ਵਿੱਚ ਕੈਨੇਡਾ ਦੀ ਲੋਕਤੰਤਰੀ ਪ੍ਰਕਿਰਿਆ ਵਿੱਚ ਦਖਲ ਦੇਣ ਲਈ ਏਆਈ-ਸਮਰੱਥ ਸਾਧਨਾਂ ਦੀ ਵਰਤੋਂ ਕਰੇਗਾ। ਲੋਇਡ ਨੇ ਅੱਗੇ ਕਿਹਾ ਕਿ ਚੀਨ ਆਪਣੇ ਹਿੱਤਾਂ ਦੇ ਅਨੁਕੂਲ ਵੱਖ-ਵੱਖ ਬਿਰਤਾਂਤਾਂ ਨੂੰ ਉਤਸ਼ਾਹਿਤ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰ ਸਕਦਾ ਹੈ। ਲੋਇਡ ਨੇ ਅੱਗੇ ਕਿਹਾ ਕਿ ਚੀਨ ਧੋਖੇਬਾਜ਼ ਤਰੀਕਿਆਂ ਦੀ ਵਰਤੋਂ ਕਰਕੇ ਕੈਨੇਡਾ ਵਿੱਚ ਚੀਨੀ ਨਸਲੀ, ਸੱਭਿਆਚਾਰਕ ਤੇ ਧਾਰਮਿਕ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਂਦਾ ਹੈ।

ਲੋਇਡ ਨੇ ਭਾਰਤ 'ਤੇ ਚੋਣਾਂ ਵਿੱਚ ਦਖਲ ਦੇਣ ਦਾ ਵੀ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਅਸੀਂ ਇਹ ਵੀ ਦੇਖਿਆ ਹੈ ਕਿ ਭਾਰਤ ਸਰਕਾਰ ਕੋਲ ਆਪਣਾ ਭੂ-ਰਾਜਨੀਤਿਕ ਪ੍ਰਭਾਵ ਸਥਾਪਤ ਕਰਨ ਲਈ ਕੈਨੇਡੀਅਨ ਭਾਈਚਾਰਿਆਂ ਤੇ ਲੋਕਤੰਤਰੀ ਪ੍ਰਕਿਰਿਆਵਾਂ ਵਿੱਚ ਦਖਲ ਦੇਣ ਦਾ ਇਰਾਦਾ ਤੇ ਯੋਗਤਾ ਦੋਵੇਂ ਹਨ।

ਇਥੇ ਜ਼ਿਕਰਯੋਗ ਹੈ ਕਿ ਜਨਵਰੀ ਵਿੱਚ ਭਾਰਤ ਨੇ ਓਟਾਵਾ ਚੋਣਾਂ ਵਿੱਚ ਕੁਝ ਵਿਦੇਸ਼ੀ ਸਰਕਾਰਾਂ ਦੁਆਰਾ ਦਖਲਅੰਦਾਜ਼ੀ ਦੇ ਇੱਕ ਕੈਨੇਡੀਅਨ ਕਮਿਸ਼ਨ ਦੀ ਰਿਪੋਰਟ ਦੁਆਰਾ ਲਗਾਏ ਗਏ ਦੋਸ਼ਾਂ ਨੂੰ ਰੱਦ ਕਰ ਦਿੱਤਾ। ਵਿਦੇਸ਼ ਮੰਤਰਾਲੇ ਨੇ ਵੀ ਇੱਕ ਬਿਆਨ ਵਿੱਚ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਕੈਨੇਡਾ ਦਖਲਅੰਦਾਜ਼ੀ 'ਤੇ ਜਵਾਬੀ ਹਮਲਾ ਕੀਤਾ ਸੀ।

## ਕੋਲਡ ਡਰਿੰਕ 'ਚ ਨਸ਼ਾ ਮਿਲਾ ਕੇ ਕੀਤਾ ਬਲਾਤਕਾਰ, ਫਿਰ ਕਰਵਾਇਆ ਗਰਭਪਾਤ, ਪਰਚਾ ਦਰਜ




ਜ਼ੀਰਕਪੁਰ-ਫਾਈਨਾਂਸ ਕੰਪਨੀ 'ਚ ਨਾਲ ਕੰਮ ਕਰਨ ਵਾਲੀ ਕੁੜੀ ਨੂੰ ਵਿਆਹ ਦਾ ਝਾਂਸਾ ਦੇ ਕੇ ਨੌਜਵਾਨ ਨੇ ਕੋਲਡ ਡਰਿੰਕ ਵਿਚ ਨਸ਼ੀਲੀ ਦਵਾਈ ਪਿਲਾ ਕੇ ਬਲਾਤਕਾਰ ਕੀਤਾ। ਜਦੋਂ ਉਹ ਗਰਭਵਤੀ ਹੋਈ ਤਾਂ ਉਸ ਨੇ ਉਸ ਨੂੰ ਦਵਾਈ ਦੇ ਕੇ ਗਰਭਪਾਤ ਕਰਵਾ ਦਿੱਤਾ। ਇਸ ਮਾਮਲੇ ਵਿਚ ਬਲਟਾਣਾ ਪੁਲਸ ਨੇ ਪਰਚਾ ਦਰਜ ਕਰ ਲਿਆ ਹੈ। ਫਿਲਹਾਲ ਮੁਲਜ਼ਮ ਪੁਲਸ ਦੀ ਪਹੁੰਚ ਤੋਂ ਬਾਹਰ ਦੱਸਿਆ ਜਾਂਦਾ ਹੈ। ਪੁਲਸ ਮੁਤਾਬਕ ਬੀ. ਬੀ. ਏ. ਕਰ ਰਹੀ ਨੰਗਲ ਡੈਮ ਦੀ ਕੁੜੀ ਫਾਈਨਾਂਸ ਕੰਪਨੀ' ਵਿਚ ਕੰਮ ਕਰ ਰਹੀ ਹੈ। ਉਸ ਨਾਲ ਮੁਲਜ਼ਮ ਵੀ ਕੰਮ ਕਰਦਾ ਸੀ। ਮੁਲਜ਼ਮ ਨੇ ਉਸ ਨਾਲ ਵਿਆਹ ਕਰਵਾਉਣ ਦੀ ਇੱਛਾ ਜ਼ਾਹਰ ਕੀਤੀ ਤੇ ਸਤੰਬਰ 2024 ਵਿਚ ਉਸ ਨੂੰ ਰਵਿੰਦਰਾ ਇਨਕਲੇਵ ਵਿਖੇ ਘਰ ਲੈ ਗਿਆ ਤੇ ਕੋਲਡ ਡਰਿੰਕ ਵਿਚ ਨਸ਼ੀਲੀ ਦਵਾਈ ਮਿਲਾ ਕੇ ਉਸ ਨਾਲ ਜਬਰ-ਜ਼ਿਨਾਹ ਕੀਤਾ। ਮੁਲਜ਼ਮ ਵੱਲੋਂ ਵਿਆਹ ਦਾ ਵਾਅਦਾ ਕਰਨ ਕਰ ਕੇ ਉਹ ਚੁੱਪ ਰਹੀ। ਇਸ ਤੋਂ ਬਾਅਦ ਅਕਤੂਬਰ 2024 'ਚ ਫਿਰ ਉਸ ਨੇ ਦੁਬਾਰਾ ਜਬਰ-ਜ਼ਿਨਾਹ ਕੀਤਾ। ਇਸ ਤੋਂ ਬਾਅਦ ਪਤਾ ਲੱਗਾ ਕਿ ਉਹ ਗਰਭਵਤੀ ਹੋ ਗਈ।ਉਸ ਨੇ ਮੁਲਜ਼ਮ ਨਾਲ ਗੱਲ ਕੀਤੀ ਤਾਂ ਉਸ ਨੇ ਮੈਗੀ 'ਚ ਦਵਾਈ ਮਿਲਾ ਕੇ ਉਸ ਦਾ ਗਰਭਪਾਤ ਕਰਵਾ ਦਿੱਤਾ। ਇਸ ਨਾਲ ਉਸ ਦੀ ਸਿਹਤ ਵਿਗੜ ਗਈ ਅਤੇ ਸੈਕਟਰ-16 ਹਸਪਤਾਲ 'ਚ ਉਸ ਨੂੰ ਦਾਖ਼ਲ ਹੋਣਾ ਪਿਆ। ਇਸ ਤੋਂ ਬਾਅਦ ਮੁਲਜ਼ਮ ਨੇ ਉਸ ਨਾਲ ਗੱਲਬਾਤ ਬੰਦ ਕਰ ਦਿੱਤੀ। ਫਿਰ ਪੀੜਤਾ ਨੇ ਮੁਲਜ਼ਮ ਖ਼ਿਲਾਫ਼ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ। ਪੁਲਸ ਨੇ ਮੁਲਜ਼ਮ ਖ਼ਿਲਾਫ਼ ਪਰਚਾ ਦਰਜ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਕੈਨੇਡਾ ਵਿੱਚ ਸੰਸਦੀ ਚੋਣਾਂ 28 ਅਪਰੈਲ ਨੂੰ ਹੋਣਗੀਆਂ

## ✪ ਚੋਣਾਂ ਦੇ ਐਲਾਨ ਮਗਰੋਂ ਦੇਸ਼ ਵਿਚ ਸਿਆਸੀ ਹਲਚਲ ਤੇਜ਼ ✪ ਸਰਵੇਖਣਾਂ ਅਨੁਸਾਰ ਲਿਬਰਲ ਕੰਜ਼ਰਵੇਟਿਵਾਂ ਨੂੰ ਦੇ ਰਹੇ ਨੇ ਮਾਤ

ਵੈਨਕੂਵਰ-ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੇ ਨੇ ਦੇਸ਼ ਵਿੱਚ 28 ਅਪਰੈਲ ਨੂੰ ਸੰਸਦੀ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮਾਰਕ ਕਾਰਨੇ ਨੇ ਗਵਰਨਰ ਜਨਰਲ ਮੈਰੀ ਸਾਈਮਨ ਨਾਲ ਮੁਲਾਕਾਤ ਕਰ ਕੇ ਲੋਕ ਸਭਾ ਭੰਗ ਕਰਨ ਅਤੇ ਫੌਰੀ ਚੋਣਾਂ ਕਰਵਾਉਣ ਦੀ ਬੇਨਤੀ ਕੀਤੀ ਸੀ। ਇਹ ਚੋਣ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਕੈਨੇਡਾ ਅਮਰੀਕਾ ਨਾਲ ਵਪਾਰ ਯੁੱਧ ਦਾ ਸਾਹਮਣਾ ਕਰ ਰਿਹਾ ਹੈ ਅਤੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸਨੂੰ 51ਵਾਂ ਅਮਰੀਕੀ ਸੂਬਾ ਬਣਨ ਦਾ ਸੱਦਾ ਦਿੱਤਾ ਹੈ। ਇਨ੍ਹਾਂ ਚੋਣਾਂ ਵਿੱਚ ਅਜਿਹੇ ਹੀ ਕਈ ਮੁੱਦੇ ਹਨ ਜੋ ਵੋਟਰਾਂ ਦੇ ਦਿਮਾਗ 'ਚ ਸਭ ਤੋਂ ਜ਼ਿਆਦਾ ਹੋਣਗੇ।

ਕਾਰਨੇ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਗਵਰਨਰ ਜਨਰਲ ਨੇ 28 ਅਪਰੈਲ ਨੂੰ ਚੋਣਾਂ ਕਰਵਾਉਣ ਸਬੰਧੀ ਉਨ੍ਹਾਂ ਦੀ ਬੇਨਤੀ ਮਨਜ਼ੂਰੀ ਕਰ ਲਈ ਹੈ।

ਪ੍ਰਧਾਨ ਮੰਤਰੀ ਮਾਰਕ ਕਾਰਨੇ ਦਾ ਕਹਿਣਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਟੈਰਿਫਾਂ ਬਾਰੇ ਦਿੱਤੀਆਂ ਜਾ ਰਹੀਆਂ ਧਮਕੀਆਂ ਤੋਂ ਨਜਿੱਠਣ ਲਈ ਉਨ੍ਹਾਂ ਨੂੰ ਸਪੱਸ਼ਟ ਬਹੁਮਤ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਮੌਜੂਦਾ 44ਵੀਂ ਲੋਕ ਸਭਾ ਦੇ 338 ਮੈਂਬਰ ਸਨ ਜਦਕਿ ਕੁਝ ਸੂਬਿਆਂ ਵਿੱਚ ਆਬਾਦੀ ਵਧਣ ਕਾਰਨ ਨਵੀਂ ਹੱਦਬੰਦੀ ਕਰ ਕੇ ਪੰਜ ਸੀਟਾਂ ਦਾ ਵਾਧਾ ਕੀਤਾ ਗਿਆ ਹੈ। 28 ਅਪਰੈਲ ਨੂੰ ਹੋਣ ਵਾਲੀਆਂ ਚੋਣਾਂ ਦੌਰਾਨ 45ਵੀਂ ਲੋਕ ਸਭਾ ਲਈ 343 ਮੈਂਬਰਾਂ ਦੀ ਚੋਣ ਕੀਤੀ ਜਾਵੇਗੀ ਅਤੇ ਬਹੁਮਤ ਹਾਸਲ ਕਰਨ ਲਈ ਕਿਸੇ ਵੀ ਪਾਰਟੀ ਨੂੰ 172 ਮੈਂਬਰਾਂ ਦੀ ਲੋੜ ਹੋਵੇਗੀ।



### ਕੀ ਕਹਿੰਦੇ ਨੇ ਸਰਵੇਖਣ

ਚੋਣਾਂ ਵਿੱਚ ਕਾਰਨੀ ਦਾ ਸਾਹਮਣਾ ਕੰਜ਼ਰਵੇਟਿਵ ਆਗੂ ਪੀਅਰੇ ਪੋਇਲੀਵਰ ਨਾਲ ਹੋਵੇਗਾ, ਜਿਨ੍ਹਾਂ ਦੀ ਪਾਰਟੀ 2023 ਦੇ ਮੱਧ ਤੋਂ ਕੌਮੀ ਚੋਣਾਂ ਵਿੱਚ ਅੱਗੇ ਚੱਲ ਰਹੀ ਹੈ, ਹਾਲਾਂਕਿ ਹਾਲ ਹੀ ਦੇ ਸਰਵੇਖਣਾਂ ਤੋਂ ਪਤਾ ਚੱਲਦਾ ਹੈ ਕਿ ਮੁਕਾਬਲਾ ਹੁਣ ਬਰਾਬਰੀ ਦਾ ਹੈ। ਤਾਜ਼ਾ ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਲਿਬਰਲਾਂ ਨੂੰ 37.8 ਫੀਸਦ ਸਮਰਥਨ ਮਿਲਿਆਂ, ਜੋ ਕੰਜ਼ਰਵੇਟਿਵਾਂ ਤੋਂ ਕੁਝ ਹੀ ਫੀਸਦ (37.2%) ਅੱਗੇ ਹਨ।ਸੰਸਦ ਵਿੱਚ ਪੰਜ ਨਵੀਆਂ ਸੀਟਾਂ ਦੇ ਵਾਧੇ ਨਾਲ ਸੀਟਾਂ ਦੀ ਕੁੱਲ ਗਿਣਤੀ 343 ਸੀਟਾਂ ਕਰ ਦਿੱਤੀਆਂ ਗਈਆਂ ਹਨ। ਲਿਬਰਲ ਪਾਰਟੀ ਨੇ ਪੁਸ਼ਟੀ ਕੀਤੀ ਕਿ ਕਾਰਨੀ ਨੇਪੀਅਨ ਦੇ ਓਟਾਵਾ ਰਾਈਡਿੰਗ ਵਿਚ ਹਾਊਸ ਆਫ਼ ਕਾਮਨਜ਼ ਦੀ ਸੀਟ ਲਈ ਚੋਣ ਲੜਨਗੇ, ਜਿਸ 'ਤੇ ਪਿਛਲੇ ਇਕ ਦਹਾਕੇ ਤੋਂ ਲਿਬਰਲ ਸੰਸਦ ਮੈਂਬਰ ਚੰਦਰ ਆਰੀਆ ਦਾ ਕਬਜ਼ਾ ਹੈ। ਆਰੀਆ ਨੂੰ ਦੋ ਮਹੀਨੇ ਪਹਿਲਾਂ ਦੱਸਿਆ ਗਿਆ ਸੀ ਕਿ ਪਾਰਟੀ ਦੀ ਲੀਡਰਸ਼ਿਪ ਲਈ ਉਨ੍ਹਾਂ ਦੀ ਉਮੀਦਵਾਰੀ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਪਿਛਲੇ ਹਫ਼ਤੇ ਉਨ੍ਹਾਂ ਨਾਮਜ਼ਦਗੀ ਰੱਦ ਕਰ ਦਿੱਤੀ ਗਈ।

### ਕੈਨੇਡਾ ਵਿਚ ਸਿਆਸੀ ਹੱਲਚਲ ਤੇਜ਼

ਦੇਸ਼ ਦੀ ਗਵਰਨਰ ਜਨਰਲ ਮੈਰੀ ਸਾਈਮਨ ਨੇ ਲੋਕ ਸਭਾ ਭੰਗ ਕਰਕੇ ਹੰਗਾਮੀ ਚੋਣਾਂ ਕਰਵਾਉਣ ਦੀ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਤਜਵੀਜ਼ 'ਤੇ ਜਿਵੇਂ ਹੀ ਸਹੀ ਪਾਈ ਤਾਂ ਦੇਸ਼ ਵਿਚ ਸਿਆਸੀ ਹਲਚਲ ਤੇਜ਼ ਹੋ ਗਈ। ਹਰੇਕ ਪਾਰਟੀ ਅਤੇ ਉਸ ਦੇ ਉਮੀਦਵਾਰਾਂ ਦੀਆਂ ਆਈਟੀ ਟੀਮਾਂ ਨੇ ਮੋਰਚੇ ਸੰਭਾਲਦੇ ਹੋਏ ਹਲਕੇ ਦੇ ਲੋਕਾਂ ਦੇ ਫੋਨ ਨੰਬਰਾਂ, ਈਮੇਲਾਂ ਤੇ ਸੋਸ਼ਲ ਮੀਡੀਆ ਖਾਤਿਆਂ 'ਤੇ ਆਪਣੇ ਚੋਣ ਵਾਅਦਿਆਂ ਵਾਲੀਆਂ ਪੋਸਟਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਬੇਸ਼ੱਕ ਸਾਰੇ ਦੇਸ਼ ਨੂੰ ਠੰਡ ਨੇ ਆਪਣੀ ਜਕੜ ਵਿੱਚ ਲਿਆ ਹੋਇਆ ਹੈ, ਪਰ ਸੜਕਾਂ 'ਤੇ ਰੌਣਕ ਪਰਤਣ ਲੱਗੀ ਹੈ। ਰੇਡੀਓ ਅਤੇ ਟੀਵੀ ਚੈਨਲਾਂ 'ਤੇ ਮੁੱਖ ਪਾਰਟੀਆਂ ਅਤੇ ਉਮੀਦਵਾਰਾਂ ਦੀ ਚਰਚਾ ਪਹਿਲਾਂ ਨਾਲੋਂ ਵਧ ਗਈ ਹੈ। ਮੰਨਿਆ ਜਾਂਦਾ ਹੈ ਕਿ ਇਸ ਵਾਰ ਦੀ ਚੋਣ ਪਹਿਲੀਆਂ ਚੋਣਾਂ ਤੋਂ ਕੁਝ ਮਹਿੰਗੀ ਹੋਵੇਗੀ, ਪਰ ਲੋਕ ਇਸ ਨੂੰ ਕਿਸ ਤਰ੍ਹਾਂ ਲੈਂਦੇ ਹਨ, ਇਸ ਦਾ ਪਤਾ 28 ਅਪਰੈਲ ਦੀ ਰਾਤ ਨੂੰ ਹੀ ਲੱਗੇਗਾ। ਬੇਸ਼ੱਕ, ਰਿਹਾਇਸ਼ ਅਤੇ ਇਮੀਗ੍ਰੇਸ਼ਨ ਵਰਗੇ ਘਰੇਲੂ ਮੁੱਦੇ ਅਜੇ ਵੀ ਮਹੱਤਵਪੂਰਨ ਰਹਿਣਗੇ, ਪਰ ਦਹਾਕਿਆਂ ਵਿੱਚ ਪਹਿਲੀ ਵਾਰ, ਇੱਥੋਂ ਦੇ ਲੋਕਾਂ ਦੇ ਮਨਾਂ ਵਿਚ ਦੇਸ਼ ਦੇ ਭਵਿੱਖ ਬਾਰੇ ਬੁਨਿਆਦੀ ਸਵਾਲ ਵੀ ਹੋਣਗੇ।

ਮਾਰਕ ਕਾਰਨੀ ਨੇ 14 ਮਾਰਚ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬੈਠਦਿਆਂ ਹੀ ਕਾਰਬਨ ਟੈਕਸ ਹਟਾਉਣ ਸਮੇਤ ਲੋਕਾਂ ਵੱਲੋਂ ਸਾਲਾਂ ਤੋਂ ਕੀਤੀਆਂ ਜਾ ਰਹੀਆਂ ਮੰਗਾਂ ਮੰਨ ਲਈਆਂ ਤਾਂ ਲਿਬਰਲ ਪਾਰਟੀ ਦਾ ਹੇਠਾਂ ਵੱਲ ਜਾ ਰਿਹਾ ਗਰਾਫ ਇਕਦਮ ਵਧ ਗਿਆ ਤੇ ਹਫਤੇ ਬਾਅਦ ਹੋਏ ਸਰਵੇਖਣਾਂ ਵਿਚ ਵਿਰੋਧੀ ਪਾਰਟੀ ਕੰਜ਼ਰਵੇਟਿਵ ਨੂੰ ਪਛਾੜ ਦਿੱਤਾ।

### ਕਿਹੜੀਆਂ ਮੁੱਖ ਪਾਰਟੀਆਂ ਚੋਣ ਮੈਦਾਨ ਵਿੱਚ ਹਨ ?

ਕੈਨੇਡਾ ਦੀਆਂ ਅਗਲੀਆਂ ਚੋਣਾਂ ਵਿੱਚ ਚਾਰ ਮੁੱਖ ਪਾਰਟੀਆਂ ਮੈਦਾਨ ਵਿੱਚ, ਜਿਨ੍ਹਾਂ ਵਿੱਚ ਲਿਬਰਲਜ਼, ਕੰਜ਼ਰਵੇਟਿਵ, ਨਿਊ ਡੈਮੋਕ੍ਰੇਟਸ (ਐੱਨਡੀਪੀ) ਅਤੇ ਦਿ ਬਲੌਕ ਕਿਊਬੀਕੋਇਸ। ਲਿਬਰਲਜ਼ ਸਾਲ 2015 ਤੋਂ ਸੱਤਾ ਵਿੱਚ ਹਨ ਅਤੇ ਉਦੋਂ ਹੀ ਜਸਟਿਨ ਟਰੂਡੋ ਪ੍ਰਧਾਨ ਮੰਤਰੀ ਸਨ। ਉਨ੍ਹਾਂ ਕੋਲ ਮੌਜੂਦਾ ਸਮੇਂ ਵਿੱਚ 153 ਸੀਟਾਂ ਹਨ।

ਕੰਜ਼ਰਵੇਟਿਵਸ 120 ਸੀਟਾਂ ਦੇ ਨਾਲ ਅਧਿਕਾਰਤ ਤੌਰ 'ਤੇ ਵਿਰੋਧੀ ਧਿਰ ਹੈ। ਕੰਜ਼ਰਵੇਟਿਵ ਪਾਰਟੀ ਦੀ ਅਗਵਾਈ ਕਰਨ ਵਾਲੇ ਪਿਏਰ ਪੋਇਲੀਏਵਰਾ, ਲਿਬਰਲਜ਼ ਦੇ ਆਗੂ ਮਾਰਕ ਕਾਰਨੀ ਹਨ ਅਤੇ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਹਨ।

## ਕੀ ਟਰੰਪ ਦਾ ਪ੍ਰਭਾਵ ਪਵੇਗਾ

ਟਰੰਪ ਦੇ ਦਖਲ ਨੇ ਕੈਨੇਡਾ ਵਿੱਚ ਸਿਆਸਤ ਨੂੰ ਪਹਿਲਾਂ ਹੀ ਨਵਾਂ ਰੂਪ ਦੇ ਦਿੱਤਾ ਹੈ। ਪਹਿਲਾਂ ਜਿਥੇ ਲੱਗ ਰਿਹਾ ਸੀ ਕਿ ਇਸ ਵਾਰ ਕੰਜ਼ਰਵੇਟਿਵ ਪਾਰਟੀ ਦੀ ਜਿੱਤ ਹੋਵੇਗੀ, ਉੱਥੇ ਹੁਣ ਇਹ ਮੁਕਾਬਲਾ ਕੰਜ਼ਰਵੇਟਿਵ ਅਤੇ ਲਿਬਰਲਾਂ ਵਿਚਕਾਰ ਬਰਾਬਰੀ ਦਾ ਨਜ਼ਰ ਆਉਣ ਲੱਗਿਆ ਹੈ

ਅਗਲੇ ਕੁਝ ਹਫ਼ਤਿਆਂ ਵਿੱਚ ਅਮਰੀਕੀ ਰਾਸ਼ਟਰਪਤੀ ਕੀ ਕਹਿੰਦੇ ਹਨ ਅਤੇ ਕਰਦੇ ਹਨ, ਇਹ ਨਿਸ਼ਚਤ ਤੌਰ 'ਤੇ ਚੋਣ ਦੌੜ ਵਿੱਚ ਅਹਿਮ ਭੂਮਿਕਾ ਨਿਭਾਵੇਗਾ।ਉਦਾਹਰਨ ਲਈ, 2 ਅਪ੍ਰੈਲ ਨੂੰ ਚੋਣ ਮੁਹਿੰਮ ਦੇ ਦੂਜੇ ਹਫ਼ਤੇ ਦੌਰਾਨ, ਵ੍ਹਾਈਟ ਹਾਊਸ ਵੱਲੋਂ ਗਲੋਬਲ ਟੈਰਿਫਾਂ ਦਾ ਐਲਾਨ ਕਰਨ ਦੀ ਉਮੀਦ ਹੈ।

ਉਹ ਚੋਣਾਂ ਬਾਰੇ ਆਪਣੇ ਵਿਚਾਰ ਪਹਿਲਾਂ ਹੀ ਸਪਸ਼ਟ ਕਰ ਚੁੱਕੇ ਹਨ। 18 ਮਾਰਚ ਨੂੰ ਉਨ੍ਹਾਂ ਨੇ ਫੌਕਸ ਨਿਊਜ਼ ਦੀ ਹੋਸਟ ਲੌਰਾ ਇੰਗ੍ਰਾਹਮ ਨੂੰ ਕਿਹਾ ਕਿ ਕੰਜ਼ਰਵੇਟਿਵ ਆਗੂ ਪਿਏਰ ਪੋਲੀਏਵ "ਮੂਰਖਤਾਪੂਰਨ ਢੰਗ ਨਾਲ, ਮੇਰੇ ਦੋਸਤ ਨਹੀਂ ਹੈ" ਅਤੇ "ਅਸਲ ਵਿੱਚ ਇੱਕ ਉਦਾਰਵਾਦੀ ਨਾਲ ਨਜਿੱਠਣਾ ਆਸਾਨ ਹੋ ਸਕਦਾ ਹੈ।"

ਅਖੀਰ ਵਿੱਚ ਉਨ੍ਹਾਂ ਕਿਹਾ, ਕੌਣ ਜਿੱਤਦਾ ਹੈ "ਮੇਰੇ ਲਈ ਕੋਈ ਮਾਅਨੇ ਨਹੀਂ ਰੱਖਦਾ"।

ਕੈਨੇਡੀਅਨ ਜਾਣਦੇ ਹਨ ਕਿ ਉਨ੍ਹਾਂ ਦੇ ਅਗਲੇ ਪ੍ਰਧਾਨ ਮੰਤਰੀ ਕੋਲ ਡੋਨਲਡ ਟਰੰਪ ਨਾਲ ਨਜਿੱਠਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੋਵੇਗਾ।

ਇਸ ਲਈ ਬਹੁਤ ਸਾਰੇ ਵੋਟਰਾਂ ਦੇ ਮਨਾਂ ਵਿੱਚ ਇਹ ਸਵਾਲ ਹੈ- ਇੱਕ ਮਨਮੌਜੀ ਅਮਰੀਕੀ ਰਾਸ਼ਟਰਪਤੀ ਨੂੰ ਸਭ ਤੋਂ ਵੱਧ ਕੁਸ਼ਲਤਾ ਨਾਲ ਕੌਣ ਸੰਭਾਲ ਸਕਦਾ ਹੈ ?

ਇਹ ਮੁਕਾਬਲਾ ਮੂਲ ਰੂਪ ਵਿੱਚ ਨਵੇਂ ਲਿਬਰਲ ਆਗੂ ਮਾਰਕ ਕਾਰਨੀ ਅਤੇ ਪਿਅਰ ਪੋਲੀਏਵ ਵਿਚਕਾਰ ਹੈ, ਜੋ 2022 ਤੋਂ ਕੰਜ਼ਰਵੇਟਿਵਾਂ ਦੀ ਅਗਵਾਈ ਕਰ ਰਹੇ ਹਨ।

ਦੋ ਹੋਰ ਵੱਡੀਆਂ ਪਾਰਟੀਆਂ ਹਨ - ਖੱਬੇ-ਪੱਖੀ ਨਿਊ ਡੈਮੋਕਰੇਟਸ (ਐਨਡੀਪੀ) ਅਤੇ ਬਲੋਕ ਕੀਬੀਕੁਆ - ਪਰ ਕੈਨੇਡੀਅਨਾਂ ਨੇ ਇਤਿਹਾਸਕ ਤੌਰ 'ਤੇ ਕੰਜ਼ਰਵੇਟਿਵ ਜਾਂ ਲਿਬਰਲ ਸਰਕਾਰਾਂ ਹੀ ਚੁਣੀਆਂ ਹਨ।

60 ਸਾਲਾ ਕਾਰਨੀ ਇੱਕ ਸਾਬਕਾ ਕੇਂਦਰੀ ਬੈਂਕਰ ਹਨ ਜੋ ਸਿਆਸਤ ਵਿੱਚ ਨਵੇਂ ਹਨ। ਜਦੋਂ ਉਨ੍ਹਾਂ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਜਸਟਿਨ ਟਰੂਡੋ ਤੋਂ ਅਹੁਦਾ ਸੰਭਾਲਿਆ, ਤਾਂ ਉਹ ਕੈਨੇਡਾ ਦੇ ਅਜਿਹੇ ਪਹਿਲੇ ਪ੍ਰਧਾਨ ਮੰਤਰੀ ਬਣੇ ਜੋ ਕਦੇ ਵੀ ਸੰਸਦ ਮੈਂਬਰ ਨਹੀਂ ਰਹੇ।

ਉਨ੍ਹਾਂ ਕੋਲ ਵਿਸ਼ਵ ਪੱਧਰ ਦਾ ਤਜ਼ਰਬਾ ਹੈ। ਉਨ੍ਹਾਂ ਨੇ 2013-2020 ਤੱਕ ਬੈਂਕ ਆਫ਼ ਇੰਗਲੈਂਡ ਨੂੰ ਸੰਭਾਲਿਆ ਹੈ ਪਰ ਸਿਆਸੀ ਮੁਹਿੰਮ ਵਿੱਚ ਉਨ੍ਹਾਂ ਕੋਲ ਸਮਾਂ ਘੱਟ ਹੈ ਅਤੇ ਇਹ ਆਮ ਚੋਣਾਂ ਉਨ੍ਹਾਂ ਦੀ ਪਹਿਲੀ ਅਸਲ ਪ੍ਰੀਖਿਆ ਹੋਣਗੀਆਂ।



ਜੇਕਰ ਲਿਬਰਲ ਚੋਣ ਜਿੱਤਣ ਵਿੱਚ ਅਸਫਲ ਰਹਿੰਦੇ ਹਨ, ਤਾਂ ਉਨ੍ਹਾਂ ਦਾ ਕਾਰਜਕਾਲ ਦੇਸ਼ ਦੇ ਇਤਿਹਾਸ ਵਿੱਚ ਕਿਸੇ ਵੀ ਪ੍ਰਧਾਨ ਮੰਤਰੀ ਦਾ ਸਭ ਤੋਂ ਛੋਟਾ ਕਾਰਜਕਾਲ ਹੋ ਸਕਦਾ ਹੈ।

ਟਰੰਪ 'ਤੇ ਨਿਸ਼ਾਨਾ ਸਾਧਦੇ ਹੋਏ ਕਾਰਨੀ ਨੇ ਕਿਹਾ ਹੈ ਕਿ "ਰਾਸ਼ਟਰਪਤੀ ਟਰੰਪ ਦੀਆਂ ਅਣਉਚਿਤ ਵਪਾਰਕ ਕਾਰਵਾਈਆਂ ਅਤੇ ਸਾਡੀ ਪ੍ਰਭੂਸੱਤਾ ਲਈ ਉਨ੍ਹਾਂ ਦੇ ਖਤਰਿਆਂ ਕਾਰਨ ਅਸੀਂ ਆਪਣੇ ਜੀਵਨ ਦੇ ਸਭ ਤੋਂ ਮਹੱਤਵਪੂਰਨ ਸੰਕਟ ਦਾ ਸਾਹਮਣਾ ਕਰ ਰਹੇ ਹਾਂ।' ਉਨ੍ਹਾਂ ਕਿਹਾ, "ਉਹ ਸਾਨੂੰ ਤੋੜਨਾ ਚਾਹੁੰਦੇ ਹਨ ਤਾਂ ਜੋ ਅਮਰੀਕਾ ਸਾਡਾ ਮਾਲਕ ਬਣ ਜਾਵੇ। ਅਸੀਂ ਅਜਿਹਾ ਨਹੀਂ ਹੋਣ ਦੇਵਾਂਗੇ। ਇਸ ਲਈ ਮੈਂ ਆਪਣੇ ਸਾਥੀ ਕੈਨੇਡਿਆਈ ਨਾਗਰਿਕਾਂ ਕੋਲੋਂ ਇੱਕ ਮਜ਼ਬੂਤ ਸਕਾਰਾਤਮਕ ਫ਼ਤਵਾ ਮੰਗ ਰਿਹਾ ਹਾਂ। ਮੈਂ ਗਵਰਨਰ ਜਨਰਲ ਨੂੰ ਸੰਸਦ ਭੰਗ ਕਰਨ ਅਤੇ 28 ਅਪਰੈਲ ਨੂੰ ਚੋਣਾਂ ਕਰਵਾਉਣ ਦੀ ਬੇਨਤੀ ਕੀਤੀ ਸੀ, ਜਿਸ ਨੂੰ ਉਨ੍ਹਾਂ ਨੇ ਮਨਜ਼ੂਰ ਕਰ ਲਿਆ ਹੈ।"

# ਪੰਜਾਬੀ ਸੱਥਾਂ ਦੀਆਂ ਇਕਾਈਆਂ ਦੀ ਅਹਿਮ ਇਕੱਤਰਤਾ ਹੋਈ





ਮੰਜਕੀ ਪੰਜਾਬੀ ਸੱਥ, ਭੰਗਾਲਾ ਦੇ ਵਿਹੜੇ ਵਿੱਚ ਕੁੱਲ ਆਲਮ ਦੀਆਂ ਪੰਜਾਬੀ ਸੱਥਾਂ ਦੀ ਇਕੱਤਰਤਾ ਡਾ. ਨਿਰਮਲ ਸਿੰਘ ਲਾਂਬੜਾ ਅਤੇ ਸ. ਮੋਤਾ ਸਿੰਘ ਸਰਾਏ ਹੁਰਾਂ ਦੀ ਰਹਿਨੁਮਾਈ ਹੇਠ ਹੋਈ। ਜਿਸ ਵਿੱਚ ਪੰਜਾਬੀ ਸੱਥਾਂ ਦੇ ਸਰਵ- ਸਾਂਝੇ ਕਾਰਜਾਂ, ਵਿਹਾਰਾਂ ਅਤੇ ਸਦਾਚਾਰਕ ਮੁੱਲਾਂ ਸੰਬੰਧੀ ਚਰਚਾ ਕੀਤੀ ਗਈ। ਪੰਜਾਬੀ ਸੱਥਾਂ ਦੀ ਹੁਣ ਤੱਕ ਦੀ ਕਾਰਗੁਜ਼ਾਰੀ, ਵਰਤਮਾਨ ਵਿੱਚ ਚੁਣੌਤੀਆਂ ਅਤੇ ਭਵਿੱਖਮੁਖੀ ਉਦੇਸ਼ਾਂ ਦੀ ਨਿਸ਼ਾਨਦੇਹੀ ਕੀਤੀ ਗਈ। ਇਸ ਦੌਰਾਨ ਪੰਜਾਬੀ ਸੱਥ ਲਾਂਬੜਾ ਦੇ ਮੁੱਖ ਸੰਚਾਲਕ ਡਾ. ਨਿਰਮਲ ਸਿੰਘ ਲਾਂਬੜਾ ਹੁਰਾਂ ਪੰਜਾਬੀ ਸੱਥਾਂ ਦੀ ਹੋਂਦ, ਵਿਕਾਸ ਅਤੇ ਕਾਰਜੀ ਆਧਾਰ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸੇ ਤਰ੍ਹਾਂ ਯੂਰਪੀ ਪੰਜਾਬੀ ਸੱਥ ਵਾਲਸਾਲ (ਯੂ.ਕੇ.) ਦੇ ਮੁੱਖ ਸੰਚਾਲਕ ਸ.ਮੋਤਾ ਸਿੰਘ ਸਰਾਏ ਹੁਰਾਂ ਪੰਜਾਬੀ ਸੱਥਾਂ ਨਾਲ਼ ਆਪਣੀ ਭਾਵੁਕ ਸਾਂਝ ਨੂੰ ਬਿਆਨਿਆ ਅਤੇ ਪੰਜਾਬੀ ਸੱਥਾਂ ਨੂੰ ਅਗਲੇਰੀ ਪੀੜ੍ਹੀ ਸੰਬੰਧੀ ਸੁਚੇਤ ਕਰਨ ਦਾ ਸੁਨੇਹਾ ਦਿੱਤਾ।

ਇਸ ਦੌਰਾਨ ਪੰਜਾਬੀ ਸੱਥਾਂ ਦੀ ਇਲਾਕਾਈ ਵਿਸ਼ੇਸ਼ਤਾ ਅਤੇ ਹਰ ਇਕਾਈ ਦੇ ਹਾਜ਼ਰ ਸੰਚਾਲਕਾਂ ਵੱਲੋਂ ਆਪਣੀ ਇਕਾਈ ਦੇ ਕਾਰਜਾਂ ਸੰਬੰਧੀ ਵੀ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਪੰਜਾਬੀ ਸੱਥ ਜਰਗ ਤੋਂ ਨਵਜੋਤ ਸਿੰਘ ਮੰਡੇਰ ਅਤੇ ਉਨ੍ਹਾਂ ਦੇ ਸਾਥੀਆਂ ਨੇ ਵਿਰਾਸਤੀ ਗਾਇਕੀ ਦੇ ਅਖਾੜਾ ਗਾਇਕੀ ਦਾ ਰੰਗ ਬੰਨ੍ਹਿਆ। ਇਸ ਸਮੇਂ ਪ੍ਰਸਿੱਧ ਪੰਜਾਬੀ ਕਵੀ ਸੰਤ ਸਿੰਘ ਸੰਧੂ, ਮਲਵਈ ਪੰਜਾਬੀ ਸੱਥ ਮੰਡੀ ਕਲਾਂ ਤੋਂ ਡਾ.ਜਸਵਿੰਦਰ ਸ਼ਰਮਾ, ਪੰਜਾਬੀ ਸੱਥ ਸਰਹਿੰਦ ਤੋਂ ਸੰਤ ਸਿੰਘ ਸੋਹਲ, ਵਿਰਾਸਤੀ ਪੰਜਾਬੀ ਸੱਥ ਸਰਹਿੰਦ ਤੋਂ ਡਾ. ਹਰਪ੍ਰੀਤ ਸਿੰਘ,ਮਾਝਾ ਪੰਜਾਬੀ ਸੱਥ ਬੁਤਾਲਾ ਤੋਂ ਬਲਜਿੰਦਰ ਕੌਰ ਬੱਲ, ਗੁਰਪ੍ਰੀਤ ਸਿੰਘ, ਦਯਾ ਕੌਰ ਬੱਲ, ਨੌਜਵਾਨ ਪੰਜਾਬੀ ਸੱਥ ਚੰਡੀਗੜ੍ਹ ਤੋਂ ਜਗਤਾਰ ਸਿੰਘ ਦਿਓਲ, ਗੁਰਪ੍ਰੀਤ ਸਿੰਘ ਮਾਨ, ਪੁਆਧੀ ਪੰਜਾਬੀ ਸੱਥ ਮੋਹਾਲੀ ਤੋਂ ਮਨਮੋਹਨ ਸਿੰਘ ਦਾਊਂ, ਦਲਜੀਤ ਕੌਰ ਦਾਊਂ, ਪੰਜਾਬੀ ਸੱਥ ਬਰਵਾਲੀ, ਫ਼ਤਹਿਗੜ੍ਹ ਸਾਹਿਬ ਦੇ ਸੰਚਾਲਕ ਗੁਰਦੀਪ ਸਿੰਘ ਕੰਗ, ਲੱਖੀ ਜੰਗਲ ਪੰਜਾਬੀ ਸੱਥ ਬਠਿੰਡਾ ਦੇ ਸੰਚਾਲਕ ਸ. ਲਾਭ ਸਿੰਘ ਸੰਧੂ, ਮੰਜਕੀ ਪੰਜਾਬੀ ਸੱਥ ਦੇ ਹਿਤੈਸ਼ੀ ਸਾਬਕਾ ਸਰਪੰਚ ਸ. ਦਵਿੰਦਰ ਸਿੰਘ ਬੋਪ-ਾਰਾਏ, ਪ੍ਰੋ. ਜਸਵੀਰ ਸਿੰਘ ਸ਼ਾਇਰ, ਜਿੰਗਾ ਸਿੰਘ, ਪੰਜਾਬੀ ਸੱਥ ਲਾਂਬੜਾ ਤੋਂ ਬਲਜਿੰਦਰ ਰਾਣੀ ਹੁਸੈਨਪੁਰ ਅਤੇ ਕੋਮਲ ਸਿੰਘ ਸੰਧੂ, ਉੱਘੇ ਕਵਿੱਤਰੀ ਬੀਬੀ ਸੁਖਦੀਪ ਕੌਰ ਬਿਰਧਨੋ, ਯੂਰਪੀ ਪੰਜਾਬੀ ਸੱਥ ਦੇ ਹਿਤੈਸ਼ੀ ਸ. ਅਜੈਬ ਸਿੰਘ ਗਰਚਾ ਬਰਮਿੰਘਮ ਅਤੇ ਬਲਦੇਵ ਸਿੰਘ ਆਲੇਵਾਲੀ, ਵੁਲਵਰਹੈਂਪਟਨ ਆਦਿ ਨੇ ਆਪਣੇ ਗਹਿਰ ਗੰਭੀਰ ਵਿਚਾਰ ਦਿੱਤੇ।

ਆਖ਼ਰ ਵਿੱਚ ਮੰਜਕੀ ਪੰਜਾਬੀ ਸੱਥ, ਭੰਗਾਲਾ ਦੇ ਮੁੱਖ ਸੰਚਾਲਕ ਪ੍ਰਿੰ. ਕੁਲਵਿੰਦਰ ਸਿੰਘ ਸਰਾਏ ਹੁਰਾਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ।**
**4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਤੀਜੀ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...



# ਪੰਜਾਬ ਵਿਚ ਮਿਲਾਵਟ ਜ਼ਰੀਏ ਜ਼ਹਿਰ ਪਰੋਸਣ ਵਾਲਿਆਂ 'ਤੇ ਸਿਹਤ ਵਿਭਾਗ ਕਿਉਂ ਨਹੀਂ ਕਰ ਰਿਹਾ ਕਾਰਵਾਈ ?

## ✪ ਖੋਏ ਦਾ ਰੰਗ ਬਦਲਣ ਲਈ ਵੀ ਕੈਮੀਕਲ ਦੀ ਹੁੰਦੀ ਹੈ ਵਰਤੋਂ ✪ ਮਿਲਾਵਟੀ ਪਦਾਰਥਾਂ ਦੇ ਨਾਲ ਹੀ ਕਈ ਗੰਭੀਰ ਬਿਮਾਰੀਆਂ ਲਗ ਰਹੀਆਂ ਨੇ ਪੰਜਾਬੀਆਂ ਨੂੰ

**ਖਾਸ ਖਬਰ**

ਭੋਜਨ ਹਰ ਮਨੁੱਖ ਦੀ ਮੁੱਢਲੀ ਲੋੜ ਹੈ ਤੇ ਇਹ ਸਾਡੇ ਸਰੀਰ ਨੂੰ ਸਾਰੇ ਪੌਸ਼ਟਿਕ ਤੱਤ ਪ੍ਰਦਾਨ ਕਰਦਾ ਹੈ, ਜੋ ਸਰੀਰ ਦੇ ਵਿਕਾਸ ਤੇ ਰੱਖ-ਰਖਾਅ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ, ਪਰ ਜਦੋਂ ਖਾਣ-ਪੀਣ ਦੀਆਂ ਵਸਤੂਆਂ ਵਿਚ ਮਿਲਾਵਟ ਹੁੰਦੀ ਹੈ ਤਾਂ ਇਹ ਸਾਡੇ ਸਰੀਰ ਲਈ ਕਾਫ਼ੀ ਨੁਕਸਾਨਦੇਹ ਹੁੰਦਾ ਹੈ। ਸ਼ਾਇਦ ਤੁਹਾਨੂੰ ਇਹ ਨਹੀਂ ਪਤਾ ਕਿ ਤੁਹਾਡੇ ਘਰ ਆਉਣ ਵਾਲੇ ਫਲਾਂ ਤੇ ਸਬਜ਼ੀਆਂ ਤੋਂ ਲੈ ਕੇ ਦੁੱਧ ਤੇ ਘਿਓ ਤਕ ਬਹੁਤ ਜ਼ਿਆਦਾ ਮਿਲਾਵਟ ਹੋ ਰਹੀ ਹੈ, ਜਿਸ ਨਾਲ ਤੁਹਾਨੂੰ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਲੱਗ ਸਕਦੀਆਂ ਹਨ। ਬਠਿੰਡਾ ਜ਼ਿਲ੍ਹੇ ਦੇ 30 ਫੀਸਦੀ ਲੋਕ ਮਿਲਾਵਟੀ ਭੋਜਨ ਖਾ ਰਹੇ ਹਨ, ਜਿਸ ਕਾਰਨ ਉਨ੍ਹਾਂ ਦੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ। ਇਸ ਦੇ ਨਾਲ ਹੀ ਇਹ ਕਈ ਗੰਭੀਰ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ। ਪੰਜਾਬ ਸਰਕਾਰ ਦੇ ਸਿਹਤ ਮਹਿਕਮੇ ਦਾ ਫੂਡ ਸੇਫਟੀ ਵਿੰਗ ਸੂਬਾ ਵਾਸੀਆਂ ਨੂੰ ਮਿਲਾਵਟ ਜ਼ਰੀਏ ਜ਼ਹਿਰ ਖਵਾਉਣ ਵਾਲਿਆਂ 'ਤੇ ਸ਼ਿਕੰਜਾ ਕਸਣ ਵਿਚ ਢਿੱਲ ਵਰਤਦਾ ਨਜ਼ਰ ਆ ਰਿਹਾ ਹੈ। ਆਰ. ਟੀ. ਆਈ. ਤਹਿਤ ਪਿਛਲੇ 10 ਸਾਲਾਂ ਦੇ ਅੰਕੜਿਆਂ ਰਾਹੀਂ ਖੁਲਾਸਾ ਹੋਇਆ ਹੈ ਕਿ ਸਿਹਤ ਵਿਭਾਗ ਵਿਚ ਜ਼ਿਲ੍ਹਾ ਹੈਲਥ ਅਫ਼ਸਰ, ਇੰਸਪੈਕਟਰ ਅਤੇ ਟੀਮ ਵਲੋਂ ਮਿਲਾਵਟਖੋਰਾਂ ਨੂੰ ਬਣਦੀ ਸਜ਼ਾ ਦਿਵਾਉਣ ਦੇ ਨਾਂਅ 'ਤੇ ਸਿਰਫ਼ ਤਿਉਹਾਰਾਂ ਮੌਕੇ ਖਾਣ ਪੀਣ ਵਾਲੀਆਂ ਦੁਕਾਨਾਂ ਤੋਂ ਨਮੂਨੇ ਭਰੇ ਜਾਣ ਦਾ ਭਰਮ ਫੈਲਾ ਕੇ ਕਾਰਵਾਈ ਦੇ ਨਾਂਅ 'ਤੇ ਖਾਨਾਪੂਰਤੀ ਕੀਤੀ ਜਾ ਰਹੀ ਹੈ। ਮੋਹਾਲੀ ਵਿਚ ਮੋਮੋਜ਼ ਤੇ ਸਪਰਿੰਗ ਰੋਲ ਬਣਾਉਣ ਵਾਲੀ ਫੈਕਟਰੀ ਵਿਚ ਗੰਦਗੀ, ਗਲੇ ਸੜੇ ਮਾਸ ਤੇ ਵੱਡੀ ਪੱਧਰ 'ਤੇ ਮਿਲਾਵਟ ਦੀ ਵੀਡੀਓ ਸੂਬੇ ਵਿਚ ਵੱਡੀ ਪੱਧਰ 'ਤੇ ਮਿਲਾਵਟਖੋਰਾਂ ਵਲੋਂ ਬੇਖੌਫ ਤਰੀਕੇ ਨਾਲ ਖਾਦ ਪਦਾਰਥਾਂ ਜ਼ਰੀਏ ਸੂਬਾ ਵਾਸੀਆਂ ਨੂੰ ਖਿਲਾਈ ਜਾ ਰਹੀ ਜ਼ਹਿਰ ਦੀ ਪ੍ਰਤੱਖ ਉਦਾਹਰਨ ਹੈ ।



**ਪੰਜਾਬ ਟਾਈਮਜ ਅਨੁਸਾਰ ਪੰਜਾਬ ਵਿਚ ਜਿੱਥੇ ਸੂਬਾ ਸਰਕਾਰ ਨਸ਼ਿਆਂ ਦੀ ਭੈੜੀ ਅਲਾਮਤ ਨੂੰ ਦੂਰ ਕਰਨ ਲਈ ਪੰਜਾਬ ਪੁਲਿਸ ਨੂੰ ਸਖਤ ਹੁਕਮ ਜਾਰੀ ਕੀਤੇ ਜਾ ਰਹੇ ਹਨ ਉੱਥੇ ਹੀ ਸੂਬਾ ਵਾਸੀਆਂ ਨੂੰ ਪਰੋਸੀ ਜਾਂਦੀ ਜ਼ਹਿਰ ਰੂਪੀ ਮਿਲਾਵਟ ਨੂੰ ਰੋਕਣ ਲਈ ਸਿਹਤ ਮਹਿਕਮੇ ਦੇ ਫੂਡ ਸੇਫਟੀ ਵਿੰਗ ਦੇ ਅਧਿਕਾਰੀਆਂ ਅਤੇ ਪੁਲਿਸ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਜਾਣ। ਜਿੰਨਾ ਚਿਰ ਸਰਕਾਰ ਸਖਤੀ ਨਹੀਂ ਕਰੇਗੀ ਮਿਲਾਵਟ ਖੌਰ ਨਹੀਂ ਬਾਜ ਆਉਣਗੇ।**

ਆਰ. ਟੀ. ਆਈ. ਰਾਹੀਂ 2014 ਤੋਂ 2024 ਦੇ ਮਿਲੇ ਅੰਕੜੇ ਪੰਜਾਬ ਦੇ ਵੱਖ-ਵੱਖ 13 ਜ਼ਿਲਿਆਂ ਵਿਚ ਮਿਲਾਵਟਖੋਰਾਂ 'ਤੇ ਦਰਜ ਅਨੇਕਾਂ ਕੇਸਾਂ ਵਿਚ ਸਿਰਫ਼ ਖਾਨਾਪੂਰਤੀ ਦੇ ਨਾਂਅ 'ਤੇ ਚੰਦ ਕੁ ਮਿਲਾਵਟਖੋਰਾਂ ਨੂੰ ਉਨ੍ਹਾਂ ਦੀ ਬਣਦੀ ਸਜ਼ਾ ਤੱਕ ਪਹੁੰਚਾਇਆ ਗਿਆ ਹੈ। ਆਰ. ਟੀ. ਆਈ. ਅਨੁਸਾਰ ਪਿਛਲੇ ਦਸ ਸਾਲਾਂ ਵਿਚ ਪਟਿਆਲਾ 'ਚ 17 ਨੂੰ , ਲੁਧਿਆਣਾ ਵਿਚ 11, ਜਲੰਧਰ ਵਿਚ 10, ਅੰਮਿਬਸਰ ਵਿਚ 2, ਮੋਗਾ ਵਿਚ 0, ਸ੍ਰੀ ਮੁਕਤਸਰ ਸਾਹਿਬ ਵਿਚ 0, ਬਰਨਾਲਾ ਵਿਚ 21, ਕਪੂਰਥਲਾ ਵਿਚ ਕੋਈ ਰਿਕਾਰਡ ਨਹੀਂ, ਮੋਹਾਲੀ ਵਿਚ 29, ਮਾਨਸਾ ਵਿਚ 1, ਸ੍ਰੀ ਫਤਹਿਗੜ੍ਹ ਸਾਹਿਬ ਵਿਚ ਕੋਈ ਰਿਕਾਰਡ ਨਹੀਂ, ਬਠਿੰਡਾ ਵਿਚ 8 ਅਤੇ ਫਿਰੋਜ਼ਪੁਰ ਜ਼ਿਲ੍ਹੇ ਵਿਚ ਸਿਰਫ 2 ਮਿਲਾਵਟਖੋਰਾਂ ਨੂੰ ਉਨ੍ਹਾਂ ਦੀ ਬਣਦੀ ਸਜ਼ਾ ਤੱਕ ਪਹੁੰਚਾਇਆ ਗਿਆ ਹੈ। ਜ਼ਹਿਰ ਰੂਪੀ ਫੈਲੀ ਇਸ ਮਿਲਾਵਟਖੋਰੀ ਪ੍ਰਤੀ ਸਿਹਤ ਵਿਭਾਗ ਦੀ ਸੰਜੀਦਗੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਡਾਇਰੈਕਟਰ ਸਿਹਤ ਵਿਭਾਗ ਚੰਡੀਗੜ੍ਹ ਨੂੰ ਇਨ੍ਹਾਂ ਅੰਕੜਿਆਂ ਦੀ ਪ੍ਰਾਪਤੀ ਸੰਬੰਧੀ ਆਰ.ਟੀ.ਆਈ. ਪਾਈ ਗਈ ਤਾਂ ਉਹ ਕੋਲ ਇਹ ਅੰਕੜੇ ਮੌਜੂਦ ਹੀ ਨਹੀਂ ਸਨ ।

### ਕਿਵੇਂ ਹੁੰਦੀ ਹੈ ਮਿਲਾਵਟ

ਮਾਹਿਰਾਂ ਅਨੁਸਾਰ ਸਰ੍ਹੋਂ ਦੇ ਤੇਲ ਵਿਚ ਆਰਗੇਮੋਨ ਤੇਲ ਮਿਲਾਇਆ ਜਾਂਦਾ ਹੈ। ਜਦੋਂ ਕਿ ਛੋਲਿਆਂ ਦੀ ਦਾਲ, ਅਰਹਰ ਦੀ ਦਾਲ ਵਿਚ ਪੀਲੀ ਹਲਦੀ ਦਾ ਆਟਾ ਮਿਲਾਇਆ ਜਾਂਦਾ ਹੈ। ਇਸੇ ਤਰ੍ਹਾਂ ਦਾਲਾਂ ਨੂੰ ਚਮਕਦਾਰ ਬਣਾਉਣ ਲਈ ਟੈਲਕਮ ਪਾਊਡਰ ਮਿਲਾਇਆ ਜਾਂਦਾ ਹੈ। ਲਾਲ ਮਿਰਚਾਂ ਵਿਚ ਇੱਟ ਪਾਊਡਰ ਮਿਲਾਇਆ ਜਾਂਦਾ ਹੈ। ਵੱਡੇ ਕਾਰੋਬਾਰੀਆਂ ਨੂੰ ਇਸ ਤੋਂ ਕਾਫੀ ਲਾਭ ਮਿਲਦਾ ਹੈ। ਹਾਲਾਂਕਿ ਹੇਠਲੇ ਪੱਧਰ 'ਤੇ ਵੀ ਮਿਲਾਵਟੀ ਸਮੱਗਰੀ ਦੁਕਾਨਾਂ 'ਤੇ ਸਸਤੇ ਭਾਅ 'ਤੇ ਉਪਲਬਧ ਕਰਵਾਈ ਜਾਂਦੀ ਹੈ, ਜਿਸ ਨਾਲ ਵਪਾਰੀ ਨੂੰ ਕਾਫੀ ਮੁਨਾਫਾ ਹੁੰਦਾ ਹੈ। ਤਿਉਹਾਰਾਂ ਦੇ ਸੀਜ਼ਨ ਦੌਰਾਨ ਨਕਲੀ ਖੋਆ ਬਣਾਉਣ ਲਈ ਮਿਲਾਵਟੀ ਖੋਆ ਆਟਾ, ਪਾਮ ਆਇਲ, ਸਿੰਥੈਟਿਕ ਦੁੱਧ, ਐਰੋਰੂਟ, ਆਲੂ, ਸ਼ਕਰਕੰਦੀ, ਚੈਸਟਨਟ ਆਟਾ ਅਤੇ ਚੀਨੀ ਦੀ ਵਰਤੋਂ ਕੀਤੀ ਜਾਂਦੀ ਹੈ। ਇੰਨਾ ਹੀ ਨਹੀਂ ਖੋਏ ਦਾ ਰੰਗ ਬਦਲਣ ਲਈ ਵੀ ਕੈਮੀਕਲ ਦੀ ਵਰਤੋਂ ਕੀਤੀ ਜਾਂਦੀ ਹੈ।

# ਇਟਲੀ ਦੇ ਟ੍ਰੈਂਟਿਨੋ ਸੂਬੇ ਦੀ ਸਰਕਾਰ ਲੋਕਾਂ ਨੂੰ ਵਸਣ ਲਈ ਦੇ ਰਹੀ ਏ 92 ਲੱਖ ਰੁਪਏ

## ✪ ਇਸ ਸਕੀਮ ਦਾ ਲਾਭ ਇਟਲੀ ਦੇ ਨਾਗਰਿਕ ਜਾਂ ਵਿਦੇਸ਼ਾਂ ਵਿਚ ਵਸਦੇ ਇਟਾਲੀਅਨ ਲੋਕ ਹੀ ਲੈ ਸਕਣਗੇ

ਟ੍ਰੈਂਟਿਨੋ-ਇਕ ਪਾਸੇ ਜਿੱਥੇ ਅਮਰੀਕਾ ਦੀ ਟਰੰਪ ਸਰਕਾਰ ਪ੍ਰਵਾਸੀਆਂ ਨੂੰ ਦੇਸ਼ 'ਚੋਂ ਕੱਢਣ 'ਤੇ ਲੱਗੀ ਹੋਈ ਹੈ, ਉੱਥੇ ਹੀ ਇਕ ਦੇਸ਼ ਨੇ ਆਪਣੇ ਦੇਸ਼ 'ਚ ਲੋਕਾਂ ਨੂੰ ਆਕਰਸ਼ਿਤ ਕਰਨ ਲਈ 92 ਲੱਖ ਰੁਪਏ ਦੇਣ ਤੱਕ ਦੀ ਸਕੀਮ ਦਾ ਐਲਾਨ ਕਰ ਦਿੱਤਾ ਹੈ। ਇਹ ਐਲਾਨ ਇਟਲੀ ਦੇਸ਼ ਦੇ ਟ੍ਰੈਂਟਿਨੋ ਸੂਬੇ ਦੀ ਸਰਕਾਰ ਨੇ ਕੀਤਾ ਹੈ। ਅਸਲ 'ਚ ਦੇਸ਼ ਦੇ ਉੱਤਰੀ ਇਲਾਕੇ 'ਚ ਪੈਂਦੇ ਟ੍ਰੈਂਟਿਨੋ 'ਚ ਆਬਾਦੀ ਬਹੁਤ ਘਟ ਗਈ ਹੈ, ਜਿਸ ਕਾਰਨ ਉੱਥੇ ਹਜ਼ਾਰਾਂ ਘਰ ਖਾਲੀ ਹੋ ਗਏ ਹਨ।

ਇਸ ਇਲਾਕੇ ਨੂੰ ਮੁੜ ਖੁਸ਼ਹਾਲੀ ਨਾਲ ਵਸਾਉਣ ਲਈ ਸਰਕਾਰ ਨੇ ਉੱਥੇ ਆਉਣ ਲਈ ਲੋਕਾਂ ਨੂੰ ਆਕਰਸ਼ਿਤ ਕਰਨ ਲਈ 1 ਲੱਖ ਯੂਰੋ ਦੇਣ ਤੱਕ ਦੀ ਪੇਸ਼ਕਸ਼ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਇਸ ਇਲਾਕੇ ਦੇ 33 ਪਿੰਡਾਂ ਨੂੰ ਇਸ ਸਕੀਮ ਦਾ ਹਿੱਸਾ ਬਣਾਇਆ ਜਾਵੇਗਾ। ਇਸ ਸਕੀਮ ਦਾ ਲਾਭ ਲੈਣ ਲਈ ਲੋਕਾਂ ਨੂੰ ਇਸ ਇਲਾਕੇ ਵਿਚ ਘੱਟੋ-ਘੱਟ 10 ਸਾਲ ਤੱਕ ਰਹਿਣਾ ਪਵੇਗਾ। ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਇਹ ਰਕਮ ਵਾਪਸ ਕਰਨੀ ਪਵੇਗੀ। ਸਰਕਾਰ ਨੇ ਅਗਲੇ 2 ਸਾਲਾਂ ਲਈ 10 ਮਿਲੀਅਨ ਯੂਰੋ ਅਲਾਟ ਕਰ ਦਿੱਤੇ ਹਨ। ਸਰਕਾਰ ਨੂੰ ਆਸ ਹੈ ਕਿ ਇਸ ਪਹਿਲ ਨਾਲ ਇਲਾਕੇ ਵਿਚ ਆਬਾਦੀ ਦੀ ਸਮੱਸਿਆ ਤਾਂ ਦੂਰ ਹੋਵੇਗੀ ਹੀ, ਨਾਲ ਹੀ ਕੰਸਟ੍ਰੱਕਸ਼ਨ ਇੰਡਸਟਰੀ ਵੀ ਤੇਜ਼ੀ ਨਾਲ ਅੱਗੇ ਵਧੇਗੀ, ਜਿਸ ਨਾਲ ਦੇਸ਼ ਦੀ ਅਰਥਵਿਵਸਥਾ ਨੂੰ ਵੀ ਮਜ਼ਬੂਤੀ ਮਿਲੇਗੀ।



### ਕੀ ਹੈ ਪੂਰੀ ਯੋਜਨਾ ?

ਇਸ ਇਲਾਕੇ ਵਿਚ ਘਟਦੀ ਹੋਈ ਆਬਾਦੀ ਕਾਰਨ ਖ਼ਾਲੀ ਘਰਾਂ ਦੀ ਗਿਣਤੀ ਵਸੇ ਹੋਏ ਘਰਾਂ ਨਾਲੋਂ ਵੀ ਜ਼ਿਆਦਾ ਹੋ ਗਈ ਹੈ। ਇਸ ਸਮੱਸਿਆ ਨਾਲ ਨਜਿੱਠਣ ਲਈ ਹੀ ਇਹ ਸਕੀਮ ਤਿਆਰ ਕੀਤੀ ਗਈ ਹੈ। ਇਸ ਸਕੀਮ ਤਹਿਤ ਮਿਲਣ ਵਾਲੇ 1 ਲੱਖ ਯੂਰੋ 'ਚੋਂ 80,000 ਯੂਰੋ ਮੁਆਵਜ਼ੇ ਵਜੋਂ ਮਿਲਣਗੇ, ਜਦਕਿ 20,000 ਯੂਰੋ ਘਰ ਦੇ ਨਵੀਨੀਕਰਨ ਲਈ ਮਿਲਣਗੇ। ਹਰੇਕ ਵਿਅਕਤੀ ਵੱਧ ਤੋਂ ਵੱਧ 3 ਪ੍ਰਾਪਰਟੀਆਂ ਹੀ ਖਰੀਦ ਸਕੇਗਾ।

### ਕੌਣ ਲੈ ਸਕਦੇ ਹਨ ਇਸ ਸਕੀਮ ਦਾ ਲਾਭ ?

ਟ੍ਰੈਂਟਿਨੋ ਸਰਕਾਰ ਵੱਲੋਂ ਜਾਰੀ ਕੀਤੀ ਗਈ ਇਸ ਸਕੀਮ ਦਾ ਲਾਭ ਇਟਲੀ ਦੇ ਨਾਗਰਿਕ ਜਾਂ ਵਿਦੇਸ਼ਾਂ 'ਚ ਰਹਿਣ ਵਾਲੇ ਇਟਾਲੀਅਨ ਲੋਕ ਹੀ ਲੈ ਸਕਦੇ ਹਨ। ਫਿਲਹਾਲ ਇਸ ਸਕੀਮ 'ਤੇ ਚਰਚਾ ਜਾਰੀ ਹੈ ਤੇ ਆਉਣ ਵਾਲੇ ਕੁਝ ਹੀ ਦਿਨਾਂ ਵਿਚ ਇਸ ਸਕੀਮ ਨੂੰ ਲਾਗੂ ਵੀ ਕਰ ਦਿੱਤਾ ਜਾਵੇਗਾ।

# ਗਲੇਸ਼ੀਅਰ ਪਿਘਲਣ ਕਾਰਣ ਦੁਨੀਆ ’ਤੇ ਮੰਡਰਾਇਆ ‘ਖ਼ਤਰਾ’!

## ✪ 19 ਗਲੇਸ਼ੀਅਰਾਂ ਨੂੰ 2024 ਵਿੱਚ ਲਗਾਤਾਰ ਤੀਜੇ ਸਾਲ ਕਾਫ਼ੀ ਨੁਕਸਾਨ ਦਾ ਸਾਹਮਣਾ ਕਰਨਾ ਪਵੇਗਾ



ਨਵੀਂ ਦਿੱਲੀ-ਸੰਯੁਕਤ ਰਾਸ਼ਟਰ ਨੇ ਰਿਪੋਰਟ ਦਿੱਤੀ ਹੈ ਕਿ ਦੁਨੀਆ ਦੇ ਸਾਰੇ 19 ਗਲੇਸ਼ੀਅਰਾਂ ਨੂੰ 2024 ਵਿੱਚ ਲਗਾਤਾਰ ਤੀਜੇ ਸਾਲ ਕਾਫ਼ੀ ਨੁਕਸਾਨ ਦਾ ਸਾਹਮਣਾ ਕਰਨਾ ਪਵੇਗਾ। ਸੰਯੁਕਤ ਰਾਸ਼ਟਰ ਨੇ ਚਿਤਾਵਨੀ ਦਿੱਤੀ ਕਿ ਗਲੇਸ਼ੀਅਰਾਂ ਨੂੰ ਬਚਾਉਣਾ ਹੁਣ ਸਾਡੇ ਲਈ “ਹੋਂਦ” ਦਾ ਮਾਮਲਾ ਹੈ। ਸੰਯੁਕਤ ਰਾਸ਼ਟਰ ਵਿਸ਼ਵ ਮੌਸਮ ਵਿਗਿਆਨ ਸੰਗਠਨ ਦੀ ਮੌਸਮ, ਜਲਵਾਯੂ ਅਤੇ ਪਾਣੀ ਏਜੰਸੀ ਨੇ ਵਿਸ਼ਵ ਗਲੇਸ਼ੀਅਰ ਦਿਵਸ ਦੇ ਮੌਕੇ ’ਤੇ ਕਿਹਾ ਕਿ ਪਿਛਲੇ ਛੇ ਸਾਲਾਂ ਵਿੱਚੋਂ ਪੰਜ ਸਾਲਾਂ ਵਿੱਚ ਗਲੇਸ਼ੀਅਰਾਂ ਦਾ ਸਭ ਤੋਂ ਤੇਜ਼ੀ ਨਾਲ ਪਿਘਲਣਾ ਰਿਕਾਰਡ ਕੀਤਾ ਗਿਆ ਹੈ।

### ‘ਗਲੇਸ਼ੀਅਰਾਂ ਨੂੰ ਸੁਰੱਖਿਅਤ ਰੱਖਣਾ’

ਵਿਸ਼ਵ ਮੌਸਮ ਵਿਗਿਆਨ ਸੰਗਠਨ ਦੇ ਮੁਖੀ ਸੇਲੇਸਟੇ ਸੌਲੋ ਨੇ ਕਿਹਾ ਕਿ ਗਲੇਸ਼ੀਅਰਾਂ ਦੀ ਰੱਖਿਆ ਕਰਨਾ ਸਿਰਫ਼ ਇੱਕ ਵਾਤਾਵਰਣਕ, ਆਰਥਿਕ ਅਤੇ ਸਮਾਜਿਕ ਜ਼ਰੂਰੀ ਨਹੀਂ ਹੈ; ਇਹ ਭਵਿੱਖ ਦਾ ਮਾਮਲਾ ਹੈ। ਵਿਸ਼ਵ ਮੌਸਮ ਵਿਗਿਆਨ ਸੰਗਠਨ ਨੇ ਕਿਹਾ ਕਿ ਗ੍ਰੀਨਲੈਂਡ ਅਤੇ ਅੰਟਾਰਕਟਿਕਾ ਦੇ ਟਾਪੂਆਂ ਦੀਆਂ ਬਰਫ਼ ਦੀਆਂ ਚਾਦਰਾਂ ਤੋਂ ਇਲਾਵਾ, ਦੁਨੀਆ ਭਰ ਵਿੱਚ 275,000 ਤੋਂ ਵੱਧ ਗਲੇਸ਼ੀਅਰ ਲਗਪਗ 700,000 ਵਰਗ ਕਿਲੋਮੀਟਰ ਦੇ ਖੇਤਰ ਨੂੰ ਕਵਰ ਕਰਦੇ ਹਨ। ਪਰ ਜਲਵਾਯੂ ਪਰਿਵਰਤਨ ਕਾਰਨ ਗਲੇਸ਼ੀਅਰ ਤੇਜ਼ੀ ਨਾਲ ਸੁੰਗੜ ਰਹੇ ਹਨ।

ਵਿਸ਼ਵ ਮੌਸਮ ਵਿਗਿਆਨ ਸੰਗਠਨ ਨੇ ਕਿਹਾ, “2024 ਲਗਾਤਾਰ ਤੀਜਾ ਸਾਲ ਹੋਵੇਗਾ ਜਦੋਂ ਸਾਰੇ 19 ਗਲੇਸ਼ੀਅਰ ਖੇਤਰਾਂ ਵਿੱਚ ਨੁਕਸਾਨ ਹੋਵੇਗਾ।” ਏਜੰਸੀ ਨੇ ਸਵਿਸ-ਅਧਾਰਤ ਵਰਲਡ ਗਲੇਸ਼ੀਅਰ ਮਾਨੀਟਰਿੰਗ ਸਰਵਿਸ ਦੇ ਨਵੇਂ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਕੁੱਲ ਮਿਲਾ ਕੇ 450 ਬਿਲੀਅਨ ਟਨ ਗਲੇਸ਼ੀਅਰ ਖ਼ਤਮ ਹੋ ਗਏ ਹਨ। ਸੌਲੋ ਨੇ ਕਿਹਾ “2022-2024 ਤੱਕ, ਅਸੀਂ ਤਿੰਨ ਸਾਲਾਂ ਵਿੱਚ ਰਿਕਾਰਡ ’ਤੇ ਗਲੇਸ਼ੀਅਰਾਂ ਦਾ ਸਭ ਤੋਂ ਵੱਡਾ ਨੁਕਸਾਨ ਦੇਖਿਆ”। ਪਿਛਲੇ ਸਾਲ, ਕੈਨੇਡੀਅਨ ਆਰਕਟਿਕ ਅਤੇ ਗ੍ਰੀਨਲੈਂਡ ਗਲੇਸ਼ੀਅਰ ਵਰਗੇ ਖੇਤਰਾਂ ਵਿੱਚ ਗਲੇਸ਼ੀਅਰਾਂ ਵਿੱਚ ਗਿਰਾਵਟ ਦੇਖੀ ਗਈ ਸੀ। ਪਰ ਸਕੈਂਡੇਨੇਵੀਆ, ਨਾਰਵੇ ਦੇ ਸਵਾਲਬਾਰਡ ਟਾਪੂ ਅਤੇ ਉੱਤਰੀ ਏਸ਼ੀਆ ਦੇ ਗਲੇਸ਼ੀਅਰਾਂ ਨੇ ਆਪਣਾ ਹੁਣ ਤੱਕ ਦਾ ਸਭ ਤੋਂ ਬੁਰਾ ਸਾਲ ਅਨੁਭਵ ਕੀਤਾ।

ਵਿਸ਼ਵ ਮੌਸਮ ਵਿਗਿਆਨ ਸੰਗਠਨ ਨੇ ਕਿਹਾ ਕਿ ਪਿਘਲਣ ਦੀ ਮੌਜੂਦਾ ਦਰ ਨਾਲ, ਪੱਛਮੀ ਕੈਨੇਡਾ ਅਤੇ ਸੰਯੁਕਤ ਰਾਜ ਅਮਰੀਕਾ, ਸਕੈਂਡੇਨੇਵੀਆ, ਮੱਧ ਯੂਰਪ, ਕਾਕੇਸ਼ਸ, ਨਿਊਜ਼ੀਲੈਂਡ ਦੇ ਬਹੁਤ ਸਾਰੇ ਗਲੇਸ਼ੀਅਰ ਬਹੁਤ ਖ਼ਤਰੇ ਵਿੱਚ ਹਨ।ਵਿਸ਼ਵ ਮੌਸਮ ਵਿਗਿਆਨ ਸੰਗਠਨ ਨੇ ਕਿਹਾ ਕਿ ਬਰਫ਼ ਦੀਆਂ ਚਾਦਰਾਂ ਦੇ ਨਾਲ, ਗਲੇਸ਼ੀਅਰ ਦੁਨੀਆ ਦੇ ਪੀਣ ਵਾਲੇ ਪਾਣੀ ਦਾ ਲਗਭਗ 70 ਪ੍ਰਤੀਸ਼ਤ ਪ੍ਰਦਾਨ ਕਰਦੇ ਹਨ, ਉੱਚੇ ਪਹਾੜੀ ਖੇਤਰ ਪਾਣੀ ਦੇ ਟਾਵਰਾਂ ਵਜੋਂ ਕੰਮ ਕਰਦੇ ਹਨ। ਜੇਕਰ ਇਹ ਗਾਇਬ ਹੋ ਜਾਂਦੇ ਹਨ ਤਾਂ ਇਹ ਦਰਿਆ ਦੇ ਹੇਠਲੇ ਹਿੱਸੇ ਵਿੱਚ ਰਹਿਣ ਵਾਲੇ ਲੱਖਾਂ ਲੋਕਾਂ ਲਈ ਪਾਣੀ ਦੀ ਸਪਲਾਈ ਨੂੰ ਖ਼ਤਰਾ ਪੈਦਾ ਕਰ ਸਕਦਾ ਹੈ।

ਵਿਸ਼ਵ ਮੌਸਮ ਵਿਗਿਆਨ ਸੰਗਠਨ ਦੇ ਪਾਣੀ ਅਤੇ ਕ੍ਰਾਇਓਸਫੀਅਰ ਦੇ ਨਿਰਦੇਸ਼ਕ ਸਟੀਫਨ ਉਹਲੇਨਬਰੂਚ ਨੇ ਕਿਹਾ, ”ਸੰਯੁਕਤ ਰਾਸ਼ਟਰ ਦੇ ਅਨੁਸਾਰ, ਸਾਨੂੰ ਗਲੋਬਲ ਵਾਰਮਿੰਗ ਦਾ ਮੁਕਾਬਲਾ ਕਰਨਾ ਚਾਹੀਦਾ ਹੈ। “ਅਸੀਂ ਅੰਤ ਵਿੱਚ ਬਹੁਤ ਸਾਰੀਆਂ ਚੀਜ਼ਾਂ ’ਤੇ ਸਮਝੌਤਾ ਕਰ ਸਕਦੇ ਹਾਂ ਪਰ ਅਸੀਂ ਬਰਫ਼ ਪਿਘਲਣ ’ਤੇ ਸਮਝੌਤਾ ਨਹੀਂ ਕਰ ਸਕਦੇ।”

ਪਹਿਲੇ ਵਿਸ਼ਵ ਗਲੇਸ਼ੀਅਰ ਦਿਵਸ ਦੇ ਮੌਕੇ ’ਤੇ, ਵਿਸ਼ਵ ਮੌਸਮ ਵਿਗਿਆਨ ਸੰਗਠਨ ਨੇ ਇੱਕ ਅਮਰੀਕੀ ਗਲੇਸ਼ੀਅਰ ਨੂੰ ਸਾਲ ਦਾ ਪਹਿਲਾ ਗਲੇਸ਼ੀਅਰ ਐਲਾਨ ਕੀਤਾ। ਵਾਸ਼ਿੰਗਟਨ ਦੇ ਸਾਊਥ ਕੈਸਕੇਡ ਗਲੇਸ਼ੀਅਰ ਦੀ 1952 ਤੋਂ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ।

### ਕਿੰਨਾ ਵੱਡਾ ਹੋਵੇਗਾ ਸੰਕਟ

ਪਿਛਲੇ ਕਾਫੀ ਸਾਲਾਂ ਤੋਂ ਮੌਸਮ ਵਿਚ ਵੀ ਬਹੁਤ ਬਦਲਾਓ ਹੋ ਰਿਹਾ ਹੈ। ਬੇਮੌਸਮੀ ਬਾਰਿਸ਼ ਇਸੇ ਦਾ ਸਿੱਟਾ ਹੈ। ਇਸ ਕਾਰਨ ਫਸਲੀ ਚੱਕਰ ਵਿਚ ਵੀ ਵਿਘਨ ਪੈ ਸਕਦਾ ਹੈ ਕਿਉਂਕਿ ਹਰ ਫ਼ਸਲ ਨੂੰ ਪੱਕਣ ਲਈ ਕੁਝ ਖਾਸ ਦਿਨ ਗਰਮੀ ਦੇ ਜਾਂ ਕੁਝ ਖਾਸ ਸਮਾਂ ਠੰਢ ਦਾ ਚਾਹੀਦਾ ਹੁੰਦਾ ਹੈ। ਸਾਇੰਸਦਾਨਾਂ ਅਨੁਸਾਰ ਹਵਾ ਵਿਚ ਕੁਝ ਖਾਸ ਨਮੀ ਸਾਲ ਦੇ ਅਲੱਗ ਅਲੱਗ ਸਮੇਂ ਦੌਰਾਨ ਮੌਸਮ ਵਿਚ ਹੋਣੀ ਚਾਹੀਦੀ ਹੈ ਜੋ ਫਸਲਾਂ ਲਈ ਜ਼ਰੂਰੀ ਹੈ। ਇਸ ਵਿਚ ਬਦਲਾਓ ਆਇਆ ਹੈ ਜੋ ਗਲੇਸ਼ੀਅਰਾਂ ਦੇ ਪਿਘਲਣ ਅਤੇ ਧਰਤੀ ਦੇ ਤਾਪਮਾਨ ਵਿਚ ਵਾਧੇ ਨਾਲ ਹੋਇਆ ਮੰਨਿਆ ਜਾਂਦਾ ਹੈ। ਗਲੇਸ਼ੀਅਰਾਂ ਪਿਘਲਣ ਕਰਕੇ ਸਾਰੀ ਦੁਨੀਆ ਦੀਆਂ ਮੁੱਖ ਨਦੀਆਂ ਅਤੇ ਸਹਾਇਕ ਨਦੀਆਂ ਵਿਚ ਸਾਰਾ ਸਾਲ ਪਾਣੀ ਰਹਿੰਦਾ ਹੈ। ਧਰਤੀ ਦਾ ਤਾਪਮਾਨ ਵਧਣ ਕਾਰਨ ਗਲੇਸ਼ੀਅਰਾਂ ਦੀ ਹਜ਼ਾਰਾਂ ਲੱਖਾਂ ਸਾਲ ਪੁਰਾਣੀ ਬਰਫ਼ ਪਿਘਲਣ ਕਰਕੇ ਸਮੁੰਦਰਾਂ ਵਿਚ ਪਾਣੀ ਦਾ ਪੱਧਰ ਵੱਧ ਜਾਵੇਗਾ ਜਿਸ ਨਾਲ ਛੋਟੇ ਛੋਟੇ ਟਾਪੂ ਡੁੱਬ ਜਾਣਗੇ, ਤਟੀ ਇਲਾਕਿਆਂ ਵਿਚ ਵੱਡੇ ਸਮੁੰਦਰੀ ਤੂਫਾਨ ਆਉਣਗੇ। 2005 ਵਿਚ ਭਾਰਤ ਵਿਚ ਸੁਨਾਮੀ ਆਈ ਸੀ। ਸ਼ੁਰੂ ਸ਼ੁਰੂ ਵਿਚ ਹੜ੍ਹ ਆਉਣਗੇ, ਬਾਅਦ ਵਿਚ ਜਦੋਂ ਗਲੇਸ਼ੀਅਰ ਖਤਮ ਹੋ ਜਾਣਗੇ ਤਾਂ ਦਰਿਆਵਾਂ ਵਿਚ ਪਾਣੀ ਨਹੀਂ ਹੋਵੇਗਾ ਅਤੇ ਸੋਕਾ ਪਵੇਗਾ।

ਆਧੁਨਿਕ ਯੁੱਗ ਵਿਚ ਜਿਥੇ ਹਰ ਪਾਸੇ ਪ੍ਰਗਤੀ ਹੋਈ ਹੈ। ਮਨੁੱਖ ਨੇ ਨਦੀਆਂ ਦੇ ਪਾਣੀ ਨੂੰ ਰੋਕਣ ਲਈ ਦਰਿਆਵਾਂ ਉੱਤੇ ਡੈਮ ਬਣਾ ਲਏ ਹਨ ਜਿਨ੍ਹਾਂ ਦਾ ਸਿੱਟਾ ਇਹ ਨਿਕਲਿਆ ਹੈ ਕਿ ਦਰਿਆ ਸਮੁੰਦਰ ਦੇ ਨੇੜੇ ਜਾ ਕੇ ਬੜੇ ਛੋਟੇ ਹੋ ਜਾਂਦੇ ਹਨ ਜਿਸ ਕਾਰਨ ਡੈਲਟੇ ਵੀ ਖਤਮ ਹੋ ਰਹੇ ਹਨ। ਮੈਨਗਰੂਵ ਜੰਗਲ ਜਿਨ੍ਹਾਂ ਵਿਚ ਹਜ਼ਾਰਾਂ ਜਾਤੀਆਂ ਦੇ ਜਾਨਵਰ ਮੱਛੀਆਂ ਤੇ ਰੁੱਖ ਹਨ, ਮਰ ਰਹੇ ਹਨ। ਮਨੁੱਖੀ ਵਿਕਾਸ ਦਾ ਖਮਿਆਜ਼ਾ ਦੁਨੀਆ ਦਾ ਹਰ ਜੀਅ ਭੁਗਤ ਰਿਹਾ ਹੈ। ਅਸੀਂ ਹੁਣ ਵੀ ਸੰਭਲ ਜਾਈਏ ਤਾਂ ਚੰਗਾ ਹੈ, ਧਰਤੀ ਉੱਤੇ ਵਾਤਾਵਰਨ ਨਾਲ ਸਬੰਧਤ ਵੱਖ ਵੱਖ ਸੰਮੇਲਨ ਹੋ ਰਹੇ ਹਨ। ਇਨ੍ਹਾਂ ਵਿਚ ਖੋਜਾਰਥੀ ਅਤੇ ਸਾਇੰਸਦਾਨ ਜੋ ਸੁਝਾਅ ਦਿੰਦੇ ਹਨ, ਸਾਰੇ ਦੇਸ਼ਾਂ ਦੇ ਮੁਖੀਆਂ ਅਤੇ ਸਨਅਤਕਾਰਾਂ ਨੂੰ ਉਨ੍ਹਾਂ ਉੱਤੇ ਗ਼ੌਰ ਕਰਨਾ ਚਾਹੀਦਾ ਹੈ।

# ਧਰਤੀ ਵੱਲ ਆ ਰਿਹੈ ਵਡੇ ਆਕਾਰ ਦਾ ਇੱਕ ਐਸਟਰਾਇਡ

## ✪ ਨਾਸਾ ਨੇ ਭਵਿੱਖ ਵਿਚ ਸੰਭਾਵੀ ਖ਼ਤਰੇ ਬਾਰੇ ਕੀਤਾ ਸਾਵਧਾਨ



ਨਵੀਂ ਦਿੱਲੀ-ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਧਰਤੀ ਵੱਲ ਵਧ ਰਹੇ ਵਿਸ਼ਾਲ ਐਸਟਰਾਇਡ ਬਾਰੇ ਚਿਤਾਵਨੀ ਜਾਰੀ ਕੀਤੀ ਹੈ। ਇਹ ਐਸਟਰਾਇਡ ਆਉਣ ਵਾਲੇ ਦਿਨਾਂ ਵਿੱਚ ਸਾਡੇ ਗ੍ਰਹਿ ਦੇ ਨੇੜੇ ਤੋਂ ਲੰਘਣ ਵਾਲਾ ਹੈ। ਭਾਵੇਂ ਇਹ ਧਰਤੀ ਤੋਂ ਕਾਫ਼ੀ ਦੂਰੀ ’ਤੇ ਹੈ, ਫਿਰ ਵੀ ਨਾਸਾ ਨੇ ਇਸ ਨੂੰ ਇੱਕ ਸੰਭਾਵੀ ਤੌਰ ’ਤੇ ਖ਼ਤਰਨਾਕ ਗ੍ਰਹਿ ਵਜੋਂ ਸ਼੍ਰੇਣੀਬੱਧ ਕੀਤਾ ਹੈ। ਨਾਸਾ ਦੇ ਵਿਗਿਆਨੀਆਂ ਦੇ ਅਨੁਸਾਰ, ਇਹ ਵਿਸ਼ਾਲ ਪੁਲਾੜ ਚੱਟਾਨ 77,282 ਕਿਲੋਮੀਟਰ ਪ੍ਰਤੀ ਘੰਟਾ ਦੀ ਹੈਰਾਨੀਜਨਕ ਗਤੀ ਨਾਲ ਧਰਤੀ ਦੇ ਨੇੜੇ ਆ ਰਿਹਾ ਹੈ। ਇਸਦੇ ਆਕਾਰ ਅਤੇ ਗਤੀ ਨੂੰ ਦੇਖਦੇ ਹੋਏ, ਨਾਸਾ ਦੁਆਰਾ ਇਸਦੀ ਨੇੜਿਓਂ ਨਿਗਰਾਨੀ ਕੀਤੀ ਜਾ ਰਹੀ ਹੈ। ਇਨ੍ਹਾਂ ਗ੍ਰਹਿਆਂ ਨੂੰ ਆਪਣੇ ਵੱਡੇ ਆਕਾਰ ਅਤੇ ਧਰਤੀ ਦੇ ਨੇੜੇ ਹੋਣ ਕਾਰਨ ਭਵਿੱਖ ਵਿੱਚ ਸੰਭਾਵੀ ਖ਼ਤਰਾ ਮੰਨਿਆ ਜਾਂਦਾ ਹੈ।

### ਕਦੋਂ ਹੋਵੇਗਾ ਧਰਤੀ ਦੇ ਸਭ ਤੋਂ ਨੇੜੇ

ਮਾਹਿਰਾਂ ਨੇ ਭਰੋਸਾ ਦਿੱਤਾ ਹੈ ਕਿ ਇਹ ਗ੍ਰਹਿ ਧਰਤੀ ਨਾਲ ਨਹੀਂ ਟਕਰਾਏਗਾ, ਪਰ ਇਹ ਪੁਲਾੜ ਵਿੱਚ ਛੁਪੇ ਸੰਭਾਵੀ ਖ਼ਤਰਿਆਂ ਦੀ ਯਾਦ ਦਿਵਾਉਂਦਾ ਹੈ। ਐਸਟੇਰੋਇਡ 2014 ਟੀਐਨ17 26 ਮਾਰਚ, 2025 ਨੂੰ ਸ਼ਾਮ 5:04 ਵਜੇ ਆਈਐਸਟੀ ’ਤੇ ਧਰਤੀ ਦੇ ਸਭ ਤੋਂ ਨੇੜੇ ਹੋਵੇਗਾ। ਹਾਲਾਂਕਿ, ਇਹ ਗ੍ਰਹਿ ਧਰਤੀ ਤੋਂ ਲਗਪਗ 50 ਲੱਖ ਕਿਲੋਮੀਟਰ ਦੀ ਸੁਰੱਖਿਅਤ ਦੂਰੀ ’ਤੇ ਲੰਘੇਗਾ। ਇਹ ਧਰਤੀ ਅਤੇ ਚੰਦਰਮਾ ਵਿਚਕਾਰ ਦੂਰੀ ਦਾ 13 ਗੁਣਾ ਹੈ। ਸੁਰੱਖਿਅਤ ਦੂਰੀ ਦੇ ਬਾਵਜੂਦ, ਇਸ ਨੂੰ ਇੱਕ ਖ਼ਤਰਨਾਕ ਗ੍ਰਹਿ ਵਜੋਂ ਵਰਗੀਕ੍ਰਿਤ ਕਰਨ ਦਾ ਮਤਲਬ ਹੈ ਕਿ ਵਿਗਿਆਨੀ ਇਸ ’ਤੇ ਨੇੜਿਓਂ ਨਜ਼ਰ ਰੱਖ ਰਹੇ ਹਨ।

### ਨਾਸਾ ਨੇ ਦਿੱਤੀ ਜਾਣਕਾਰੀ

ਨਾਸਾ ਦਾ ਨੇੜ-ਧਰਤੀ ਵਸਤੂ ਅਧਿਐਨ ਕੇਂਦਰ ਇਨ੍ਹਾਂ ਗ੍ਰਹਿਆਂ ਦੀ ਲਗਾਤਾਰ ਨਿਗਰਾਨੀ ਕਰ ਰਿਹਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਵੇਲੇ ਕੋਈ ਵੀ ਐਸਟੇਰਾਇਡ ਧਰਤੀ ਨਾਲ ਟਕਰਾਉਣ ਵਾਲਾ ਨਹੀਂ ਹੈ ਪਰ ਇੱਕ ਛੋਟੀ ਜਿਹੀ ਔਰਬਿਟਲ ਤਬਦੀਲੀ ਵੀ ਭਵਿੱਖ ਵਿੱਚ ਖ਼ਤਰਾ ਪੈਦਾ ਕਰ ਸਕਦੀ ਹੈ। ਜੇਕਰ ਕੋਈ 540 ਫੁੱਟ ਚੌੜਾ ਐਸਟਰਾਇਡ ਧਰਤੀ ਨਾਲ ਟਕਰਾਉਂਦਾ ਹੈ, ਤਾਂ ਇਸ ਦੇ ਪ੍ਰਭਾਵ ਨਾਲ ਸੁਨਾਮੀ, ਭੂਚਾਲ ਅਤੇ ਵਾਯੂਮੰਡਲੀ ਵਿੱਚ ਬਦਲਾਅ ਆ ਸਕਦੇ ਹਨ। ਇਹੀ ਕਾਰਨ ਹੈ ਕਿ ਵਿਗਿਆਨੀ ਇਨ੍ਹਾਂ ਆਕਾਸ਼ੀ ਪਿੰਡਾਂ ’ਤੇ ਲਗਾਤਾਰ ਖੋਜ ਕਰ ਰਹੇ ਹਨ, ਤਾਂ ਜੋ ਕਿਸੇ ਵੀ ਖ਼ਤਰੇ ਨਾਲ ਸਮੇਂ ਸਿਰ ਨਜਿੱਠਿਆ ਜਾ ਸਕੇ।

ਕਰਾਈਮ ਨਿਊਜ਼

# ਹਾਈ ਕੋਰਟ ਨੇ ਭਾਈ ਚੌੜਾ ਦੇ ਸਾਥੀ ਧਰਮ ਸਿੰਘ ਦੀ ਗ੍ਰਿਫਤਾਰੀ 'ਤੇ ਲਾਈ ਰੋਕ

## ✪ 5 ਅਪ੍ਰੈਲ ਤੱਕ ਜਾਂਚ ਰਿਪੋਰਟ ਪੇਸ਼ ਕਰਨ ਦਾ ਦਿੱਤਾ ਹੁਕਮ



ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਾਬਕਾ ਡਿਪਟੀ ਸੀਐਮ ਸੁਖਬੀਰ ਬਾਦਲ 'ਤੇ ਹਮਲੇ ਦੇ ਮਾਮਲੇ ਵਿਚ ਦੋਸ਼ੀ ਨਾਰਾਇਣ ਚੌੜਾ ਦੇ ਸਾਥੀ ਧਰਮ ਸਿੰਘ ਦੀ ਗ੍ਰਿਫਤਾਰੀ 'ਤੇ ਅਗਲੀ ਸੁਣਵਾਈ ਤੱਕ ਰੋਕ ਲਗਾ ਦਿੱਤੀ ਹੈ। ਧਰਮ ਸਿੰਘ ਨੇ ਇਸ ਮਾਮਲੇ ਵਿਚ ਅਗਾਊਂ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਸੀ। ਕੋਰਟ ਨੇ ਸਰਕਾਰ ਨੂੰ 5 ਅਪ੍ਰੈਲ ਤੱਕ ਪੂਰੀ ਸੀਸੀਟੀਵੀ ਫੁਟੇਜ ਦੀ ਜਾਂਚ ਕਰਕੇ ਰਿਪੋਰਟ ਪੇਸ਼ ਕਰਨ ਦਾ ਹੁਕਮ ਦਿੱਤਾ ਹੈ।

ਧਰਮ ਸਿੰਘ ਦੇ ਵਕੀਲ ਨੇ ਅਦਾਲਤ ਵਿਚ ਦਲੀਲ ਦਿੱਤੀ ਕਿ ਧਰਮ ਸਿੰਘ 'ਤੇ ਸਿਰਫ ਇਹ ਦੋਸ਼ ਹੈ ਕਿ ਉਹ ਹਮਲੇ ਤੋਂ ਇਕ ਦਿਨ ਪਹਿਲਾਂ ਅਤੇ ਘਟਨਾ ਵਾਲੇ ਦਿਨ ਮੁੱਖ ਦੋਸ਼ੀ ਨਾਰਾਇਣ ਚੌੜਾ ਦੇ ਨਾਲ ਦੇਖਿਆ ਗਿਆ ਸੀ। ਜਿਸ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਧਰਮ ਸਿੰਘ 'ਤੇ ਦੋਸ਼ ਲਗਾਏ ਗਏ ਹਨ, ਉਹ ਅਧੂਰੀ ਹੈ।

ਵਕੀਲ ਨੇ ਇਹ ਵੀ ਦੱਸਿਆ ਕਿ ਘਟਨਾ ਵਾਲੇ ਦਿਨ ਨਾਰਾਇਣ ਸਿੰਘ ਚੌੜਾ ਨੇ ਐਸਪੀ ਹਰਪਾਲ ਸਿੰਘ ਅਤੇ ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨਾਲ ਵੀ ਮੁਲਾਕਾਤ ਕੀਤੀ ਸੀ।

ਕੋਰਟ ਨੇ ਸਰਕਾਰ ਨੂੰ ਕਿਹਾ ਹੈ ਕਿ ਪੂਰੀ ਘਟਨਾ ਦੀ ਸੀਸੀਟੀਵੀ ਫੁਟੇਜ ਦੀ ਜਾਂਚ ਕਰਕੇ ਕਿਸੇ ਜ਼ਿੰਮੇਵਾਰ ਅਧਿਕਾਰੀ ਰਾਹੀਂ ਉਸਦੀ ਸਟੇਟਸ ਰਿਪੋਰਟ ਪੇਸ਼ ਕੀਤੀ ਜਾਵੇ। ਤਦ ਤੱਕ ਧਰਮ ਸਿੰਘ ਦੀ ਗ੍ਰਿਫਤਾਰੀ 'ਤੇ ਰੋਕ ਜਾਰੀ ਰਹੇਗੀ।

## ਵਿਧਵਾ ਔਰਤ ਨਾਲ ਤਿੰਨ ਦੋਸਤਾਂ ਨੇ ਹੋਟਲ 'ਚ ਸੈਕਸ ਸਬੰਧ ਬਣਾਏ

ਪਾਤੜਾਂ-ਇੱਥੇ ਇਕ ਵਿਧਵਾ ਔਰਤ ਨਾਲ ਸਮੂਹਿਕ ਜਬਰ-ਜ਼ਿਨਾਹ ਕੀਤੇ ਜਾਣ ਦੇ ਦੋਸ਼ਾਂ ਤਹਿਤ 3 ਨੌਜਵਾਨਾਂ ਖ਼ਿਲਾਫ ਕੇਸ ਦਰਜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਹਰਿਆਣਾ ਸੂਬੇ ਦੇ ਇਕ ਪਿੰਡ ਦੀ ਔਰਤ ਜੋ ਪਾਤੜਾਂ ਵਿਚ ਰਹਿੰਦੀ ਹੈ ਨੇ ਦੱਸਿਆ ਕਿ ਆਪਣੇ ਪਤੀ ਦੀ ਮੌਤ ਤੋਂ ਬਾਅਦ ਉਹ ਆਪਣੇ ਪੇਕੇ ਘਰ ਰਹਿਣ ਲੱਗ ਪਈ ਸੀ, ਜਿੱਥੇ ਹਰਿਆਣਾ ਦਾ ਪ੍ਰਵੀਨ ਕੁਮਾਰ, ਉਸ ਨੂੰ ਫੋਨ ਕਰਨ ਲੱਗ ਪਿਆ ਅਤੇ ਵਿਆਹ ਕਰਵਾਉਣ ਲਈ ਕਹਿਣ ਲੱਗ ਪਿਆ। ਉਕਤ ਨੇ ਦੱਸਿਆ ਕਿ ਮਿਤੀ 1-2-2025 ਨੂੰ ਪ੍ਰਵੀਨ ਕੁਮਾਰ ਨੇ ਉਸ ਨੂੰ ਫੋਨ ਕਰ ਕੇ ਪਾਤੜਾਂ ਬੁਲਾਇਆ, ਜਿਥੇ ਉਹ ਆਪਣੇ ਦੋਸਤਾਂ ਜੱਗੀ ਅਤੇ ਅਜੈ ਨਾਲ ਉਸਨੂੰ ਗੱਡੀ ਵਿਚ ਬਿਠਾ ਕੇ ਪੁਰਾਣਾ ਬੱਸ ਸਟੈਂਡ ਪਾਤੜਾਂ ਵਿਖੇ ਲੈ ਗਿਆ ਅਤੇ ਵਿਆਹ ਕਰਵਾਉਣ ਲਈ ਕਹਿਣ ਲੱਗ ਪਿਆ, ਜਿਸ ਕਾਰਨ ਉਹ ਉਸ ਦੀਆਂ ਗੱਲਾਂ ਵਿਚ ਆ ਗਈ। ਉਹ ਆਪਣੇ ਦੋਸਤਾਂ ਸਮੇਤ ਉਸ ਨੂੰ ਹਰਿਆਣਾ ਦੇ ਪਹੋਵਾ ਵਿਖੇ ਇਕ ਹੋਟਲ 'ਚ ਲੈ ਗਿਆ, ਜਿਥੇ ਉਨ੍ਹਾਂ ਸਾਰਿਆਂ ਨੇ ਵਾਰੋ-ਵਾਰੀ ਉਸ ਨਾਲ ਲਗਾਤਾਰ ਤਿੰਨ ਦਿਨ ਸਰੀਰਕ ਸਬੰਧ ਬਣਾਏ। ਫਿਰ ਮਿਤੀ ਚਾਰ ਫਰਵਰੀ 2025 ਨੂੰ ਉਹ, ਉਸ ਨੂੰ ਕੁਰੂਕਸ਼ੇਤਰ ਵਿਖੇ ਛੱਡ ਕੇ ਭੱਜ ਗਏ। ਪੁਲਸ ਨੇ ਪੀੜਤਾ ਦੇ ਬਿਆਨਾਂ 'ਤੇ ਕਥਿਤ ਦੋਸ਼ੀਆਂ ਖਿਲਾਫ ਮੁਕੱਦਮਾ ਥਾਣਾ ਪਾਤੜਾਂ ਵਿਖੇ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਲੁਧਿਆਣਾ ਵਿੱਚ ਪੁਲਿਸ ਅਤੇ ਨਸ਼ਾ ਸਮਗਲਰਾਂ ਵਿਚਾਲੇ ਮੁਕਾਬਲਾ



ਨਵਾਂ ਸ਼ਹਿਰ-ਨਵਾਂਸ਼ਹਿਰ ਪੁਲਿਸ ਤੇ ਤਿੰਨ ਨਸ਼ਾ ਤਸਕਰਾਂ ਅੰਕੁਸ਼, ਮੁਦਿਤ ਤੇ ਅਭਿਜੀਤ ਮੰਡ ਵਿਚਕਾਰ ਹੋਈ ਮੁਠਭੇੜ ਵਿਚ ਨਸ਼ਾ ਤਸਕਰ ਦੇ ਲੱਤ ਵਿੱਚ ਗੋਲੀ ਲੱਗੀ ਤੇ ਜ਼ਖਮੀ ਨਸ਼ਾ ਤਸਕਰ ਸਿਵਲ ਹਸਪਤਾਲ ਜ਼ੇਰੇ ਇਲਾਜ਼ ਹੈ। ਬਦਮਾਸ਼ ਬਿਨਾਂ ਨੰਬਰ ਪਲੇਟ ਵਾਲੀ ਸਵਿਫਟ ਕਾਰ ਵਿੱਚ ਸਵਾਰ ਸਨ। ਪਹਿਲਾਂ ਬਦਮਾਸ਼ਾਂ ਨੇ ਪੁਲਿਸ 'ਤੇ ਗੋਲੀਬਾਰੀ ਕੀਤੀ, ਜਿਸ ਤੋਂ ਬਾਅਦ ਜਵਾਬੀ ਕਾਰਵਾਈ ਵਿੱਚ ਪੁਲਿਸ ਨੇ ਬਦਮਾਸ਼ ਦੇ ਪੱਟ ਵਿੱਚ ਗੋਲੀ ਮਾਰ ਦਿੱਤੀ ਅਤੇ ਉਨ੍ਹਾਂ ਨੂੰ ਫੜ ਲਿਆ। ਪੁਲਿਸ ਨੇ ਬਦਮਾਸ਼ਾਂ ਤੋਂ ਦੋ ਗੈਰ-ਕਾਨੂੰਨੀ ਪਿਸਤੌਲ ਵੀ ਬਰਾਮਦ ਕੀਤੇ ਹਨ।

## ਸੁਨਾਮ ਵਿਚ ਪ੍ਰੇਮੀ ਜੋੜੇ ਨੇ ਜ਼ਹਿਰ ਨਿਗਲਿਆ

### ✪ ਸੁਸਾਈਡ ਨੋਟ ਦੇ ਆਧਾਰ 'ਤੇ ਸੱਤ ਖਿਲਾਫ ਮਾਮਲਾ ਦਰਜ

ਸੁਨਾਮ-ਕੱਚਾ ਪਹਾ ਮੁਹੱਲੇ ਦੇ ਘਰ ਵਿੱਚ ਰਹਿੰਦੇ ਇਕ ਵਿਅਕਤੀ ਅਤੇ ਉਸ ਦੀ ਪ੍ਰੇਮਿਕਾ ਨੇ ਜ਼ਹਿਰੀਲਾ ਪਦਾਰਥ ਨਿਗਲ ਕੇ ਜੀਵਨ ਲੀਲ੍ਹਾ ਸਮਾਪਤ ਕਰ ਲਈ ਹੈ। ਉਨ੍ਹਾਂ ਦਾ ਕਿਸੇ ਹੋਰ ਵਿਅਕਤੀ ਨਾਲ ਜਾਇਦਾਦ ਦਾ ਝਗੜਾ ਚੱਲ ਰਿਹਾ ਸੀ। ਪੁਲਿਸ ਦੇ ਹੱਥ ਸੁਸਾਈਡ ਨੋਟ ਵੀ ਮਿਲਿਆ ਹੈ, ਜਿਸ ਦੇ ਆਧਾਰ 'ਤੇ ਪੁਲਿਸ ਨੇ ਸੱਤ ਜਣਿਆਂ ਖ਼ਿਲਾਫ਼ ਪਰਚਾ ਦਰਜ ਕਰ ਲਿਆ ਹੈ। ਥਾਣਾ ਸ਼ਹਿਰੀ ਸੁਨਾਮ ਦੇ ਮੁਖੀ ਇੰਸਪੈਕਟਰ ਪ੍ਰਤੀਕ ਜਿੰਦਲ ਅਤੇ ਚੌਕੀ ਇੰਚਾਰਜ ਸਹਾਇਕ ਥਾਣੇਦਾਰ ਮਿੱਠੂ ਰਾਮ ਨੇ ਦੱਸਿਆ ਕਿ ਗਗਨਦੀਪ ਗੋਇਲ (32) ਆਪਣੀ ਪ੍ਰੇਮਿਕਾ ਕੋਮਲ ਗਰਗ (23) ਨਾਲ ਕੱਚਾ ਪਹਾ ਇਲਾਕੇ ਵਿਚ ਰਹਿੰਦਾ ਸੀ। ਬੀਤੇ ਦਿਨੀਂ ਰਾਤ ਨੂੰ ਦੋਵਾਂ ਨੇ ਜ਼ਹਿਰੀਲਾ ਪਦਾਰਥ ਨਿਗਲ ਲਿਆ। ਗੰਭੀਰ ਹਾਲਤ ਵਿਚ ਦੋਵਾਂ ਨੂੰ ਸੁਨਾਮ ਦੇ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਪਟਿਆਲਾ ਦੇ ਰਜਿੰਦਰਾ ਹਸਪਤਾਲ ਲਈ ਰੈਫਰ ਕਰ ਦਿੱਤਾ ਗਿਆ ਜਿੱਥੇ ਦੋਵਾਂ ਦੀ ਮੌਤ ਹੋ ਗਈ। ਥਾਣਾ ਮੁਖੀ ਨੇ ਦੱਸਿਆ ਕਿ ਮਿਬਕ ਜੋੜੇ ਕੋਲੋਂ ਮਿਲੇ ਸੁਸਾਈਡ ਨੋਟ ਦੇ ਆਧਾਰ 'ਤੇ 7 ਲੋਕਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਸੁਸਾਈਡ ਨੋਟ ਵਿਚ ਗਗਨਦੀਪ ਨੇ ਦੋਸ਼ ਲਗਾਇਆ ਕਿ ਕੁਝ ਲੋਕਾਂ ਨੇ ਜ਼ਬਰਦਸਤੀ ਉਸ ਦੀ ਜਾਇਦਾਦ ਧੱਕੇ ਨਾਲ ਆਪਣੇ ਨਾਂ ਕਰਵਾ ਲਈ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ।




## ਨਵਾਂ ਸ਼ਹਿਰ ਵਿਚ ਪੁਲਿਸ ਮੁਕਾਬਲੇ ਵਿਚ ਗੈਂਗਸਟਰ ਜ਼ਖਮੀ

ਨਵਾਂਸ਼ਹਿਰ-ਨਵਾਂਸ਼ਹਿਰ ਪੁਲਿਸ 'ਤੇ ਹਮਲਾ ਕਰਨ ਵਾਲਾ ਗੈਂਗਸਟਰ ਮੁਕਾਬਲੇ 'ਚ ਜ਼ਖ਼ਮੀ ਹੋ ਗਿਆ। ਮੁਲਜ਼ਮ ਖ਼ਿਲਾਫ਼ ਆਰਮਜ਼ ਅਤੇ ਐਨਡੀਪੀਐਸ ਐਕਟ ਦੇ ਤਹਿਤ 11ਕੇਸ ਦਰਜ ਹਨ। ਐਸਐਸਪੀ ਡਾਕਟਰ ਮਹਿਤਾਬ ਸਿੰਘ ਨੇ ਦੱਸਿਆ ਕਿ ਪੁਲਿਸ ਪਾਰਟੀ ਵੱਲੋਂ ਰਿਕਵਰੀ ਲਈ ਲਿਜਾਇਆ ਰਹੇ ਇੱਕ ਪੀਓ ਨੂੰ ਰਿਕਵਰੀ ਪੁਆਇੰਟ 'ਤੇ ਲਿਆ ਰਹੇ ਸੀ ਤਾਂ ਉਸਨੇ ਉਸ ਥਾਂ ਤੋਂ ਪਿਸਤੌਲ ਕੱਢ ਕੇ ਪੁਲਿਸ 'ਤੇ ਗੋਲੀ ਚਲਾ ਦਿੱਤੀ। ਇੱਕ ਗੋਲੀ ਪੁਲਿਸ ਦੀ ਗੱਡੀ 'ਤੇ ਲੱਗੀ। ਪੁਲਿਸ ਵੱਲੋਂ ਜਵਾਬੀ ਕਾਰਵਾਈ ਕਰਦੇ ਹੋਏ ਗੋਲ਼ੀ ਚਲਾਈ ਜੋ ਅਮਨ ਨਾਮ ਦੇ ਗੈਂਗਸਟਰ ਨੂੰ ਲੱਤ 'ਤੇ ਗੋਲੀ ਵੱਜੀ ਜਿਸ ਨਾਲ ਉਹ ਜ਼ਖ਼ਮੀ ਹੋ ਗਿਆ। ਦੋਸ਼ੀ ਕੋਲੋਂ ਇਕ ਪਿਸਤੌਲ ਬਰਾਮਦ ਕੀਤਾ ਹੈ।

## ਪੋਰਨ ਦੇਖਕੇ ਹੱਥਰਸੀ ਕਰਨ ਵਾਲੀ ਪਤਨੀ ਵਿਰੁੱਧ ਪਤੀ ਨੇ ਅਦਾਲਤ ਵਿਚ ਕੀਤੀ ਸ਼ਿਕਾਇਤ

### ✪ ਜੱਜ ਨੇ ਕਿਹਾ-ਇਹ ਤਲਾਕ ਦਾ ਆਧਾਰ ਨਹੀਂ

ਨਵੀਂ ਦਿੱਲੀ-ਮਦਰਾਸ ਹਾਈ ਕੋਰਟ ਨੇ ਇੱਕ ਮਹੱਤਵਪੂਰਨ ਅਤੇ ਵੱਡਾ ਫੈਸਲਾ ਸੁਣਾਉਂਦੇ ਹੋਏ ਕਿਹਾ ਹੈ ਕਿ ਜੇਕਰ ਕੋਈ ਔਰਤ ਇਕੱਲੀ ਪੋਰਨ ਦੇਖਦੀ ਹੈ ਅਤੇ ਹੱਥਰਸੀ ਕਰਦੀ ਹੈ ਤਾਂ ਇਹ ਪਤੀ ਪ੍ਰਤੀ ਬੇਰਹਿਮੀ ਨਹੀਂ ਹੈ। ਦਰਅਸਲ, ਇੱਕ ਪਰਿਵਾਰਕ ਅਦਾਲਤ ਨੇ ਇੱਕ ਆਦਮੀ ਦੀ ਤਲਾਕ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ, ਜਿਸ ਨੂੰ ਹਾਈ ਕੋਰਟ ਨੇ ਬਰਕਰਾਰ ਰੱਖਿਆ ਹੈ। ਜਸਟਿਸ ਜੀ.ਆਰ. ਸਵਾਮੀਨਾਥਨ ਅਤੇ ਜਸਟਿਸ ਆਰ. ਪੂਰਨਿਮਾ ਦੀ ਬੈਂਚ ਨੇ ਫੈਸਲਾ ਸੁਣਾਇਆ ਹੈ। ਉਨ੍ਹਾਂ ਕਿਹਾ, ਜਦੋਂ ਮਰਦਾਂ ਲਈ ਹੱਥਰਸੀ ਕਰਨਾ ਆਮ ਗੱਲ ਹੈ ਤਾਂ ਔਰਤਾਂ ਨੂੰ ਕਿਵੇਂ ਗ਼ਲਤ ਠਹਿਰਾਇਆ ਜਾ ਸਕਦਾ ਹੈ।




ਅਦਾਲਤ ਨੇ ਕਿਹਾ, ਮਰਦ ਹੱਥਰਸੀ ਕਰਨ ਤੋਂ ਤੁਰੰਤ ਬਾਅਦ ਸੈਕਸ ਨਹੀਂ ਕਰ ਸਕਦੇ ਪਰ ਔਰਤਾਂ ਦੇ ਮਾਮਲੇ ਵਿੱਚ ਅਜਿਹਾ ਨਹੀਂ ਹੈ। ਇਸ ਲਈ ਅਜਿਹੀ ਸਥਿਤੀ ਵਿੱਚ ਇਹ ਸਾਬਤ ਨਹੀਂ ਹੋਇਆ ਹੈ ਕਿ ਹੱਥਰਸੀ ਦੀ ਆਦਤ ਪਤੀ-ਪਤਨੀ ਦੇ ਰਿਸ਼ਤੇ 'ਤੇ ਬੁਰਾ ਪ੍ਰਭਾਵ ਪਾਵੇਗੀ। ਔਰਤ ਦੇ ਪਤੀ ਨੇ ਦੋਸ਼ ਲਗਾਇਆ ਸੀ ਕਿ ਉਸਦੀ ਪਤਨੀ ਹੱਥਰਸੀ ਕਰਦੀ ਹੈ। ਇਸ ਦਾ ਜਵਾਬ ਦਿੰਦੇ ਹੋਏ ਅਦਾਲਤ ਨੇ ਕਿਹਾ ਕਿ ਔਰਤ ਨੂੰ ਇਸ ਬਾਰੇ ਜਵਾਬ ਦੇਣ ਲਈ ਕਹਿਣਾ ਉਸਦੀ ਆਜ਼ਾਦੀ ਦੀ ਉਲੰਘਣਾ ਹੋਵੇਗੀ। ਜੇਕਰ ਕੋਈ ਔਰਤ ਵਿਆਹ ਤੋਂ ਬਾਅਦ ਕਿਸੇ ਹੋਰ ਨਾਲ ਸਰੀਰਕ ਸੰਬੰਧ ਬਣਾਉਂਦੀ ਹੈ, ਤਾਂ ਇਹ ਤਲਾਕ ਦਾ ਆਧਾਰ ਹੋ ਸਕਦਾ ਹੈ। ਪਰ ਸਿਰਫ਼ ਆਪਣੇ ਆਪ ਨੂੰ ਖੁਸ਼ ਕਰਨਾ ਤਲਾਕ ਦਾ ਕਾਰਨ ਨਹੀਂ ਹੋ ਸਕਦਾ।

### ਅਦਾਲਤ ਨੇ ਕਿਹਾ-ਇਹ ਬੇਰਹਿਮੀ ਹੈ

ਅਦਾਲਤ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਕਿਹਾ, "ਸਿਰਫ਼ ਪੋਰਨ ਦੇਖਣਾ ਪਤੀ ਪ੍ਰਤੀ ਬੇਰਹਿਮੀ ਨਹੀਂ ਹੈ। ਇਹ ਇਸਨੂੰ ਦੇਖਣ ਵਾਲੇ ਵਿਅਕਤੀ ਦੀ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰ ਸਕਦਾ ਹੈ, ਪਰ ਇਹ ਇਕੱਲਾ ਕਾਫ਼ੀ ਨਹੀਂ ਹੈ। ਜੇਕਰ ਪੋਰਨ ਦੇਖਣ ਵਾਲਾ ਵਿਅਕਤੀ ਆਪਣੇ ਸਾਥੀ ਨੂੰ ਇਸ ਨੂੰ ਦੇਖਣ ਲਈ ਮਜਬੂਰ ਕਰਦਾ ਹੈ ਤਾਂ ਇਹ ਬੇਰਹਿਮੀ ਹੋਵੇਗੀ। ਜੇਕਰ ਇਹ ਦਿਖਾਇਆ ਜਾਵੇ ਕਿ ਇਹ ਲਤ ਕਿਸੇ ਦੇ ਵਿਆਹੁਤਾ ਜੀਵਨ 'ਤੇ ਬੁਰਾ ਪ੍ਰਭਾਵ ਪਾ ਰਹੀ ਹੈ ਤਾਂ ਇਹ ਤਲਾਕ ਦਾ ਕਾਰਨ ਹੋ ਸਕਦਾ ਹੈ।"

# ਟਰੰਪ ਅਮਰੀਕੀ ਸਿੱਖਿਆ ਵਿਭਾਗ ਨੂੰ ਕਿਉਂ ਖਤਮ ਕਰ ਰਹੇ ਹਨ ?

## ✪ ਸਿੱਖਿਆ ਵਿਭਾਗ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਕਾਂਗਰਸ ਦੀ ਮਨਜ਼ੂਰੀ ਲੈਣੀ ਆਸਾਨ ਨਹੀਂ ਹੋਵੇਗੀ

ਨਿਊਜ਼ ਵਿਸ਼ਲੇਸ਼ਣ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਿੱਖਿਆ ਵਿਭਾਗ ਨੂੰ ਖਤਮ ਕਰਨ ਦੇ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ। ਉਨ੍ਹਾਂ ਨੇ ਇੱਕ ਹੋਰ ਚੋਣ ਵਾਅਦੇ ਨੂੰ ਪੂਰਾ ਕਰਨ ਵੱਲ ਇੱਕ ਕਦਮ ਵਧਾਇਆ ਹੈ। ਇਹ ਕਦਮ ਕੰਜ਼ਰਵੇਟਿਵ ਸਮੂਹਾਂ ਵਿੱਚ ਪ੍ਰਸਿੱਧ ਰਿਹਾ ਹੈ, ਜਿਨ੍ਹਾਂ ਨੇ ਲੰਬੇ ਸਮੇਂ ਤੋਂ ਇਹ ਦਲੀਲ ਦਿੱਤੀ ਹੈ ਕਿ ਸਿੱਖਿਆ ਉੱਤੇ ਸੰਘੀ ਸਰਕਾਰ ਦਾ ਨਿਯੰਤਰਣ ਬੇਲੋੜਾ ਹੈ ਅਤੇ ਇਹ ਰਾਜ ਸਰਕਾਰਾਂ ਦੇ ਹੱਥਾਂ ਵਿੱਚ ਹੋਣਾ ਚਾਹੀਦਾ ਹੈ। ਉਹਨਾਂ ਮੰਨਣਾ ਹੈ ਕਿ ਸਿੱਖਿਆ ਵਿਭਾਗ "ਉਦਾਰਵਾਦੀ ਵਿਚਾਰਾਂ" ਤੋਂ ਪ੍ਰਭਾਵਿਤ ਹੋ ਗਿਆ ਹੈ, ਜੋ ਵਿਦਿਆਰਥੀਆਂ ਦੇ ਹਿੱਤ ਵਿੱਚ ਨਹੀਂ ਹਨ। ਪਰ ਇਸ ਫੈਸਲੇ ਦੀ ਆਲੋਚਨਾ ਵੀ ਹੋ ਰਹੀ ਹੈ, ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਇਸ ਨਾਲ ਦੇਸ਼ ਭਰ ਦੇ ਵਿਦਿਆਰਥੀਆਂ ਨੂੰ ਨੁਕਸਾਨ ਹੋਵੇਗਾ। ਲੋਕਾਂ ਦਾ ਸੁਆਲ ਹੈ ਕਿ, ਟਰੰਪ ਅਜਿਹਾ ਕਿਉਂ ਕਰ ਰਿਹਾ ਹੈ ਅਤੇ ਇਸ ਤੋਂ ਬਾਅਦ ਕੀ ਹੋਵੇਗਾ?



ਟਰੰਪ ਅਤੇ ਉਨ੍ਹਾਂ ਦੇ ਸਮਰਥਕਾਂ ਦਾ ਕਹਿਣਾ ਹੈ ਕਿ 1979 ਵਿੱਚ ਸਥਾਪਿਤ ਸਿੱਖਿਆ ਵਿਭਾਗ ਨੇ ਪਿਛਲੇ 46 ਸਾਲਾਂ ਵਿੱਚ 3 ਟ੍ਰਿਲੀਅਨ ਡਾਲਰ ਤੋਂ ਵੱਧ ਖਰਚ ਕੀਤੇ ਹਨ ਪਰ ਵਿਦਿਆਰਥੀਆਂ ਦੀ ਵਿਦਿਅਕ ਪ੍ਰਾਪਤੀਆਂ ਵਿੱਚ ਕੋਈ ਮਹੱਤਵਪੂਰਨ ਸੁਧਾਰ ਨਹੀਂ ਹੋਇਆ। ਵ੍ਹਾਈਟ ਹਾਊਸ ਦੇ ਅਨੁਸਾਰ, ਪ੍ਰਤੀ ਵਿਦਿਆਰਥੀ ਖਰਚ ਵਿੱਚ 245 ਪ੍ਰਤੀਸ਼ਤ ਤੋਂ ਵੱਧ ਦੇ ਵਾਧੇ ਦੇ ਬਾਵਜੂਦ, ਨਤੀਜੇ ਤਸੱਲੀਬਖਸ਼ ਨਹੀਂ ਰਹੇ ਹਨ। ਟਰੰਪ ਦਾ ਤਰਕ ਹੈ ਕਿ ਇਹ ਵਿਭਾਗ ਨੌਕਰਸ਼ਾਹੀ ਦੀ ਇੱਕ ਉਦਾਹਰਣ ਹੈ ਜੋ ਸਿੱਖਿਆ ਨੂੰ ਸੁਧਾਰਨ ਦੀ ਬਜਾਏ ਇਸਨੂੰ ਹੋਰ ਨਿਘਾਰ ਵਲ ਲਿਜਾ ਰਿਹਾ ਹੈ। ਰੂੜੀਵਾਦੀ ਆਗੂਆਂ ਦਾ ਮੰਨਣਾ ਹੈ ਕਿ ਸਿੱਖਿਆ ਸਥਾਨਕ ਅਤੇ ਰਾਜ ਦਾ ਮਾਮਲਾ ਹੋਣਾ ਚਾਹੀਦਾ ਹੈ, ਸੰਘੀ ਸਰਕਾਰ ਦਾ ਮਾਮਲਾ ਨਹੀਂ। ਉਹ ਕਹਿੰਦੇ ਹਨ ਕਿ ਰਾਜ ਆਪਣੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਬਿਹਤਰ ਢੰਗ ਨਾਲ ਸਮਝਦੇ ਹਨ ਅਤੇ ਉਨ੍ਹਾਂ ਲਈ ਢੁਕਵੀਆਂ ਨੀਤੀਆਂ ਬਣਾ ਸਕਦੇ ਹਨ। ਟਰੰਪ ਨੇ ਇਸ ਕਦਮ ਨੂੰ "ਰਾਜਾਂ ਵਿੱਚ ਸਿੱਖਿਆ ਵਾਪਸ ਲਿਆਉਣ" ਵਜੋਂ ਦਰਸਾਇਆ ਹੈ, ਇੱਕ ਅਜਿਹਾ ਕਦਮ ਜਿਸਦਾ ਕਈ ਰਿਪਬਲਿਕਨ ਗਵਰਨਰਾਂ ਨੇ ਸਮਰਥਨ ਕੀਤਾ ਹੈ। ਉਦਾਹਰਣ ਵਜੋਂ, ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ, ਜੋ ਕਿ ਟਰੰਪ ਦੇ ਸਾਬਕਾ ਵਿਰੋਧੀ ਸਨ, ਨੇ ਵੀ ਇਸ ਕਦਮ ਦੀ ਪ੍ਰਸ਼ੰਸਾ ਕੀਤੀ ਹੈ।

ਟਰੰਪ ਨੇ 20 ਮਾਰਚ, 2025 ਨੂੰ ਵ੍ਹਾਈਟ ਹਾਊਸ ਵਿਖੇ ਇਸ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ। ਹਾਲਾਂਕਿ, ਸਿੱਖਿਆ ਵਿਭਾਗ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਕਾਂਗਰਸ ਦੀ ਮਨਜ਼ੂਰੀ ਦੀ ਲੋੜ ਹੋਵੇਗੀ, ਜੋ ਕਿ ਆਸਾਨ ਨਹੀਂ ਹੋਵੇਗਾ। ਇਹ ਹੁਕਮ ਸਿੱਖਿਆ ਸਕੱਤਰ ਲਿੰਡਾ ਮੈਕਮਹੋਨ ਨੂੰ ਵਿਭਾਗ ਨੂੰ ਖਤਮ ਕਰਨ ਅਤੇ ਸਿੱਖਿਆ ਅਧਿਕਾਰ ਰਾਜਾਂ ਨੂੰ ਸੌਂਪਣ ਦੀ ਪ੍ਰਕਿਰਿਆ ਸ਼ੁਰੂ ਕਰਨ ਦਾ ਨਿਰਦੇਸ਼ ਦਿੰਦਾ ਹੈ। ਵ੍ਹਾਈਟ ਹਾਊਸ ਨੇ ਭਰੋਸਾ ਦਿੱਤਾ ਹੈ ਕਿ ਵਿਦਿਆਰਥੀ ਕਰਜ਼ੇ, ਪੇਲ ਗ੍ਰਾਂਟਾਂ ਅਤੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਸਹਾਇਤਾ ਵਰਗੇ ਮਹੱਤਵਪੂਰਨ ਪ੍ਰੋਗਰਾਮ ਪ੍ਰਭਾਵਿਤ ਨਹੀਂ ਹੋਣਗੇ। ਪਰ ਇਹ ਸਪੱਸ਼ਟ ਨਹੀਂ ਹੈ ਕਿ ਜੇਕਰ ਵਿਭਾਗ ਨੂੰ ਖਤਮ ਕਰ ਦਿੱਤਾ ਜਾਂਦਾ ਹੈ ਤਾਂ ਉਹ ਸੇਵਾਵਾਂ ਕਿਵੇਂ ਜਾਰੀ ਰਹਿਣਗੀਆਂ?

ਡੈਮੋਕਰੇਟਸ ਅਤੇ ਸਿੱਖਿਆ ਦੇ ਸਮਰਥਕਾਂ ਨੇ ਇਸ ਕਦਮ ਨੂੰ "ਰਾਸ਼ਟਰਪਤੀ ਸ਼ਕਤੀ ਦੀ ਦੁਰਵਰਤੋਂ" ਕਿਹਾ ਹੈ। ਉਹ ਕਹਿੰਦੇ ਹਨ ਕਿ ਸਿੱਖਿਆ ਵਿਭਾਗ ਗਰੀਬ ਵਿਦਿਆਰਥੀਆਂ, ਘੱਟ ਗਿਣਤੀਆਂ ਅਤੇ ਅਪਾਹਜ ਬੱਚਿਆਂ ਲਈ ਸਮਾਨ ਸਿੱਖਿਆ ਯਕੀਨੀ ਬਣਾਉਂਦਾ ਹੈ। ਇਹ ਫੰਡਿੰਗ ਘੱਟ ਆਮਦਨ ਵਾਲੇ ਸਕੂਲਾਂ ਦੀ ਸਹਾਇਤਾ ਕਰਨ ਵਿੱਚ ਮਦਦ ਕਰਦੀ ਹੈ। ਪਰ ਇਹ ਆਈਡੀਈਏ (ਅਪਾਹਜ ਵਿਅਕਤੀਆਂ ਦੀ ਸਿੱਖਿਆ ਐਕਟ) ਵਰਗੇ ਪ੍ਰੋਗਰਾਮਾਂ ਨੂੰ ਪ੍ਰਭਾਵਤ ਕਰ ਸਕਦਾ ਹੈ। ਮਨੁੱਖੀ ਅਧਿਕਾਰ ਕਾਰਕੁਨਾਂ ਦਾ ਕਹਿਣਾ ਹੈ ਕਿ ਇਸ ਨਾਲ ਲੱਖਾਂ ਵਿਦਿਆਰਥੀ ਪ੍ਰਭਾਵਿਤ ਹੋਣਗੇ, ਖਾਸ ਕਰਕੇ ਉਹ ਜੋ ਸੰਘੀ ਸਰਕਾਰ ਦੀ ਸਹਾਇਤਾ 'ਤੇ ਨਿਰਭਰ ਹਨ।

ਸਿੱਖਿਆ ਯੂਨੀਅਨਾਂ ਅਤੇ ਡੈਮੋਕ੍ਰੇਟਿਕ ਨੇਤਾਵਾਂ ਨੇ ਕਾਨੂੰਨੀ ਕਾਰਵਾਈ ਦੀ ਧਮਕੀ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਕਦਮ ਨਾਲ ਨਾ ਸਿਰਫ਼ ਵਿਦਿਆਰਥੀਆਂ ਨੂੰ ਨੁਕਸਾਨ ਹੋਵੇਗਾ ਸਗੋਂ ਇਹ ਸੰਘੀ ਵਿਦਿਆਰਥੀ ਕਰਜ਼ਾ ਪ੍ਰਣਾਲੀ ਨੂੰ ਵੀ ਅਸਥਿਰ ਕਰ ਸਕਦਾ ਹੈ, ਜਿਸ ਵਿੱਚ 1.5 ਟ੍ਰਿਲੀਅਨ ਡਾਲਰ ਦਾ ਕਰਜ਼ਾ ਅਤੇ 40 ਮਿਲੀਅਨ ਤੋਂ ਵੱਧ ਕਰਜ਼ਾ ਪ੍ਰਾਪਤਕਰਤਾ ਸ਼ਾਮਲ ਹਨ।

ਜਦੋਂ ਕਿ ਟਰੰਪ ਦਾ ਕਾਰਜਕਾਰੀ ਆਦੇਸ਼ ਇੱਕ ਵੱਡਾ ਕਦਮ ਹੈ, ਵਿਭਾਗ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਕਾਂਗਰਸ ਦੇ ਸਮਰਥਨ ਦੀ ਲੋੜ ਹੈ। ਇਸ ਨੂੰ ਰਿਪਬਲਿਕਨ ਬਹੁਗਿਣਤੀ ਵਾਲੀ ਕਾਂਗਰਸ ਵਿੱਚ ਮਨਜ਼ੂਰੀ ਮਿਲਣ ਦੀ ਸੰਭਾਵਨਾ ਹੈ, ਪਰ ਡੈਮੋਕਰੇਟਸ ਅਤੇ ਕੁਝ ਮਾਡਰੇਟ ਰਿਪਬਲਿਕਨ ਇਸਦਾ ਵਿਰੋਧ ਕਰ ਸਕਦੇ ਹਨ।

ਜੇਕਰ ਇਹ ਯੋਜਨਾ ਸਫਲ ਹੁੰਦੀ ਹੈ, ਤਾਂ ਸਿੱਖਿਆ ਵਿਭਾਗ ਦੇ ਬਹੁਤ ਸਾਰੇ ਕਾਰਜ ਹੋਰ ਏਜੰਸੀਆਂ ਨੂੰ ਸੌਂਪੇ ਜਾ ਸਕਦੇ ਹਨ, ਜਿਵੇਂ ਕਿ ਸਮਾਲ ਬਿਜ਼ਨਸ ਐਡਮਿਨਿਸਟ੍ਰੇਸ਼ਨ (ਵਿਦਿਆਰਥੀ ਕਰਜ਼ੇ) ਅਤੇ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ (ਵਿਸ਼ੇਸ਼ ਜ਼ਰੂਰਤਾਂ ਅਤੇ ਪੋਸ਼ਣ ਪ੍ਰੋਗਰਾਮ)। ਇਸ ਤੋਂ ਇਲਾਵਾ, ਟਰੰਪ ਪ੍ਰਸ਼ਾਸਨ ਨੇ ਸੰਕੇਤ ਦਿੱਤਾ ਹੈ ਕਿ ਉਹ ਸਿੱਖਿਆ ਵਿੱਚ "ਖੱਬੇਪੱਖੀ ਪ੍ਰਭਾਵ" ਨੂੰ ਘਟਾਉਣਾ ਚਾਹੁੰਦਾ ਹੈ, ਜਿਵੇਂ ਕਿ ਵਿਭਿੰਨਤਾ, ਸਮਾਨਤਾ ਅਤੇ ਸਮਾਵੇਸ਼ (ਧਓਇ) ਪਹਿਲਕਦਮੀਆਂ ਰਾਹੀਂ।

ਸਮਰਥਕਾਂ ਦਾ ਕਹਿਣਾ ਹੈ ਕਿ ਇਸ ਨਾਲ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਸਿੱਖਿਆ 'ਤੇ ਵਧੇਰੇ ਕੰਟਰੋਲ ਮਿਲੇਗਾ, ਜਦੋਂ ਕਿ ਆਲੋਚਕਾਂ ਦਾ ਕਹਿਣਾ ਹੈ ਕਿ ਇਸ ਨਾਲ ਸਿੱਖਿਆ ਵਿੱਚ ਅਸਮਾਨਤਾ ਵਧੇਗੀ। ਟਰੰਪ ਦੇ ਸਿੱਖਿਆ ਵਿਭਾਗ ਨੂੰ ਖਤਮ ਕਰਨ ਦੇ ਫੈਸਲੇ ਨਾਲ ਅਮਰੀਕੀ ਸਿੱਖਿਆ ਪ੍ਰਣਾਲੀ ਵਿੱਚ ਇੱਕ ਵੱਡਾ ਬਦਲਾਅ ਆ ਸਕਦਾ ਹੈ। ਇਹ ਕਦਮ ਉਸਦੇ ਰੂੜੀਵਾਦੀ ਸਮਰਥਕਾਂ ਲਈ ਇੱਕ ਜਿੱਤ ਹੈ, ਪਰ ਇਸਦੇ ਲੰਬੇ ਸਮੇਂ ਦੇ ਨਤੀਜੇ ਅਨਿਸ਼ਚਿਤ ਹਨ। ਕਾਨੂੰਨੀ ਲੜਾਈਆਂ, ਕਾਂਗਰਸ ਦੀ ਪ੍ਰਵਾਨਗੀ ਅਤੇ ਸੇਵਾਵਾਂ ਦੇ ਤਬਾਦਲੇ ਵਰਗੇ ਮੁੱਦੇ ਪ੍ਰਕਿਰਿਆ ਨੂੰ ਗੁੰਝਲਦਾਰ ਬਣਾ ਸਕਦੇ ਹਨ।

# ਟਰੰਪ ਦੇ ਫੈਸਲੇ ਨੇ 5 ਲੱਖ ਤੋਂ ਵੱਧ ਪ੍ਰਵਾਸੀਆਂ 'ਤੇ ਮਚਾਇਆ ਕਹਿਰ

## ✪ 30 ਦਿਨਾਂ ਦੇ ਅੰਦਰ ਅਮਰੀਕਾ ਛੱਡਣ ਦਾ ਅਲਟੀਮੇਟਮ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਗ੍ਰਹਿ ਸੁਰੱਖਿਆ ਵਿਭਾਗ ਨੇ ਐਲਾਨ ਕੀਤਾ ਹੈ ਕਿ ਅਮਰੀਕਾ 500,000 ਤੋਂ ਵੱਧ ਕਿਊਬਾ, ਹੈਤੀਆਈ, ਨਿਕਾਰਾਗੁਆਨ ਅਤੇ ਵੈਨੇਜ਼ੁਏਲਾ ਦੇ ਪ੍ਰਵਾਸੀਆਂ ਦੀ ਅਸਥਾਈ ਕਾਨੂੰਨੀ ਸਥਿਤੀ ਨੂੰ ਰੱਦ ਕਰ ਦੇਵੇਗਾ। ਡੋਨਾਲਡ ਟਰੰਪ ਪ੍ਰਸ਼ਾਸਨ ਦੇ ਇਸ ਫੈਸਲੇ ਤੋਂ ਬਾਅਦ, 5 ਲੱਖ 30 ਹਜ਼ਾਰ ਪ੍ਰਵਾਸੀਆਂ ਨੂੰ 30 ਦਿਨਾਂ ਯਾਨੀ ਇੱਕ ਮਹੀਨੇ ਦੇ ਅੰਦਰ ਅਮਰੀਕਾ ਛੱਡਣਾ ਪੈ ਸਕਦਾ ਹੈ।

ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਜਾਰੀ ਇੱਕ ਨੋਟਿਸ ਵਿੱਚ ਅਮਰੀਕਾ ਵਿੱਚ ਰਹਿ ਰਹੇ ਪ੍ਰਵਾਸੀਆਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਉਹ ਵਰਕ ਪਰਮਿਟ ਰੱਦ ਹੋਣ ਤੋਂ ਪਹਿਲਾਂ ਉਹ ਅਮਰੀਕਾ ਛੱਡ ਦੇਣ।

ਬਾਈਡੇਨ ਪ੍ਰਸ਼ਾਸਨ ਨੇ ਸੀਐਚਐਨਵੀ ਨਾਮਕ ਇੱਕ ਪ੍ਰੋਗਰਾਮ ਰਾਹੀਂ 530,000 ਪ੍ਰਵਾਸੀਆਂ ਨੂੰ ਅਮਰੀਕਾ ਲਿਆਂਦਾ। ਸਾਲ 2022 ਵਿੱਚ, ਇਹ ਪ੍ਰੋਗਰਾਮ ਸਾਬਕਾ ਰਾਸ਼ਟਰਪਤੀ ਜੋਅ ਬਿਡੇਨ ਨੇ ਸ਼ੁਰੂ ਕੀਤਾ ਸੀ। ਇਹ ਪ੍ਰੋਗਰਾਮ ਕਾਨੂੰਨੀ ਪ੍ਰਵਾਸ ਦਾ ਰਾਹ ਖੋਲ੍ਹਣ ਵੱਲ ਇੱਕ ਕਦਮ ਸੀ। ਪਰ ਡੋਨਾਲਡ ਟਰੰਪ ਨੇ ਰਾਸ਼ਟਰਪਤੀ ਬਣਨ ਤੋਂ ਤੁਰੰਤ ਬਾਅਦ ਇਸ ਸੀਐਚਐਨਵੀ ਪ੍ਰੋਗਰਾਮ ਨੂੰ ਮੁਅੱਤਲ ਕਰ ਦਿੱਤਾ। ਹਾਲਾਂਕਿ, ਇਸ ਸਮੇਂ ਦੌਰਾਨ ਇਨ੍ਹਾਂ ਵਿੱਚੋਂ ਕਿੰਨੇ ਪ੍ਰਵਾਸੀਆਂ ਨੇ ਕਾਨੂੰਨੀ ਦਰਜਾ ਪ੍ਰਾਪਤ ਕੀਤਾ ਹੈ ਜਾਂ ਨਹੀਂ, ਇਸ ਬਾਰੇ ਜਾਣਕਾਰੀ ਅਜੇ ਤੱਕ ਸਾਹਮਣੇ ਨਹੀਂ ਆਈ ਹੈ।

### ਪ੍ਰਵਾਸੀਆਂ ਦੀ ਕਾਨੂੰਨੀ ਸਥਿਤੀ ਕਦੋਂ ਰੱਦ ਕੀਤੀ ਜਾਵੇਗੀ?

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀਐਚਐਸ) ਦੀ ਸਕੱਤਰ ਕ੍ਰਿਸਟੀ ਨੋਏਮ ਨੇ ਕਿਹਾ ਕਿ ਪ੍ਰਭਾਵਿਤ ਵਿਅਕਤੀ ਫੈਡਰਲ ਰਜਿਸਟਰ ਵਿੱਚ ਨੋਟਿਸ ਦੇ ਪ੍ਰਕਾਸ਼ਨ ਤੋਂ 30 ਦਿਨਾਂ ਬਾਅਦ 24 ਅਪ੍ਰੈਲ ਨੂੰ ਆਪਣੀ ਕਾਨੂੰਨੀ ਸਥਿਤੀ ਗੁਆ ਦੇਣਗੇ।

ਇਹ ਫੈਸਲਾ ਅਮਰੀਕੀ ਇਮੀਗ੍ਰੇਸ਼ਨ ਨੀਤੀ ਵਿੱਚ ਵੱਡੇ ਬਦਲਾਅ ਤੋਂ ਬਾਅਦ ਆਇਆ ਹੈ ਅਤੇ ਇਹ ਡੋਨਾਲਡ ਟਰੰਪ ਪ੍ਰਸ਼ਾਸਨ ਦੇ ਮਾਨਵਤਾਵਾਦੀ ਪੈਰੋਲ ਪ੍ਰੋਗਰਾਮ ਦੀ "ਦੁਰਵਰਤੋਂ" ਨੂੰ ਰੋਕਣ ਦੇ ਉਦੇਸ਼ ਨਾਲ ਲਏ ਗਏ ਇੱਕ ਪਹਿਲੇ ਕਦਮ ਦੀ ਯਾਦ ਦਿਵਾਉਂਦਾ ਹੈ।

ਏਪੀ ਦੀ ਰਿਪੋਰਟ ਅਨੁਸਾਰ, ਇਸਦੀ ਵਰਤੋਂ ਇਤਿਹਾਸਕ ਤੌਰ 'ਤੇ ਯੁੱਧ ਜਾਂ ਰਾਜਨੀਤਿਕ ਅਸਥਿਰਤਾ ਦਾ ਸਾਹਮਣਾ ਕਰ ਰਹੇ ਦੇਸ਼ਾਂ ਦੇ ਵਿਅਕਤੀਆਂ ਨੂੰ ਅਸਥਾਈ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੋਣ ਅਤੇ ਰਹਿਣ ਦੀ ਆਗਿਆ ਦੇਣ ਲਈ ਕੀਤੀ ਜਾਂਦੀ ਰਹੀ ਹੈ।

# ਗਾਇਕ ਤਰਸੇਮ ਪੁੰਜ ਦੇ ਗੀਤ ਰੈੱਡਬੁਲ ਦਾ ਪੋਸਟਰ ਲੋਕ ਅਰਪਣ ਸਮਾਗਮ ਹੋਇਆ



## ✪ ਗਲਾਸਗੋ ਦੇ ਨੌਜਵਾਨ ਕਾਰੋਬਾਰੀਆਂ ਨੇ ਸ਼ਿਰਕਤ ਕੀਤੀ

ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-ਬਹੁਤ ਹੀ ਸੁਰੀਲੇ ਅਤੇ ਗਲਾਸਗੋ ਵਿੱਚ ਮਹਿਫਲਾਂ ਦੀ ਸ਼ਾਨ ਵਜੋਂ ਜਾਣੇ ਜਾਂਦੇ ਗਾਇਕ ਤਰਸੇਮ ਪੁੰਜ ਆਪਣਾ ਪਲੇਠਾ ਗੀਤ ਰੈੱਡਬੁਲ ਲੈ ਕੇ ਹਾਜ਼ਰ ਹੋਣ ਜਾ ਰਹੇ ਹਨ। ਇਸ ਗੀਤ ਦੇ ਪੋਸਟਰ ਦਾ ਲੋਕ ਅਰਪਣ ਸਮਾਗਮ ਸਥਾਨਕ ਕਸਬੇ ਬਾਰਹੈੱਡ ਦੇ ਐਲਪੀਨੋ ਰੈਸਟੋਰੈਂਟ ਵਿਖੇ ਹੋਇਆ। ਜਿਸ ਦੌਰਾਨ ਬਲ ਬਾਜਵਾ, ਸੋਢੀ ਬਾਗੜੀ, ਤਰਸੇਮ ਪੁੰਜ, ਮਾਸਟਰ ਸੁਰਿੰਦਰ ਕੁਮਾਰ ਪੁਸ਼ਜ, ਬੌਬੀ ਹੇਅਰ, ਤੇਜਿੰਦਰ ਭੁੱਲਰ, ਬੂਟਾ ਸਿੰਘ ਤੂਰ, ਗੁਰਵਿੰਦਰ ਸਿੰਘ ਸ਼ੇਰਗਿੱਲ, ਗੁਰਵਿੰਦਰ ਸ਼ੈਂਟੀ, ਦੀਪ ਗਿੱਲ, ਅੰਸ਼ ਪੁੰਜ ਆਦਿ ਨੇ ਸ਼ਮੂਲੀਅਤ ਕੀਤੀ। ਗੀਤ ਦਾ ਪੋਸਟਰ ਲੋਕ ਅਰਪਣ ਕਰਨ ਦੀ ਰਸਮ ਗਾਇਕ ਤਰਸੇਮ ਪੁਜਦੇ ਪਿਤਾ ਜੀ ਮਾਸਟਰ ਸੁਰਿੰਦਰ ਕੁਮਾਰ ਪੁੰਜ ਜੀ ਨੇ ਕੀਤੀ। ਉਹਨਾਂ ਕਿਹਾ ਕਿ ਉਹਨਾਂ ਦਾ ਸਪੁੱਤਰ ਪਹਿਲਾਂ ਤੋਂ ਹੀ ਸਮਾਜਿਕ ਗੀਤ ਗਾਉਣ ਨੂੰ ਤਰਜੀਹ ਦਿੰਦਾ ਆਇਆ ਹੈ। ਰੈੱਡਬੁਲ ਗੀਤ ਰਾਹੀਂ ਵੀ ਉਹਨਾਂ ਸਮਾਜ ਦੀਆਂ ਤਲਖ ਹਕੀਕਤਾਂ ਨੂੰ ਰੂਬਰੂ ਕਰਨ ਦੀ ਕੋਸ਼ਿਸ਼ ਕੀਤੀ ਹੈ।

ਬਲ ਬਾਜਵਾ, ਸੋਢੀ ਬਾਗੜੀ, ਤੇਜਿੰਦਰ ਭੁੱਲਰ, ਬੂਟਾ ਸਿੰਘ ਤੂਰ, ਗੁਰਵਿੰਦਰ ਸਿੰਘ ਸ਼ੇਰਗਿੱਲ ਨੇ ਬੋਲਦਿਆਂ ਕਿਹਾ ਕਿ ਤਰਸੇਮ ਪੁੰਜ ਲੰਮੇ ਸਮੇਂ ਤੋਂ ਗਲਾਸਗੋ ਵਿੱਚ ਲੱਗਦੀਆਂ ਮਹਿਫਲਾਂ ਵਿੱਚ ਆਪਣੀ ਸੁਰੀਲੀ ਗਾਇਕੀ ਦਾ ਲੋਹਾ ਮਨਵਾਉਂਦੇ ਆ ਰਹੇ ਹਨ। ਉਨਾਂ ਦੇ ਪਲੇਠੇ ਗੀਤ ਰੈੱਡ ਬੋਲ ਦੀ ਭਾਈਚਾਰੇ ਦੇ ਲੋਕਾਂ ਅਤੇ ਦੋਸਤਾਂ ਮਿੱਤਰਾਂ ਵੱਲੋਂ ਬਹੁਤ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਹੈ। ਹਾਜ਼ਰੀਨ ਨੇ ਇਸ ਉਪਰਾਲੇ ਲਈ ਤਰਸੇਮ ਪੁੰਜ ਨੂੰ ਹਾਰਦਿਕ ਵਧਾਈ ਪੇਸ਼ ਕੀਤੀ ਗਈ। ਜਿਕਰਯੋਗ ਹੈ ਕਿ ਇਸ ਗੀਤ ਨੂੰ ਵਿਸ਼ਵ ਪ੍ਰਸਿੱਧ ਗੀਤਕਾਰ ਸਾਬ ਪਨਗੋਟਾ ਨੇ ਲਿਖਿਆ ਹੈ ਤੇ ਇਸ ਗੀਤ ਦਾ ਸੰਗੀਤ ਸਿੱਧੂ ਸਾਹਿਬ ਅਤੇ ਟ੍ਰਿਪਲ ਐੱਸ ਪ੍ਰੋਡਕਸ਼ਨ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਗੀਤ ਦੀ ਵੀਡੀਓ ਦਾ ਨਿਰਦੇਸ਼ਨ ਮਨਦੀਪ ਖੁਰਮੀ ਹਿੰਮਤਪੁਰਾ ਨੇ ਅਤੇ ਐਡੀਟਿੰਗ ਰਾਜਵਿੰਦਰ ਸਿੰਘ ਘਾਲੀ ਨੇ ਕੀਤੀ ਹੈ। ਸਮਾਗਮ ਦੇ ਅਖੀਰ ਵਿੱਚ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਤਰਸੇਮ ਪੁੰਜ ਨੇ ਕਿਹਾ ਕਿ ਉਹਨਾਂ ਦੀ ਇਸ ਨਿਮਾਣੀ ਜਿਹੀ ਕੋਸ਼ਿਸ਼ ਨੂੰ ਐਨਾ ਪਿਆਰ ਦੇਣ ਲਈ ਸਭਨਾਂ ਦਾ ਹਾਰਦਿਕ ਧੰਨਵਾਦ ਕਰਦੇ ਹਨ।

# ਨਵਾਂ ਸਹਿਰ ਨਾਲ ਸੰਬੰਧਿਤ ਪਰਿਵਾਰਾਂ ਵੱਲੋਂ ਲੈਸਟਰ 'ਚ ਮਨਾਇਆ ਗਿਆ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ





*ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਸ਼ਹੀਦ ਭਗਤ ਸਿੰਘ ਦੀ ਬਰਸੀ ਸਬੰਧੀ ਕਰਵਾਏ ਗਏ ਧਾਰਮਿਕ ਸਮਾਗਮ ਮੌਕੇ ਕੀਰਤਨ ਕਰਦਾ ਹੋਇਆ ਰਾਗੀ ਜਥਾ ਅਤੇ ਲੰਗਰ ਵਰਤਾਉਂਦੇ ਹੋਏ ਸੇਵਾਦਾਰ, ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ ਅਤੇ ਗਿਆਨੀ ਸਿੰਘ।*

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਨਾਲ ਸੰਬੰਧਿਤ ਜ਼ਿਲ੍ਹਾ ਨਵਾਂ ਸ਼ਹਿਰ ਦੇ ਇੰਗਲੈਂਡ ਚ ਵੱਸਦੇ ਪਰਿਵਾਰਾਂ ਵੱਲੋਂ ਅੱਜ ਸਾਂਝੇ ਤੌਰ ਤੇ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਬੜੇ ਵੱਡੇ ਪੱਧਰ ਤੇ ਮਨਾਇਆ ਗਿਆ, ਇਸ ਸਬੰਧੀ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਲੈਸਟਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਵਿਸ਼ਾਲ ਰਾਗੀ ਢਾਡੀ ਅਤੇ ਕਵੀਸਰੀ ਦਰਬਾਰ ਸਜਾਇਆ ਗਿਆ ਅਤੇ ਜਿਲਾ ਨਵਾਂ ਸ਼ਹਿਰ ਨਾਲ ਸੰਬੰਧਿਤ ਇੰਗਲੈਂਡ ਚ ਵਖਦੇ ਵੱਖ-ਵੱਖ ਪਰਿਵਾਰਾਂ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਤੇ ਵਿਸ਼ਾਲ ਰਾਗੀ, ਢਾਡੀ ਅਤੇ ਕਵੀਸ਼ਰੀ ਦਰਬਾਰ ਸਜਾਇਆ ਗਿਆ, ਜਿਸ ਦੌਰਾਨ ਵੱਖ ਵੱਖ ਰਾਗੀ ਢਾਡੀ ਅਤੇ ਕਵੀਸ਼ਰੀ ਜਥਿਆਂ ਨੇ ਸ਼ਹੀਦ ਭਗਤ ਸਿੰਘ ਦੀ ਜੀਵਨੀ ਤੇ ਚਾਨਣਾ ਪਾਉਂਦਿਆਂ ਸੰਗਤਾਂ ਨੂੰ ਉਨ੍ਹਾਂ ਦੇ ਦੇਸ਼ ਪ੍ਰਤੀ ਪਿਆਰ ਅਤੇ ਕੁਰਬਾਨੀ ਤੋਂ ਜਾਣੂ ਕਰਵਾਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਧਾਨ ਸ: ਗੁਰਨਾਮ ਸਿੰਘ ਨਵਾਂ ਸ਼ਹਿਰ ਅਤੇ ਹਜ਼ੂਰੀ ਰਾਗੀ ਭਾਈ ਜਸਵਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ 25 ਸਾਲਾਂ ਤੋਂ ਨਿਰੰਤਰ ਨਵਾਂ ਸ਼ਹਿਰ ਦੀਆਂ ਸੰਗਤਾਂ ਵੱਲੋਂ ਹਰ ਸਾਲ ਹੀ ਸ਼ਹੀਦ ਭਗਤ ਸਿੰਘ ਦੀ ਬਰਸੀ ਬੜੀ ਹੀ ਸ਼ਰਧਾ ਤੇ ਉਤਸਾਹ ਨਾਲ ਮਨਾਈ ਜਾਂਦੀ ਹੈ। ਇਸ ਮੌਕੇ ਤੇ ਜ਼ਿਲ੍ਹਾ ਨਵਾਂ ਸ਼ਹਿਰ ਦੀਆਂ ਸੰਗਤਾਂ ਵੱਖ ਵੱਖ ਪ੍ਰਕਾਰ ਦੇ ਅਟੁੱਟ ਲੰਗਰ ਵੀ ਵਰਤਾਏ ਗਏ।

# ਇੰਗਲੈਂਡ ਪੁਲਿਸ ਵਿੱਚ ਛੋਟੀ ਉਮਰੇ ਵਧੀਆ ਸੇਵਾਵਾਂ ਨਿਭਾਉਣ ਬਦਲੇ ਗਿਲਾ ਕਪੂਰਥਲਾ ਦੇ ਪਿੰਡ ਲੱਖਣ ਕਲਾਂ ਦੀ ਧੀ ਦਾ ਵਿਸ਼ੇਸ਼ ਸਨਮਾਨ



*ਇੰਗਲੈਂਡ ਪੁਲਿਸ ਵਿੱਚ ਵਧੀਆ ਸੇਵਾਵਾਂ ਨਿਭਾਉਣ ਬਦਲੇ ਹਰਕਮਲ ਕੌਰ ਨੂੰ ਸਨਮਾਨਿਤ ਕਰਦੇ ਹੋਏ ਪੁਲਿਸ ਅਧਿਕਾਰੀ।*

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-2023 ਵਿੱਚ ਇੰਗਲੈਂਡ ਪੁਲਿਸ ਵਿੱਚ ਭਰਤੀ ਹੋਈ ਪੰਜਾਬ ਦੇ ਜਿਲਾ ਕਪੂਰਥਲਾ ਦੇ ਪਿੰਡ ਲੱਖਣ ਕਲਾ ਦੀ ਜੰਮਪਲ 22 ਸਾਲਾ ਹਰਕਮਲ ਕੌਰ ਵੱਲੋਂ ਇੰਗਲੈਂਡ ਪੁਲਿਸ ਵਿੱਚ ਵਧੀਆ ਸੇਵਾਵਾਂ ਨਿਭਾਏ ਜਾਣ ਬਦਲੇ ਅਤੇ ਆਪਣੀ ਜਾਨ ਤੇ ਖੇਡ ਕੇ ਲੋੜਵੰਦਾਂ ਦੀ ਮਦਦ ਕਰਨ ਬਦਲੇ ਇੰਗਲੈਂਡ ਦੇ ਸ਼ਹਿਰ ਲੈਸਟਰ ਵਿੱਚ ਲੈਸਟਰ ਸਿਟੀ ਕੌਂਸਲ ਤੇ ਪੁਲਿਸ ਵੱਲੋਂ ਸਾਂਝੇ ਤੌਰ ਤੇ ਕਰਵਾਏ ਗਏ ਸਮਾਗਮ ਦੌਰਾਨ ਹਰਕਮਲ ਕੌਰ ਨੂੰ ਇੰਗਲੈਂਡ ਪੁਲਿਸ ਦੇ ਉੱਚ ਅਫਸਰਾਂ ਅਤੇ ਸਿਟੀ ਕੌਂਸਲ ਦੇ ਅਧਿਕਾਰੀਆਂ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਸਬੰਧੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਹਰਕਮਲ ਕੌਰ ਦੇ ਪਿਤਾ ਅਤੇ ਸੀਨੀਅਰ ਅਕਾਲੀ ਆਗੂ ਮੁਖਤਾਰ ਸਿੰਘ ਝੰਡੇਰ ਅਤੇ ਮਾਤਾ ਬਲਵਿੰਦਰ ਕੌਰ ਨੇ ਸਾਂਝੇ ਤੌਰ ਤੇ ਦੱਸਿਆ ਕਿ ਹਰਕਮਲ ਕੌਰ ਦਾ ਸ਼ੁਰੂ ਤੋਂ ਹੀ ਇੰਗਲੈਂਡ ਪੁਲਿਸ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨ ਵੱਲ ਰੁਝਾਨ ਸੀ। ਹਰ ਕਮਲ ਕੌਰ ਦੇ ਮਾਤਾ ਪਿਤਾ ਨੇ ਦੱਸਿਆ ਕਿ ਜਿੱਥੇ ਹਰ ਕਮਲ ਕੌਰ ਦੀਆਂ ਸੇਵਾਵਾਂ ਨੂੰ ਮੱਦੇ ਨਜ਼ਰ ਰੱਖਦਿਆਂ ਸਨਮਾਨ ਦੇ ਕੇ ਨਿਵਾਜਿਆ ਗਿਆ ਉੱਥੇ ਪੁਲਿਸ ਵਿੱਚ ਤਰੱਕੀ ਵੀ ਦਿੱਤੀ ਗਈ।

ਹਰ ਕਮਲ ਕੌਰ ਦੇ ਮਾਤਾ ਪਿਤਾ ਨੇ ਦੱਸਿਆ ਕਿ ਉਹਨਾਂ ਦੀ ਪੁੱਤਰੀ ਵੱਲੋਂ ਇੰਗਲੈਂਡ ਪੁਲਿਸ ਵਿੱਚ ਸੇਵਾਵਾਂ ਨਿਭਾਉਂਦਿਆਂ ਕੀਤੇ ਗਏ ਸਲਾਘਾ ਯੋਗ ਕਾਰਜਾ ਕਰਕੇ ਜਿੱਥੇ ਲੈਸਟਰ ਸਿਟੀ ਕੌਂਸਲ ਅਤੇ ਪੁਲਿਸ ਦੇ ਵਿੱਚ ਅਧਿਕਾਰੀਆਂ ਵੱਲੋਂ ਸਨਮਾਨ ਦਿੱਤਾ ਗਿਆ, ਉੱਥੇ ਪੰਜਾਬ ਅਤੇ ਉਹਨਾਂ ਦੇ ਪਿੰਡ ਦਾ ਵੀ ਨਾਮ ਕਾਫੀ ਰੋਸ਼ਨ ਹੋਇਆ ਹੈ, ਉਹਨਾਂ ਕਿਹਾ ਕਿ ਸਾਨੂੰ ਸਾਡੀ ਧੀ ਤੇ ਬੇਹੱਦ ਮਾਣ ਹੈ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਫਰੀਦ ਜੀ ਫੁਰਮਾਉਂਦੇ ਹਨ ਕਿ ਜਿਸ ਜੀਵ ਨੇ ਹਉਮੈ ਮਾਰ ਕੇ ਆਪਾ-ਭਾਵ ਦੂਰ ਕੀਤਾ ਹੈ ਉਸਨੇ ਆਪਣਾ ਆਪ ਸੰਵਾਰ ਲਿਆ ਹੈ । ਇਹ ਫਲ ਉਸਨੂੰ ਸਤਿਗੁਰੂ ਦੇ ਬਚਨਾਂ ਰਾਹੀਂ ਖਸਮ-ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਅੰਮ੍ਰਿਤ ਬੋਲ ਉਚਾਰਨ ਕਰਕੇ ਮਿਲਦਾ ਹੈ । "ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥ ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥4॥ ਅੰਗ 729" । ਸਤਿਗੁਰੂ ਰਾਮ ਦਾਸ ਜੀ ਇਸਦੀ ਤਸਦੀਕ ਕਰਦੇ ਹਨ, ਕਿ ਹੇ ਮੇਰੇ ਸਰਬ ਵਿਆਪਕ ਪ੍ਰਭੂ! ਤੇਰੇ ਸੇਵਕ ਅਰੋਗ ਹੋ ਗਏ । ਜਿਹਨਾਂ ਨੇ ਗੁਰੂ ਦੇ ਬਚਨਾਂ ਰਾਹੀਂ ਪ੍ਰਭੂ ਨੂੰ ਜਪਿਆ ਉਹਨਾਂ ਦੇ ਹਉਮੈ ਰੋਗ ਖਤਮ ਹੋ ਗਏ । "ਮੇਰੇ ਰਾਮ ਹਰਿ ਜਨ ਆਰੋਗ ਭਏ ॥ ਗੁਰ ਬਚਨੀ ਜਿਨ੍ਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥1॥ ਰਹਾਉ ॥ ਅੰਗ 735"। ਜਿਹਨਾਂ ਨੇ ਗੁਰੂ ਦੇ ਬਚਨਾਂ ਰਾਹੀਂ ਪ੍ਰਭੂ ਨੂੰ ਜਪਿਆ ਉਹਨਾਂ ਦੇ ਸਾਰੇ ਪਾਪ ਇਕ ਅੱਖ ਝਮਕਣ ਦੇ ਸਮੇਂ 'ਚ ਦੂਰ ਹੋ ਗਏ । "ਤਿਨ ਕੇ ਪਾਪ ਇਕ ਨਿਮਖ ਸਭ ਲਾਥੇ ਜਿਨ ਗੁਰ ਬਚਨੀ ਹਰਿ ਜਪਿਆ ॥ ਅੰਗ 1115" । ਜਿਹਨਾਂ ਨੇ ਗੁਰੂ ਦੇ ਬਚਨਾਂ ਰਾਹੀਂ ਸਤਿਨਾਮ ਦਾ ਉਚਾਰਨ ਕੀਤਾ ਉਹਨਾਂ ਦਾ ਜੀਵਨ ਕਰਤਾਰ ਨੇ ਸਫਲ ਕਰ ਦਿੱਤਾ । "ਤਿਨ ਕਾ ਜਨਮੁ ਸਫਲਿਓ ਸਭੁ ਕੀਆ ਕਰਤੈ ਜਿਨ ਗੁਰ ਬਚਨੀ ਸਚੁ ਭਾਖਿਆ ॥ ਅੰਗ 1115" । ਹੇ ਭਾਈ! ਜਿਨ੍ਹਾਂ ਮਨੁੱਖਾਂ ਨੂੰ ਪਰਮਾਤਮਾ ਨੇ ਗੁਰੂ ਦੇ ਬਚਨਾਂ ਰਾਹੀਂ ਆਪਣੇ ਨਾਲ ਮਿਲਾ ਹੈ, ਕੋਈ ਭੀ ਉਹਨਾਂ ਦਾ ਹਿਸਾਬ ਕਿਤਾਬ ਨਾ ਕਰਿਓ । "ਤਿਨ ਕੀ ਗਣਤ ਨ ਕਰਿਅਹੁ ਕੋ ਭਾਈ ਜੋ ਗੁਰ ਬਚਨੀ ਹਰਿ ਮੇਲਿ ਲਇਆ ॥ ਅੰਗ 1115" । ਹੇ ਪ੍ਰਭੂ! ਗੁਰੂ ਦੇ ਬਚਨਾਂ ਰਾਹੀਂ ਭਰਮ ਤੇ ਡਰ ਦੂਰ ਕਰਕੇ ਆਪਣਾ ਦਰਸ਼ਨ ਦਿਓ । "ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ ਅਪਨਾ ਦਰਸੁ ਦਿਖਾਵਹੁ ॥1॥ ਅੰਗ 1120" ।

ਪ੍ਰਭੂ ਆਪ ਹੀ ਮਿਹਰ ਕਰ ਕੇ ਗੁਰੂ ਸਤਿਗੁਰੂ ਦੇ ਬਚਨਾਂ ਰਾਹੀਂ 'ਨਾਮ' ਦੀ ਬਖ਼ਸ਼ਸ਼ ਕਰਦਾ ਹੈ । ਹੇ ਪ੍ਰਭੂ! ਮੈਂ ਰਾਤ ਦਿਨ ਤੈਨੂੰ ਸਿਮਰਾਂ ਤੇਰੇ ਗੁਣ ਚੇਤੇ ਕਰਾਂ ਤੇ ਮੇਰਾ ਮਨ ਤੈਂ ਸੱਚੇ ਵਿਚ ਜੁੜਿਆ ਰਹੇ । "ਆਪੇ ਬਖਸੇ ਦਇਆ ਕਰਿ ਗੁਰ ਸਤਿਗੁਰ ਬਚਨੀ ॥ ਅਨਦਿਨੁ ਸੇਵੀ ਗੁਣ ਰਵਾ ਮਨੁ ਸਚੈ ਰਚਨੀ ॥ ਅੰਗ 791" । ਸਤਿਗੁਰੂ ਦਾ ਬਚਨ ਬਹੁਤ ਹੀ ਸੁੰਦਰ ਹੈ, ਗੁਰੂ ਦੇ ਬਚਨ ਰਾਹੀਂ ਅੰਮ੍ਰਿਤ ਨਾਮ ਪ੍ਰਾਪਤ ਕਰੋਗੇ। "ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰ ਬਚਨੀ ਅੰਮ੍ਰਿਤੁ ਪਾਵੈਗੋ ॥ ਅੰਗ 1311"। ਗੁਰੂ ਦੇ ਬਚਨਾਂ ਸਦਕਾ ਮਨ ਸਦਾ-ਥਿਰ ਪ੍ਰਭੂ ਦੇ ਨਾਮ ਵਿਚ ਗਿੱਝ ਜਾਂਦਾ ਹੈ । "ਗੁਰ ਬਚਨੀ ਸਚਿ ਨਾਮਿ ਪਤੀਣਾ ॥1॥ ਅੰਗ 903" । ਗੁਰੂ ਦੇ ਬਚਨਾਂ ਦੁਆਰਾ ਪ੍ਰਭੂ ਜੀਵ ਨੂੰ ਆਪਣੇ ਆਪ ਨਾਲ਼ ਮਿਲਾ ਕੇ ਆਪਣਾ ਰੂਪ ਦਿਖਾ ਦਿੰਦਾ ਹੈ ਤੇ ਜੀਵ ਨਾਮ ਵਿਚ ਲੀਨ ਹੋ ਜਾਂਦਾ ਹੈ । "ਹਰਿ ਮੇਲਿ ਦਿਖਾਏ ਆਪਿ ਹਰਿ ਗੁਰ ਬਚਨੀ ਨਾਮਿ ਸਮਾਣੀ ॥ ਅੰਗ 1317" । ਗੁਰੂ ਦੇ ਬਚਨਾਂ ਰਾਹੀਂ ਮਨ ਦਾ ਧਿਆਨ (ਪ੍ਰਭੂ ਵਿਚ) ਸਹਜੇ ਹੀ ਜੁੜ ਜਾਂਦਾ ਹੈ । "ਗੁਰ ਬਚਨੀ ਮਨੁ ਸਹਜ ਧਿਆਨੇ ॥ ਅੰਗ 796" । ਜੇਹੜਾ ਮਨੁੱਖ ਗੁਰੂ ਦੇ ਬਚਨਾਂ ਰਾਹੀਂ ਪ੍ਰਭੂ ਦੇ ਮਹਿਲ ਦੀ ਪ੍ਰਾਪਤੀ ਕਰ ਲੈਂਦਾ ਹੈ, ਉਸ ਮਨੁੱਖ ਦੀ ਸ਼ਕਤੀ ਜਿੰਨੀ ਕਿਸੇ ਹੋਰ ਦੀ ਸ਼ਕਤੀ ਨਹੀਂ ਹੁੰਦੀ।1।ਰਹਾਉ। "ਜੋ ਹਰਿ ਮਹਲੁ ਪਾਵੈ ਗੁਰ ਬਚਨੀ ਤਿਸੁ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ ॥1॥ ਰਹਾਉ ॥ ਅੰਗ 861" । ਪੂਰੇ ਗੁਰੂ ਦੇ ਬਚਨਾਂ ਰਾਹੀਂ ਆਤਮਿਕ ਪ੍ਰਕਾਸ਼ ਹੋ ਜਾਂਦਾ ਹੈ । "ਪਰਗ-ਾਸੁ ਭਇਆ ਪੂਰੇ ਗੁਰ ਬਚਨੀ ॥1॥ ਰਹਾਉ ॥ ਅੰਗ 888" । ਗੁਰੂ ਦੇ ਬਚਨਾਂ ਕਰਕੇ ਆਦਮੀ ਸੁਖ ਦੁਖ ਨੂੰ ਇਕੋ ਜਿਹਾ ਜਾਣਦਾ ਹੈ । "ਗੁਰ ਬਚਨੀ ਸਮਸਰਿ ਸੁਖ ਦੂਖ ॥ ਅੰਗ 897" । ਮਨੁੱਖਾ ਦੇਹੀ ਗੁਰੂ ਦੇ ਬਚਨਾਂ ਰਾਹੀਂ ਪ੍ਰਾਪਤ ਕੀਤੀ ਤੇ ਸਭ ਜਗ੍ਹਾ 'ਚ, ਹਰ ਕਿਸੇ 'ਚ, ਸਰਬ ਵਿਆਪਕ ਰਾਮ ਨੂੰ ਪਛਾਣ ਲਿਆ । "ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥ ਅੰਗ 953" । ਨਾਨਕ ਗੁਰੂ ਦੇ ਬਚਨਾਂ ਤੇ ਤੁਰ ਕੇ ਜਗਤ ਦੇ ਮੋਹ ਤੋਂ ਉਪਰਾਮ ਹੋ ਗਿਆ ਹੈ ਤੇ ਆਪਣੇ ਅੰਦਰ ਤੇ ਬਾਹਰ ਇਕ ਪ੍ਰਭੂ ਨੂੰ ਹੀ ਵੇਖਦਾ ਹੈ । "ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ ॥5॥11॥ ਅੰਗ 992" । ਅਦ੍ਰਿਸ਼ਟ ਪ੍ਰਭੂ ਵਿਚ ਸਤਿਗੁਰੂ ਦੇ ਬਚਨ (ਸ਼ਬਦ) ਰਾਹੀਂ ਲੀਨ ਹੋਈਦਾ ਹੈ ਤੇ ਅਡੋਲ ਅਵਸਥਾ ਵਿਚ ਟਿਕਿਆਂ ਜਗਤ ਦੇ ਮੂਲ ਨਿਰੰਜਨ (ਮਾਇਆ ਤੋਂ ਰਹਿਤ ਪ੍ਰਭੂ) ਦੀ ਪ੍ਰਾਪਤੀ ਹੋ ਜਾਂਦੀ ਹੈ । "ਗੁਰ ਬਚਨੀ ਅਵਿਗਤਿ ਸਮਾਈਐ ਤਤੁ ਨਿਰੰਜਨੁ ਸਹਜਿ ਲਹੈ ॥ ਅੰਗ 940" । ਮਾਲਕ ਪ੍ਰਭੂ ਨਾਲ਼ ਭੇਂਟ (ਮਿਲਾਪ) ਗੁਰੂ ਦੇ ਬਚਨਾਂ ਰਾਹੀਂ ਹੁੰਦੀ ਹੈ । "ਠਾਕੁਰ ਭੇਟੇ ਗੁਰ ਬਚਨਾਂਤਿ ॥2॥ ਅੰਗ 1298" । ਧੁਰੋਂ ਮੱਥੇ ਤੇ ਲਿਖੇ ਲੇਖ ਰਾਹੀਂ ਮੈਨੂੰ ਗੁਰੂ ਸਾਧੂ ਮਿਲਿਆ ਤੇ ਗੁਰੂ ਦੇ ਬਚਨਾਂ ਰਾਹੀਂ ਮੇਰਾ ਮਨ ਤੇ ਤਨ (ਗਿਆਨ ਇੰਦਰੇ) ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਗਿਆ। "ਲਿਲਾਟ ਲਿਖੇ ਪਾਇਆ ਗੁਰੁ ਸਾਧੂ ਗੁਰ ਬਚਨੀ ਮਨੁ ਤਨੁ ਰਾਤਾ ॥ ਅੰਗ 984" । ਗੁਰੂ ਦੇ ਦਰ ਤੇ ਗੁਰੂ ਦੇ ਬਚਨਾਂ (ਉਪਦੇਸ਼) ਦੇ ਇਵਜ਼ ਮੈਂ ਆਪਾ-ਭਾਵ ਦੇ ਦਿੱਤਾ ਹੈ, ਹੁਣ ਜਿਸ ਕੰਮ ਵਿਚ ਮੈਨੂੰ ਗੁਰੂ ਲਾਉਂਦਾ ਹੈ ਉਸੇ ਕੰਮ ਵਿਚ ਮੈਂ ਲੱਗਾ ਰਹਿੰਦਾ ਹਾਂ । "ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥1॥ ਅੰਗ 991" । ਸੇਵਕ ਨੇ ਆਪਣਾ ਮਨ ਗੁਰੂ ਦੇ ਬਚਨਾਂ ਤੋਂ ਵੇਚ ਦਿੱਤਾ ਹੈ, ਗੁਰੂ ਦੇ ਸ਼ਬਦ ਰਾਹੀਂ ਸੇਵਕ ਦਾ ਮਨ ਧੀਰਜ ਫੜਦਾ ਹੈ । "ਗੁਰ ਬਚਨੀ ਮਨੁ ਵੇਚਿਆ ਸਬਦਿ ਮਨੁ ਧੀਰਾ ॥ ਅੰਗ 1010" । ਗੁਰੂ ਦੇ ਬਚਨਾਂ ਰਾਹੀਂ ਮਨ ਸੀਤਲ ਹੁੰਦਾ ਹੈ (ਭਾਵ ਤ੍ਰਿਸ਼ਨਾ ਅਗਨੀ ਬੁਝ ਜਾਂਦੀ ਹੈ)। "ਗੁਰ ਬਚਨੀ ਮਨੁ ਸੀਤਲੁ ਹੋਇ ॥ ਅੰਗ 1262" ਅਤੇ "ਸੁਨਿ ਕਰਿ ਬਚਨ ਤੁਮ੍ਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ ॥1॥ ਰਹਾਉ॥ ਅੰਗ 382" । ਸਤਿਗੁਰੂ ਦੇ ਬਚਨਾਂ ਰਾਹੀਂ ਇਹ ਜਾਣ ਲਿਆ ਹੈ ਕਿ ਪ੍ਰਭੂ ਕਿੰਨਾ ਉੱਚਾ ਤੇ ਕਿੰਨਾ ਵਿਸ਼ਾਲ ਹੈ । "ਸਤਿਗੁਰ ਬਚਨੀ ਗਤਿ ਮਿਤਿ ਪਾਈ ॥ ਅੰਗ 1030" । ਸੱਚਾ (ਸਦਾ ਵਾਸਤੇ ਸਹੀ) ਵਿਚਾਰ ਇਹੀ ਹੈ ਕਿ ਗੁਰੂ ਦੇ ਬਚਨ ਕਮਾਏ ਜਾਣ, ਭਾਵ ਗੁਰੂ ਦੇ ਉਪਦੇਸ਼ ਤੇ ਅਮਲ ਕੀਤਾ ਜਾਏ "ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥ ਅੰਗ 52" । ਗੁਰੂ ਨੂੰ ਮਿਲਣ ਨਾਲ਼ ਜੀਵ ਦਾ ਜਨਮ ਮਰਨ ਦਾ ਦੁਖ ਮਿਟ ਜਾਂਦਾ ਹੈ, ਜੇਕਰ ਉਹ ਗੁਰੂ ਦੇ ਬਚਨ ਦੀ ਕਮਾਈ ਕਰੇ (ਭਾਵ ਨਾਮ ਸਿਮਰਨ ਕਰੇ!) "ਖੇਦ ਮਿਟੇ ਸਾਧੂ ਮਿਲਤ ਸਤਿਗੁਰ ਬਚਨ ਸਮਾਇ ॥ ਅੰਗ 261" । ਲੇਕਿਨ ਜੇ ਧੁਰੋਂ ਮਸਤਕ ਤੇ ਲੇਖ ਲਿਖਿਆ ਹੋਵੇ ਤਾਂ ਹੀ ਜੀਵ ਗੁਰੂ ਦਾ ਬਚਨ ਕਮਾਉਂਦਾ ਹੈ । "ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ ਬਚਨੁ ਕਮਾਹਿ ॥1॥ਰਹਾਉ॥ ਅੰਗ 43" ।

ਬਾਕੀ ਅਗਲੇ ਹਫ਼ਤੇ


# VACANCY FOR RELIGIOUS WORKER

## ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਤਬਲਾ ਵਾਦਕ ਦੀ ਲੋੜ

***Job Title:*** **Religious Worker (Sikh Faith)** ***Location*****: Derby, UK**

**We are seeking a dedicated and knowledgeable individual to serve as a Tabla (Drum player) (Religious Worker) within the Sikh faith. This role involves supporting the spiritual, cultural, and community needs of the local Sikh congregation and promoting Sikh teachings and values.**

***Key Responsibilities:***
* Perform and assist in religious ceremonies, including Kirtan, Ardas, and Paath.
* Provide guidance and support to members of the congregation in matters of faith and spirituality.
* Organise and lead educational sessions on Sikh principles and practices.
* Assist with the preparation and serving of Langar.
* Promote community outreach and interfaith engagement.
* Support the maintenance of the Gurdwara and ensure adherence to Sikh customs and traditions.

***Person Specification:***
* Must be a practicing member of the Sikh faith.
* Proficiency in reading and understanding Gurmukhi and Sikh scriptures (Guru Granth Sahib Ji).
* Experience in conducting Sikh religious ceremonies.
* Strong interpersonal and communication skills.
* Committed to promoting Sikh values and principles.

***How to Apply:*** **To apply, please submit your application detailing your experience and motivation for this role.**

**Deadline for Applications: Applications must be submit before 18-4-2025**

**Applications should be sent to Email: info@sgssderby.com or delivered to the Gurdwara Sahib's Address below:**

## Sri Guru Singh Sabha Gurdwara

**1 Princes Street, Normanton, Derby. DE23 8NT. TEL: 01332 773010**

**PLEASE CONTACT BHAI AJIT SINGH 07533 362911**


# ਕੈਲਗਰੀ ਦੇ ਬੋਅ ਵੈਲੀ ਕਾਲਜ ਰੇਲਵੇ ਸਟੇਸ਼ਨ ਤੇ ਭਾਰਤੀ ਮੁਟਿਆਰ ਦਾ ਗਲਾ ਘੁੱਟਣ ਦੀ ਕੋਸ਼ਿਸ਼

ਵਿਨੀਪੈਗ- ਕੈਨੇਡਾ ਵਿਚ ਪਿਛਲੇ ਚਾਰ ਸਾਲਾਂ ਵਿੱਚ ਕੌਮਾਂਤਰੀ ਵਿਦਿਆਰਥੀਆਂ ਤੇ ਦੱਖਣੀ ਏਸ਼ਿਆਈ ਲੋਕਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਅਪਰਾਧਾਂ ਵਿੱਚ ਵਾਧਾ ਹੋਇਆ ਹੈ।

ਇਸੇ ਕੜੀ ਵਿਚ ਪਿਛਲੇ ਦਿਨੀਂ ਕੈਨੇਡਾ ਦੇ ਕੈਲਗਰੀ ਤੋਂ ਇਕ ਵੀਡੀਓ ਸਾਹਮਣੇ ਆਇਆ ਹੈ, ਜਿੱਥੇ ਇਕ ਵਿਅਕਤੀ ਨੇ ਬੋ ਵੈਲੀ ਕਾਲਜ ਟਰੇਨ ਸਟੇਸ਼ਨ ਦੇ ਪਲੈਟਫ਼ਾਰਮ ਤੇ ਲੜਕੀ ਦਾ ਗਲ਼ਾ ਘੁੱਟਣ ਦੀ ਕੋਸ਼ਿਸ਼ ਕੀਤੀ। ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਿਹਾ ਹੈ। ਕਈ ਸੋਸ਼ਲ ਮੀਡੀਆ ਪੋਸਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪੀੜਤ ਲੜਕੀ ਭਾਰਤੀ ਹੈ।

ਆਨਲਾਈਨ ਵਾਇਰਲ ਹੋ ਰਹੀ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਨੀਲੇ ਰੰਗ ਦੀ ਜੈਕੇਟ ਅਤੇ ਗੂੜ੍ਹੇ ਸਲੇਟੀ ਰੰਗ ਦਾ ਟਰਾਊਜ਼ਰ ਪਾਈ ਇਕ ਵਿਅਕਤੀ ਨੇ ਲੜਕੀ ਤੇ ਹਮਲਾ ਕਰ ਦਿੱਤਾ। ਉਂਝ ਅਜੇ ਤੱਕ ਹਮਲਾਵਰ ਦੀ ਪਛਾਣ ਨਹੀਂ ਹੋ ਸਕੀ ਹੈ।

ਹੈਰਾਨੀ ਦੀ ਗੱਲ ਹੈ ਕਿ ਹਮਲੇ ਦੌਰਾਨ ਨੇੜੇ ਖੜ੍ਹਾ ਕੋਈ ਵੀ ਵਿਅਕਤੀ ਇਸ ਲੜਕੀ ਦੀ ਮਦਦ ਲਈ ਅੱਗੇ ਨਹੀਂ ਆਇਆ। ਹਮਲਾਵਰ ਨੇ ਪਲੈਟਫ਼ਾਰਮ ਤੇ ਮੌਜੂਦ ਭਾਰਤੀ ਲੜਕੀ ਤੇ ਹਮਲਾ ਕਿਉਂ ਕੀਤਾ, ਇਸ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

ਲੜੀਵਾਰ ਨਾਵਲ

ਕਮਲ ਗਿੱਲ

Mob : +44 07454 394684



ਕਿਸ਼ਤ-17

# ਗੰਧਲੇ ਰਿਸ਼ਤੇ

**ਲਿਖਣ ਦੇ ਨਾਲ-ਨਾਲ ਮੈਨੂੰ ਪੜ੍ਹਨ ਦਾ ਵੀ ਬਹੁਤ ਸ਼ੌਕ ਸੀ। 15 ਸਾਲਾਂ ਦੀ ਉਮਰ ਵਿਚ ਮੈਂ ਆਪਣੀ ਪਹਿਲੀ ਕਹਾਣੀ ਆਪਣੇ ਕਾਲਜ ਦੇ ਇਕ ਮਹੀਨੇਵਾਰੀ ਛੱਪਦੇ ਰਸਾਲੇ ਵਿਚ ਲਿਖੀ ਸੀ। ਉਸ ਕਹਾਣੀ ਨੇ ਕਾਫੀ ਵਾਹ-ਵਾਹੀ ਖੱਟੀ ਸੀ। ਬੱਸ ਉਥੋਂ ਹੀ ਮੇਰਾ ਇਹ ਲੇਖਣੀ ਦਾ ਸਫਰ ਸ਼ੁਰੂ ਹੋ ਗਿਆ ਤੇ ਹੁਣ ਵੀ ਚੱਲ ਰਿਹਾ ਸੀ। ਪੜ੍ਹਨ ਵਿਚ ਮੈਂ ਸਾਰੇ ਇੰਡੀਆ ਦੇ ਪ੍ਰਸਿੱਧ ਲੇਖਕ ਪੜ੍ਹੇ ਸਨ। ਕਹਾਣੀਆਂ ਘੱਟ ਪੜ੍ਹਦੀ ਪਰ ਨਾਵਲ ਬਹੁਤ। ਨਾਨਕ ਸਿੰਘ, ਜਸਵੰਤ ਕੰਵਲ, ਦਲੀਪ ਕੌਰ ਟਿਵਾਣਾ, ਅੰਮ੍ਰਿਤਾ ਪ੍ਰੀਤਮ, ਬਲਦੇਵ ਸਿੰਘ ਸੜਕਨਾਵਾਂ ਮੇਰੇ ਪਸੰਦੀਦਾ ਲੇਖਕ ਸਨ ਤੇ ਇੰਗਲੈਂਡ ਦੇ ਲੇਖਕਾਂ ਵਿਚ ਕੈਲਾਸ਼ ਗਰੇਵਾਲ ਜਿਸ ਨੂੰ ਮੈਂ ਹਮੇਸ਼ਾ ਕੈਲਾਸ਼ ਜੀ ਹੀ ਕਹਿੰਦੀ ਤੇ ਸ਼ਿਵਚਰਨ ਜੱਗੀ ਕੁੱਸਾ ਜੀ, ਮੋਹਣ ਸਿੰਘ ਕੁੱਕੜਪਿੰਡੀਆਂ ਅਤੇ ਬਲਰਾਜ ਸਿੱਧੂ ਇਹ ਮੈਨੂੰ ਪਸੰਦ ਸਨ।**




ਫ਼ੂਨ ਕੱਟਦਿਆਂ ਸਾਰ ਹੀ ਕੈਲਾਸ਼ ਫਿਰ ਮੇਰੇ ਦਿਮਾਗ ਵਿਚ ਆ ਗਈ। ਵਾਈਨ ਦੇ ਤੀਜੇ ਗਲਾਸ ਦਾ ਮੈਂ ਘੁਟ ਵੀ ਨਾ ਭਰਿਆ ਤੇ ਉਥੋਂ ਉਠ ਕੇ ਤੁਰ ਪਈ।

ਰਾਤ ਦੇ 10 ਤੋਂ ਉਪਰ ਦਾ ਸਮ੍ਹਾਂ ਹੋ ਗਿਆ ਸੀ। ਹੋਟਲ ਵਿਚ ਓਨੀ ਹੀ ਚਹਿਲ ਪਹਿਲ ਸੀ।

ਮੰਨੋ ਦਿਨ ਚੜ੍ਹਿਆ ਹੋਵੇ। ਹਰ ਕੋਈ ਮੁਸਕੁਰਾ ਰਿਹਾ ਸੀ ਹਰ ਕੋਈ ਖੁਸ਼ ਸਨ। ਲੰਬੀ ਬਾਲਕੋਨੀ ਲੰਘ ਕੇ ਮੈਂ ਹੋਟਲ ਦੇ ਬਾਰ ਏਰੀਆ 'ਚ ਆ ਗਈ। ਉਥੇ ਨਾਈਟ ਇੰਟਰਟੇਨਮੈਂਟ ਦਾ ਪ੍ਰੋਗਰਾਮ ਚੱਲ ਰਿਹਾ ਸੀ। ਬਹੁਤ ਸਾਰੇ ਜਵਾਨ ਮੁੰਡੇ-ਕੁੜੀਆਂ ਪਰਫੋਰਮ ਕਰ ਰਹੇ ਸਨ ਤੇ ਰੰਗ ਬਿਰੰਗੇ ਵੱਖੋ-ਵੱਖਰੇ ਦੇਸ਼ਾਂ ਤੋਂ ਆਏ ਬਹੁਤ ਸਾਰੇ ਟੂਰਿਸਟ ਉਨ੍ਹਾਂ ਦੀ ਪਰਫੋਰਮੈਂਸ ਤੋਂ ਖੁਸ਼ ਹੋ ਕੇ ਤਾੜੀਆਂ ਵਜਾ ਰਹੇ ਸਨ। ਮੈਂ ਕੁਝ ਕੁ ਸਮ੍ਹਾਂ ਉਥੇ ਬੈਠੀ ਪਰ ਬਾਹਲੀ ਦੇਰ ਬੈਠਣ ਨੂੰ ਮਨ ਨਾ ਕੀਤਾ। ਉਥੋਂ ਉਠ ਕੇ ਉਪਰ ਆਪਣੇ ਰੂਮ ਵੱਲ ਤੁਰ ਪਈ।

ਹੋਟਲ ਦੇ ਸੱਜੇ ਪਾਸੇ ਉੱਪਰ ਦੂਸਰੀ ਮੰਜ਼ਿਲ 'ਤੇ ਮੇਰਾ ਕਮਰਾ ਸੀ। ਕਮਰਾ ਬਹੁਤ ਹੀ ਖੂਬਸੂਰਤ ਸੀ ਕਿੰਗ ਸਾਈਜ਼ ਦਾ ਬੈੱਡ, ਵਾਰਡਰੋਬ, ਡਰੈਸਿੰਗ ਟੇਬਲ, ਕੁਰਸੀਆਂ, ਬਾਲਕੋਨੀ ਬਹੁਤ ਖੂਬਸੂਰਤ ਸੀ। ਬਾਲਕੋਨੀ ਵਿਚ ਖੱਬੇ ਪਾਸੇ ਬੀਚ ਦਿਖਾਈ ਦੇ ਰਿਹਾ ਸੀ। ਰਾਤ ਦੀ ਰੋਸ਼ਨੀ ਭਰੀਆਂ ਲਾਈਟਾਂ ਨਾਲ ਪਾਣੀ ਚਮਕਾਂ ਮਾਰ ਰਿਹਾ ਸੀ। ਤੇ ਸੱਜੇ ਪਾਸੇ ਘਰ ਸਨ ਥੋੜ੍ਹਾ ਹੋਟਲ ਤੋਂ ਹੱਟਵੇਂ ਪਰ ਸਾਫ ਦਿਖਾਈ ਦਿੰਦੇ ਸਨ। ਘਰਾਂ ਵੱਲ ਨਜ਼ਰ ਜਾਂਦਿਆਂ ਹੀ ਮੇਰਾ ਧਿਆਨ ਕੈਲਾਸ਼ ਦਾ ਘਰ ਲੱਭਣ ਵੱਲ ਲੱਗ ਗਿਆ। ਪਰ ਕਾਫੀ ਹਨ੍ਹੇਰਾ ਹੋਣ ਕਰਕੇ ਕੁਝ ਖਾਸ ਸਮਝ ਨਹੀਂ ਆ ਰਿਹਾ ਸੀ।

ਖ਼ੈਰ ਮੈਂ ਫਟਾਫਟ ਸ਼ਾਵਰ ਲਿਆ ਤੇ ਬੈੱਡ 'ਤੇ ਆ ਡਿੱਗੀ। ਪੰਜ ਸੱਤ ਰਿਸ਼ਤੇਦਾਰਾਂ ਦੋਸਤਾਂ ਮਿੱਤਰਾਂ ਦੇ ਟੈਕਸਾਂ ਦਾ ਜਵਾਬ ਦਿੱਤਾ। ਇਕ ਵਾਰ ਫਿਰ ਰਵੀ ਨੂੰ ਟੈਕਸ ਕੀਤਾ ਤੇ ਆਪਣਾ ਸੱਤ ਵਜੇ ਦਾ ਅਲਾਰਮ ਲਾ ਕੇ ਸੌਣ ਦਾ ਯਤਨ ਕਰਨ ਲੱਗੀ। ਭੁੱਖ ਦੇ ਨਾਲ-ਨਾਲ ਜਾਣੋਂ ਨੀਂਦ ਵੀ ਖੰਭ ਲਾ ਕੇ ਉੱਡ ਗਈ ਸੀ। ਕਰਦਿਆਂ ਕਰਦਿਆਂ ਪਤਾ ਨਹੀਂ ਕੱਦ ਮੇਰੀ ਅੱਖ ਲੱਗ ਗਈ ਅਤੇ ਸਵੇਰੇ ਸੱਤ ਵਜੇ ਦੇ ਅਲਾਰਮ ਨਾਲ ਮੇਰੀ ਅੱਖ ਖੁੱਲ੍ਹੀ। ਅੱਖ ਖੁੱਲਦਿਆਂ ਹੀ ਬਾਹਰ ਬਾਰੀ ਵਿਚ ਦੇਖਿਆ ਸੂਰਜ ਨਿਕਲਿਆ ਹੋਇਆ ਸੀ। ਮੈਂ ਬਾਲਕੋਨੀ 'ਤੇ ਪਹੁੰਚੀ ਤਾਂ ਖੂਬਸੂਰਤ ਸੀ ਵਿਊ ਦਾ ਨਜ਼ਾਰਾ ਦਿਸ ਰਿਹਾ ਸੀ। ਦੂਜੇ ਪਾਸੇ ਨਿਗ੍ਹਾ ਘੁਮਾਈ ਤਾਂ ਉਹੀ ਚਿੱਟੇ ਦੁੱਧ ਵਰਗੇ ਘਰ ਦਿਖਾਈ ਦੇ ਰਹੇ ਸਨ। ਇਨ੍ਹਾਂ ਘਰਾਂ ਵਿਚੋਂ ਹੀ ਕਿਸੇ ਇਕ ਘਰ 'ਚ ਮੈਂ 10 ਵਜੇ ਕੈਲਾਸ਼ ਜੀ ਨੂੰ ਮਿਲਣ ਜਾਣਾ ਸੀ।

ਕੈਲਾਸ਼ ਦਾ ਖਿਆਲ ਆਉਂਦਿਆਂ ਹੀ ਫਟਾਫਟ ਸ਼ਾਵਰ ਲੈ ਕੇ ਮੈਂ ਤਿਆਰ ਹੋ ਗਈ ਅਤੇ ਬ੍ਰੇਕਫਾਸਟ ਲਈ ਹੋਟਲ ਦੇ ਰੈਸਟੋਰੈਂਟ 'ਤੇ ਜਾ ਪਹੁੰਚੀ।

ਬ੍ਰੇਕਫਾਸਟ ਬਹੁਤ ਹੀ ਵਧੀਆ ਸੀ। ਤਕਰੀਬਨ ਬਹੁਤ ਸਾਰੀ ਵੈਜ਼ੀਟੇਰੀਅਨ ਦੀ ਚੁਆਇਸ ਵੀ ਸੀ।

ਚਲੋ ਇਹ ਮੇਰੇ ਵਰਗੇ ਵੈਜ਼ੀਟੇਰੀਅਨ ਲਈ ਖੁਸ਼ਖਬਰੀ ਸੀ। ਸੋ ਆਰਾਮ ਨਾਲ ਬ੍ਰੇਕਫਾਸਟ ਕੀਤਾ।

ਹਾਲੇ ਇੰਨਾ ਰਸ਼ ਵੀ ਨਹੀਂ ਸੀ। ਸ਼ਾਇਦ ਹਾਲੇ ਸਾਰੇ ਟੂਰਿਸਟ ਆਪੋ-ਆਪਣੇ ਬਿਸਤਰਿਆਂ 'ਚ ਘਰਾੜੇ ਮਾਰ ਰਹੇ ਸਨ। ਬ੍ਰੇਕਫਾਸਟ ਤੋਂ ਬਾਅਦ ਇੱਕ ਕੱਪ ਕੌਫੀ ਦਾ ਪੀਤਾ ਤੇ ਮੈਂ ਬਾਹਰ ਪੂਲ ਕੋਲ ਪੂਲ-ਚੇਅਰ 'ਤੇ ਆ ਬੈਠੀ।

ਲਿਖਣ ਦੇ ਨਾਲ-ਨਾਲ ਮੈਨੂੰ ਪੜ੍ਹਨ ਦਾ ਵੀ ਬਹੁਤ ਸ਼ੌਕ ਸੀ। 15 ਸਾਲਾਂ ਦੀ ਉਮਰ ਵਿਚ ਮੈਂ ਆਪਣੀ ਪਹਿਲੀ ਕਹਾਣੀ ਆਪਣੇ ਕਾਲਜ ਦੇ ਇਕ ਮਹੀਨੇਵਾਰੀ ਛੱਪਦੇ ਰਸਾਲੇ ਵਿਚ ਲਿਖੀ ਸੀ। ਉਸ ਕਹਾਣੀ ਨੇ ਕਾਫੀ ਵਾਹ-ਵਾਹੀ ਖੱਟੀ ਸੀ। ਬੱਸ ਉਥੋਂ ਹੀ ਮੇਰਾ ਇਹ ਲੇਖਣੀ ਦਾ ਸਫਰ ਸ਼ੁਰੂ ਹੋ ਗਿਆ ਤੇ ਹੁਣ ਵੀ ਚੱਲ ਰਿਹਾ ਸੀ। ਪੜ੍ਹਨ ਵਿਚ ਮੈਂ ਸਾਰੇ ਇੰਡੀਆ ਦੇ ਪ੍ਰਸਿੱਧ ਲੇਖਕ ਪੜ੍ਹੇ ਸਨ। ਕਹਾਣੀਆਂ ਘੱਟ ਪੜ੍ਹਦੀ ਪਰ ਨਾਵਲ ਬਹੁਤ। ਨਾਨਕ ਸਿੰਘ, ਜਸਵੰਤ ਕੰਵਲ, ਦਲੀਪ ਕੌਰ ਟਿਵਾਣਾ, ਅੰਮ੍ਰਿਤਾ ਪ੍ਰੀਤਮ, ਬਲਦੇਵ ਸਿੰਘ ਸੜਕਨਾਵਾਂ ਮੇਰੇ ਪਸੰਦੀਦਾ ਲੇਖਕ ਸਨ ਤੇ ਇੰਗਲੈਂਡ ਦੇ ਲੇਖਕਾਂ ਵਿਚ ਕੈਲਾਸ਼ ਗਰੇਵਾਲ ਜਿਸ ਨੂੰ ਮੈਂ ਹਮੇਸ਼ਾ ਕੈਲਾਸ਼ ਜੀ ਹੀ ਕਹਿੰਦੀ ਤੇ ਸ਼ਿਵਚਰਨ ਜੱਗੀ ਕੁੱਸਾ ਜੀ, ਮੋਹਣ ਸਿੰਘ ਕੁੱਕੜਪਿੰਡੀਆਂ ਅਤੇ ਬਲਰਾਜ ਸਿੱਧੂ ਇਹ ਮੈਨੂੰ ਪਸੰਦ ਸਨ। ਨਾਵਲਾਂ ਤੋਂ ਯਾਦ ਆਇਆ ਮੇਰੇ ਹੈਂਡ ਬੈਗ ਵਿਚ ਮੋਹਣ ਸਿੰਘ ਕੁੱਕੜਪਿੰਡੀਆ ਜੀ ਦਾ ਨਵਾਂ ਨਾਵਲ 'ਮੇਰੀ ਅਧੂਰੀ ਕਹਾਣੀ' ਪਿਆ ਸੀ। ਮੈਂ ਹੈਂਡ ਬੈਗ ਦੀ ਜਿੱਪ ਖੋਲ੍ਹੀ ਤੇ ਨਾਵਲ ਬਾਹਰ ਕੱਢ ਲਿਆ। ਜਹਾਜ਼ ਦੇ ਸਫਰ ਵਿਚ ਮੈਂ ਇਹ ਨਾਵਲ ਪੜ੍ਹਨਾ ਸ਼ੁਰੂ ਕੀਤਾ ਸੀ। ਮੋਹਣ ਸਿੰਘ ਜੀ ਦੀ ਇਹ ਸਵੈ ਜੀਵਣੀ ਸੀ। ਬਹੁਤ ਹੀ ਖੂਬਸੂਰਤੀ ਨਾਲ ਲਿਖਿਆ ਹੋਇਆ ਨਾਵਲ ਸੀ। ਸਵੈ ਜੀਵਣੀ ਨੂੰ ਨਾਵਲ ਵਾਂਗ ਲਿਖਣ ਦੀ ਕਲਾ ਬਹੁਤ ਥੋੜ੍ਹੇ ਲੇਖਕਾਂ ਵਿਚ ਹੈ ਤੇ ਉਨ੍ਹਾਂ ਲੇਖਕਾਂ ਵਿਚ ਹੀ ਇੱਕ ਨਾਮ ਮੋਹਣ ਸਿੰਘ ਕੁੱਕੜਪਿੰਡੀਏ ਜੀ ਦਾ ਆਉਂਦਾ ਹੈ। ਪੂਲ ਚੇਅਰ 'ਤੇ ਮੈਂ ਆਰਾਮ ਨਾਲ ਆਪਣੀਆਂ ਕਾਲੀਆਂ ਐਨਕਾਂ ਲਗਾ ਲਈਆਂ।

ਕੁਝ ਕੁ ਪੰਨ੍ਹੇ ਪੜ੍ਹੇ ਤਾਂ ਮੈਨੂੰ ਸਮੇਂ ਦਾ ਖਿਆਲ ਆਇਆ। 9 ਤੋਂ ਉਪਰ ਟਾਈਮ ਹੋ ਗਿਆ ਸੀ। ਮੈਂ 10 ਵਜੇ ਕੈਲਾਸ਼ ਜੀ ਵੱਲ ਜਾਣਾ ਸੀ। ਮੈਂ ਕਾਹਲੀ ਨਾਲ ਕਿਤਾਬ ਬੰਦ ਕਰਕੇ ਦੁਬਾਰਾ ਬੈਗ ਵਿਚ ਪਾ ਲਈ ਤੇ ਆਪਣੇ ਕਮਰੇ ਵੱਲ ਤੁਰ ਪਈ।

ਕਮਰੇ ਵਿਚੋਂ ਇਕ-ਦੋ ਚੀਜ਼ਾਂ ਬੈਗ 'ਚ ਹੋਰ ਪਾਈਆਂ ਅਤੇ ਆਪਣੇ ਸੂਟ ਕੇਸ ਵਿਚੋਂ ਇਕ ਖੂਬਸੂਰਤ ਪਸ਼ਮੀਨੇ ਦਾ ਬਰੈਂਡ ਨਿਊ ਸ਼ਾਲ ਜੋ ਕਿ ਗਰਮੀਆਂ ਵਿਚ ਦੁਪੱਟੇ ਵਾਂਗ ਕੰਮ ਆਉਣ ਵਾਲਾ ਸੀ ਕੈਲਾਸ਼ ਜੀ ਲਈ ਰੱਖ ਲਿਆ। ਇਹ ਮੈਂ ਬੜੀ ਰੂਹ ਨਾਲ ਸਾਊਥਾਲ ਤੋਂ ਲੈ ਕੇ ਆਈ ਸੀ ਆਪਣੇ ਲਈ। ਪਰ ਮੈਂ ਕੈਲਾਸ਼ ਜੀ ਦੇ ਘਰ ਖਾਲੀ ਹੱਥ ਨਹੀਂ ਜਾਣਾ ਚਾਹੁੰਦੀ ਸੀ ਤੇ ਉਨ੍ਹਾਂ ਲਈ ਇਸ ਸਫੈਦ ਰੰਗ ਦੇ ਵਿਚ ਹਰੇ ਤੇ ਲਾਲ ਫੁੱਲਾਂ ਵਾਲੇ ਪਸ਼ਮੀਨੇ ਤੋਂ ਬਿਨਾਂ ਹੋਰ ਕੋਈ ਸੋਹਣਾ ਤੋਹਫਾ ਨਹੀਂ ਸੀ।

ਖੈਰ ਮੈਂ ਰੂਮ ਨੂੰ ਲੌਕ ਲਾ ਕੇ ਉਨ੍ਹਾਂ ਦੇ ਘਰ ਵੱਲ ਨੂੰ ਚਾਲੇ ਪਾ ਲਏ। ਮਨ ਇਕ ਵਾਰ ਫਿਰ ਸਵਾਲਾਂ-ਜਵਾਬਾਂ ਦੇ ਘੇਰੇ ਵਿਚ ਘਿਰਿਆ ਸੀ। ਸਵਾਲ ਇਹ ਕੀ ਕੈਲਾਸ਼ ਜੀ ਦੀ ਜ਼ਿੰਦਗੀ ਇਨ੍ਹਾਂ 11 ਵਰ੍ਹਿਆਂ 'ਚ ਕਿੰਝ ਦੀ ਰਹੀ ਹੋਵੇਗੀ। ਉਨ੍ਹਾਂ ਦੇ ਨਵੇਂ ਘਰਵਾਲੇ ਦੇ ਮਿਲਣ ਬਾਅਦ ਵੀ ਉਨ੍ਹਾਂ ਦੇ ਚਿਹਰੇ 'ਤੇ ਇੰਨੀ ਉਦਾਸੀ ਕਿਉਂ ਸੀ। ਸਭ ਠੀਕ ਵੀ ਹੋਵੇਗਾ। ਮੇਰਾ ਮਨ ਇਕ ਦਮ ਕੰਬ ਗਿਆ। ਹਾਏ ਰੱਬਾ ਉਸ ਨੇਕ ਔਰਤ ਨੇ ਬਹੁਤ ਦੁੱਖ ਦੇਖੇ ਸਨ ਜ਼ਿੰਦਗੀ 'ਚ।

ਰੱਬ ਕਰੇ ਹੁਣ ਉਹ ਆਪਣੀ ਜ਼ਿੰਦਗੀ ਵਿਚ ਬਹੁਤ ਖੁਸ਼ ਹੋਵੇ। ਇੰਨਾ ਸੋਚਾਂ ਦੇ ਤਾਣੇ-ਬਾਣੇ 'ਚ ਹੀ ਮੈਂ 22 ਨੰਬਰ ਘਰ ਦੇ ਬਾਹਰ ਪਹੁੰਚ ਗਈ। ਬਾਹਰ ਮੇਨ ਡੋਰ ਮੋਹਰੇ ਪੱਥਰ ਦੇ ਦੋ ਬਹੁਤ ਵੱਡੇ ਗਮਲੇ ਪਏ ਸਨ ਜਿਨ੍ਹਾਂ ਵਿੱਚ ਸੱਤਵਰਗ ਦੇ ਵੱਡੇ ਵੱਡੇ ਫੁੱਲ ਖਿੜੇ ਹੋਏ ਸਨ। ਇੰਨੇ ਫੁੱਲ ਸਨ ਕਿ ਪੱਤਾ ਵੀ ਟਾਂਵਾਂ ਟਾਂਵਾ ਹੀ ਦਿੱਸ ਰਿਹਾ ਸੀ। ਦੋਵੇ ਗਮਲੇ ਸੰਗਤਰੀ ਰੰਗ ਦੇ ਮੋਟੇ-ਮੋਟੇ ਫੁੱਲਾਂ ਨਾਲ ਭਰੇ ਪਏ ਸਨ ।

ਫ਼ੂਨ 'ਤੇ ਝਾਤ ਮਾਰੀ ਤਾਂ ਹਾਲੇ 10 ਵੱਜਣ 'ਚ 10 ਮਿੰਟ ਰਹਿੰਦੇ ਸਨ। ਮੈਂ ਸੋਚਿਆ ਕਿ ਹਾਲੇ ਦੱਸ ਮਿੰਟ ਬਾਹਰ ਹੀ ਖੜ੍ਹੀ ਰਹਾਂ। ਪੂਰੇ ਦੱਸ ਵਜੇ ਹੀ ਡੋਰ ਕਰਾਂਗੀ। ਹਾਲੇ ਸੋਚਾਂ ਸੋਚਦੀ ਹੀ ਸੀ ਕਿ ਇਕ ਦਮ ਦਰਵਾਜ਼ਾ ਖੁੱਲ੍ਹਣ ਦੀ ਆਵਾਜ਼ ਆਈ।

ਖੂਬਸੂਰਤ ਲਾਲ ਫੁੱਲਾਂ ਵਾਲੀ ਕ੍ਰੀਮ ਰੰਗ ਦੀ ਲੌਂਗ ਡ੍ਰੈੱਸ ਵਿਚ ਇਕ ਦਮ ਤਰੋ-ਤਾਜ਼ਾ ਕੈਲਾਸ਼ ਮੇਰੇ ਸਾਹਮਣੇ ਖੜ੍ਹੀ ਮੁਸਕੁਰਾ ਰਹੀ ਸੀ।

''ਗੁੱਡ ਮੋਰਨਿੰਗ ਬੀਰਾ।''

''ਗੁੱਡ ਮੋਰਨਿੰਗ ਕੈਲਾਸ਼ ਜੀ, ਸੌਰੀ ਮੈਂ ਕੁਝ ਪਹਿਲਾਂ ਹੀ ਆ ਗਈ।''

''ਨਹੀਂ ਨਹੀਂ ਕੋਈ ਨਾ, ਕੋਈ ਚਿੰਤਾ ਨਹੀਂ ਤੂੰ ਕਿਹੜਾ ਇਥੇ ਕਲਾਕ ਲਾਉਣਾ ਸੀ, ਜੋ ਪੂਰੇ ਟਾਈਮ ਨਾਲ ਹੀ ਆਉਣਾ ਸੀ। ਆ ਜਾ ਅੰਦਰ ਲੰਘ ਆ। ਮੈਂ ਬਹੁਤ ਦੇਰ ਦੀ ਤੇਰੀ ਹੀ ਉਡੀਕ ਵਿਚ ਸੀ।''

ਅੰਦਰ ਵੜਦਿਆਂ ਮੈਂ ਚੱਪਲ ਉਤਾਰ ਦਿੱਤੀ ਤੇ ਅਗਾਂਹ ਕੈਲਾਸ਼ ਦੇ ਮਗਰ ਮਗਰ ਨਿਆਣਿਆਂ ਵਾਂਗ ਤੁਰ ਪਈ। ਕੋਰੀਡੋਰ ਲੰਘ ਕੇ ਅਗਾਂਹ ਬਹੁਤ ਹੀ ਸੋਹਣਾ ਸੀਟਿੰਗ ਰੂਮ ਸੀ। ਉਸ ਵਿਚ ਚਿੱਟੇ ਰੰਗ ਦਾ ਪੇਂਟ ਕੀਤਾ ਸੀ ਤੇ ਬਰਾਊਨ ਰੰਗ ਦਾ ਫਰਨੀਚਰ ਸੀ। ਲੈਦਰ ਦੇ ਬਹੁਤ ਹੀ ਖੂਬਸੂਰਤ ਸੋਫਾ ਵਿਚਕਾਰ ਵੱਡਾ ਸਾਰਾ ਪ੍ਰੋਪਰ ਵੁੱਡ ਦਾ ਕੌਫੀ ਟੇਬਲ ਤੇ ਸਾਈਡ ਤੇ ਬਹੁਤ ਹੀ ਸੋਹਣੀ ਬੁੱਕ ਸੈਲਫਾਂ ਵਾਲਾ ਸਟੈਂਡ ਜਿਸ ਵਿਚ ਤਕਰੀਬਨ ਚਾਰ ਪੰਜ ਸੌ ਕਿਤਾਬ ਬਹੁਤ ਹੀ ਤਰਤੀਬ ਨਾਲ ਟਕਾਈ ਹੋਵੇਗੀ।

''ਤੁਸੀਂ ਆਰਾਮ ਨਾਲ ਬੈਠੋ ਬੀਰਾ, ਫੀਲ ਲਾਈਕ ਹੋਮ ਤੇ ਰਿਲੈਕਸ ਮੈਂ ਤੁਹਾਡੇ ਲਈ ਕੌਫੀ ਬਣਾ ਕੇ ਲਿਆਈ।''

''ਸ਼ੁਕਰੀਆ ਕੈਲਾਸ਼ ਜੀ।'' ਕੌਫੀ ਦੀ ਲੋੜ ਨਹੀਂ ਮੈਂ ਹੁਣੇ-ਹੁਣੇ ਹੋਟਲ ਤੋਂ ਪੀ ਕੇ ਹੀ ਆਈ ਹਾਂ।''

''ਕੋਈ ਨਾ ਉਹ ਗੌਰਿਆਂ ਦੀ ਕੌਫੀ ਸੀ, ਹੁਣ ਤੂੰ ਆਪਣੀ ਦੇਸੀ ਕੌਫੀ ਪੀ।''

ਇੰਨਾਂ ਆਖ ਉਹ ਕਿਚਨ ਵੱਲ ਚਲੇ ਗਈ। ਮੈਂ ਛੋਟੇ ਸੋਫੇ 'ਤੇ ਆਰਾਮ ਨਾਲ ਬੈਠ ਗਈ। ਸੋਫੇ 'ਤੇ ਬਹੁਤ ਸੋਹਣੀ ਹੱਥ ਦੀ ਦਸੂਤੀ ਗੰਢਾਈ ਕੱਢੀ ਚਿੱਟੇ ਰੰਗ ਦੇ ਕੁਸ਼ਨ ਸਨ। ਉਨ੍ਹਾਂ ਕੁਸ਼ਨਾਂ ਤੋਂ ਨਜ਼ਰ ਘੁਮਾਈ ਤਾਂ ਮੈਨੂੰ ਮੇਰੀ ਦਾਦੀ ਦੀ ਪੱਚੀ ਕੁ ਸਾਲ ਪੁਰਾਣੀ ਚਿੱਟੀ ਦਸੂਤੀ ਦੀ ਕੜ੍ਹਾਈ ਵਾਲੀ ਚੁੰਨੀ ਯਾਦ ਆ ਗਈ। ਮੇਰੀ ਦਾਦੀ ਕੋਲ ਜਮ੍ਹਾ ਇਹੋ ਜਿਹੀ ਕਢਾਈ ਵਾਲੀ ਚੁੰਨੀ ਹੁੰਦੀ ਸੀ। ਸੋਫੇ 'ਤੇ ਬੈਠਦਿਆਂ ਮੈਂ ਸਾਰੇ ਕਮਰੇ 'ਚ ਨਿਗ੍ਹਾ ਮਾਰੀ।

ਚਲਦਾ....

# ਜਦੋਂ ਗ਼ਦਰੀ ਬਾਬਾ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਦਿੱਤੀ ਗਈ

**30 ਮਾਰਚ ਨੂੰ ਸ਼ਹੀਦੀ ਦਿਵਸ 'ਤੇ ਵਿਸ਼ੇਸ਼**



– ਲੇਖਕ –
**ਭਗਵਾਨ ਸਿੰਘ ਜੌਹਲ**
Email:bhagwansinghjohal@gmail.com

ਦੂਜੇ ਲਾਹੌਰ ਸਾਜਿਸ਼ ਕੇਸ ਵਿੱਚ ਲਾਹੌਰ ਜੇਲ੍ਹ ਵਿੱਚ ਫਾਂਸੀ ਦਾ ਰੱਸਾ ਚੁੰਮਣ ਵਾਲਾ ਮਹਾਨ ਸ਼ਹੀਦ ਭਾਈ ਬਲਵੰਤ ਸਿੰਘ ਕੈਨੇਡੀਅਨ (ਖੁਰਦਪੁਰ) ਅਜਿਹਾ ਸੂਰਬੀਰ ਯੋਧਾ ਸੀ, ਜਿਸ ਨੇ ਭਰ ਜਵਾਨੀ ਵਿੱਚ ਸ਼ਹਾਦਤ ਦਾ ਜਾਮ ਪੀਤਾ। ਭਾਈ ਬਲਵੰਤ ਸਿੰਘ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਉਘੇ ਪਿੰਡ ਖੁਰਦਪੁਰ (ਜਲੰਧਰ-ਹੁਸ਼ਿਆਰਪੁਰ ਰੋਡ 'ਤੇ ਸਥਿਤ) ਵਿਖੇ ਸ. ਬੁੱਧ ਸਿੰਘ ਦੇ ਗ੍ਰਹਿ ਵਿਖੇ 14 ਸਤੰਬਰ, 1882 ਨੂੰ ਹੋਇਆ। ਖੁਰਦਪੁਰ ਦੇ ਨਜ਼ਦੀਕੀ ਕਸਬੇ ਆਦਮਪੁਰ ਦੇ ਮਿਡਲ ਸਕੂਲ ਵਿੱਚ ਮੁੱਢਲੀ ਸਿੱਖਿਆ ਪ੍ਰਾਪਤੀ ਲਈ ਦਾਖਲਾ ਲਿਆ। ਪਰ ਉਸ ਸਮੇਂ ਸਮਾਜ ਵਿੱਚ ਬਾਲ-ਵਿਆਹ ਦੀ ਰਸਮ ਪ੍ਰਚੱਲਤ ਸੀ, ਪਰਿਵਾਰ ਵੱਲੋਂ ਇਨ੍ਹਾਂ ਦੀ ਸ਼ਾਦੀ ਬਚਪਨ ਵਿੱਚ ਹੀ ਕਰ ਦਿੱਤੀ ਗਈ। ਵਿਆਹ ਉਪਰੰਤ ਪੜ੍ਹਾਈ ਵਿੱਚ-ਵਿਚਾਲੇ ਹੀ ਛੱਡ ਦਿੱਤੀ ਗਈ। ਭਰ ਜਵਾਨੀ ਵਿੱਚ ਪੈਰ ਧਰਦਿਆਂ ਉਸ ਸਮੇਂ ਦੀ ਅੰਗ੍ਰੇਜ਼ ਹਕੂਮਤ ਦੀ ਭਾਰਤੀ ਫੌਜ ਵਿੱਚ ਭਰਤੀ ਹੋ ਗਏ। ਜਦੋਂ ਭਾਈ ਬਲਵੰਤ ਸਿੰਘ ਦੀ ਪਲਟਨ ਮਰਦਾਨ (ਪਾਕਿਸਤਾਨ) ਵਿੱਚ ਸੀ ਤਾਂ ਇਨ੍ਹਾਂ ਦੀ ਸ਼ਖ਼ਸੀਅਤ ਉੱਤੇ ਪੰਜਾਬ ਦੀ ਪ੍ਰਸਿੱਧ ਧਾਰਮਿਕ ਹਸਤੀ ਬਾਬਾ ਕਰਮ ਸਿੰਘ ਹੋਤੀ ਮਰਦਾਨ ਦੀ ਸੰਗਤ ਦਾ ਅਜਿਹਾ ਅਸਰ ਹੋਇਆ ਕਿ ਆਪ ਜੀ ਦਾ ਨਿਸ਼ਚਾ ਤੇ ਵਿਸ਼ਵਾਸ ਸਿੱਖ ਧਰਮ ਵਿੱਚ ਦ੍ਰਿੜ੍ਹ ਹੋ ਗਿਆ। ਅੰਗ੍ਰੇਜ਼ ਹਕੂਮਤ ਦੀ ਗੁਲਾਮੀ ਦਾ ਅਹਿਸਾਸ ਵੀ ਹੋ ਗਿਆ। 23 ਸਾਲ ਦੀ ਉਮਰ ਵਿੱਚ ਫੌਜ ਦੀ ਨੌਕਰੀ ਛੱਡ ਕੇ ਛੇਤੀ ਹੀ 1906 ਵਿੱਚ ਕੈਨੇਡਾ ਚਲੇ ਗਏ। ਉਥੇ ਜਾ ਕੇ ਵੈਨਕੂਵਰ ਵਿੱਚ ਪਹਿਲਾ ਗੁਰਦੁਆਰਾ ਸਾਹਿਬ ਬਨਾਉਣ ਵਿੱਚ ਭਰਪੂਰ ਯੋਗਦਾਨ ਪਾਇਆ। ਕੈਨੇਡਾ ਦੇ ਇਸ ਸ਼ਹਿਰ ਦੀ ਸਿੱਖ ਸੰਗਤ ਨੇ ਇਨ੍ਹਾਂ ਨੂੰ ਸਿੱਖ ਸਿਧਾਂਤਾਂ ਵਿੱਚ ਪ੍ਰਪੱਕ ਵੇਖਦਿਆਂ ਗੁਰੂ ਘਰ ਦਾ ਗ੍ਰੰਥੀ ਨਿਯੁੱਕਤ ਕਰ ਦਿੱਤਾ। ਇਸੇ ਕਰਕੇ ਭਾਈ ਸ਼ਬਦ ਆਪ ਜੀ ਦੇ ਨਾਂਅ ਨਾਲ ਪੱਕੇ ਤੌਰ 'ਤੇ ਜੁੜ ਗਿਆ।

ਕੈਨੇਡਾ ਸਰਕਾਰ ਨੇ 1908 ਈ: ਵਿੱਚ ਫੈਸਲਾ ਕੀਤਾ ਕਿ ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਵਿੱਚ ਰਹਿਣ ਵਾਲੇ ਹਿੰਦੁਸਤਾਨੀਆਂ ਨੂੰ ਅਮਰੀਕਾ ਦੀ ਹੋਂਡਰਸ ਕਾਲੋਨੀ ਵਿੱਚ ਅਬਾਦ ਕੀਤਾ ਜਾਵੇ। ਪਰ ਭਾਈ ਬਲਵੰਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਇਸ ਸਰਕਾਰੀ ਨੀਤੀ ਦੀ ਵਿਰੋਧਤਾ ਕੀਤੀ। 1909 ਈ: ਵਿੱਚ ਹਿੰਦੁਸਤਾਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ। ਇਸ ਐਸੋਸੀਏਸ਼ਨ ਦੇ ਸਾਰੇ ਪ੍ਰਵਾਸੀ ਭਾਰਤੀਆਂ ਨੇ ਕੈਨੇਡਾ ਨਾ ਆਉਣ ਦੀਆਂ ਬੰਦਿਸ਼ਾਂ ਵਿਰੁੱਧ ਅਵਾਜ਼ ਉਠਾਈ। ਭਾਈ ਬਲਵੰਤ ਸਿੰਘ ਕੈਨੇਡੀਅਨ ਅਤੇ ਉਨ੍ਹਾਂ ਦੇ ਸਾਥੀ ਸਾਰੇ ਪ੍ਰਵਾਸੀ ਭਾਰਤੀਆਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣਾ ਅੰਗ੍ਰੇਜ਼ ਹਕੂਮਤ ਦਾ ਸਿਆਸੀ ਪੈਂਤੜਾ ਹੀ ਸੀ। 1911 ਈ: ਵਿੱਚ ਬਾਬਾ ਬਲਵੰਤ ਸਿੰਘ ਆਪਣੇ ਸਾਥੀ ਭਾਈ ਭਾਗ ਸਿੰਘ ਭਿੱਖੀਵਿੰਡ ਨਾਲ ਵਾਪਸ ਹਿੰਦੁਸਤਾਨ ਅਨੇਕਾਂ ਔਕੜਾਂ ਤੇ ਮੁਸੀਬਤਾਂ ਦਾ ਸਾਹਮਣਾ ਕਰ ਕੇ ਪੁੱਜੇ। ਪਰ ਇਨ੍ਹਾਂ ਮੁਸੀਬਤਾਂ ਤੇ ਕਠਿਨਾਈਆਂ ਦੇ ਬਾਵਜੂਦ 1912 ਈ: ਵਿੱਚ ਆਪਣੇ ਪਰਿ-ਵਾਰ ਸਮੇਤ ਜਨਵਰੀ 1912 ਵਿੱਚ ਵੈਨਕੂਵਰ ਪਹੁੰਚਣ ਵਿੱਚ ਸਫ਼ਲ ਹੋ ਗਏ।



22 ਫ਼ਰਵਰੀ, 1913 ਈ: ਖ਼ਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਡ ਇੰਡੀਆ ਲੀਗ ਦੀ ਸਾਂਝੀ ਇਕੱਤਰਤਾ ਵਿੱਚ ਇਹ ਫੈਸਲਾ ਸਰਬ ਸੰਮਤੀ ਨਾਲ ਕੀਤਾ ਗਿਆ ਕਿ ਇੰਗਲੈਂਡ ਅਤੇ ਹਿੰਦੁਸਤਾਨ ਦੋਵਾਂ ਦੇਸ਼ਾਂ ਵਿੱਚ ਜਾ ਕੇ ਬ੍ਰਿਟਿਸ਼ ਸਰਕਾਰ ਨੂੰ ਆਪਣੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਮੰਗ ਪੱਤਰ ਦਿੱਤਾ ਜਾਵੇ। ਇਸ ਕਾਰਜ ਲਈ ਭਾਈ ਬਲਵੰਤ ਸਿੰਘ, ਭਾਈ ਨੰਦ ਸਿੰਘ ਤੇ ਭਾਈ ਨਰਾਇਣ ਸਿੰਘ 'ਤੇ ਆਧਾਰਿਤ ਇਕ ਪ੍ਰਤੀਨਿੱਧ ਮੰਡਲ ਦੋਵਾਂ ਦੇਸ਼ਾਂ ਵਿੱਚ ਭੇਜਣ ਲਈ ਸਮਾਂ ਨਿਸ਼ਚਿਤ ਕੀਤਾ ਗਿਆ। ਪਰ ਦੋਵਾਂ ਦੇਸ਼ਾਂ ਵਿੱਚ ਅੰਗ੍ਰੇਜ਼ ਸਰਕਾਰ ਨੇ ਕੋਈ ਸਹਿਯੋਗ ਨਾ ਦਿੱਤਾ। ਕੈਨੇਡਾ ਪਰਤਣ ਸਮੇਂ ਭਾਈ ਬਲਵੰਤ ਸਿੰਘ ਦਾ ਮਿਲਾਪ ਮੁਸੀਬਤਾਂ ਦਾ ਟਾਕਰਾ ਕਰ ਰਹੇ ਕਾਮਾਗਾਟਾਮਾਰੂ ਜਹਾਜ਼ ਵਾਲੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਨਾਲ ਹੋਇਆ। ਭਾਈ ਬਲਵੰਤ ਸਿੰਘ ਨੇ ਕੈਨੇਡਾ ਦੇ ਪ੍ਰਵਾਸੀ ਭਾਰਤੀਆਂ ਖਾਸ ਕਰਕੇ ਸਿੱਖਾਂ ਵੱਲੋਂ ਬਾਬਾ ਗੁਰਦਿੱਤ ਸਿੰਘ ਨੂੰ ਹਰ ਸਮੇਂ ਹਰ ਹਾਲਾਤ ਵਿੱਚ ਸਹਿਯੋਗ ਦੇਣ ਦਾ ਵਾਅਦਾ ਕੀਤਾ। ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰਾਂ ਨੂੰ ਕੈਨੇਡਾ ਵਿੱਚ ਦਾਖਲ ਨਾ ਹੋਣ ਦੇ ਵਿਰੋਧ ਵਿੱਚ ਸਾਰੇ ਪ੍ਰਵਾਸੀ ਭਾਰਤੀਆਂ ਵਿੱਚ ਅਤਿ ਦਾ ਗੁੱਸਾ ਸੀ। ਇਨ੍ਹਾਂ ਸਾਰੇ ਪ੍ਰਵਾਸੀਆਂ ਨੇ ਗ਼ਦਰ ਪਾਰਟੀ ਨਾਲ ਸੰਪਰਕ ਬਣਾਇਆ। ਪਰ ਅੰਗ੍ਰੇਜ਼ ਹਕੂਮਤ ਦਾ ਵਤੀਰਾ ਹੋਰ ਵੀ ਸਖ਼ਤ ਹੋ ਗਿਆ।

ਕੈਨੇਡੀਅਨ ਹਕੂਮਤ ਦੇ ਇੰਮੀਗ੍ਰੇਸ਼ਨ ਇੰਸਪੈਕਟਰ ਵਿਲੀਅਮ ਹਾਪਨਿਕਸ ਨੇ 5 ਸਤੰਬਰ, 1914 ਈ: ਨੂੰ ਵੈਨਕੂਵਰ ਦੇ ਗੁਰਦੁਆਰਾ ਕੰਪਲੈਕਸ ਵਿੱਚ ਦੋ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਇਨ੍ਹਾਂ ਸ਼ਹਾਦਤਾਂ ਦੇ ਰੋਸ ਵਜੋਂ 21 ਅਕਤੂਬਰ 1914 ਈ: ਨੂੰ ਪ੍ਰਵਾਸੀ ਭਾਰਤੀ ਭਾਈ ਸੇਵਾ ਸਿੰਘ ਨੇ ਸ਼ਹਿਰ ਦੀ ਕਚਹਿਰੀ ਵਿੱਚ ਹੀ ਵਿਲੀਅਮ ਹਾਪਨਿਕਸ ਨੂੰ ਗੋਲੀਆਂ ਨਾਲ ਉਡਾ ਦਿੱਤਾ। ਇਸ ਕਤਲ ਦੀ ਸਾਜਿਸ਼ ਵਿੱਚ ਅਤੇ ਸ਼ੱਕ 'ਤੇ ਆਧਾਰਿਤ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਪਰ ਕੋਈ ਗਵਾਹੀ ਨਾ ਮਿਲਣ ਕਰਕੇ ਛੱਡਣਾ ਪਿਆ। ਇਸ ਤੋਂ ਪਿੱਛੋਂ ਭਾਈ ਬਲਵੰਤ ਸਿੰਘ ਨੂੰ ਕੈਨੇਡਾ ਵਿੱਚੋਂ ਕੱਢ ਦਿੱਤਾ ਗਿਆ।

ਕੈਨੇਡਾ ਤੋਂ ਵਾਪਸੀ ਸਮੇਂ ਭਾਈ ਬਲਵੰਤ ਸਿੰਘ ਸ਼ੰਘਾਈ ਪੁੱਜੇ ਅਤੇ ਪੂਰੇ ਹਿੰਦੁਸਤਾਨ ਦੇ ਲੋਕਾਂ ਦੀਆਂ ਔਕੜਾਂ ਨੂੰ ਦੇਖਦਿਆਂ ਗ਼ਦਰ ਲਹਿਰ ਦੇ ਹੱਕ ਵਿੱਚ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਭਾਈ ਬਲਵੰਤ ਸਿੰਘ 1915 ਈ: ਵਿੱਚ ਥਾਈਲੈਂਡ ਗਏ। ਇਥੇ ਹੀ ਅਮਰੀਕਾ ਤੋਂ ਇਥੇ ਪੁੱਜੇ, ਸਾਰੇ ਗ਼ਦਰੀ ਬਾਬਿਆਂ ਨੂੰ ਮਿਲੇ। ਇਹ ਸਾਰੇ ਗ਼ਦਰੀ ਬਾਬੇ ਬਰਮਾ ਵਿਖੇ ਅੰਗ੍ਰੇਜ਼ਾਂ ਦੇ ਵਿਰੋਧ ਵਿੱਚ ਬਗ਼ਾਵਤ ਖੜ੍ਹੀ ਕਰਨਾ ਚਾਹੁੰਦੇ ਸਨ। ਇਥੇ ਪੁੱਜ ਕੇ ਭਾਈ ਬਲਵੰਤ ਸਿੰਘ ਕੈਨੇਡੀਅਨ ਸਖ਼ਤ ਬਿਮਾਰ ਹੋ ਗਏ। ਜਦੋਂ ਹਸਪਤਾਲ ਪੁੱਜੇ ਤਾਂ ਇਥੋਂ ਇਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿੱਚ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਬਿਮਾਰੀ ਦੌਰਾਨ ਹੀ ਹਿੰਦੁਸਤਾਨ ਭੇਜ ਦਿੱਤਾ ਗਿਆ।

ਹਿੰਦੁਸਤਾਨ ਪਹੁੰਚ ਕੇ ਭਾਈ ਬਵਲੰਤ ਸਿੰਘ ਵਰਗੇ ਸੂਰਬੀਰ ਤੇ ਅਣਖੀ ਯੋਧੇ 'ਤੇ ਦੂਜੇ ਲਾਹੌਰ ਸਾਜਿਸ਼ ਕੇਸ ਅਧੀਨ ਮੁਕੱਦਮਾ ਚਲਾਇਆ ਗਿਆ। ਅੰਤ 30 ਮਾਰਚ, 1917 ਈ: ਵਿੱਚ ਇਸ ਅਣਖੀਲੇ ਨੌਜਵਾਨ ਨੂੰ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਫੰਦੇ 'ਤੇ ਲਟਕਾਇਆ ਗਿਆ। ਪੰਜਾਬ ਦੀ ਜਰਖੇਜ਼ ਧਰਤੀ ਦਾ ਜੰਮਿਆ ਜਾਇਆ ਭਾਈ ਬਲਵੰਤ ਸਿੰਘ ਖੁਰਦਪੁਰ (ਕੈਨੇਡੀਅਨ) 35 ਕੁ ਸਾਲ ਦੀ ਭਰ ਜਵਾਨੀ ਵਿੱਚ ਹਿੰਦੁਸਤਾਨ ਦੇ ਗਲੋਂ ਗੁਲਾਮੀ ਦੇ ਤੌਕ ਨੂੰ ਲਾਹੁਣ ਲਈ ਸ਼ਹਾਦਤ ਦਾ ਜਾਮ ਪੀ ਗਿਆ। ਅੱਜ ਕੇਵਲ ਉਨ੍ਹਾਂ ਦੀ ਯਾਦ ਹੀ ਬਾਕੀ ਹੈ।

**ਰਾਮਗੜ੍ਹੀਆ ਸਿੱਖ ਗੁਰਦੁਆਰਾ, ਫੌਰੈਸਟ ਗੇਟ ਵਿਖੇ ਇਕ ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਤੁਰੰਤ ਲੋੜ ਹੈ**

**1 Vacancy for Religious Worker (Tier 5) at**
**Ramgarhia Sikh Gurdwara, Forest Gate, London E7 9QX**

**Job requirement:** Applicant must have relevant experience in a similar role and must be capable to perform all religious ceremonies according to the Sikh Rehat Maryada. Knowledge and understanding of Sikh religion and Sikh way of life. Good written and oral command of Punjabi language.

***Duties & responsibilities:***
To undertake **non-pastoral** work and support activities to **assist the Minister of Religion** (Head Priest) as and when required at all religious duties within the organisation.
**Duties** include reading of the Sri Guru Granth Sahib Ji, singing hymns, saying prayers, participating in weekly diwans to support the activities of the Gurdwara.
Performing Akhand Path, Sehaj Path, saying daily prayers from Sri Guru Granth Sahib ji.
Perform kirtan using instruments like, tabla and harmonium.
Co-ordinate all religious programs and events in promotion of Sikh way of life.
Assist with the preparation and serving of Langar.
Undertake any other reasonable religious duties/activities in pursuing the organisation's religious programs.
**PS** – This is not a **Pastoral role** and duties will not include leading a congregation.
***Salary:*** According to UK Employment Law and National minimum wage for a minimum of 30 hours a week.
***Employee Benefits:*** Free Food and accommodation will be provided by the Gurdwara Sahib.
Other requirements: Applicant has to be a UK resident or must have the right to work in the UK.
Must be able to provide references from previous employers.
The successful applicant will be required to abide by the Sikh moral codes of conduct and practice.
**Closing date 18th April 2025.**
**For more information, please contact the General Secretary**
(6:30pm - 8:00pm - Mon to Fri)
on 020 8552 9494.
Interested candidates please send your application /CV to the Gen. Secretary on the address below or email to: rsgtemple@yahoo.co.uk

**RAMGARHIA SIKH GURDWARA**
**10-16 Neville Road, Forest Gate, London, E7 9QX. Tel: 020 8552 9494**

# ਗੁਰੂ ਅੰਗਦ ਗੁਰ ਅੰਗੁ ਤੇ

**ਕਿਸ਼ਤ 27**

ਉਹ ਜਾਣਦੇ ਹਨ ਕਿ ਸਰੀਰ ਰੂਪੀ ਮਕਾਨ ਤਾਂ ਸਮੇਂ ਦੇ ਨਾਲ ਰੂਪ ਬਦਲਦਾ ਹੈ ਭਾਵ ਬਾਲਾ ਅਤੇ ਬੁੱਢਾ ਹੁੰਦਾ ਹੈ ਅਰ ਬਲਵਾਨ ਤੇ ਕਮਜ਼ੋਰ ਹੁੰਦਾ ਹੈ ਆਦਿ ਪਰ,

- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



ਸਰੀਰ ਮਕਾਨ ਵਾਲੇ ਦਾ ਰੂਪ ਸਦਾ ਅ-ਬਦਲ ਰਹਿੰਦਾ ਹੈ: ਨਾ ਬਾਲਾ ਨ ਬੁੱਢਾ ਅਰ ਨਾ ਹੀ ਬਲਵਾਨ ਨ ਕਮਜ਼ੋਰ; ਸਰੀਰ ਰੂਪੀ ਮਕਾਨ ਮਾਲਕ ਨਹੀਂ ਹੈ ਇਸ ਦਾ ਮਾਲਕ ਉਹ ਆਪ ਹੈ ਜਿਸ ਦੀ ਪ੍ਰੇਰਨਾ ਸ਼ਕਤੀ ਨਾਲ ਸਰੀਰ ਹਰਕਤ ਵਿਚ ਹੁੰਦਾ ਹੈ; ਸਰੀਰ ਸਭ ਰੂਪ ਧਾਰਨ ਕਰਦਾ ਹੈ, ਸਰੀਰ ਸਭ ਰਸ ਭੋਗਦਾ ਹੈ ਪਰ, ਆਤਮਾ ਸਰੀਰ ਵਿਚ ਨਿਵਾਸ ਰੱਖਦਾ ਹੋਇਆ ਇਨ੍ਹਾਂ ਰੂਪਾਂ ਅਰ ਰਸਾਂ ਤੋਂ ਨਿਰਲੇਪ ਰਹਿੰਦਾ ਹੈ, ਇਸ ਕਰ ਕੇ ਰੂਪਾਂ ਤੇ ਰਸਾਂ ਦੇ ਹੋਣ ਜਾਂ ਨ ਹੋਣ ਦਾ ਆਤਮਕ ਅਵਸਥਾ 'ਤੇ ਕੋਈ ਅਸਰ ਨਹੀਂ ਪੈਂਦਾ। ਗੁਰੂ-ਬਾਬਾ ਜੀ ਦਾ ਪਾਵਨ ਵਾਕ ਹੈ:

ਗੁਰੁ ਸਾਗਰੁ ਰਤਨੀ ਭਰਪੂਰੇ॥
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥
ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ॥
ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ॥1॥
ਕਿਆ ਬਗੁ ਬਪੁੜਾ ਛਪੜੀ ਨਾਇ॥
ਕੀਚੜਿ ਡੂਬੈ ਮੈਲੁ ਨ ਜਾਇ॥1॥ ਰਹਾਉ॥
ਰਖਿ ਰਖਿ ਚਰਨ ਧਰੇ ਵੀਚਾਰੀ॥
ਦੁਬਿਧਾ ਛੋਡਿ ਭਏ ਨਿਰੰਕਾਰੀ॥
ਮੁਕਤਿ ਪਦਾਰਥੁ ਹਰਿ ਰਸੁ ਚਾਖੇ॥
ਆਵਣ ਜਾਣ ਰਹੇ ਗੁਰਿ ਰਾਖੇ॥2॥
ਸਰਵਰ ਹੰਸਾ ਛੋਡਿ ਨ ਜਾਇ॥
ਪ੍ਰੇਮ ਭਗਤਿ ਕਰਿ ਸਹਜਿ ਸਮਾਇ॥
ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ॥
ਅਕਥ ਕਥਾ ਗੁਰ ਬਚਨੀ ਆਦਰੁ॥3॥
ਸੁੰਨ ਮੰਡਲ ਇਕ ਜੋਗੀ ਬੈਸੇ॥
ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥
ਤ੍ਰਿਭਵਣ ਜੋਤਿ ਰਹੇ ਲਿਵਲਾਈ॥
ਸੁਰਿ ਨਰ ਨਾਥ ਸਚੇ ਸਰਣਾਈ॥4॥
ਆਨੰਦ ਮੂਲੁ ਅਨਾਥ ਅਧਾਰੀ॥
ਗੁਰਮੁਖਿ ਭਗਤਿ ਸਹਜਿ ਬੀਚਾਰੀ॥
ਭਗਤਿ ਵਛਲ ਭੈ ਕਾਟਣਹਾਰੇ॥
ਹਉਮੈ ਮਾਰਿ ਮਿਲੇ ਪਗੁ ਧਾਰੇ॥5॥
ਅਨਿਕ ਜਤਨ ਕਰਿ ਕਾਲੁ ਸੰਤਾਏ॥
ਮਰਣੁ ਲਿਖਾਇ ਮੰਡਲ ਮਹਿ ਆਏ॥
ਜਨਮੁ ਪਦਾਰਥੁ ਦੁਬਿਧਾ ਖੋਵੈ॥
ਆਪੁ ਨ ਚੀਨਸਿ ਭਰਮਿ ਭਰਮਿ ਰੋਵੈ॥6॥
ਕਹਤਉ ਪੜਤਉ ਸੁਣਤਉ ਏਕ॥
ਧੀਰਜ ਧਰਮੁ ਧਰਣੀਧਰ ਟੇਕ॥
ਜਤੁ ਸਤੁ ਸੰਜਮੁ ਰਿਦੈ ਸਮਾਏ॥
ਚਉਥੇ ਪਦ ਕਉ ਜੇ ਮਨੁ ਪਤੀਆਏ॥7॥
ਸਾਚੇ ਨਿਰਮਲ ਮੈਲੁ ਨ ਲਾਗੈ॥
ਗੁਰ ਕੈ ਸਬਦਿ ਭਰਮ ਭਉ ਭਾਗੈ॥
ਸੂਰਤਿ ਮੂਰਤਿ ਆਦਿ ਅਨੂਪੁ॥
ਨਾਨਕੁ ਜਾਚੈ ਸਾਚੁ ਸਰੂਪੁ॥8॥1॥

ਗੁ.ਗ੍ਰ.ਸਾ. ਪੰਨਾ 685

ਗੁਰਦੇਵ ਜੀ ਨੇ ਕਿਹਾ,

'ਆਪੇ ਦੀ ਪਛਾਣ ਕਰ ਲੈਣ ਵਾਲੇ ਕਮਲ ਵਾਂਗੂੰ ਜਲ ਵਿਚ ਰਹਿੰਦੇ ਵੀ ਅਲੇਪ ਹੋ ਜਾਂਦੇ ਹਨ। ਤੁਸੀਂ ਵੀ ਜੇ ਗੁਰ-ਸੰਗਤ ਵਿਚ ਰਹਿ ਕੇ ਵਿਚਾਰ ਨਾਲ ਸ਼ੁਭ ਗੁਣਾਂ ਦੀ ਸੰਭਾਲ ਕਰੋਗੇ ਅਰ ਆਪੇ ਦੀ ਪਛਾਣ ਕਰੋਗੇ ਤਾਂ ਕਰਤਾਰ ਕਿਰਪਾ ਕਰੇਗਾ ਤੁਸੀਂ ਇਕ ਦਿਨ ਉਹ ਪਰਮਹੰਸ ਬਣ ਜਾਉਗੇ ਜਿਸ ਦੀ ਤੁਹਾਨੂੰ ਭਾਲ ਹੈ'। ਬਚਨ ਸੁਣ ਕੇ ਸਾਰੀ ਸੰਗਤ ਨਿਹਾਲ ਹੋ ਗਈ। ਗਦ-ਗਦ ਹੋਏ ਭਾਈ ਪਾਰੋ ਜੀ ਨੇ ਅੱਜ ਸਨਮੁਖ ਮੱਥਾ ਟੇਕਦਿਆਂ ਸਦਾ ਲਈ ਆਪਾ ਗੁਰੂ ਦੀ ਭੇਟਾ ਕਰ ਦਿੱਤਾ। ਗੁਰਦੇਵ ਜੀ ਨੇ ਸੀਸ 'ਤੇ ਹੱਥ ਰੱਖ ਕੇ ਇਹ ਬਚਨ ਕਰਦਿਆਂ ਨਿਹਾਲ ਕਰ ਦਿੱਤਾ:

ਜੈਸੇ ਜਲ ਮਹਿ ਕਮਲੁ ਨਿਰਾਲਮੁ
ਮੁਰਗਾਈ ਨੈਸਾਣੇ॥
ਸੁਰਤਿ ਸਬਦਿ ਭਵਸਾਗਰੁ ਤਰੀਐ
ਨਾਨਕ ਨਾਮੁ ਵਖਾਣੇ॥

ਗੁ.ਗ੍ਰ.ਸਾ. ਪੰਨਾ 938

ਭਾਈ ਗੁਰਦਾਸ ਜੀ ਦਾ ਕਥਨ ਹੈ:

ੳ. ਪਾਰੋ ਜੁਲਕਾ ਪਰਮਹੰਸ ਪੂਰੇ ਸਤਿਗੁਰਿ ਕਿਰਪਾ ਧਾਰੀ।

ਅ. ਜੈਸੇ ਕਮਲ ਜਲ ਮੈ ਹੋਤਾ ਹੈ ਤੇ ਧਿਆਨ ਉਸ ਕਾ ਸੂਰਜ ਵਲ ਹੋਤਾ ਹੈ ਤਾਂ ਜਲ ਕਾ ਉਸ ਨੂੰ ਸਪਰਸ ਨਹੀ ਹੋਤਾ। ਤੈਸੇ ਪਰਮਹੰਸ ਵਿਚੇ ਜਗਤ ਦੇ ਰਹਿੰਦੇ ਹੈਨ। ਤੇ ਧਿਆਨ ਓਨਾ ਦਾ ਆਤਮਾ ਵਲ ਹੋਂਦਾ ਹੈ। ਤਾਂ ਦੇਹ ਦੇ ਦੁਖਾਂ ਸੁਖਾਂ ਦਾ ਹਰਖ ਸੋਗ ਨਹੀਂ ਕਰਦੇ। ਤੇ ਵਰਤਣ ਹੋਰ ਅਗਿਆਨੀਆਂ ਦੀ ਨਿਆਈਕਰਦੇ ਹੈਨ।ਤੇ ਜਗਤ ਨੂੰ ਸੁਪਨ ਵਤਿ ਜਾਣਦੇ ਹੈਨ। ਓਨਾ ਨੂੰ ਬੰਧਨ ਨਹੀ ਹੋਂਦਾ'। ਤਾਂ ਤੈਸੇ ਹੀ ਭਾਈ ਪਾਰੋ ਵਰਤਣ ਲਗਾ। ਆਪ ਭੀ ਉਧਰੇ ਤੇ ਸਭੇ ਸਨਬੰਧੀਆਂ ਦਾ ਵੀ ਉਧਾਰ ਕੀਆ।20॥

ੲ.'ਜਲ ਤੇ ਕਮਲ ਰਹੇ ਨਿਰਲੇਪੂ (ਪਾਣੀ ਤੋਂ ਕਮਲ ਜਿਵੇਂ ਨਿਰਲੇਪ ਰਹਿੰਦਾ ਹੈ)।
ਲਿਪਹਿ ਨ ਕਿਮ ਹੋਇ ਬ੍ਰਿੰਦ ਵਿਖੇਪੂ (ਕਈ ਵਿਘਨ ਹੋਣ 'ਤੇ ਵੀ ਲਿਪਟਦਾ ਨਹੀਂ)। 57॥
ਸੂਰਜ ਕੀ ਦਿਸ਼ ਹੈ ਤਿਨ ਧਿਆਨ (ਕਿਉਂਕਿ ਉਸ ਦਾ ਧਿਆਨ ਸੂਰਜ ਵਿਚ ਹੁੰਦਾ ਹੈ)।
ਛੁਵੈ ਨ ਜਲ ਰੰਚਕ ਭਰ ਆਨਿ (ਇਸ ਲਈ ਉਸ ਨੂੰ ਥੋੜਾ ਪਾਣੀ ਵੀ ਨਹੀਂ ਲਗਦਾ)।
ਪਰਮਹੰਸ ਤਿਮ ਜਗ ਮਹਿਂ ਰਹੈ (ਇਸੇ ਤਰਹ ਦੁਨੀਆਂ ਵਿਚ ਪਰਮਹੰਸ ਰਹਿੰਦਾ ਹੈ)।
ਆਤਮ ਧਿਆਨ ਸਦਾ ਉਰ ਲਹੈ (ਕਿਉਂਕਿ ਉਹ ਆਪੇ ਦਾ ਸੋਝੀਵਾਨ ਹੁੰਦਾ ਹੈ) ॥58॥...
ਬੰਧਨ ਹੋਤ ਨਹੀਂ ਪੁਨ ਤਾਹੂੰ (ਇਸ ਲਈ ਉਸ ਨੂੰ ਕੋਈ ਬੰਧਨ ਨ੍ਹੀਂ ਪੈਂਦੇ)।
ਰਹੈ ਸਮਾਇ ਬ੍ਰਹਮ ਕੇ ਮਾਹੂੰ' (ਅਰ ਉਹ ਕਰਤਾਰ ਨਾਲ ਅਭੇਦ ਬਣਿਆ ਰਹਿੰਦਾ ਹੈ')।
ਸੁਨੀ ਸੀਖ ਪਾਰੋ ਹਰਖਾਯੋ (ਸੁਣ ਕੇ ਪਾਰੋ ਬਹੁਤ ਪ੍ਰਸੰਨ ਹੋਇਆ)॥
ਲਗਾ ਬਿਚਾਰਨ ਮਨ ਸੁਖ ਪਾਯੋ (ਅਰ ਸ਼ਬਦ ਨਾਲ ਜੁੜ ਕੇ ਸੁਖ ਪਾਇਆ) ॥60॥11॥ ਰਾਸਿ ਪਹਿਲੀ

**ਮਲੂ ਸਾਹੀ ਸੂਰਮਾ**

ਮੁਗ਼ਲਾਂ ਦੀ ਫ਼ੌਜ ਵਿਚ ਨੌਕਰ ਮੱਲੂ ਜੀ ਨੂੰ ਜਦੋਂ ਪਤਾ ਲਗਾ ਕਿ ਸਤਿਗੁਰੂ ਅੰਗਦ ਦੇਵ ਜੀ ਆਪਣੇ ਸਿੱਖਾਂ ਨੂੰ ਰਿਸ਼ਟ-ਪੁਸ਼ਟ ਰਹਿਣ ਲਈ ਪ੍ਰੇਰਦੇ ਹਨ ਅਰ ਇਸ ਮੰਤਵ ਉਨ੍ਹਾਂ ਨੇ ਮੱਲ ਅਖਾੜਾ ਵੀ ਬਣਾਇਆ ਹੋਇਆ ਹੈ ਜਿਥੇ ਉਹ ਕੁਸ਼ਤੀਆਂ ਕਰਵਾਉਂਦੇ ਹਨ ਤਾਂ ਆਪ ਖਡੂਰ ਸਾਹਿਬ ਪੁੱਜੇ ਅਰ ਇਹ ਸਾਰਾ ਕੁਝ ਅੱਖੀਂ ਵੇਖ ਕੇ ਹਜ਼ੂਰ ਨੂੰ ਅਰਦਾਸ ਕੀਤੀ, 'ਜੀ! ਮੈਂ ਮੁਗ਼ਲਾਂ ਪਾਸ ਚਾਕਰ ਹਾਂ, ਕਿਰਪਾ ਕਰ ਕੇ ਮੈਨੂੰ ਵੀ ਸਿੱਖੀ ਜੀਵਨ ਜਾਚ ਬਖ਼ਸ਼ੋ'। ਸੁਣ ਕੇ ਗੁਰਦੇਵ ਜੀ ਨੇ ਕਿਹਾ'

'ਭਾਈ! ਲਾਲਚ ਅਧੀਨ ਮਨੁੱਖ ਜਦੋਂ ਅੱਗੇ ਵਧ ਕੇ ਅਣ-ਅਧਿਕਾਰਤ ਜ਼ਮੀਨ ਜਾਂ ਧਨ-ਧਾਮ 'ਤੇ ਕਬਜ਼ਾ ਕਰਨਾ ਲੋੜਦਾ ਹੈ, ਜੋ ਭੁੱਲ ਹੈ, ਅਜਿਹਾ ਕਰਨੋਂ ਰੋਕਣਾ ਚਾਹੀਦਾ ਹੈ। ਸੁਭਾਵਕ ਹੈ ਕਿ ਆਪਣਾ ਦੇਸ਼, ਧਨ-ਧਾਮ ਅਰ ਧਰਮ ਦੀ ਰੱਖਿਆ ਲਈ ਸੂਰਮੇ ਰੱਖੇ ਜਾਂਦੇ ਹਨ ਸੋ, ਪਹਿਲੀ ਗੱਲ ਹੈ ਕਿ ਤੁਹਾਨੂੰ ਆਪਣੇ ਮਨ 'ਚੋਂ ਇਹ ਖ਼ਿਆਲ ਕੱਢ ਦੇਣਾ ਚਾਹੀਦਾ ਹੈ ਕਿ ਨੌਕਰੀ/ਚਾਕਰੀ ਨਖਿੱਧ ਹੈ। ਜੀਵਨ ਨਿਰਬਾਹ ਲਈ ਜੋ ਕਿਰਤ ਵੀ ਮਿਲੇ, ਕਰਨੀ ਚਾਹੀਦੀ ਹੈ ਕੰਮ ਕੋਈ ਮਾੜਾ ਨਹੀਂ ਹੁੰਦਾ। ਇਸ ਵਿਚ ਵਿਚਾਰਨ ਵਾਲੀ ਗੱਲ ਇਹ ਹੈ ਕਿ ਕਿਸੇ ਨਾਲ ਲੜਾਈ ਵਿਚ ਆਪਣਾ ਵੀ ਸਰੀਰਕ ਨੁਕਸਾਨ ਹੋ ਸਕਦਾ ਹੈ ਅਰ ਜੋ ਮਨੁੱਖ ਇਹ ਜਾਣ ਕੇ ਹੀ ਚਾਕਰ ਹੁੰਦਾ ਹੈ, ਉਹ ਮਾੜਾ ਕਿਵੇਂ ਹੋਇਆ? ਦੂਸਰੀ ਗੱਲ ਹੈ ਕਿ ਕਿਸੇ ਮਜ਼ਲੂਮ ਨੂੰ ਲੁੱਟਣਾ ਜਾਂ ਉਸਦੀ ਇਸਤ੍ਰੀ ਨਾਲ ਬੁਰਾ ਕਰਨਾ, ਸੂਰਮੇ ਦਾ ਕਰਮ ਨਹੀਂ। ਤੀਸਰੀ ਗੱਲ ਕਿਸੇ ਨਾਲ ਅਣਹੋਂਦਾ ਝਗੜਾ ਨਾ ਕਰਨਾ ਪਰ ਜੇ ਲੜਾਈ ਆਣ ਬਣੇ ਤਾਂ ਫਿਰ ਬਹੁਤਿਆਂ ਥੋੜਿਆਂ ਦੀ ਪਰਵਾਹ ਨਹੀਂ ਕਰਨੀ, ਜਿਸ ਦਾ ਲੂਣ ਖਾਈਏ ਉਸ ਲਈ ਲੜ ਮਰਨਾ ਸੂਰਮੇ ਦਾ ਧਰਮ ਹੈ।ਇਸ ਦੇ ਨਾਲ ਹੀ ਗੁਰੂ ਕੇ ਕਹਾਉਣ ਵਾਲੇ ਨੂੰ ਇਹ ਨੁਕਤਾ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਸਰੀਰ ਨਾਸਵਾਨ ਹੈ, ਇਸ ਦਾ ਅੰਤ ਨਿਸ਼ਚਤ ਹੈ ਪਰ, ਜਦ ਤਕ -ਸਮਾਂ ਜਦੋਂ ਅੰਤ ਹੋਣਾ ਹੈ, ਸਥਾਨ ਜਿਥੇ ਅੰਤ ਹੋਣਾ ਹੈ ਅਰ ਸਾਧਨ ਜਿਸ ਨਾਲ ਅੰਤ ਹੋਣਾ ਹੈ- ਇਕੱਠੇ ਨਹੀਂ ਹੁੰਦੇ, ਕਰਤਾਰ ਆਪ ਸਰੀਰ ਦੀ ਰੱਖਿਆ ਕਰਦਾ ਹੈ ਅਰ ਜਦੋਂ ਸਮਾਂ ਆ ਬਣੇ ਤਾਂ ਫਿਰ ਕੋਈ ਵੀ ਰੱਖਿਆ ਨਹੀਂ ਕਰ ਸਕਦਾ, ਤਾਂ ਤੇ ਸਾਨੂੰ ਕਦੀ ਮੌਤ ਤੋਂ ਡਰਨਾ ਨਹੀਂ ਚਾਹੀਦਾ'। ਸੁੱਚਜੀ ਜੀਵਨ ਸੇਧ ਜਾਣ ਕੇ ਭਾਈ ਮੱਲੂ ਬਹੁਤ ਪ੍ਰਸੰਨ ਹੋਇਆ ਅਰ ਏਵੇਂ ਹੀ ਚੱਲਣ ਲਈ ਪ੍ਰਤਗਿਆ ਕੀਤੀ। ਉਸ ਦਾ ਜੀਵਨ ਸਫ਼ਲ ਹੋਇਆ। ਸਿੱਖਾਂ ਦੀ ਭਗਤ ਮਾਲਾ ਅਨੁਸਾਰ:

ੳ. ਤਾਂ ਗੁਰੂ ਅੰਗਦ ਜੀ ਬੋਲੇ ਭਾਈ ਮਲੂ ਦੇਹਾਂ ਅਨਿਤ ਹੈਨ।ਏਹ ਤਾਂ ਅਗੇ ਹੀ ਬਿਨਸੀਆਂ ਹੋਈਆਂ ਹਨ। ਤੇ ਆਤਮਾ ਸਤਿ ਹੈ ਏਹ ਕਿਸੇ ਦਾ ਮਾਰਿਆ ਮਰਦਾ ਨਹੀਂ।... ਪਰ ਆਪੋ ਉਪਾਧ ਕਿਸੇ ਨਾਲ ਨ ਕੀਜੈ। ਜੇ ਜੁਧ ਜਰੂਰ ਆਇ ਬਣੈ ਤਾਂ ਬਹੁਤਿਆਂ ਥੋੜਿਆਂ ਦੀ ਸੰਕਾ ਨ ਕੀਜੈ। ਜੋ ਖਟਿ ਲਿਆਵੀਐ ਸੋ ਸਿਖਾਂ ਸਾਧਾਂ ਨਾਲ ਵੰਡ ਖਾਈਐ। ਸੋ ਭਾਈ ਮਲੂ ਏਸੇ ਪ੍ਰਕਾਰ ਲਗਾ ਵਰਤਣ।21॥



ਅ. ਸੁਨਿ ਕਰਿ ਸ਼ਰਧਾ ਪਿਖ ਕਰਿ ਭਾਰੇ (ਬੇਨਤੀ ਸੁਣ ਅਤੇ ਭਾਰੀ ਸ਼ਰਧਾ ਵੇਖ)।
ਗੁਰ ਅੰਗਦ ਸੁਨਿ ਬਾਕ ਉਚਾਰੇ (ਗੁਰੂ ਸਾਹਿਬ ਨੇ ਬਚਨ ਕੀਤੇ)।
'ਭਾਈ ਮੱਲੂ! ਰਿਦੇ ਬਿਚਾਰਹੁ (ਭਾਈ ਮੱਲੂ! ਇਹ ਵਿਚਾਰੋ ਕਿ)।
ਦੇਹ ਅਨਿੱਤ ਸਦਾ ਨਿਰਧਾਰਹੁ (ਸਰੀਰ ਸਦਾ ਨਾਸ਼ਮਾਨ ਹੈ)।4॥...
ਦੇਸ਼, ਕਾਲ, ਵਸਤੁ ਮਿਲਿ ਤੀਨ (ਸਥਾਨ, ਸਮਾਂ ਤੇ ਸਾਧਨ ਦੇ ਮਿਲਣ ਤੇ)।
ਤਬ ਹੋਇ ਕਾਯਾਂ ਪ੍ਰਾਨ ਬਿਹੀਨ (ਹੀ ਸੁਆਸਾਂ ਦਾ ਅੰਤ ਹੁੰਦਾ ਹੈ)।.
ਬਿਨ ਤ੍ਰੈ ਮਿਲੇ ਕਾਲ ਰਖਵਾਰੋ (ਬਿਨਾ ਤਿੰਨਾਂ ਦੇ ਮਿਲਿਆਂ, ਕਰਤਾਰ ਰੱਖਿਆ ਕਰਦਾ ਹੈ))।
ਮਰਤ ਨਹੀਂ ਨੀਕੇ ਉਰਧਾਰੋ (ਇਸ ਪ੍ਰਤੀ ਕੋਈ ਸ਼ੰਕਾ ਨਹੀਂ)।
ਜੇ ਕਰ ਜੁੱਧ ਆਨ ਕਿਤ ਪਰੈ (ਜੇ ਯੁੱਧ ਕਰਨਾ ਜ਼ਰੂਰੀ ਹੋ ਜਾਏ) ।
ਅਲਪ ਕਿ ਬਹੁਤੇ ਨਹੀਂ ਬਿਚਰੈ' (ਤਾਂ ਫਿਰ ਥੋੜੇ ਬਹੁਤਿਆਂ ਦਾ ਵਿਚਾਰ ਨਹੀਂ ਕਰਨੀ)।12॥
ਮੱਲੂ ਸ਼ਾਹੀ ਸੁਨਿ ਉਪਦੇਸ਼ (ਮੱਲੂ ਸ਼ਾਹ ਇਹ ਬਚਨ ਸੁਣ ਕੇ)।
ਬਰਤਣ ਲਾਗਯੋ ਤਥਾ ਹਮੇਸ਼ (ਇਉਂ ਹੀ ਸਦਾ ਚੱਲਣ ਲਗਾ)।
ਵੰਡ ਖਾਇ ਨਿਜ ਧਰਮ ਵਿਚਾਰੈ (ਆਪਣਾ ਧਰਮ ਜਾਣ ਕੇ ਵੰਡ ਖਾਂਦਾ)।
ਆਤਮ ਤਨ ਸੱਤਾਸਤ ਧਾਰੈ (ਆਤਮਾ ਸੱਤ ਅਰ ਸਰੀਰ ਨੂੰ ਅਸੱਤ ਜਾਣਦਾ) ॥15॥12॥ ਰਾਸਿ ਪਹਿਲੀ

ਮੈਂ ਉਨ ਕੇ ਸੰਗ ਰਹਤਾ ਹੂੰ ਜੋ ਰਖਤੇ ਹੈਂ ਕਦਮ ਆਗੇ।
ਖ਼ੁਦਾ ਕੇ ਵਾਸਤੇ ਬੜਤੇ ਹੈਂ ਦਮ-ਬ-ਦਮ ਆਗੇ।

**ਭਾਈ ਕੇਦਾਰੀ**

ਵਟਾਲਾ ਨਿਵਾਸੀ ਕੇਦਾਰੀ ਨਾਮ ਦਾ ਇਹ ਜਗਿਆਸੂ ਹਜ਼ੂਰ ਦੀ ਸ਼ਰਨ ਆਇਆ। ਗੁਰਦੇਵ ਜੀ ਦੇ ਪੁੱਛਣ 'ਤੇ ਇਸ ਨੇ ਦੱਸਿਆ, 'ਪਾਤਸ਼ਾਹ ਜੀ! ਅੱਜ ਕੱਲ ਬਾਹਰ ਵਣ ਨੂੰ ਅੱਗਾਂ ਲਗ ਰਹੀਆਂ ਹਨ, ਆਲਾ ਦੁਆਲਾ ਸੜ ਰਿਹਾ ਹੈ। ਉਹ ਤਾਂ ਲੋਕ ਜਿਵੇਂ ਕਿਵੇਂ ਬਚਾਉਣ ਦੇ ਯਤਨਾਂ ਵਿਚ ਹਨ ਪਰ, ਜਿਹੜੀਆਂ ਸਾਡੇ ਅੰਦਰ ਲਗੀਆਂ ਹਨ, ਉਨ੍ਹਾਂ ਤੋਂ ਕਿਵੇਂ ਬਚੀਏ'? ਗੁਰਦੇਵ ਕਹਿਣ ਲਗੇ,

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

# ਖ਼ਾਲਸਾ ਪੰਥ ਦੁਨਿਆਵੀ ਰੰਗਾਂ ਨਾਲ਼ ਖੇਡੀ ਜਾਣ ਵਾਲ਼ੀ ਹੋਲੀ ਦੇ ਪ੍ਰੰਪਰਾਗਤ ਰੂਪ ਨੂੰ ਪ੍ਰਵਾਨ ਨਹੀਂ ਕਰਦਾ

## ਖ਼ਾਲਸਾ ਪੰਥ ਦਾ ਤਿਉਹਾਰ ਹੋਲਾ-ਮਹੱਲਾ ਆਤਮਿਕ ਰੰਗ ਤੇ ਸ਼ਸਤਰਾਂ ਦਾ ਸੁਮੇਲ ਹੈ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477







**ਹੋਲੇ ਮਹੱਲੇ ਦਾ ਜਾਂ ਖ਼ਾਲਸੇ ਦਾ ਹਿੰਦੋਸਤਾਨ ਦੇ ਪੌਰਾਣਿਕ ਤਿਉਹਾਰ ਹੋਲੀ ਦੇ ਨਾਲ਼ ਉੱਕਾ ਹੀ ਕੋਈ ਸੰਬੰਧ ਨਹੀਂ ਜੁੜਦਾ। ਅਫ਼ਸੋਸ ਉਹਨਾਂ ਸਿੱਖਾਂ ਤੇ ਸਿੱਖ ਧਾਰਮਿਕ ਆਗੂਆਂ 'ਤੇ ਹੈ ਜਿਹੜੇ ਅਨੰਦਪੁਰ ਸਾਹਿਬ ਹੋਲੇ-ਮਹੱਲੇ ਵਾਲ਼ੇ ਦਿਨ ਹਿੰਦੂ ਮੱਤ ਅਨੁਸਾਰ ਇੱਕ ਦੂਜੇ ਦੀਆਂ ਦਾੜ੍ਹੀਆਂ ਤੇ ਦਸਤਾਰਾਂ 'ਤੇ ਰੰਗ ਸੁੱਟ ਕੇ ਸਿੱਖ ਧਰਮ ਦਾ ਮਜ਼ਾਕ ਉਡਾਉਂਦੇ ਹਨ ਅਤੇ ਸਿੱਖ ਧਰਮ ਦਾ ਹਿੰਦੂਕਰਨ ਕਰਨ ਵਿੱਚ ਮਾਣ ਸਮਝਦੇ ਹਨ। ਦਸਤਾਰਾਂ ਤੇ ਦਾੜ੍ਹੀਆਂ 'ਤੇ ਰੰਗ ਸੁੱਟ ਕੇ ਹੋਲੀ ਮਨਾਉਂਦੇ ਸਿੱਖ, ਹੋਲੇ-ਮਹੱਲੇ ਦੇ ਬਾਨੀ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੂੰਹ ਮੋੜ ਰਹੇ ਹਨ।**

ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਸਮੇਂ ਮਨੂੰਵਾਦੀਆਂ ਨੇ ਮਨੂੰਸਿਮ੍ਰਤੀ ਅਨੁਸਾਰ ਜਿੱਥੇ ਸਮਾਜ ਨੂੰ ਚਾਰ ਵਰਣਾਂ ਵਿੱਚ ਵੰਡਿਆ ਹੋਇਆ ਸੀ, ਓਥੇ ਦਰਖ਼ਤ, ਪਸ਼ੂ, ਪੰਛੀ ਤੇ ਤਿਉਹਾਰ ਵੀ ਵੰਡੇ ਹੋਏ ਸਨ। ਜਿਵੇਂ ਪਿੱਪਲ ਬ੍ਰਾਹਮਣ ਸੀ, ਤਾਂ ਕਿੱਕਰ ਖੱਤਰੀ ਤੇ ਵੈਸ਼ ਸਨ, ਤੇ ਸ਼ੂਦਰ ਅੱਕ ਸੀ। ਇੰਝ ਹੀ ਪੰਛੀਆਂ ਵਿੱਚ ਕਬੂਤਰ ਬ੍ਰਾਹਮਣ ਸੀ, ਤੋਤਾ ਵੈਸ਼ ਸੀ ਤੇ ਸ਼ੂਦਰ ਕਾਂ ਸੀ। ਇਸੇ ਤਰ੍ਹਾਂ ਤਿਉਹਾਰ ਵੀ ਵੰਡੇ ਹੋਏ ਸਨ, ਸ਼ਰਾਧ ਤੇ ਵੈਸਾਖੀ ਬ੍ਰਾਹਮਣਾਂ ਦੀ, ਦੁਸਹਿਰਾ ਤੇ ਬਸੰਤ ਖੱਤਰੀਆਂ ਦਾ ਤੇ ਹੋਲੀ ਸ਼ੂਦਰਾ ਦੀ। ਸਿੱਖ ਧਰਮ ਇਸ ਵਰਣ-ਵੰਡ ਨੂੰ ਪ੍ਰਵਾਨ ਨਹੀਂ ਕਰਦਾ, ਸਗੋਂ ਮੁੱਢੋਂ ਰੱਦ ਕਰਦਾ ਹੈ। ਹੋਲਾ-ਮਹੱਲਾ ਬਾਰੇ ਪੰਥ ਦੇ ਮਹਾਨ ਵਿਦ-ਵਾਨ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ "ਯੁੱਧ ਵਿੱਦਿਆ ਦੇ ਅਭਿਆਸ ਨੂੰ ਨਿੱਤ ਨਵਾਂ ਰੱਖਣ ਲਈ ਕਲਗੀਧਰ ਪਿਤਾ ਦੀ ਚਲਾਈ ਹੋਈ ਰੀਤ ਅਨੁਸਾਰ ਚੇਤ ਵਦੀ ਇੱਕ ਨੂੰ ਸਿੱਖ ਹੋਲਾ-ਮਹੱਲਾ ਮਨਾਉਂਦੇ ਹਨ, ਜਿਸ ਦਾ ਹੋਲੀ ਨਾਲ਼ ਕੋਈ ਸੰਬੰਧ ਨਹੀਂ ਹੈ। ਮਹੱਲਾ ਇੱਕ ਪ੍ਰਕਾਰ ਦੀ ਮਸਨੂਈ ਲੜਾਈ (ਫਰੈਂਡਲੀ ਮੈਚ) ਹੈ। ਪੈਦਲ ਤੇ ਘੋੜ ਸਵਾਰ ਸ਼ਸਤਰਧਾਰੀ ਸਿੱਖ ਦੋ ਪਾਸਿਆਂ ਤੋਂ ਇੱਕ ਹਮਲੇ ਦੀ ਥਾਂ ਉੱਤੇ ਹਮਲਾ ਕਰਦੇ ਸਨ। ਕਲਗੀਧਰ ਪਿਤਾ ਜੀ ਆਪ ਇਸ ਬਣਾਉਟੀ ਲੜਾਈ ਨੂੰ ਵੇਖਦੇ ਹੋਏ ਦੋਹਾਂ ਦਲਾਂ ਨੂੰ ਸ਼ੁਭ ਸਿੱਖਿਆ ਦਿੰਦੇ ਅਤੇ ਸ਼ਸਤਰ ਚਲਾਉਣ ਦੇ ਦਾਅ-ਪੇਚ ਸਮਝਾਉਂਦੇ ਅਤੇ ਜਿਹੜਾ ਦਲ ਜੇਤੂ ਹੁੰਦਾ ਉਸ ਨੂੰ ਭਰੇ ਦੀਵਾਨ ਵਿੱਚ ਵਿਸ਼ੇਸ਼ ਇਨਾਮ ਤੇ ਥਾਪੜਾ ਬਖ਼ਸ਼ਦੇ।"

ਭਾਈ ਕਾਨ੍ਹ ਸਿੰਘ ਨਾਭਾ ਜੀ ਹੋਰ ਲਿਖਦੇ ਹਨ ਕਿ "ਅਸੀਂ ਸਾਲ ਪਿੱਛੋਂ ਇਹ ਰਸਮ ਨਾਂ-ਮਾਤਰ ਕਰ ਛੋੜਦੇ ਹਾਂ, ਲਾਭ ਕੁਝ ਨਹੀਂ ਉਠਾਉਂਦੇ ਹਾਲਾਂਕਿ ਸ਼ਸਤਰ ਵਿੱਦਿਆ ਤੋਂ ਅਨਜਾਣ ਸਿੰਘ ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ ਅਧੂਰਾ ਸਿੱਖ ਹੈ।"

ਖ਼ਾਲਸਾ ਪੰਥ ਦੁਨਿਆਵੀ ਰੰਗਾਂ ਨਾਲ਼ ਖੇਡੀ ਜਾਣ ਵਾਲ਼ੀ ਹੋਲੀ ਦੇ ਪਰੰਪਰਾਗਤ ਰੂਪ ਨੂੰ ਧਾਰਨ ਨਹੀਂ ਕਰਦਾ। ਖ਼ਾਲਸਾ ਪੰਥ ਦਾ ਤਿਉਹਾਰ ਹੋਲਾ ਆਤਮਿਕ ਰੰਗ ਤੇ ਸ਼ਸਤਰਾਂ ਦਾ ਸੁਮੇਲ ਹੈ। ਦਸਮੇਸ਼ ਪਿਤਾ ਨੇ ਸੰਮਤ 1757 (1700 ਈ:) ਚੇਤ ਵਦੀ ਇੱਕ ਨੂੰ ਹੋਲਗੜ੍ਹ ਕਿਲ੍ਹੇ ਪਹੁੰਚ ਕੇ ਹੋਲਾ-ਮਹੱਲਾ ਖੇਡਣ ਦੀ ਰੀਤ ਚਲਾਈ। 'ਝੰਡੇ ਝੁੱਲਦੇ, ਨਗਾਰੇ ਜਾਂਦੇ ਵੱਜਦੇ, ਨੀਲੇ 'ਤੇ ਸਵਾਰ ਪਾਤਸ਼ਾਹ ਹੈ'। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਬਸੰਤ ਦੇ ਮੌਸਮੀ ਤਿਉਹਾਰਾਂ ਨੂੰ ਯੋਧਿਆਂ ਵਰਿਆਮਾਂ ਦਾ ਤਿਉਹਾਰ ਬਣਾਇਆ। ਇਹ ਦਸਮੇਸ਼ ਪਿਤਾ ਜੀ ਦੀ ਕ੍ਰਾਂਤੀਕਾਰੀ ਸੋਚ ਦਾ ਕ੍ਰਿਸ਼ਮਾ ਸੀ ਜਿਸ ਦੁਆਰਾ ਉਹਨਾਂ ਇੱਕ ਪੁਰਾਣੀ ਹਾਰੀ ਟੁੱਟੀ ਪਲੀਤ ਰੀਤ ਨੂੰ ਪੁਨੀਤ ਤੇ ਜਗਤ-ਜੀਤ ਬਣਾ ਕੇ ਖ਼ਾਲਸਾ ਪੰਥ ਨੂੰ ਇਨਕਲਾਬ ਦੇ ਰਾਹ ਤੋਰਿਆ। ਰਾਗੀਆਂ, ਕਵੀਸ਼ਰਾਂ, ਢਾਡੀਆਂ ਨੇ ਇਸ ਦੇ ਗੁਣ ਗਾਏ। ਹੋਲੇ-ਮਹੱਲੇ ਦੀ ਉਪਮਾ ਵਿੱਚ ਛੰਦ ਲਿਖਣ ਵਾਲ਼ੇ ਦੋ ਨਿਹਾਲ ਸਿੰਘ ਹੋਏ ਹਨ, ਇੱਕ 'ਸੰਤ ਨਿਹਾਲ ਸਿੰਘ ਸੋਹਲਾ', ਦੂਸਰਾ 'ਪੰਡਿਤ ਨਿਹਾਲ ਸਿੰਘ ਲਾਹੌਰੀ'। ਪੰਡਿਤ ਨਿਹਾਲ ਸਿੰਘ ਦੇ ਤਿੰਨ ਕਾਵਿ-ਬੰਦ ਨਮੂਨੇ ਵਜੋਂ ਹਾਜ਼ਰ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੂ ਕੋ ਇਹ,
ਲਾਡਲੋ ਛਬੀਲੋ ਪੰਥ ਖ਼ਾਲਸਾ ਅਨੰਤ ਹੈ।
ਵਿਚਾਰ ਕੀ ਸੁ ਮੂਰਤੀ,
ਵਿਰਾਜੇ ਚਾਰੁ ਬੀਰ ਰਸ,
ਰਾਜਸੀ ਵਿਹਾਰ ਚੀਤ ਸ਼ਾਤਕੀ ਲਸੰਤ ਹੈ।
ਔਰ ਜੋਈ ਦੇਖੀਏ ਮਲੇਛਨ ਕੇ ਝੁੰਡ ਭਾਰੇ,
ਤਾਂ ਕੋ ਰੰਗ ਭੂਮਿ ਮਹਿ ਛਿਨੇਕ ਮੈਂ ਦਲੰਤ ਹੈ।
ਅੰਧਕਾਰ ਟਾਰਬੇ ਕੋ ਦੁੱਜਨ ਕੇ ਮਾਰਬੇ ਕੋ,
ਮਾਰਤੰਡ ਸਿੰਘਨ ਕੋ ਨਾਮ ਖਬਾਤਵੰਤ ਹੈ।

ਪ੍ਰੀਤਿ ਸਿਉਂ ਪ੍ਰਤੀਤ ਸਿਉਂ
ਪੂਜ ਕੇ ਸੁ ਗ੍ਰੰਥ ਨਾਥ,
ਪੰਥ ਛੀਰ ਸਿੰਧ ਜੋਊ ਨੈਨੁ ਸਯੋਂ ਵਿਰੋਲਾ ਹੈ।
ਬਾਂਟ ਕੇ ਕੜਾਹ ਦੀਨਬੰਧੁ ਕੋ ਪ੍ਰਸਾਦ ਸੁਧਾ,
ਸਾਜ ਕੈ ਮਹੱਲਾ,
ਫਤੇ ਗਾਜ ਕੈ ਸੁ ਬੋਲਾ ਹੈ।
ਦੇਵੀ ਦੇਵ ਸਿੱਧਨ ਕੀ
ਲੋਕ ਮੈਂ ਪ੍ਰਸਿਧ ਹੋਲੀ,
ਸ੍ਰੀ ਗੁਰੂ ਗੋਬਿੰਦ ਸਿੰਘ,
ਜੂ ਕੋ ਆਜ ਹੋਲਾ ਹੈ।
ਔਰਨ ਕੀ ਆਰਤੀ ਸੁ
ਆਰਤਾ ਅਕਾਲ ਜੂ ਕੋ,
ਲੋਕਨ ਕੀ ਬੋਲੀ ਦੀਨ ਬੰਧ ਕੋ ਸੁ ਬੋਲਾ ਹੈ।
ਅੰਬਿਕਾ ਕੜਾਹੀ ਮਹਾਰਾਜ ਕੋ ਕੜਾਹ ਸੁਧਾ,
ਚੋਲੀ ਤੋਂ ਬਖਾਨੇ ਬਾਲ,
ਸੁਆਮੀ ਜੀ ਕੋ ਚੋਲਾ ਹੈ।
ਝੰਡੀ ਐ ਸਵਾਰੀ ਆਪ
ਝੰਡਾ ਜੂ ਸਵਾਰਾ ਨਾਥ
ਝੋਲੀ ਤੋਂ ਤਮਾਮ ਕੀਸੁ ਖਾਲਸੇ ਕੋ ਝੋਲਾ ਹੈ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪ੍ਰਸਿੱਧ ਹੋਲੀ,
ਸ੍ਰੀ ਗੁਰੂ ਗੋਬਿੰਦ ਸਿੰਘ,
ਜੂ ਕੋ ਆਜ ਹੋਲਾ ਹੈ।
ਸੁਭਟ ਸੁਚਾਲਾ ਪੁਨ
ਲਖਬਾਹਾ ਕਲਗਾ ਸਿੰਘ ਸਚੋਲਾ ਹੈ।
ਕਾਲਾ ਪੰਚਮ, ਗਜਾ ਚੰਡਾ ਜਗਾ ਮਿਧੋਲਾ ਹੈ।
ਫਿਰਨਾ ਕੂਹੀ ਸੁ ਬਾਜ ਕਛਹਿਰਾ
ਸਭ ਸੁੰਦਰ ਗਲੋਲਾ ਹੈ,
ਅਪਰ ਮੁਛਹਿਰਾ ਦਾੜ੍ਹਾ
ਜੈਸੇ ਤੈਸੇ ਬੋਲਾ ਹੋਲਾ ਹੈ।
ਦੇਵੀ ਦੇਵ ਸਿਧਨ ਕੀ
ਲੋਕ ਮੈਂ ਪ੍ਰਸਿੱਧ ਹੋਲੀ,
ਸ੍ਰੀ ਗੁਰੂ ਗੋਬਿੰਦ ਸਿੰਘ,
ਜੂ ਕੋ ਆਜ ਹੋਲਾ ਹੈ।

ਭਾਈ ਨੰਦ ਲਾਲ ਜੀ ਵੀ ਆਪਣੀਆਂ ਗਜ਼ਲਾਂ ਰਾਹੀਂ ਫੁਰਮਾਉਂਦੇ ਹਨ :

ਗੁਲਾਲ ਅਫ਼ਸ਼ਾਨੀਏ ਦਸਤਿ ਮੁਬਾਰਿਕ ਜਮੀਨੋ ਆਸਮਾਂ ਰਾ ਸੁਰਖਰੂ ਕਰਦ।

ਅਰਥਾਤ- ਗੁਰੂ ਗੋਬਿੰਦ ਸਿੰਘ ਜੀ ਨੇ ਐਸਾ ਲਾਲ ਗੁਲਾਲ ਉਡਾਇਆ ਜਿਸ ਨੇ ਧਰਤੀ ਤੇ ਅਕਾਸ਼ ਨੂੰ ਲਾਲ ਗੁਲਾਲ ਕਰ ਦਿੱਤਾ। ਭਾਈ ਨੰਦ ਲਾਲ ਜੀ ਇੱਥੇ ਆਤਮਿਕ ਗੁਲਾਲ ਦੀ ਗੱਲ ਕਰਦੇ ਹਨ ਕਿਉਂਕਿ ਦੁਨਿਆਵੀ ਵਸਤਾਂ ਦਾ ਬਣਿਆ ਹੋਇਆ ਗੁਲਾਲ ਦਾ ਰੰਗ ਧਰਤੀ ਅਤੇ ਅਕਾਸ਼ ਨੂੰ ਲਾਲ ਗੁਲਾਲ ਨਹੀਂ ਕਰ ਸਕਦਾ। ਹਿੰਦੂ ਪਰੰਪਰਾ ਅਨੁਸਾਰ ਇੱਕ ਦੂਜੇ ਉੱਤੇ ਦੁਨਿਆਵੀ ਰੰਗ ਸੁੱਟ ਕੇ ਮੌਜ-ਮਸਤੀ ਕਰਨ ਨੂੰ 'ਹੋਲੀ' ਦੇ ਤਿਉਹਾਰ ਦਾ ਨਾਂ ਦਿੱਤਾ ਗਿਆ ਹੈ। ਭਾਈ ਨੰਦ ਲਾਲ ਜੀ ਤਾਂ ਫੁਰਮਾਉਂਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬੇ-ਰੰਗ ਮਨਾਂ ਨੂੰ ਨਾਮ ਦੇ ਰੰਗਣ ਵਿੱਚ ਰੰਗ ਦਿੱਤਾ। ਨਾਮ ਦਾ ਅੰਦਰਲਾ ਰੰਗ ਗੁਰੂ ਅਰਜਨ ਪਾਤਸ਼ਾਹ ਦੇ ਹੇਠ ਲਿਖੇ ਫੁਰਮਾਨ ਉੱਪਰ ਚੱਲ ਕੇ ਆਤਮਾ ਨੂੰ ਚੜ੍ਹਦਾ ਹੈ।

ਅਰਥਾਤ :

ਆਜੁ ਹਮਾਰੈ ਗ੍ਰਿਹ ਬਸੰਤ ॥
ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ ਰਹਾਉ ॥
ਆਜੁ ਹਮਾਰੈ ਬਨੇ ਫਾਗ ॥
ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥
ਰੰਗੁ ਲਾਗਾ ਅਤਿ ਲਾਲ ਦੇਵ ॥2॥
ਮਨੁ ਤਨੁ ਮਉਲਿਓ ਅਤਿ ਅਨੂਪ ॥
ਸੂਕੈ ਨਾਹੀ ਛਾਵ ਧੂਪ ॥
ਸਗਲੀ ਰੂਤੀ ਹਰਿਆ ਹੋਇ ॥
ਸਦ ਬਸੰਤ ਗੁਰ ਮਿਲੇ ਦੇਵ ॥3॥
ਬਿਰਖੁ ਜਮਿਓ ਹੈ ਪਾਰਜਾਤ ॥
ਫੂਲ ਲਗੇ ਫਲ ਰਤਨ ਭਾਂਤਿ ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥
ਜਨ ਨਾਨਕ ਹਰਿ ਹਰਿ ਹਰਿ ਧਿਆਇ ॥
(ਬਸੰਤ ਮਹਲਾ ਪੰਜਵਾਂ, ਅੰਗ 1180)

ਦੁਨਿਆਵੀ ਰੰਗਾਂ ਨਾਲ਼ ਖੇਡੀ ਹੋਲੀ ਤਾਂ ਮਨ ਵਿੱਚ ਚੰਚਲਤਾ ਪੈਦਾ ਕਰਦੀ ਹੈ। ਦੁਨਿਆਵੀ ਹੋਲੀ ਦੇ ਰੰਗ ਤਮਾਸ਼ੇ ਵਾਲ਼ੀਆਂ ਪ੍ਰੰਪਰਾਵਾਂ ਗੁਰੂ ਆਸ਼ੇ ਦੇ ਉਲ਼ਟ ਹਨ ਤੇ ਸਮਾਜ ਨੂੰ ਨਿਘਾਰ ਵਾਲ਼ੇ ਪਾਸੇ ਲਿਜਾਣ ਵਾਲ਼ੀਆਂ ਹਨ। ਅਸਲੀ ਬਸੰਤ ਹਿਰਦੇ ਵਿੱਚ ਲਿਆਉਣ ਲਈ ਸਤਿਗੁਰੂ ਜੀ ਨੂੰ ਨਮਸਕਾਰ ਕਰੋ ਅਤੇ ਹੋਲੇ-ਮਹੱਲੇ ਦੇ ਦਿਹਾੜੇ 'ਤੇ ਸ਼ਸਤਰ ਅਭਿਆਸ ਦੇ ਨਾਲ਼-ਨਾਲ਼ ਗੁਰੂ ਦੇ ਦਿੱਤੇ ਹੋਏ ਨਾਮ-ਸਿਮਰਨ ਦਾ ਭੀ ਅਭਿਆਸ ਕਰੋ। ਨਾਮ ਸਿਮਰਨ ਦੀ ਬਦੌਲਤ ਸਾਰੇ ਚਿੰਤਾ ਝੋਰੇ ਦੂਰ ਹੋ ਕੇ ਮਹਾਂਅਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਰੀਰਿਕ ਬਲ਼ ਦੇ ਨਾਲ਼-ਨਾਲ਼ ਆਤਮਿਕ ਬਲ਼ ਵੀ ਮਿਲਦਾ ਹੈ ਅਤੇ ਪ੍ਰਮਾਤਮਾ ਦੀ ਮਿਹਰ ਨਾਲ਼ ਹਿਰਦੇ ਨੂੰ ਲਾਲ ਰੰਗ ਚੜ੍ਹ ਜਾਂਦਾ ਹੈ

(ਬਾਕੀ ਹਿਸਾ ਸਫਾ 32 'ਤੇ ਪੜ੍ਹੋ)

31 ਸਫ਼ੇ ਦੀ ਬਾਕੀ

ਅਰਥਾਤ ਜਿਸ ਮਨੁੱਖ ਦੇ ਵੱਡੇ ਭਾਗ ਜਾਗ ਪੈਣ ਉਸ ਦੇ ਮਨ ਨੂੰ ਪ੍ਰਭੂ ਪਿਆਰ ਦਾ ਗੂੜ੍ਹਾ ਰੰਗ ਚੜ੍ਹਦਾ ਹੈ।

ਲਾਲ ਰੰਗੁ ਤਿਸ ਕਉ ਲਗਾ
ਜਿਸ ਕੇ ਵਡਭਾਗਾ ॥
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥
(ਗੁਰੂ ਗ੍ਰੰਥ ਸਾਹਿਬ ਅੰਗ 808)

ਭਾਈ ਨੰਦ ਲਾਲ ਜੀ ਦੀਆਂ ਹੋਲੇ-ਮਹੱਲੇ ਦੇ ਸੰਬੰਧ ਵਿੱਚ ਲਿਖੀਆਂ ਫਾਰਸੀ ਦੀਆਂ ਗਜ਼ਲਾਂ ਦਾ ਭਾਵ ਅਰਥ ਵੀ ਇਹੀ ਬਣਦਾ ਹੈ ਕਿ 'ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ' ਸਿਧਾਂਤਕ ਪੱਖੋਂ ਵਿਚਾਰਿਆ ਜਾਵੇ ਤਾਂ ਪਿਚਕਾਰੀ ਨਾਲ਼ ਰੰਗ ਸੁੱਟਣ ਦਾ ਸ਼ਸਤਰ ਚਲਾਉਣ ਦੀ ਗੌਰਵਮਈ ਜੰਗੀ ਪ੍ਰਕਿਰਿਆ ਨਾਲ਼ ਕੋਈ ਸੰਬੰਧ ਨਹੀਂ ਜੁੜਦਾ। ਹੋਲੇ ਮਹੱਲੇ ਦਾ ਜਾਂ ਖ਼ਾਲਸੇ ਦਾ ਹਿੰਦੋਸਤਾਨ ਦੇ ਪੌਰਾਣਿਕ ਤਿਉਹਾਰ ਹੋਲੀ ਦੇ ਨਾਲ਼ ਉੱਕਾ ਹੀ ਕੋਈ ਸੰਬੰਧ ਨਹੀਂ ਜੁੜਦਾ। ਅਫ਼ਸੋਸ ਉਹਨਾਂ ਸਿੱਖਾਂ ਤੇ ਸਿੱਖ ਧਾਰਮਿਕ ਆਗੂਆਂ 'ਤੇ ਹੈ ਜਿਹੜੇ ਅਨੰਦਪੁਰ ਸਾਹਿਬ ਹੋਲੇ-ਮਹੱਲੇ ਵਾਲ਼ੇ ਦਿਨ ਹਿੰਦੂ ਮੱਤ ਅਨੁਸਾਰ ਇੱਕ ਦੂਜੇ ਦੀਆਂ ਦਾੜ੍ਹੀਆਂ ਤੇ ਦਸਤਾਰਾਂ 'ਤੇ ਰੰਗ ਸੁੱਟ ਕੇ ਸਿੱਖ ਧਰਮ ਦਾ ਮਜ਼ਾਕ ਉਡਾਉਂਦੇ ਹਨ ਅਤੇ ਸਿੱਖ ਧਰਮ ਦਾ ਹਿੰਦੂਕਰਨ ਕਰਨ ਵਿੱਚ ਮਾਣ ਸਮਝਦੇ ਹਨ। ਦਸਤਾਰਾਂ ਤੇ ਦਾੜ੍ਹੀਆਂ 'ਤੇ ਰੰਗ ਸੁੱਟ ਕੇ ਹੋਲੀ ਮਨਾਉਂਦੇ ਸਿੱਖ, ਹੋਲੇ-ਮਹੱਲੇ ਦੇ ਬਾਨੀ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁੱਖ ਮੋੜ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸਪਸ਼ਟ ਐਲਾਨ ਹੈ ਕਿ:

ਜਬ ਲਗ ਖਾਲਸਾ ਰਹੇ ਨਿਆਰਾ,
ਤਬ ਲਗ ਤੇਜ ਦੀਉ ਮੈਂ ਸਾਰਾ।
ਜਬ ਯਹ ਗਹੇ ਬਿਪਰਨ ਕੀ ਰੀਤ,
ਮੈ ਨਾ ਕਰੂ ਇਨਕੀ ਪਰਤੀਤ।

ਹੁਣ ਜੇ ਸਿੱਖ ਧਰਮ ਦੇ ਠੇਕੇਦਾਰ ਹੀ ਬਿਪਰਨ ਦੀਆਂ ਰੀਤਾਂ ਦਾ ਪ੍ਰਚਾਰ ਕਰਨਗੇ ਤਾਂ ਪੰਥ ਦੀ ਅਡੱਰੀ ਹੋਂਦ-ਹਸਤੀ ਦੇ ਨਿਆਰੇਪਣ ਅਤੇ ਗੁਰੂ ਗ੍ਰੰਥ, ਗੁਰੂ ਪੰਥ ਦੇ ਸਿੱਖੀ ਸਿਧਾਂਤਾਂ ਉੱਤੇ ਕੌਣ ਪਹਿਰਾ ਦੇਵੇਗਾ? ਖ਼ਾਲਸਾ ਪੰਥ ਦੇ ਤਿਉਹਾਰ ਹੋਲਾ-ਮਹੱਲਾ ਬਾਰੇ ਇੱਕ ਹੋਰ ਅਹਿਮ ਤੱਥ ਵਿਚਾਰਨਯੋਗ ਹੈ ਅਰਥਾਤ- 'ਪੋਥੀ ਪ੍ਰਮੇਸ਼ਰ ਕਾ ਥਾਨ' ਸ੍ਰੀ ਗੁਰੂ ਗ੍ਰੰਥ ਸਾਹਿਬ ਦਸਾਂ ਗੁਰੂ ਸਾਹਿਬਾਨ ਰਾਹੀਂ ਪ੍ਰਵਾਨਿਤ ਤੇ ਉਹਨਾਂ ਦੀ ਨਿਗਰਾਨੀ ਵਿੱਚ ਸੰਪੂਰਨ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਮਤਿ ਦਰਸ਼ਨ ਦਾ ਕੋਈ ਵੀ ਸੰਕਲਪ ਜਾਂ ਸਿਧਾਂਤ ਅਜਿਹਾ ਨਹੀਂ ਹੈ, ਜਿਸ ਦੀ ਮੁੱਢਲੀ ਤੇ ਬੁਨਿਆਦੀ ਰੂਪ ਰੇਖਾ ਤ੍ਰੈਕਾਲ ਦਰਸ਼ੀ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਵਿੱਚ ਨਾ ਉਲੀਕੀ ਗਈ ਹੋਵੇ। ਗੁਰੂ ਨਾਨਕ ਪਾਤਸ਼ਾਹ ਨੇ ਸ਼ਸਤਰ ਦੁਆਰਾ ਸ਼ਕਤੀ ਦੇ ਪ੍ਰਯੋਗ ਨੂੰ ਜਾਇਜ਼ ਠਹਿਰਾਇਆ ਹੈ ਅਰਥਾਤ- "ਮੂਰਖ ਗੰਢੁ ਪਵੈ ਮੁਹਿ ਮਾਰ" (ਵਾਰ ਮਾਝ ਮਹਲਾ 1 ਅੰਗ 143)। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਨਕਲਾਬੀ ਬਾਣੀ ਨਿਰਸੰਦੇਹ ਸਮੁੱਚੇ ਸਿੱਖ ਚਿੰਤਨ ਦਾ ਧੁਰਾ ਹੈ। ਹੋਲਾ-ਮਹੱਲਾ ਦੇ ਸੰਕਲਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲੋਂ ਅਲੱਗ ਕਰ ਕੇ ਨਹੀਂ ਸਮਝਿਆ ਜਾ ਸਕਦਾ। ਹੋਲੇ ਮਹੱਲੇ ਦਾ ਮਹੱਤਵ ਹੋਰ ਵੀ ਸਪਸ਼ਟ ਹੋ ਜਾਂਦਾ ਹੈ ਜਦੋਂ ਅਸੀਂ ਸਿੱਖੀ ਦੇ ਮੂਲ-ਸਿਧਾਂਤ ਦੇਗ ਤੇਗ ਫ਼ਤਹਿ ਬਾਰੇ ਵਿਚਾਰ ਕਰਦੇ ਹਾਂ। ਗੁਰੂ ਦੀਆਂ ਸੰਗਤਾਂ ਲਈ ਜਿੱਥੇ ਕੜਾਹ ਪ੍ਰਸ਼ਾਦ, ਗੁਰੂ ਕਾ ਲੰਗਰ ਆਦਿ ਨੂੰ 'ਦੇਗ' ਕਿਹਾ ਜਾਂਦਾ ਹੈ, ਓਥੇ ਨਾਲ਼ ਹੀ ਨਿਯਮ ਹੈ ਕਿ ਬਿਨਾਂ ਕ੍ਰਿਪਾਨ ਭੇਟ ਦੇ ਕੜਾਹ ਪ੍ਰਸ਼ਾਦ ਦੀ ਦੇਗ ਵੀ ਨਹੀਂ ਵਰਤਾਉਣੀ ਅਤੇ ਨਾ ਹੀ ਛਕਣੀ ਹੈ। ਗੁਰੂ ਘਰ ਵਿੱਚ ਸਿੱਖ ਧਰਮ ਦੇ ਮੂਲ ਸਿਧਾਂਤ 'ਦੇਗ-ਤੇਗ ਫ਼ਤਹਿ ਪੰਥ ਕੀ ਜੀਤ ਸ੍ਰੀ ਸਾਹਿਬ ਜੀ ਸਹਾਇ ਖ਼ਾਲਸੇ ਜੀ ਕੇ ਬੋਲ ਬਾਲੇ' ਦੇ ਆਧਾਰ 'ਤੇ ਦੇਗ ਨੂੰ ਕ੍ਰਿਪਾਨ ਭੇਟ ਦਾ ਨਿਯਮ ਹੈ, ਤਾਂ ਜੋ ਗੁਰੂ ਸਿੱਖ ਸ਼ਸਤਰਾਂ ਨੂੰ ਭੁੱਲ ਕੇ ਕੇਵਲ ਦੇਗਾਂ ਵਾਸਤੇ ਹੀ ਨਾ ਰਹਿ ਜਾਣ। ਵਰਤਮਾਨ ਦਾ ਕੌੜਾ ਸੱਚ ਇਹ ਹੀ ਹੈ ਕਿ ਸਿੱਖਾਂ ਨੇ ਸ਼ਸਤਰ ਅਭਿਆਸ ਛੱਡ ਕੇ ਵੰਨ-ਸੁਵੰਨੇ ਲੰਗਰਾਂ 'ਤੇ ਜ਼ੋਰ ਦਿੱਤਾ ਹੋਇਆ ਹੈ।

ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਨੇ 30 ਮਾਰਚ 1699 ਨੂੰ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ ਅਤੇ ਚੇਤ ਵਦੀ ਇੱਕ 1700 ਈ: ਨੂੰ ਹੋਲੇ-ਮਹੱਲੇ ਦੀ ਅਰੰਭਤਾ ਕੀਤੀ। ਜਿਸ ਦਾ ਸਾਰ ਤੱਤ ਸੀ ਵਿਸਾਖੀ ਵਾਲੇ ਦਿਨ ਪੰਜ ਸਿਰਾਂ ਦੀ ਮੰਗ ਕਰ ਕੇ ਪੰਜ ਪਿਆਰੇ ਸਿਰਜਣ ਦੀ ਘਟਨਾ। ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਦਾ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਦਾ ਸਿਧਾਂਤ ਵਿਵਹਾਰਕ ਰੂਪ ਵਿੱਚ ਖ਼ਾਲਸਾ ਪੰਥ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਅਤੇ ਹੋਲੇ ਮਹੱਲੇ ਦਾ ਤਿਉਹਾਰ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਬਣ ਗਿਆ।

'ਗੁਰੂ ਕੀਆਂ ਸਾਖੀਆਂ' ਵਿੱਚ ਹੋਲੇ-ਮਹੱਲੇ ਦੀ ਅਰੰਭਤਾ ਇਸ ਪ੍ਰਕਾਰ ਦਰਜ ਹੈ ਨਗਾਰਚੀ ਸਿੰਘ ਨੇ ਨਗਾਰੇ 'ਤੇ ਦੂਹਰੀ ਚੋਟ ਲਗਾਈ, ਖ਼ਾਲਸੇ ਦੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਸੇ ਅਸਮਾਨ ਗੂੰਜਾਇ ਦੀਆ। ਇਸ ਉਪਰੰਤ ਖ਼ਾਲਸਾ ਹੋਲਗੜ ਕੀ ਤਰਫ ਆਇਆ। ਪ੍ਰਿਥਮੇ ਪਾਂਚ ਨਿਸ਼ਾਨਚੀ ਇਨ ਕੇ ਪੀਛੇ ਪਾਂਛ ਪਿਆਰੇ, ਜਿਨ ਕੇ ਹਾਥ ਮੇਂ ਲੰਮੀਆਂ ਕਿਰਪਾਨਾਂ ਫੜ੍ਹੀਆਂ ਹੋਈਆਂ ਸਨ। ਇਨ ਕੇ ਪੀਛੇ ਨਗਾਰਚੀ ਸਿੰਘ ਅਰਾਕੀ (ਘੋੜੇ) 'ਤੇ ਸਵਾਰ ਹੋਇ ਨਗਾਰੇ ਨੂੰ ਦੂਹਰੀ ਚੋਟ ਸੇ ਅਸਮਾਨ ਗੂੰਜਾ ਰਿਹਾ ਸੀ। ਸਤਿਗੁਰੂ ਜੀ ਨੀਲੇ 'ਤੇ ਅਸਵਾਰ ਹੋਏ ਜਾਏ ਰਹੇ ਸਨ, ਸਰਬ ਖ਼ਾਲਸਾ ਗੁਰੂ ਜੀ ਕੇ ਪੀਛੇ ਆਇ ਰਹਾ ਥਾ। ਕਿਸੇ ਸਿੰਘ ਕਾ ਅਰਾਕੀ (ਘੋੜਾ) ਸਤਿਕਾਰ ਵਜੋਂ ਗੁਰੂ ਜੀ ਕੀ ਅਸਵਾਰੀ ਸੇ ਆਗੇ ਨਹੀਂ ਗਿਆ ਸਭ ਲਗਾਮੇਂ ਖਿੱਚੀ ਪੀਛੇ ਆ ਰਹੇ ਸਨ। ਇਹ ਸਮਾਂ ਦੇਖਨੇ ਵਾਲ਼ਾ ਸੀ, ਖ਼ਾਲਸੇ ਦੀਆਂ ਸੁਰਮਈ ਦਸਤਾਰਾਂ ਤੇ ਬਸਤਰਾਂ ਅਤੇ ਸ਼ਸਤਰਾਂ ਨੇ ਸਾਵਣ ਮਾਸ ਕੀਆਂ ਕਾਲੀਆਂ ਘਟਾਂ ਤੇ ਬਿਜਲੀ ਕੀ ਚਮਕ ਦਮਕ ਕੋ ਮਾਤ ਕਰ ਦੀਆ ਥਾ। ਇਸ ਤਰ੍ਹਾਂ ਖ਼ਾਲਸਈ ਦਰਿਆਏ ਠਾਠਾਂ ਮਾਰਦਾ ਹੂਆ ਪੂਰੇ ਜੋਬਨ ਸੇ ਹੋਲ ਗੜ ਕੇ ਮੈਦਾਨ ਮੇਂ ਜਾਇ ਪਹੁੰਚਾ।"

# ਯੂਪੀ ਵਾਸੀਆਂ ਦੀਆਂ ਉਮੀਦਾਂ ਤੇ ਖਰੀ ਨਹੀਂ ਉਤਰੀ ਭਾਜਪਾ: ਮਾਇਆਵਤੀ



ਲਖਨਊ- ਬਹੁਜਨ ਸਮਾਜ ਪਾਰਟੀ ਮੁਖੀ ਮਾਇਆਵਤੀ ਨੇ ਕਿਹਾ ਕਿ ਉੱਤਰ ਪ੍ਰਦੇਸ਼ ਵਿੱਚ ਭਾਜਪਾ ਸਰਕਾਰ ਆਪਣੇ ਅੱਠ ਸਾਲਾਂ ਦੇ ਕਾਰਜਕਾਲ ਦੌਰਾਨ ਲੋਕਾਂ ਦੀਆਂ ਉਮੀਦਾਂ ਤੇ ਪੂਰੀ ਤਰ੍ਹਾਂ ਖਰੀ ਨਹੀਂ ਉਤਰੀ। ਉਨ੍ਹਾਂ ਦਾਅਵਾ ਕੀਤਾ ਕਿ 2017 ਵਿੱਚ ਭਾਜਪਾ ਦੇ ਸੂਬੇ ਦੀ ਸੱਤਾ ਸੰਭਾਲਣ ਮਗਰੋਂ ਅਮਨ ਕਾਨੂੰਨ ਦੀ ਵਿਵਸਥਾ ਬਹੁਤ ਜ਼ਿਆਦਾ ਖ਼ਰਾਬ ਹੋ ਗਈ ਹੈ। ਉਨ੍ਹਾਂ ਦੀਆਂ ਇਹ ਟਿੱਪਣੀਆਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵੱਲੋਂ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਏ ਜਾਣ ਤੋਂ ਬਾਅਦ ਆਈਆਂ ਹਨ।ਮਾਇਆਵਤੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਉੱਤੇ ਕਿਹਾ, ਨਾ ਕਾਂਗਰਸ, ਨਾ ਭਾਜਪਾ, ਅਤੇ ਨਾ ਹੀ ਕਿਸੇ ਹੋਰ ਪਾਰਟੀ ਨੂੰ ਆਪਣੇ ਸਿਆਸੀ ਲਾਹੇ ਲਈ ਸਾਡੇ ਦੇਸ਼ ਦੇ ਸੰਵਿਧਾਨ ਨੂੰ ਬਦਲਣ ਦੀ ਇਜਾਜ਼ਤ ਦਿੱਤੀ ਜਾਵੇਗੀ, ਖਾਸ ਕਰ ਰਾਖਵੇਂਕਰਨ ਦੇ ਮਾਮਲੇ ਵਿੱਚ। ਲੋੜ ਪੈਣ ਤੇ ਬਸਪਾ ਅਜਿਹੀ ਕਿਸੇ ਵੀ ਕੋਸ਼ਿਸ਼ ਖ਼ਿਲਾਫ਼ ਸੰਘਰਸ਼ ਲਈ ਪੂਰੀ ਤਰ੍ਹਾਂ ਤਿਆਰ ਹੈ।

# ਬ੍ਰਿਟੇਨ ਵਲੋਂ ਭਾਰਤੀਆਂ ਸਮੇਤ ਕਈ ਅਸਫ਼ਲ ਸ਼ਰਨਾਰਥੀਆਂ ਨੂੰ ਪੱਛਮੀ ਬਾਲਕਨ ਦੇ ਪ੍ਰਵਾਸੀ ਕੇਂਦਰਾਂ ਚ ਭੇਜਣ ਦੀ ਤਿਆਰੀ

ਬ੍ਰਿਟੇਨ ਵਿੱਚ ਅਸਫ਼ਲ ਸ਼ਰਨਾਰਥੀਆਂ, ਜਿਨ੍ਹਾਂ ਵਿੱਚ ਭਾਰਤ ਤੋਂ ਵੀ ਆਉਣ ਵਾਲੇ ਲੋਕ ਸ਼ਾਮਲ ਹਨ, ਨੂੰ ਪੱਛਮੀ ਬਾਲਕਨ ਅਤੇ ਹੋਰ ਤੀਜੇ ਦੇਸ਼ਾਂ ਦੇ ਪ੍ਰਵਾਸੀ ਕੇਂਦਰਾਂ ਵਿੱਚ ਭੇਜਿਆ ਜਾ ਸਕਦਾ ਹੈ, ਜੋ ਕਿ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਛੋਟੀਆਂ ਕਿਸ਼ਤੀਆਂ ਰਾਹੀਂ ਆਉਣ ਵਾਲਿਆਂ ਨੂੰ ਰੋਕਣ ਦੀ ਯੋਜਨਾ ਦਾ ਹਿੱਸਾ ਹੈ। ਸਰਕਾਰੀ ਸੂਤਰਾਂ ਨੇ ਕਿਹਾ ਕਿ ਸਟਾਰਮਰ ਦੀ ਅਗਵਾਈ ਵਾਲੀ ਲੇਬਰ ਸਰਕਾਰ ਅਲਬਾਨੀਆ, ਸਰਬੀਆ ਅਤੇ ਬੋਸਨੀਆ ਵਰਗੇ ਦੇਸ਼ਾਂ ਵਿੱਚ ਵਾਪਸੀ ਕੇਂਦਰਾਂ ਦੀ ਇੱਕ ਲੜੀ ਖੋਲ੍ਹਣ ਦੀ ਯੋਜਨਾ ਬਣਾ ਰਹੀ ਹੈ, ਜਿੱਥੇ ਸ਼ਰਧਾਰਥੀਆਂ ਨੂੰ ਨਾਮਨਜ਼ੂਰ ਕੀਤੇ ਜਾਣ ਅਤੇ ਸਾਰੀਆਂ ਅਪੀਲਾਂ ਨੂੰ ਰੱਦ ਕਰਨ ਬਾਅਦ ਭੇਜਿਆ ਜਾਵੇਗਾ।

ਭਾਰਤ ਵਰਗੇ ਯੂਕੇ ਦੇ ਕਾਨੂੰਨ ਅਧੀਨ ਸੁਰੱਖਿਅਤ ਮੰਨੇ ਜਾਂਦੇ ਦੇਸ਼ਾਂ ਤੋਂ ਨਾਮਨਜ਼ੂਰ ਸ਼ਰਨਾਰਥੀਆਂ ਨੂੰ ਇਨ੍ਹਾਂ ਕੇਂਦਰਾਂ ਵਿੱਚ ਅਸਥਾਈ ਤੌਰ ਫ਼ਰਸਤੋਤੇ ਨਜ਼ਰਬੰਦ ਕੀਤਾ ਜਾ ਸਕਦਾ ਹੈ ਜਦੋਂ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਣ ਦੇ ਪ੍ਰਬੰਧ ਕੀਤੇ ਜਾਂਦੇ ਹਨ। ਅਫ਼ਗ਼ਾਨਿਸਤਾਨ ਵਰਗੇ ਬ੍ਰਿਟੇਨ ਦੇ ਕਾਨੂੰਨ ਤਹਿਤ ਅਸੁਰੱਖਿਅਤ ਮੰਨੇ ਜਾਣ ਵਾਲੇ ਦੇਸ਼ਾਂ ਤੋਂ ਅਸਫ਼ਲ ਸ਼ਰਨਾਰਥੀਆਂ ਨੂੰ ਵੀ ਇਨ੍ਹਾਂ ਕੇਂਦਰਾਂ ਵਿੱਚ ਭੇਜਿਆ ਜਾ ਸਕਦਾ ਹੈ।

ਗੁਰੂ ਤੇਗ ਬਹਾਦਰ ਗੁਰਦੁਆਰਾ ਡਡਲੀ ਵਿਖੇ ਇਕ ਮੁੱਖ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

**1 VACANCY FOR MINISTER OF RELIGION (TIER-2)**

***Job Title : MINISTER OF RELIGION - Full Time***

**Duration:-** Two Year – with the prospect to become a permanent position

**Duties & Responsibilities:-** Officiating marriages, birth and funerals

- Duties include reading of the Sri Guru Granth Shib Ji, conducting Daily/weekly Diwans, preach Sikh Religion to congregation.
- The Sikh Holy Parkash Guru Granth Sahib ie Morning Prayer and Evening Prayer,
- To be responsible to ensure the daily religious activities are in line with the Sikh religion. - Require leading daily worship
- Must pay the highest respect to the Guru Maharaj ji as well as public (Guru Ki Sadh Sangat) is essential.
- Undertake any other reasonable duties/activities in pursuing the Organization's religious programs.
- On occasions the candidate maybe required to carry out prayers for family functions at the homes of the devotees
- Benefits include full board and lodges

**Salary: National Minimum Wage for 30 hours a week.**

**Personnel Specification:** The post holder will need to display the following:

I. Previous experience holding a similar role is essential.
2. Knowledge and understanding of the Sikh Religion and Guru Granth Sahib.
4. Strong motivation and empathy towards the aims and objectives of the organisation.
5. Strong organisational skills.
6. Good command of the English and Punjabi language is desirable
7. Good communication and interpersonal skills.
8. Ability to work off own initiative as well as within a team.
9. Willingness to work unsocial hours.

**Other details:**

Applicants must be able to demonstrate that they are legally entitled to work in the U.K and where applicable must provide original proof of their work rights and legal status in the United Kingdom. The Temple committee reserve the rights to make official enquiries to make checks against any documents provided.

**Closing date: 10/04/2025**

**Apply/ Contact: via Phone 01384 238936 or Email:sdevsingh56@googlemail.com**

**GURDWARA GURU TEG BAHADHUR SAHIB JI**
**7 Vicar Street, Dudley, West Midlands, DY2 8RQ**

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ 18

# ਇੱਕ ਮੇਰੀ ਅੱਖ ਕਾਸ਼ਣੀ...

**-"ਜੀ ਮੈਂ ਨੌਜਵਾਨ ਪੀੜ੍ਹੀ ਨੂੰ ਲਾਮਬੰਦ ਕਰ ਕੇ ਨਸ਼ਾ ਛੁਡਾਊ ਕੇਂਦਰ ਦਾ ਨਿਰਮਾਣ ਕਰਵਾਇਆ ਸੀ, ਤੇ ਭਾਨੇ ਵਰਗੇ ਨਸ਼ੇ ਦੇ ਸੌਦਾਗਰਾਂ ਨੂੰ ਇਹ ਸਕੀਮ ਰਾਸ ਨਾ ਆਈ, ਤੇ ਉਹਨਾਂ ਨੇ ਮੇਰੇ ਉਪਰ ਨਸ਼ਾ ਛੁਡਾਊ ਕੇਂਦਰ ਬੰਦ ਕਰਵਾਉਣ ਲਈ ਜੋਰ ਪਾਉਣਾ ਸ਼ੁਰੂ ਕਰ ਦਿੱਤਾ, ਮੈਨੂੰ ਲਾਲਚ ਦਿੱਤੇ ਗਏ, ਰਾਸ਼ਟਰੀ ਤੇ ਅੰਤਰਾਸ਼ਟਰੀ ਪੱਧਰ 'ਤੇ ਮੈਚ ਖਿਡਾਉਣ ਦਾ ਚੋਗਾ ਸੁੱਟਿਆ ਗਿਆ, ਪਰ ਜਦੋਂ ਮੈਂ ਨਾ ਮੰਨਿਆਂ, ਤਾਂ ਉਹ ਮਾਰਨ ਮਰਵਾਉਣ 'ਤੇ ਉੱਤਰ ਆਏ ਤੇ ਹੁਣ ਮੈਨੂੰ ਸ਼ਰੇਆਮ ਸਿੱਧੀਆਂ ਧਮਕੀਆਂ ਮਿਲ਼ ਰਹੀਆਂ ਨੇ ਜੀ ਤੁਸੀਂ ਫ਼ੋਨ ਦੀ ਰਿਕਾਰਡਿੰਗ ਸੁਣ ਸਕਦੇ ਹੋ...।" ਕੈਰੀ ਨੇ ਸੰਖੇਪ ਵਿੱਚ ਸਾਰੀ ਘਟਨਾ ਦਾ ਵਰਨਣ ਕਰ ਦਿੱਤਾ। -"ਅਸੀਂ ਤੇਰੇ ਫ਼ੋਨ ਦੀਆਂ ਰਿਕਾਰਡਿੰਗਾਂ ਸੁਣਨ ਲਈ ਵਿਹਲੇ ਨੀ ਬੈਠੇ..। ਨਾਲ਼ੇ ਜਦੋਂ ਤੂੰ ਇਲਾਕੇ ਦੇ ਬਾਰਸੂਖ਼ ਤੇ ਸਿਰਕੱਢ ਬੰਦਿਆਂ ਨਾਲ਼ ਪੰਗੇ ਲਵੇਂਗਾ, ਤਾਂ ਲੱਤਾਂ ਈ ਭੰਨਾਵੇਂਗਾ, ਤੈਥੋਂ ਟਿਕ ਕੇ ਬੈਠਾ ਨੀ ਜਾਂਦਾ...?"**



## ਕਾਂਡ 9

ਸੰਤਰੀ ਦੁਹੱਥੜ ਮਾਰਨ ਵਾਲਾ ਹੋਇਆ ਖੜ੍ਹਾ ਸੀ।

-"..........।" ਕੈਰੀ ਨਿਰੁੱਤਰ ਖੜ੍ਹਾ ਸੀ। ਉਹ ਫ਼ਿਰ ਸੋਚ ਰਿਹਾ ਸੀ ਕਿ ਕੀ ਉਹ ਆਪਣੇ ਦੇਸ਼ ਵਿੱਚ ਹੀ ਖੜ੍ਹਾ ਸੀ..? ਜਾਂ ਕਿਸੇ ਗੁਲਾਮ ਦੇਸ਼ ਦੇ ਸ਼ਾਸਕਾਂ ਅੱਗੇ ਕੋਈ ਸਜ਼ਾ ਸੁਣਨ ਲਈ ਉਡੀਕ ਕਰ ਰਿਹਾ ਸੀ...??

-"ਆਹ ਨਾਸਾਂ ਕਿੱਥੋਂ ਭੰਨਾਈਐਂ ਓਏ...?" ਸੰਤਰੀ ਕੈਰੀ ਨੂੰ ਖਿਝ ਕੇ ਪਿਆ।

-"ਓਹੀ ਰਪਟ ਤਾਂ ਮੈਂ ਲਿਖਵਾਉਣ ਆਇਐਂ ਜਨਾਬ...! ਮੇਰੇ 'ਤੇ ਟਰੱਕ ਚਾੜ੍ਹ ਕੇ ਮੈਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ ਐ...।"

-"ਇਹਨੂੰ ਜਾਣ ਦੇ ਅੰਦਰ, ਪੜ੍ਹਿਆ ਲਿਖਿਆ ਮੁੰਡਾ ਲੱਗਦੈ...।" ਸਿਪਾਹੀ ਨੇ ਸੰਤਰੀ ਨੂੰ ਕਿਹਾ।

-"ਮੈਂ ਪੰਜਾਬ ਪੱਧਰ ਦਾ ਹਾਕੀ ਦਾ ਖਿਡਾਰੀ ਵੀ ਆਂ, ਜਨਾਬ..।" ਕੈਰੀ ਨੇ ਦੱਸਿਆ।

-"ਨ੍ਹਾਂ ਫ਼ੇਰ ਸਾਡੇ 'ਤੇ ਕੋਈ ਅਹਿਸਾਨ ਐਂ...? ਜਾਹ, ਮਿਲ਼ ਲੈ ਅੰਦਰ ਜਾ ਕੇ ਮੁਣਸ਼ੀ ਨੂੰ..।" ਸੰਤਰੀ ਨੇ ਕੈਰੀ ਦਾ ਰਾਹ ਖਾਲੀ ਕਰ ਦਿੱਤਾ ਅਤੇ ਆਪ ਸਿਪਾਹੀ ਦੀਆਂ ਅੱਖਾਂ ਵਿੱਚ ਵਿਅੰਗਮਈ ਮੁਸਕੁਰਾਇਆ।

ਕੈਰੀ ਸਾਹ ਜਿਹੇ ਘੁੱਟ ਕੇ ਅੰਦਰ ਚਲਿਆ ਗਿਆ।

ਮੌਲੇ ਬਲ਼ਦ ਦੇ ਸਿੰਗਾਂ ਵਰਗੀਆਂ ਮੁੱਛਾਂ ਨੂੰ ਮੁਣਸ਼ੀ ਅੱਖਾਂ ਨਾਲ਼ ਲਾਈ ਬੈਠਾ ਸੀ।

ਮੁਣਸ਼ੀ ਕਿਸੇ ਫ਼ਾਈਲ ਵਿੱਚ ਰੁੱਝਿਆ ਹੋਇਆ ਸੀ।

-"ਸਤਿ ਸ੍ਰੀ ਅਕਾਲ ਜਨਾਬ...।" ਕੈਰੀ ਨੇ ਦੋਵੇਂ ਹੱਥ ਜੋੜ ਕੇ ਅਦਬ ਕੀਤਾ।

-"........।" ਲਾਲ ਡੋਰਿਆਂ ਵਾਲ਼ੀਆਂ ਅੱਖਾਂ ਨੂੰ ਮੁਣਸ਼ੀ ਨੇ ਉਪਰ ਚੁੱਕ ਕੇ ਕੈਰੀ ਵੱਲ ਦੇਖਿਆ।

-"ਬੋਲ...?" ਉਸ ਨੇ ਅਤੀਅੰਤ ਰੁੱਖੀ ਅਵਾਜ਼ ਵਿੱਚ ਪੁੱਛਿਆ ਨਜ਼ਰ ਉਸ ਦੀ ਫ਼ਾਈਲ ਵਿੱਚ ਹੀ ਗੱਡੀ ਹੋਈ ਸੀ।

-"ਜਨਾਬ, ਮੇਰੇ 'ਤੇ ਟਰੱਕ ਚੜ੍ਹਾ ਕੇ ਮੈਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ, ਹੁਣ ਮੈਨੂੰ ਫ਼ੋਨ 'ਤੇ ਫ਼ੇਰ ਮਾਰਨ ਦੀਆਂ ਧਮਕੀਆਂ ਮਿਲ਼ ਰਹੀਆਂ ਨੇ ਜੀ...।"

-"ਕਿਸ ਨੇ ਕੋਸ਼ਿਸ਼ ਕੀਤੀ, ਤੇ ਕੌਣ ਧਮਕੀਆਂ ਦਿੰਦੈ...?"

-"ਜੀ ਦੋਸ਼ੀ ਦਾ ਨਾਂ ਭਾਨਾਂ ਭਗੌੜ੍ਹਾ ਐ...।"

-"ਕੀ ਕਿਹੈ...? ਭਾਨਾਂ ਭਗੌੜ੍ਹਾ...?"

-"ਜੀ ਹਾਂ...।"

-"ਉਹ ਇਲਾਕੇ ਦਾ ਮਸ਼ਹੂਰ ਬੰਦਾ...?"

-"ਇਲਾਕੇ ਦਾ ਮਸ਼ਹੂਰ ਗੁੰਡਾ ਆਖੋ ਜਨਾਬ...!"

-"ਕੋਈ ਸਬੂਤ ਹੈਗ੍ਹਾਂ...?"

-"ਮੇਰੇ ਕੋਲ਼ ਫ਼ੋਨ ਰਿਕਾਰਡਿੰਗਜ਼ ਹੈਗ੍ਹੀਆਂ ਜੀ...।"

-"ਫ਼ੋਨ ਰਿਕਾਰਡਿੰਗਜ਼ ਇਲਾਕਾ ਮਜਿਸਟਰੇਟ ਤੋਂ ਤਸਦੀਕ ਹੋਣੀਆਂ ਜ਼ਰੂਰੀ ਨੇ, ਪਤੈ...?"

-"................।" ਕੈਰੀ ਚੁੱਪ ਹੋ ਗਿਆ।

-"ਹੋਰ ਕੋਈ ਸਬੂਤ...?"

-"ਸਬੂਤ ਇਕੱਠੇ ਕਰਨਾ ਤਾਂ ਪੁਲ਼ਸ ਦਾ ਕੰਮ ਐਂ ਜੀ, ਪੀੜਤ ਕੋਲ਼ੇ ਸਾਰੇ ਸਬੂਤ ਥੋੜ੍ਹੋ ਹੁੰਦੇ ਐ...?"

-"ਕਿੰਨੇ ਕਿੱਲੇ ਜ਼ਮੀਨ ਦਾ ਮਾਲਕ ਐਂ...?" ਮੁਣਸ਼ੀ ਨੇ ਬੇਹੂਦਾ ਸੁਆਲ ਮੱਥੇ ਵਿੱਚ ਮਾਰਿਆ।

-"ਮੇਰੇ ਕੋਲ਼ ਤਾਂ ਕੁਛ ਨੀ ਜੀ, ਮੇਰੇ ਬਾਪੂ ਕੋਲ਼ੇ ਸੱਤ ਕਿੱਲੇ ਜ਼ਮੀਨ ਐਂ...।"

-"ਕੋਈ ਸਰਕਾਰੀ ਨੌਕਰੀ ਕਰਦੈਂ...?"

-"ਨਹੀਂ ਸਰਕਾਰ, ਮੈਂ ਤਾਂ ਅਜੇ ਕਾਲਜ ਪੜ੍ਹਦੈਂ...।"

-"ਮਤਲਬ ਤੇਰੀ ਆਪਣੀ ਕੋਈ ਆਮਦਨ ਨਹੀਂ...?"

-"ਨਹੀਂ ਸਰਕਾਰ, ਮੈਂ ਤਾਂ ਪੰਜਾਬ ਪੱਧਰ 'ਤੇ ਹਾਕੀ ਦਾ ਖਿਡਾਰੀ ਐਂ, ਜੋ ਕੁਛ ਖੇਡ ਕੇ ਮਿਲ਼ਦੈ, ਉਹ ਕੋਚ ਛਕ ਛਕਾ ਜਾਂਦੇ ਐ, ਸਾਡੇ ਪੱਲੇ ਤਾਂ ਫੋਕੀ 'ਵਾਹ - ਵਾਹ' ਜਾਂ 'ਬੱਲੇ - ਬੱਲੇ' ਹੀ ਪੈਂਦੀ ਐ...।"

-"ਫ਼ੇਰ ਖੇਡਦੇ ਬਣ ਫੜ ਨੂੰ ਐਂ...? ਬੰਦ ਕਰੋ, ਕੋਈ ਬਾਨ੍ਹ ਐਂ...?"

-"ਖੇਡਣਾ ਮੇਰਾ ਸ਼ੌਕ ਐ, ਜਨਾਬ...।"

-"ਘਰ ਕੀਹਦੇ ਨਾਂ ਐਂ...?"

-"ਉਹ ਵੀ ਬਾਪੂ ਜੀ ਦੇ ਨਾਂ ਐਂ ਜੀ...।"

-"ਤੇਰੇ ਨਾਂ ਕੀ ਐ....?"

-"ਮੇਰੇ ਨਾਂ ਤਾਂ ਅਜੇ ਕੁਛ ਨੀ ਜੀ...!"

-"ਫੇਰ ਇਲਾਕੇ ਦਾ ਮਸ਼ਹੂਰ ਬੰਦਾ ਤੈਨੂੰ ਨੰਗ ਨੂੰ ਕਿਉਂ ਮਾਰੂ, ਜਾਂ ਕਿਉਂ ਕਿਸੇ ਤੋਂ ਮਰਵਾਊ...?"

-"............।" ਮੁਣਸ਼ੀ ਦੇ 'ਦੁਰ-ਵਿਵਹਾਰ' ਨੇ ਉਸ ਦਾ ਮੂੰਹ ਬੰਦ ਕਰ ਦਿੱਤਾ।

-"ਘਰ ਤੇਰੇ ਕੋਲ਼ ਨੀ, ਆਮਦਨ ਤੇਰੀ ਕੋਈ ਨੀ, ਜ਼ਮੀਨ ਤੇਰੇ ਕੋਲ਼ ਨੀ, ਤੈਨੂੰ ਮਾਰ ਕੇ ਭਾਨੇ ਨੂੰ ਫ਼ਾਇਦਾ ਕੀ ਹੋਊ..?"

-"ਜੀ ਮੈਂ ਨੌਜਵਾਨ ਪੀੜ੍ਹੀ ਨੂੰ ਲਾਮਬੰਦ ਕਰ ਕੇ ਨਸ਼ਾ ਛੁਡਾਊ ਕੇਂਦਰ ਦਾ ਨਿਰਮਾਣ ਕਰਵਾਇਆ ਸੀ, ਤੇ ਭਾਨੇ ਵਰਗੇ ਨਸ਼ੇ ਦੇ ਸੌਦਾਗਰਾਂ ਨੂੰ ਇਹ ਸਕੀਮ ਰਾਸ ਨਾ ਆਈ, ਤੇ ਉਹਨਾਂ ਨੇ ਮੇਰੇ ਉਪਰ ਨਸ਼ਾ ਛੁਡਾਊ ਕੇਂਦਰ ਬੰਦ ਕਰਵਾਉਣ ਲਈ ਜੋਰ ਪਾਉਣਾ ਸ਼ੁਰੂ ਕਰ ਦਿੱਤਾ, ਮੈਨੂੰ ਲਾਲਚ ਦਿੱਤੇ ਗਏ, ਰਾਸ਼ਟਰੀ ਤੇ ਅੰਤਰਾਸ਼ਟਰੀ ਪੱਧਰ 'ਤੇ ਮੈਚ ਖਿਡਾਉਣ ਦਾ ਚੋਗਾ ਸੁੱਟਿਆ ਗਿਆ, ਪਰ ਜਦੋਂ ਮੈਂ ਨਾ ਮੰਨਿਆਂ, ਤਾਂ ਉਹ ਮਾਰਨ ਮਰਵਾਉਣ 'ਤੇ ਉੱਤਰ ਆਏ ਤੇ ਹੁਣ ਮੈਨੂੰ ਸ਼ਰੇਆਮ ਸਿੱਧੀਆਂ ਧਮਕੀਆਂ ਮਿਲ਼ ਰਹੀਆਂ ਨੇ ਜੀ ਤੁਸੀਂ ਫ਼ੋਨ ਦੀ ਰਿਕਾਰਡਿੰਗ ਸੁਣ ਸਕਦੇ ਹੋ...।" ਕੈਰੀ ਨੇ ਸੰਖੇਪ ਵਿੱਚ ਸਾਰੀ ਘਟਨਾ ਦਾ ਵਰਨਣ ਕਰ ਦਿੱਤਾ।

-"ਅਸੀਂ ਤੇਰੇ ਫ਼ੋਨ ਦੀਆਂ ਰਿਕਾਰਡਿੰਗਾਂ ਸੁਣਨ ਲਈ ਵਿਹਲੇ ਨੀ ਬੈਠੇ..। ਨਾਲ਼ੇ ਜਦੋਂ ਤੂੰ ਇਲਾਕੇ ਦੇ ਬਾਰਸੂਖ਼ ਤੇ ਸਿਰਕੱਢ ਬੰਦਿਆਂ ਨਾਲ਼ ਪੰਗੇ ਲਵੇਂਗਾ, ਤਾਂ ਲੱਤਾਂ ਈ ਭੰਨਾਵੇਂਗਾ, ਤੈਥੋਂ ਟਿਕ ਕੇ ਬੈਠਾ ਨੀ ਜਾਂਦਾ...?"

-"ਜੀ-।" ਕੈਰੀ ਅਜੇ ਕੁਛ ਬੋਲਣ ਹੀ ਲੱਗਿਆ ਸੀ, ਕਿ ਮੁਣਸ਼ੀ ਤਪ ਗਿਆ।

-"ਗੱਲ ਸੁਣ ਲੈ ਮੇਰੀ ਇੱਕ...! ਤੇ ਸੁਣੀਂ ਵੀ ਕੰਨ ਖੋਲ੍ਹ ਕੇ..! ਇਲਾਕੇ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣਾ ਪੁਲ਼ੀਸ ਦਾ ਪਹਿਲਾ ਕਰਮ ਐਂ, ਇਲਾਕੇ ਵਿੱਚ ਜੇ ਤੂੰ ਕੋਈ ਸਿੰਗੜੀ ਛੇੜੀ, ਅਸੀਂ ਚੱਕ ਕੇ ਤੈਨੂੰ ਹਵਾਲਾਤ 'ਚ ਤਾੜ ਦਿਆਂਗੇ, ਤੇ ਦਸ ਦਿਨ ਤੇਰੀ ਕਿਸੇ ਨੇ ਬਾਤ ਨੀ ਪੁੱਛਣੀ, ਫ਼ੇਰ ਨਾ ਅੰਦਰ ਬੈਠਾ ਚੀਕੀਂ...। ਕਈ ਵਾਰ ਇਲਾਕੇ ਦੇ ਨਾਮਵਰ ਬੰਦਿਆਂ 'ਤੇ ਚਿੱਕੜ ਉਛਾਲਣਾ ਬਹੁਤ ਮਹਿੰਗਾ ਪੈਂਦੈ...! ਕਿਤੇ ਰੋਜੇ ਬਖ਼ਸ਼ਾਉਣ ਗਏ ਦੇ ਨਮਾਜਾਂ ਨਾ ਗਲ਼ ਪੈ ਜਾਣ, ਸੁਣ ਗਿਆ...?"

-"ਮੁਣਸ਼ੀ ਕੀ ਗੱਲ ਐ...?" ਅਚਾਨਕ ਠਾਣੇਦਾਰ ਨੇ ਕੋਲ਼ ਆ ਕੇ ਪੁੱਛਿਆ।

-"ਆਪਣੇ ਭਾਨੇ ਭਗੌੜ੍ਹੇ ਵਰਗਿਆਂ 'ਤੇ ਕੇਸ ਕਰਨ ਨੂੰ ਫ਼ਿਰਦੈ ਜੀ, ਮੈਂ ਸਮਝਾਇਐ, ਬਈ ਇਲਾਕੇ ਦੇ ਮੋਹਤਬਰ ਬੰਦਿਆਂ 'ਤੇ ਕੀਤਾ ਕੇਸ ਪੁੱਠਾ ਪੈ ਸਕਦੈ, ਮੈਨੂੰ ਲੱਗਦੈ ਤੂੰ ਤਾਂ ਬਾਪੂ ਦੀ ਚਾਰ ਕਿੱਲੇ ਜ਼ਮੀਨ ਵੀ ਵਿਕਾਵੇਂਗਾ...।"

-"ਗੱਲ ਸੁਣ ਮੇਰੀ ਧਿਆਨ ਨਾਲ਼..! ਜੇ ਹੁਣ ਕਿਸੇ ਵਿਰੁੱਧ ਸ਼ਕਾਇਤ ਜੀ ਲੈ ਕੇ ਠਾਣੇ ਆਇਆ ਨ੍ਹਾਂ, ਅਸੀਂ ਤੇਰੇ 'ਤੇ ਮਾਣਹਾਨੀ ਦਾ ਕੇਸ ਦਰਜ਼ ਕਰ ਲੈਣੈ, ਫ਼ੇਰ ਨਾ ਆਖੀਂ ਦੱਸਿਆ ਨੀ, ਚੱਲ ਦਫ਼ਾ ਹੋ ਐਥੋਂ...! ਭੈਣ ਚੋਦ ਆ ਜਾਂਦੇ ਐ ਮੂੰਹ ਚੱਕ ਕੇ ਠਾਣੇ, ਜਿਵੇਂ ਸਾਨੂੰ ਹੋਰ ਕੋਈ ਕੰਮ ਈ ਨੀ ਹੁੰਦਾ...।"

ਕੈਰੀ ਨਿਰਬਲ ਜਿਹਾ ਸਰੀਰ ਲੈ ਕੇ ਖੜ੍ਹਾ ਹੋ ਗਿਆ।

ਜਿਵੇਂ ਉਸ ਦੇ ਸਰੀਰ ਵਿੱਚ ਸੱਤਿਆ ਹੀ ਨਹੀਂ ਬਚੀ ਸੀ।

ਜਿਵੇਂ ਉਹ ਜੁੱਗੜਿਆਂ ਤੋਂ ਬਿਮਾਰ ਸੀ।

ਸੰਤਰੀ ਕੋਲ਼ ਦੀ ਲੰਘਦਾ ਕੈਰੀ ਹੋਰ ਸਹਿਮ ਗਿਆ।

-"ਕਿਉਂ, ਲਿਖਾਤੀ ਰਿਪੋਰਟ...? ਪੈ ਗਈ ਸੀਨੇ ਠੰਢ...? ਹੋ ਗਈ ਤਸੱਲੀ...? ਚੱਲ, ਹੁਣ ਘਰੇ ਜਾ ਕੇ 'ਰਾਮ ਕਰ, ਤੇ ਨਾਲ਼ੇ ਤੱਤੇ ਦੁੱਧ 'ਚ ਹਲ਼ਦੀ ਘੋਲ਼ ਕੇ ਪੀ ਲਈਂ, ਭਾਨੇ ਅਰਗਿਆਂ ਦੀ ਸੱਟ ਭੈੜ੍ਹੀ ਹੁੰਦੀ ਐ, ਕਿਤੇ ਕੈਂਸਰ ਨਾ ਬਣ ਜੇ...।" ਸਿਪਾਹੀ ਅਤੇ ਸੰਤਰੀ "ਖ਼ੀਂ - ਖ਼ੀਂ" ਕਰ ਕੇ ਹੱਸੇ।

ਕੈਰੀ ਗੱਡੇ ਵਰਗੇ ਪੈਰ ਘੜ੍ਹੀਸਦਾ ਠਾਣੇ ਤੋਂ ਬਾਹਰ ਨਿਕਲ਼ ਗਿਆ।

ਉਸ ਦਾ ਚਿਹਰਾ ਹੱਡ ਵਾਂਗ ਬੱਗਾ ਫ਼ੂਸ ਨਿਕਲ਼ ਆਇਆ ਸੀ।

...ਅਸਲ ਵਿੱਚ ਕੈਰੀ ਦੇ ਹਸਪਤਾਲ਼ ਦਾਖ਼ਲ ਹੋਣ ਵੇਲ਼ੇ ਹੀ ਭਾਨੇ ਹੋਰੀਂ ਠਾਣੇ "ਗੇੜਾ ਮਾਰ" ਗਏ ਸਨ। ਉਹਨਾਂ ਨੇ ਸੰਤਰੀ ਤੋਂ ਲੈ ਕੇ ਠਾਣੇਦਾਰ ਤੱਕ ਸਾਰੇ ਪੁਲ਼ੀਸ ਵਾਲ਼ੇ ਹੱਥ ਹੇਠ ਕਰ ਲਏ ਸਨ।

-"ਭਾਨਿਆਂ ਕਿਸੇ ਗੱਲ ਦੀ ਚਿੰਤਾ ਨਾ ਕਰ ਬਾਈ...! ਅਸੀਂ ਮਾਰ ਮਾਰ ਰੈਂਗੜੇ ਚੱਪਣੀਆਂ ਨਾ ਤੋੜ ਦਿਆਂਗੇ...? ਤੂੰ ਬੇਫ਼ਿਕਰ ਹੋ ਕੇ ਟਹਿਲ, ਐਸ਼ਾਂ ਕਰ, ਜਦੋਂ ਠਾਣੇ ਆਇਆ ਅਸੀਂ ਚਾਰ ਮਾਰਾਂਗੇ ਛਿੱਤਰ, ਜੇ ਤੈਨੂੰ ਦਿਸੇ, ਡਾਂਗ ਮਾਰੀਂ ਫ਼ਰਾਂ 'ਤੇ, ਬਾਕੀ ਅਸੀਂ ਸਾਂਭਲਾਂਗੇ...!" ਖ਼ੁਸ਼ ਹੋਏ ਭਾਨੇ ਨੇ ਬੋਰੀ ਵਰਗੇ ਗੀਝੇ ਵਿੱਚੋਂ ਥੱਬਾ ਨੋਟਾਂ ਦਾ ਕੱਢ ਕੇ ਠਾਣੇਦਾਰ ਵੱਲ ਸੁੱਟਿਆ ਸੀ

-"ਅੱਗੇ ਵੀ ਤੇਰਾ ਈ ਖਾਨੇ ਐਂ, ਕਾਹਨੂੰ ਬੇਸ਼ਰਮੀਂ ਦਿੰਨੈ ਬਾਈ ਭਾਨਿਆਂ...?" ਠਾਣੇਦਾਰ ਨੇ ਕਿਹਾ ਸੀ।

-"ਆਪਸ 'ਚ ਪਾਰਟੀ ਕਰ ਲਿਓ, ਘਰ ਦੀ ਤਾਂ ਗੱਲ ਐ...।"

ਕੈਰੀ ਘਰ ਆ ਕੇ "ਖਣਪੱਟੀ" ਜਿਹੀ ਲੈ ਕੇ, ਮੰਜੇ 'ਤੇ ਮੁਰਕੜੀ ਜਿਹੀ ਮਾਰ ਕੇ ਪੈ ਗਿਆ। ਉਸ ਦੇ ਨਾਲ਼ ਦੇ ਮੁੰਡੇ ਉਸ ਦਾ ਪਤਾ ਲੈਣ ਆਉਂਦੇ, ਪਰ ਕੈਰੀ ਦੀ ਮਾਨਸਿਕਤਾ ਐਨੀ ਲਹੂ ਲੁਹਾਣ ਹੋ ਚੁੱਕੀ ਸੀ, ਕਿ ਉਸ ਦਾ ਸਰੀਰ 'ਮੋਸ਼ਨ' ਹੀ ਨਹੀਂ ਫੜਦਾ ਸੀ। ਉਸ ਦੀ ਜੱਥੇਬੰਦੀ ਵਾਲ਼ੇ ਮੁੰਡੇ ਅਥਾਹ ਹੈਰਾਨ ਅਤੇ ਪ੍ਰੇਸ਼ਾਨ ਸਨ ਕਿ ਅਚਾਨਕ ਕੈਰੀ ਨੂੰ 'ਕੀ' ਹੋ ਗਿਆ ਸੀ...? ਕਿਤੇ ਕੈਰੀ ਨੂੰ ਕਿਸੇ ਨੇ ਕੁਝ ਦੇ ਤਾਂ ਨਹੀਂ ਦਿੱਤਾ ਸੀ...?

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਹੌਸਲੇ ਤੇ ਹਿੰਮਤ ਦੀ ਮਿਸਾਲ: ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼

ਉਜਾਗਰ ਸਿੰਘ



ਸੁਨੀਤਾ ਵਿਲੀਅਮਜ਼ ਅਤੇ ਬੈਰੀ ਬੁੱਚ ਵਿਲਮੋਰ 9 ਮਹੀਨੇ 14 ਦਿਨ ਅਰਥਾਤ 287 ਦਿਨ ਪੁਲਾੜ ਵਿਚ ਬਿਤਾਉਣ ਤੋਂ ਬਾਅਦ ਬੁੱਧਵਾਰ ਨੂੰ ਧਰਤੀ ‘ਤੇ ਆ ਗਏ ਹਨ। ਉਨ੍ਹਾਂ ਦਾ ਡਰੈਗਨ ਪੁਲਾੜ ਯਾਨ ਭਾਰਤੀ ਸਮੇਂ ਅਨੁਸਾਰ 19 ਮਾਰਚ ਨੂੰ ਸਵੇਰੇ 3.27 ਵਜੇ ਪਾਣੀ ਵਿੱਚ ਫਲੋਰੀਡਾ ਦੇ ਸਮੁੰਦਰੀ ਤੱਟ ‘ਤੇ ਡੇਲਾਹਾਸੇ ਜਲ ਖੇਤਰ ਵਿੱਚ ਉਤਾਰਿਆ ਗਿਆ। ਉਹ ਮੰਗਲਵਾਰ 18 ਮਾਰਚ ਨੂੰ 08.35 ਵਜੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਰਵਾਨਾ ਹੋਏ ਸਨ। ਜਦੋਂ ਪੁਲਾੜ ਯਾਨ ਧਰਤੀ ਦੇ ਵਾਯੂਮੰਡਲ ਵਿੱਚ ਦਾਖਲ ਹੋਇਆ ਤਾਂ ਇਸਦਾ ਤਾਪਮਾਨ 1650 ਡਿਗਰੀ ਸੈਲਸੀਅਸ ਤੋਂ ਵੱਧ ਗਿਆ ਸੀ ਪ੍ਰੰਤੂ ਕੈਪਸੂਲ ਦੇ ਪੁਲਾੜ ਨਾਲੋਂ ਵੱਖ ਹੋਣ ਸਮੇਂ ਡਰੈਗਨ ਦੀ ਪਲਾਜ਼ਮਾ ਸ਼ੀਲਡ ਦਾ ਤਾਪਮਾਨ ਵੱਧਕੇ 1927 ਸੈਲਸੀਅਸ ਤੱਕ ਪਹੁੰਚ ਗਿਆ ਸੀ, ਜਿਸ ਕਰਕੇ 7 ਮਿੰਟ ਕੈਪਸੂਲ ਨਾਲੋਂ ਸੰਪਰਕ ਟੁੱਟਿਆ ਰਿਹਾ ਸੀ। ਤੁਰੰਤ ਗੋਤਾਖੋਰਾਂ ਨੇ ਕੈਪਸੂਲ ਨੂੰ ਰਿਕਵਰੀ ਸ਼ਿਪ ਤੇ ਚੜ੍ਹਾ ਲਿਆ। ਇੱਕ ਘੰਟੇ ਬਾਅਦ ਪੁਲਾੜ ਯਾਤਰੀਆਂ ਨੂੰ ਬਾਹਰ ਨਿਕਾਲਿਆ ਗਿਆ ਤੇ ਸਟਰੇਚਰ ਤੇ ਪਾ ਕੇ ਲਿਜਾਇਆ ਗਿਆ। ਵਾਪਸ ਆਉਣ ਲਈ ਉਨ੍ਹਾਂ ਨੂੰ 17 ਘੰਟੇ ਸਮਾਂ ਲੱਗਿਆ। ਸੁਨੀਤਾ ਵਿਲੀਅਮਜ਼ ਅਤੇ ਬੈਰੀ ਬੁੱਚ ਵਿਲਮੋਰ ਨੂੰ ਵਾਪਸ ਲਿਆਉਣ ਲਈ ਕਰੂ-9 ਵਿੱਚ ਅਮਰੀਕਾ ਦੇ ਨਿੱਗ ਹੇਗ ਅਤੇ ਰੂਸ ਦੇ ਐਲਗਜ਼ੈਂਡਰ ਗੋਰਬੁਨੋਟ ਗਏ ਸਨ। ਪੁਲਾੜ 27359 ਕਿਲੋਮੀਟਰ ਪ੍ਰਤੀ ਘੰਟਾ ਰਫ਼ਤਾਰ ਨਾਲ ਆਇਆ ਹੈ ਤੇ ਉਸਨੇ 12 ਕਰੋੜ 10 ਲੱਖ ਮੀਲ ਦਾ ਸਫ਼ਰ ਤਹਿ ਕੀਤਾ ਹੈ। ਉਨ੍ਹਾਂ ਦੇ ਸਫਲਤਾ ਪੂਰਬਕ ਜ਼ਮੀਨੀ ਸਤਹ ‘ਤੇ ਆਉਣ ਨਾਲ ਸਮੁਚੇ ਸੰਸਾਰ ਅਤੇ ਨਾਸਾ ਦੇ ਵਿਗਿਆਨੀਆਂ ਨੇ ਸੁੱਖ ਦਾ ਸਾਹ ਲਿਆ, ਕਿਉਂਕਿ ਇੱਕ ਵਾਰ ਪਹਿਲਾਂ ਵੀ ਉਨ੍ਹਾਂ ਨੂੰ ਵਾਪਸ ਲਿਆਉਣ ਦੀ ਯੋਜਨਾ ਨੁਕਸ ਪੈ ਜਾਣ ਕਰਕੇ ਅੱਗੇ ਪਾਉਣੀ ਪਈ ਸੀ। ਲੋਕਾਂ ਵਿੱਚ ਉਨ੍ਹਾਂ ਦੀ ਵਾਪਸੀ ਲਈ ਬਹੁਤ ਉਤਸ਼ਾਹ ਅਤੇ ਅਸਥਿਰਤਾ ਬਣੀ ਹੋਈ ਸੀ।

ਬੈਰੀ ਬੁੱਚ ਵਿਲਮੋਰ ਅਤੇ ਸੁਨੀਤਾ ਲੀਨਾ ਪਾਂਡਿਆ ਵਿਲੀਅਮਜ਼ 6 ਜੂਨ 2024 ਨੂੰ ਅੰਤਰਰਾਸ਼ਟਰੀ ਸਪੇਸ ਸਟੇਸ਼ਨ ਲਈ ਸਿਰਫ 8 ਦਿਨ ਠਹਿਰਨ ਵਾਸਤੇ ਗਏ ਸਨ ਅਤੇ ਉਸੇ ਪੁਲਾੜ ਵਿੱਚ ਵਾਪਸ ਆਉਣਾ ਸੀ ਪ੍ਰੰਤੂ ਪੁਲਾੜ ਜ਼ਹਾਜ ਵਿੱਚ ਨੁਕਸ ਪੈਣ ਕਰਕੇ ਉਨ੍ਹਾਂ ਨੂੰ ਉਥੇ ਲੰਬਾ ਸਮਾਂ ਰਹਿਣਾ ਪਿਆ। ਇਕ ਬੋਰਡ ਸਪੇਸ ਕਰਾਫਟ ਐਲਨ ਮਸਕ ਦੇ ਸਪੇਸ ਐਕਸ ਦਾ ਸੀ। ਰਾਸ਼ਟਰਪਤੀ ਟਰੰਪ ਦੇ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਟਰੰਪ ਅਤੇ ਐਲਨ ਮਸਕ ਨੇ ਐਲਾਨ ਕੀਤਾ ਸੀ ਕਿ ਦੋਹਾਂ ਪੁਲਾੜ ਯਾਤਰੀਆਂ ਨੂੰ ਜਲਦੀ ਵਾਪਸ ਲਿਆਂਦਾ ਜਾਵੇਗਾ। ਸਪੇਸ ਐਕਸ ਅਤੇ ਨਾਸਾ ਵਧਾਈ ਦੇ ਪਾਤਰ ਹਨ। ਉਨ੍ਹਾਂ ਨੂੰ ਟੈਕਸਾਸ ਰਾਜ ਦੇ ਹੂਸਟਨ ਵਿੱਚ ਸਥਿਤ ਨਾਸਾ ਦੇ ਜੌਹਨਸਨ ਸਪੇਸ ਸੈਂਟਰ ਵਿੱਚ ਲਿਜਾਇਆ ਗਿਆ ਹੈ। ਇਥੇ ਉਨ੍ਹਾਂ ਦੇ ਵਾਈਟਲ ਅੰਗਾਂ ਦਾ ਮੁਆਇਨਾ ਕੀਤਾ ਜਾਵੇਗਾ। ਉਨ੍ਹਾਂ ਨੂੰ 45 ਦਿਨ ਲਈ ਹਸਪਤਾਲ ਵਿੱਚ ਡਾਕਟਰਾਂ ਦੀ ਵੇਖ-ਰੇਖ ਵਿੱਚ ਰੱਖਿਆ ਜਾਵੇਗਾ ਕਿਉਂਕਿ ਲੰਬਾ ਸਮਾਂ ਪੁਲਾੜ ਵਿੱਚ ਰਹਿਣ ਕਰਕੇ ਉਨ੍ਹਾਂ ਦੇ ਸਰੀਰ ਦੇ ਕਈ ਅੰਗਾਂ ਵਿੱਚ ਥੋੜ੍ਹੀ ਬਹੁਤੀ ਤਬਦੀਲੀ ਆ ਗਈ ਹੋਵੇਗੀ। ਪੂਰੇ ਤੰਦਰੁਸਤ ਹੋਣ ਤੋਂ ਬਾਅਦ ਉਹ ਸਭ ਤੋਂ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਓਵਲ ਹਾਊਸ ਵਿੱਚ ਮਿਲਣ ਜਾਣਗੇ। ਚਾਰ ਵਾਰ ਸਫ਼ਲਤਾ ਪੂਰਬਕ ਪੁਲਾੜ ਦੀ ਯਾਤਰਾ ਕਰਨ ਵਾਲੀ ਭਾਰਤੀ ਮੂਲ ਦੀ ਅਮਰੀਕੀ ਸੁਨੀਤਾ ਵਿਲੀਅਮਜ਼ ਸੰਸਾਰ ਦੀ ਪਹਿਲੀ ਇਸਤਰ ਸਭ ਤੋਂ ਲੰਬਾ ਸਮਾਂ ਪੁਲਾੜ ਵਿੱਚ ਸਮਾਂ ਬਿਤਾਉਣ ਵਾਲਾ ਵਿਅਕਤੀ ਬਣ ਗਈ ਹੈ। ਸੁਨੀਤਾ ਵਿਲੀਅਮਜ਼ ਨੇ ਚਾਰ ਵਾਰੀ ਪੁਲਾੜ ਦੀ ਯਾਤਰਾ ਸਮੇਂ ਕੁਲ 606 ਦਿਨ ਦਾ ਸਮਾਂ ਬਿਤਾਇਆ ਹੈ। ਇਸਦੇ ਨਾਲ ਹੀ ਉਹ ਭਾਰਤੀ ਮੂਲ ਦੀ ਦੂਜੀ ਪੁਲਾੜ ਯਾਤਰੀ ਹੈ। ਇਹ ਯਾਤਰਾਵਾਂ ਉਸਨੇ 31 ਜਨਵਰੀ, 4 ਫਰਵਰੀ, 9 ਫਰਵਰੀ 2007 ਅਤੇ 18 ਮਾਰਚ 2025 ਵਿੱਚ ਕੀਤੀਆਂ ਹਨ। ਇਸ ਤੋਂ ਪਹਿਲਾਂ ਭਾਰਤੀ ਮੂਲ ਦੀ ਕਲਪਨਾ ਚਾਵਲਾ ਪੁਲਾੜ ਵਿੱਚ ਗਈ ਸੀ, ਜਿਸਦੀ ਵਾਪਸੀ ਸਮੇਂ ਪੁਲਾੜ ਜਹਾਜ ਵਿੱਚ ਤਕਨੀਕੀ ਖ਼ਰਾਬੀ ਕਰਕੇ ਦੁਰਘਟਨਾ ਵਿੱਚ ਮੌਤ ਹੋ ਗਈ ਸੀ। ਕਲਪਨਾ ਚਾਵਲਾ ਭਾਰਤ ਦੇ ਹਰਿਆਣਾ ਅਤੇ ਸੁਨੀਤਾ ਵਿਲੀਅਮਜ਼ ਪੱਛਵੀਂ ਗੁਜਰਾਤ ਸੂਬੇ ਨਾਲ ਸੰਬੰਧ ਰੱਖਦੀ ਹੈ। ਨਾਸਾ ਦੀ ਜਾਣਕਾਰੀ ਅਨੁਸਾਰ ਇਸਦੇ ਨਾਲ ਹੀ ਸੁਨੀਤਾ ਵਿਲੀਅਮਜ਼ ਪੁਲਾੜ ਵਿੱਚ ਸਭ ਤੋਂ ਵੱਧ ਸਮਾਂ ਬਿਤਾਉਣ ਵਾਲੇ ਪੁਲਾੜ ਯਾਤਰੀਆਂ ਵਿੱਚ ਦੂਜੇ ਸਥਾਨ ‘ਤੇ ਪਹੁੰਚ ਗਈ ਹੈ। ਇਸ ਮਿਸ਼ਨ ਵਿੱਚ ਸੁਨੀਤਾ ਵਿਲੀਅਮਜ਼ ਨੇ ਪੁਲਾੜ ਵਿੱਚ ਲਗਾਤਾਰ 286 ਦਿਨ ਬਿਤਾ ਕੇ ਇਤਿਹਾਸ ਸਿਰਜ ਦਿੱਤਾ ਹੈ। ਪੁਲਾੜ ਵਿੱਚ ਰਹਿੰਦਿਆਂ ਉਸਨੇ 4576 ਵਾਰ ਧਰਤੀ ਦੀ ਪਰਕਰਮਾ ਕੀਤੀ। ਸੁਨੀਤਾ ਵਿਲੀਅਮਜ਼ ਨੂੰ ਭਾਰਤ ਸਰਕਾਰ ਨੇ ਪੁਲਾੜ ਦੇ ਖੇਤਰ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ 2007 ਵਿੱਚ ਪਦਮ ਭੂਸ਼ਣ ਦਾ ਖ਼ਿਤਾਬ ਦੇ ਕੇ ਸਨਮਾਨਤ ਕੀਤਾ ਸੀ। ਉਹ 2007 ਅਤੇ 2013 ਵਿੱਚ ਭਾਰਤ ਆਈ ਸੀ। ਉਸ ਸਮੇਂ ਉਸਨੇ ਆਪਣੇ ਪਿੰਡ ਝੂਲਾਸਨ ਦੇ ਡੋਲਾ ਮਾਤਾ ਮੰਦਰ ਵਿੱਚ ਪੂਜਾ ਕੀਤੀ ਸੀ। ਜਦੋਂ 2024 ਵਿੱਚ ਪੁਲਾੜ ਯਾਤਰਾ ‘ਤੇ ਗਈ ਸੀ, ਉਦੋਂ ਦੀ ਹੀ ਇਸ ਮੰਦਰ ਵਿੱਚ ਅਖੰਡ ਜਯੋਤੀ ਲਗਾਤਾਰ ਜਲ ਰਹੀ ਹੈ। ਪਿੰਡ ਦੀਆਂ ਇਸਤਰੀਆਂ ਉਸਦੇ ਸੁਰੱਖਿਅਤ ਆਉਣ ਦੀਆਂ ਪ੍ਰਾਰਥਨਾਵਾਂ ਕਰਦੀਆਂ ਸਨ। ਸੁਨੀਤਾ ਦੇ ਵਾਪਸ ਸੁਰੱਖਿਅਤ ਆਉਣ ‘ਤੇ ਪਿੰਡ ਵਿੱਚ ਖ਼ੁਸ਼ੀਆਂ ਮਨਾਈਆਂ ਗਈਆਂ, ਪਟਾਕ ਚਲਾਏ ਤੇ ਮਠਿਆਈਆਂ ਵੰਡੀਆਂ ਗਈਆਂ।



ਮਹਿਜ 22 ਸਾਲ ਦੀ ਉਮਰ ਵਿੱਚ 1987 ਵਿੱਚ ਸੁਨੀਤਾ ਵਿਲੀਅਮਜ਼ ਨੇ ਨੇਵਲ ਅਕਾਡਮੀ ਤੋਂ ਸਰੀਰਕ ਵਿਗਿਆਨ ਵਿੱਚ ਬੈਚੂਲਰ ਆਫ਼ ਸਾਇੰਸ ਦੀ ਡਿਗਰੀ ਪ੍ਰਾਪਤ ਕਰਕੇ ਸਟੇਟ ਨੇਵੀ ਵਿੱਚ ਭਰਤੀ ਹੋ ਗਈ ਸੀ। ਉਸਨੂੰ ਨਵਲ ਕੋਸਟਲ ਸਿਸਟਮ ਕਮਾਂਡ ਵਿੱਚ ਛੇ ਮਹੀਨੇ ਜ਼ਿੰਮੇਵਾਰੀ ਨਿਭਾਉਣ ਤੋਂ ਬਾਅਦ ਬੇਸਿਕ ਡਾਈਵਿੰਗ ਅਧਿਕਾਰੀ ਨਿਯੁਕਤ ਕਰ ਦਿੱਤਾ ਸੀ। ਉਸ ਤੋਂ ਬਾਅਦ 1989 ਵਿੱਚ ਸੁਨੀਤਾ ਵਿਲੀਅਮਜ਼ ਨੂੰ ਏਵੀਏਟਰ ਨਾਮਜ਼ਦ ਕਰ ਦਿੱਤਾ ਸੀ। ਉਸਨੇ ਹੈਲੀਕਾਪਟਰ ਲੜਾਈ ਸਪੋਰਟ ਸਕੁਐਡਰਨ-3 (ਐਚ.ਸੀ-3) ਵਿੱਚ ਸ਼ੁਰੂਆਤੀ ਐਚ-46 ਸਾਗਰ ਨਾਈਟ ਦੀ ਸਿਖਲਾਈ ਵੀ ਪ੍ਰਾਪਤ ਕੀਤੀ। ਫਿਰ ਉਸਨੂੰ ਹੈਲੀਕਾਪਟਰ ਲੜਾਈ ਸਪੋਰਟਸ ਵਿੱਚ ਨਿਯੁਕਤ ਕੀਤਾ ਗਿਆ। ਉਸਤੋਂ ਬਾਅਦ ਸੁਨੀਤਾ ਵਿਲੀਅਮਜ਼ ਦੀ ਨਾਰਫੋਕ, ਵਰਜੀਨੀਆ ਵਿੱਚ ਸਕੁਐਡਰਨ 8 (ਐਚ.ਸੀ-8) ਜਿਸ ਨਾਲ ਉਸਨੇ ਮੈਡੀਟੇਰੀਅਨ, ਲਾਲ ਸਾਗਰ ਅਤੇ ਫਾਰਸ ਦੀ ਖਾੜੀ ਅਪ੍ਰੇਸ਼ਨ ਪ੍ਰੋਵਾਈਡ ਕੰਫਰਟ ਲਈ ਵਿਦੇਸ਼ ਤਾਇਨਾਤੀ ਸਮੇਂ ਕੰਮ ਕੀਤਾ। ਸਤੰਬਰ 1992 ਵਿੱਚ ਉਹ ਯੂ.ਐਸ.ਐਸ.ਸਿਲਵਾਨੀਆਂ ਵਿੱਚ ਤੂਫ਼ਾਨ ਐਂਡਿਰ ਰੀਲੀਫ਼ ਤਹਿਤ ਕਾਰਜ਼ਾਂ ਲਈ ਸਿਖਲਾਈ ਵਾਸਤੇ ਫਲੋਰੀਡਾ ਭੇਜੀ ਗਈ, ਜੋ ਐਚ.46 ਦੀ ਟੁਕੜੀ ਦੀ ਅਧਿਕਾਰੀ ਸੀ। 1993 ਵਿੱਚ ਸੰਯੁਕਤ ਰਾਜ ਦੇ ਨੇਵਲ ਟੈਸਟ ਪਾਇਲਟ ਸਕੂਲ ਵਿੱਚ ਸਿਖਲਾਈ ਲਈ ਅਤੇ ਦਸੰਬਰ ਗ੍ਰੈਜੂਏਸ਼ਨ ਕੀਤੀ। ਉਸਨੂੰ ਰੋਟਰੀ ਵਿੰਗ ਏਅਰ ਕਰਾਫਟ ਟੈਸਟ ਡਾਇਰੈਕਟੋਰੇ ਐਚ.46 ਪ੍ਰੋਜੈਕਟ ਅਧਿਕਾਰੀ ਅਤੇ ਟੀ.2 ਵਿੱਚ ਵੀ 22 ਚੇਜ਼ ਪਾਇਲਟ ਵੱਜੋਂ ਨਿਯੁਕਤ ਕੀਤਾ। ਉਸਤੋਂ ਬਾਅਦ ਸਕੁਐਡਰਨ ਸੇਫਟੀ ਅਫ਼ਸਰ ਨਿਯੁਕਤ ਕਰ ਦਿੱਤਾ। 1995 ਵਿੱਚ ਫਲੋਰੀਡਾ ਇਨਸਟੀਚਿਊਟ ਆਫ਼ ਟੈਕਨਾਲੋਜੀ ਤੋਂ ਇੰਜਿਨੀਅਰਿੰਗ ਮੈਨੇਜਮੈਂਟ ਵਿੱਚ ਮਾਸਟਰ ਆਫ਼ ਸਾਇੰਸ ਦੀ ਡਿਗਰੀ ਪ੍ਰਾਪਤ ਕੀਤੀ। 1998 ਵਿੱਚ ਉਹ ਨਾਸਾ ਵਿੱਚ ਭਰਤੀ ਹੋ ਗਈ ਸੀ। ਸੁਨੀਤਾ ਲਿਵਅਮਜ਼ 17 ਸਤੰਬਰ 2012 ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੀ ਕਮਾਂਡਰ ਬਣੀ ਸੀ। ਸੰਸਾਰ ਦੇ ਤਜ਼ਰਬੇਕਾਰ ਪੁਲਾੜ ਯਾਤਰੀਆਂ ਵਿੱਚ ਨੌਵੇਂ ਸਥਾਨ ‘ਤੇ ਆਉਂਦੀ ਹੈ। 16 ਅਪ੍ਰੈਲ 2007 ਨੂੰ ਪੁਲਾੜ ਸਟੇਸ਼ਨ ਤੋਂ ਮੈਰਾਥਨ ਦੌੜਨ ਵਾਲਾ ਪਹਿਲਾ ਵਿਅਕਤੀ ਹੈ। ਸ਼ਟਲ ਡਿਸਕਵਰੀ ‘ਤੇ ਸਵਾਰ ਹੋਣ ਤੋਂ ਬਾਅਦ ਸੁਨੀਤਾ ਵਿਲੀਅਮਜ਼ ਨੇ ਆਪਣੇ ਟੱਟੂ ਦੀ ਪੂਛ ਨੂੰ ਲੋਕਮ ਆਫ਼ ਲਵ ਨੂੰ ਦਾਨ ਕਰਨ ਦਾ ਪ੍ਰਬੰਧ ਵੀ ਕੀਤਾ। ਉਸਨੇ ਚਾਰ ਸਪੇਸਵਾਕਾਂ ਵਿੱਚ 9 ਵਾਰ 62 ਘੰਟੇ ਸੈਰ ਕੀਤੀ। ਉਹ ਜੌਹਨ ਹਿਗਿਨ ਨਾਲ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੀ ਮੰਜ਼ਲ ਪ੍ਰਯੋਗਸ਼ਾਲਾ ਵਿੱਚ ਕਨੇਡਾਰਮ 2 ਦੇ ਨਿਯੰਤਰਣ ਦਾ ਕੰਮ ਕਰਦੇ ਰਹੇ ਹਨ। ਉਸਨੇ ਅਲੱਗ ਅਲੱਗ ਪੁਲਾੜ ਯੰਤਰਾਂ ਵਿੱਚ ਲਗਪਗ 3000 ਉਡਾਣਾ ਭਰੀਆਂ। ਸੁਨੀਤਾ ਵਿਲੀਅਮਜ਼ ਨੂੰ ਬਹੁਤ ਸਾਰੇ ਮਾਨ ਸਨਮਾਨ ਮਿਲੇ ਹਨ, ਜਿਨ੍ਹਾਂ ਵਿੱਚ ਨੇਵ ਕਮਾਂਡੇਸ਼ਨ ਮੈਡਲ, ਨੇਵੀ ਐਂਡ ਮੈਰੀਨ ਸ਼ਾਰਪ ਅਚੀਵਮੈਂਟ ਮੈਡਲ ਅਤੇ ਹਿਊਮੈਨੇਟੇਰੀ ਸਰਵਿਸ ਮੈਡਲ ਸ਼ਾਮਲ ਹਨ। ਉਹ ਸੋਸਾਇਟੀ ਆਫ਼ ਐਕਸਪੈਰੀਮੈਂਟਲ, ਟੈਸਟ ਪਾਇਲਟਸ ਇੰਜਿਨੀਅਰਿੰਗ ਅਤੇ ਅਮਰੀਕੀ ਹੈਲੀਕਾਪਟਰ ਐਸੋਸੀਏਸ਼ਨ ਨਾਲ ਜੁੜੀ ਹੋਈ ਹੈ। ਉਹ ਅਮਲੀ ਤੌਰ ‘ਤੇ ਕੰਮ ਕਰਨ ਵਿੱਚ ਯਕੀਨ ਰੱਖਦੀ ਹੈ। ਸੁਨੀਤਾ ਵਿਲੀਅਮਜ਼ ਟਿਕ ਕੇ ਵਿਹਲੀ ਨਹੀਂ ਬੈਠ ਸਕਦੀ, ਉਹ ਲਗਾਤਾਰ ਕੁਝ ਨਾ ਕੁਝ ਕਰਨ ਵਿੱਚ ਰੁੱਝੀ ਰਹਿੰਦੀ ਹੈ। ਇਸ ਸਮੇਂ ਉਸਦਾ ਪਰਿਵਾਰ ਜੋ ਮੈਸੇਚਿਊਸੇਟਸ ਵਿੱਚ ਰਹਿੰਦਾ ਹੈ। ਸੁਨੀਤਾ ਵਿਲੀਅਮਜ਼ ਦੇ ਸੁਰੱਖਿਅਤ ਵਾਪਸ ਆਉਣ ‘ਤੇ ਪਿੰਡ ਵਿੱਚ ਉਸਦੇ ਪਰਿਵਾਰ ਦੇ ਨਜ਼ਦੀਕੀਆਂ ਨੇ ਖ਼ੁਸ਼ੀਆਂ ਮਨਾਈਆਂ ਹਨ ਅਤੇ ਉਥੇ ਵਿਆਹ ਵਰਗਾ ਮਾਹੌਲ ਹੈ।

ਸੁਨੀਤਾ ਲਿਨ ਪਾਂਡਿਆ ਦਾ ਜਨਮ 19 ਸਤੰਬਰ 1965 ਨੂੰ ਓਹਾਈਓ ਰਾਜ ਦੇ ਯੂਕਲਿਡ ਨਗਰ (ਕਲੀਵਲੈਂਡ) ਵਿੱਚ ਪਿਤਾ ਦੀਪਕ ਪਾਂਡਿਆ ਅਤੇ ਮਾਤਾ ਉਰਸੁਲਾਈਨ ਬੋਨੀ (ਜ਼ਾਲੋਕਰ) ਪਾਂਡਿਆ ਦੀ ਕੁਖੋਂ ਹੋਇਆ। ਉਨ੍ਹਾਂ ਦੇ ਪਿਤਾ ਡਾ. ਦੀਪਕ ਪਾਂਡਿਆ ਨਿਊਰੋਆਟੋਮਿਸਟ ਸਨ। ਦੀਪਕ ਪਾਂਡਿਆ ਦੀ 2020 ਵਿੱਚ ਮੌਤ ਹੋ ਗਈ ਸੀ। ਸੁਨੀਤਾ ਦੀ ਮਾਤਾ ਸੋਲਵਾਨੀਆਂ ਤੋਂ ਹਨ। ਸੁਨੀਤਾ ਆਪਣੇ ਭਰਾ ਜੈ ਥਾਮਸ ਪਾਂਡਿਆ ਅਤੇ ਭੈਣ ਦੀਨਾ ਅਨਾਦਜ਼ ਤੋਂ ਛੋਟੀ ਹੈ। ਸੁਨੀਤਾ ਦੇ ਪਿਤਾ ਡਾਕਟਰੀ ਦੀ ਪੜ੍ਹਾਈ ਕਰਨ ਲਈ 1958 ਵਿੱਚ ਅਮਰੀਕਾ ਗਏ ਸਨ। ਸੁਨੀਤਾ ਵਿਲੀਅਮਜ਼ ਦੇ ਚਾਚੇ ਤਾਇਆਂ ਦਾ ਵੱਡਾ ਪਰਿਵਾਰ ਹੈ। ਝੂਲਾਸਨ ਪਿੰਡ ਵਿੱਚ ਸੁਨੀਤਾ ਵਿਲੀਅਮ ਦੀ ਦਾਦੀ ਰਾਮ ਬਹਿਨ ਨਰਮਦਾ ਸ਼ੰਕਰ ਪਾਂਡਿਆ ਦੀ ਯਾਦ ਵਿੱਚ ਲਾਇਬਰੇਰੀ ਸਥਾਪਤ ਕੀਤੀ ਹੋਈ ਹੈ। ਉਨ੍ਹਾਂ ਦਾ ਪਿੰਡ ਗੁਜਰਾਤ ਸੂਬੇ ਦੇ ਮਹਿਸਾਨਾ ਜ਼ਿਲ੍ਹੇ ਵਿੱਚ ਝੂਲਾਸਨ ਹੈ, ਜੋ ਗਾਂਧੀਨਗਰ ਤੋਂ 40 ਕਿਲੋਮੀਟਰ ਹੈ। ਸੁਨੀਤਾ ਨੇ 1983 ਵਿੱਚ ਨੀਡਹੋਮ ਮੈਸੇਚਿਊਸੇਟਸ ਦੇ ਸਕੂਲ ਵਿੱਚੋਂ ਗ੍ਰੈਜੂਏਸ਼ਨ ਕੀਤੀ ਸੀ। ਸੁਨੀਤਾ ਲੀਨਾ ਪਾਂਡਿਆ ਦਾ ਵਿਆਹ ਆਪਣੇ ਕਲਾਸ ਫੈਲੋ ਮਾਈਕਲ.ਜੇ.ਵਿਲੀਅਮਜ਼ ਨਾਲ ਹੋਇਆ ਹੈ। ਸੁਨੀਤਾ ਮਿਹਨਤੀ, ਆਤਮ ਵਿਸ਼ਵਾਸੀ, ਦਲੇਰ, ਹੈਲੀਕਾਪਟਰ ਪਾਇਲਟ, ਜਲ ਸੈਨਿਕ, ਗੋਤਾਖੋਰ, ਤੈਰਾਕ, ਜਲਸੈਨਾ ਪੌਡ ਚਾਲਕ ਤੇ ਪਸ਼ੂ ਪ੍ਰੇਮੀ ਇਸਤਰੀ ਹੈ। ਉਹ ਹਰ ਕੰਮ ਨੂੰ ਵੰਗਾਰ ਸਮਝਕੇ ਕਰਦੀ ਹੈ। ਇਸ ਕਰਕੇ ਇੱਕ ਸਾਧਾਰਨ ਪਰਿਵਾਰ ਵਿੱਚੋਂ ਉਠਕੇ ਇਤਨੇ ਵੱਡੇ ਕਾਰਜ ਕੀਤੇ ਹਨ।

ujagarsingh48@yahoo.com

ਨੈਸ਼ਨਲ ਐਕਪਰੈਸ ਕੋਚ ਦੀ ਠੱਗੀ ਦਾ ਮਾਮਲਾ

# ਤੈਨੂੰ ਇੱਕ ਵਾਰ ਸੁਣਿਆ ਨਹੀਂ ਕਿ ਇਸ ਦੇ ਪੈਸੇ ਲੱਗਣੇ ਹਨ!!

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ ?)



ਇਹ ਗੱਲ ਹੈ ਬੀਤੇ ਐਤਵਾਰ (16/03/2025) ਤੜਕੇ ਪੈਣੇ ਕੁ ਤਿੰਨ ਵਜੇ ਦੀ। ਲੈਸਟਰ ਦੇ ਸੈਂਟ ਮਾਰਗਰੇਟ ਬੱਸ ਸਟੇਸ਼ਨ 'ਤੇ ਮੈਂ ਆਪਣੇ ਇਕ ਰਿਸ਼ਤੇਦਾਰ ਨੂੰ ਗੈਟਵਿਕ ਏਅਰ ਪੋਰਟ ਵਾਸਤੇ ਵਿਦਾ ਕਰਨ ਲਈ ਗਿਆ। ਨੈਸ਼ਨਲ ਐਕਸਪਰੈਸ ਕੋਚ ਦਾ ਟਿਕਟ ਪਹਿਲਾਂ ਹੀ ਆਨਲਾਇਨ ਲੈ ਰੱਖਿਆ ਸੀ, BV73ZXL ਨੰਬਰ ਵਾਲੀ ਇਸ ਕੋਚ ਦਾ ਰਵਾਨਗੀ ਸਮਾਂ ਸਵੇਰੇ 2.55 ਦਾ ਸੀ ਤੇ ਕੋਚ ਬੱਸ ਅੱਡੇ ਉੱਤੇ ਪੌਣੇ ਕੁ ਤਿੰਨ ਵਜੇ ਪਹੁੰਚ ਚੁੱਕੀ ਸੀ। ਕੋਚ ਡਰਾਇਵਰ ਨੇ ਪਹੁੰਚਦਿਆਂ ਹੀ ਸਵਾਰੀਆਂ ਦੀਆਂ ਟਿਕਟਾਂ ਚੈੱਕ ਕਰਨ ਦੀ ਬਜਾਏ ਉਹਨਾਂ ਦੇ ਸਮਾਨ ਬਾਰੇ ਪੁੱਛ ਗਿੱਛ ਕਰਨੀ ਸ਼ੁਰੂ ਕਰ ਦਿੱਤੀ ਤੇ ਨਾਲ ਹੀ ਇਕ ਬੈਗ ਨੂੰ ਛੱਡਕੇ ਬਾਕੀਆਂ ਦੇ ਵਾਧੂ ਪੈਸੇ ਦੱਸਣੇ ਸ਼ੁਰੂ ਕਰ ਦਿੱਤੇ।

ਮੇਰੇ ਰਿਸ਼ਤੇਦਾਰ ਕੋਲ 23 ਕਿੱਲੋ ਭਾਰ ਵਾਲਾ ਇਕ ਅਟੈਚੀ ਕੇਸ ਤੇ ਦੂਜਾ ਹੈਂਡ ਬੈਗ ਸੀ। ਅਟੈਚੀਕੇਸ ਬਾਰੇ ਤਾਂ ਡਰਾਇਵਰ ਨੇ ਕੁੱਝ ਨਹੀਂ ਕਿਹਾ, ਪਰ ਹੈਂਡ ਬੈਗ ਵੱਲ ਇਸ਼ਾਰਾ ਕਰਕੇ ਉਸ ਨੇ ਕਿਹਾ ਕਿ ਇਸਦੇ 15 ਪੌਂਡ ਹੋਰ ਲੱਗਣਗੇ, ਜਦੋਂ ਮੇਰੇ ਵਲੋਂ ਇਹ ਪੁੱਛਿਆ ਗਿਆ ਕਿ ਕੀ ਤੁਸੀਂ ਹੈਂਡ ਬੈਗ ਦੇ ਵੀ ਚਾਰਜ ਕਰਦੇ ਹੋ ? ਤਾਂ ਉਸ ਨੇ ਬੜੇ ਰੁੱਖੇ ਲਹਿਜੇ ਵਿਚ ਕਿਹਾ ਕਿ ਤੈਨੂੰ ਇਕ ਵਾਰ ਸੁਣਿਆ ਨਹੀਂ ਕਿ ਇਸ ਦੇ ਪੈਸੇ ਲੱਗਣੇ ਹਨ !

ਮੈਂ ਉਸ ਨੂੰ ਕੁਝ ਨਾ ਬੋਲਿਆ ਤੇ ਜੇਬ ਵਿਚੋਂ 20 ਪੌਂਡ ਦਾ ਨੋਟ ਕੱਢਕੇ ਉਸ ਵੱਲ ਵਧਾਉਦਿਆਂ ਕਿਹਾ ਕਿ ਪੰਜ ਪੌਂਡ ਵਾਪਿਸ ਕਰ ਦਿਓ ਤੇ ਨਾਲ ਹੀ ਇਹਨਾਂ 15 ਪੌਂਡਾਂ ਦਾ ਬਿੱਲ ਦੇ ਦਿਓ ਤਾਂ ਕਿ ਮੈਨੂੰ ਵੀ ਪਤਾ ਲੱਗ ਸਕੇ ਕਿ ਤੁਸੀਂ ਇਹ ਪੈਸੇ ਕਿਹੜੇ ਖਾਤੇ ਵਿਚ ਪਾਉਣੇ ਹਨ ?

ਜਦੋਂ ਮੈਂ ਉਸ ਨੂੰ ਬਿੱਲ ਦੇਣ ਬਾਰੇ ਕਹਿ ਰਿਹਾ ਸੀ ਤਾਂ ਕੋਚ ਡਰਾਇਵਰ ਮੇਰੇ ਵੱਲ ਬਹੁਤ ਹੀ ਡੌਰ ਭੌਰ ਹੋ ਕੇ ਦੇਖ ਰਿਹਾ ਸੀ। ਉਸ ਨੇ ਮੇਰੇ ਕੋਲੋਂ ਪੈਸੇ ਫੜਨ ਦੀ ਬਜਾਏ ਕਿਹਾ ਕਿ ਉਸ ਕੋਲ ਟੁੱਟੇ ਪੈਸੇ ਨਹੀਂ ਹਨ, ਪੂਰੇ ਪੈਸੇ ਦਿਓ। ਡਰਾਇਵਰ ਦੇ ਇਹ ਕਹਿਣ 'ਤੇ ਮੈ ਨਾਲ ਖੜ੍ਹੀ ਇਕ ਸਵਾਰੀ ਨੂੰ ਵੀਹ ਪੌਂਡ ਦੀ ਚੇਂਜ ਵਾਸਤੇ ਬੇਨਤੀ ਕੀਤੀ ਤਾਂ ਉਸ ਨੇ ਬਿਨਾ ਸਮਾਂ ਲਗਾਏ ਮੈਨੂੰ ਦਸਾਂ ਦੇ ਦੋ ਨੋਟ ਦੇ ਦਿੱਤੇ ਤੇ ਪੰਜ ਪੌਂਡ ਦਾ ਨੋਟ ਮੇਰੇ ਕੋਲ ਪਹਿਲਾਂ ਹੀ ਸਨ। ਜਦ ਮੈਂ ਡਰਾਇਵਰ ਨੂੰ 15 ਪੌਂਡ ਫੜਾਉਣ ਲੱਗਾ ਤਾਂ ਉਹ ਬਿਨਾ ਕੁੱਝ ਬੋਲੇ ਹੀ ਕੋਚ ਅੰਦਰ ਚਲਾ ਗਿਆ ਤੇ ਬਿੱਲ ਬੁੱਕ ਲੱਭਣ ਵਾਸਤੇ ਫਰੋਲਾ ਫਰਾਲੀ ਕਰਨ ਲੱਗ ਪਿਆ। ਇਸ ਦੇ ਨਾਲ ਹੀ ਮੈਂ ਇਹ ਵੀ ਨੋਟ ਕੀਤਾ ਕਿ ਉਹ ਕੁੱਝ ਬੁੜ ਬੁੜਾ ਵੀ ਕਰ ਰਿਹਾ ਸੀ।

ਸਵਾਰੀਆਂ ਬਾਹਰ ਠੰਢ ਵਿਚ ਖੜ੍ਹੀਆਂ ਠੁਰ ਠੁਰ ਕਰ ਰਹੀਆਂ ਸਨ ਤੇ ਡਰਾਇਵਰ ਬਿੱਲ ਬੁੱਕ ਲੱਭਣ ਵਿਚ ਰੁੱਝਾ ਹੋਇਆ ਸੀ। ਆਖਿਰ ਪੰਜ ਸੱਤ ਮਿੰਟ ਦੀ ਫੋਲਾ ਫਾਲੀ ਕਰਨ ਤੋਂ ਬਾਅਦ ਉਸ ਨੇ ਬਿੱਲ ਬੁੱਕ ਲੱਭ ਲਈ।

ਫਿਰ ਉਹ ਭੱਦਰਪੁਰਸ਼, ਕੋਚ ਦੀ ਖਿੜਕੀ




ਵਿਚ ਆ ਕੇ ਖੜ੍ਹ ਗਿਆ, ਮੈਂ ਚੁੱਪ ਚੁਪੀਤੇ ਉਸ ਨੂੰ ਪੰਦਰਾਂ ਪੌਂਡ ਫੜਾਏ ਤੇ ਦੁਬਾਰਾ ਬਿੱਲ ਦੇਣ ਦੀ ਮੰਗ ਕੀਤੀ ਤੇ ਉਹ ਮੇਰੇ ਵੱਲ ਭੈੜਾ ਜਿਹਾ ਦੇਖ ਕੇ ਬਿੱਲ ਬੁੱਕ ਦੇ ਵਰਕੇ ਫਰੋਲਣ ਲੱਗ ਪਿਆ ਜਦ ਕਿ ਮੈਂ ਨੋਟ ਕੀਤਾ ਕਿ ਬਿੱਲ ਬੁੱਕ ਅਜੇ ਨਵੀਂ ਨਕੋਰ ਹੀ ਸੀ ਤੇ ਇਸ ਤਰਾਂ ਲੱਗਦੀ ਸੀ ਕਿ ਜਿਵੇਂ ਪਹਿਲੀ ਵਾਰ ਵਰਤੀ ਜਾ ਰਹੀ ਹੋਵੇ।

ਕਹਿੰਦੇ ਹਨ ਕਿ ਚੋਰ ਜਦ ਚੋਰੀ ਕਰਦਾ ਤਾਂ ਕੋਈ ਨ ਕੋਈ ਨਿਸ਼ਾਨ ਛੱਡ ਹੀ ਜਾਂਦਾ ਹੈ। ਇਸੇ ਕਰਕੇ ਹੀ ਇਹ ਕਿਹਾ ਜਾਂਦਾ ਹੈ ਕਿ 'ਚੋਰ ਦੀ ਦਾੜ੍ਹੀ ਵਿਚ ਤਿਣਕਾ।' ਓਧਰ ਕੋਚ ਦੇ ਤੁਰਨ ਦਾ ਸਮਾਂ ਹੋ ਚੁੱਕਾ ਸੀ ਤੇ ਇਧਰ ਕੋਚ ਡਰਾਇਵਰ ਤੋਂ ਪੰਦਰਾਂ ਪੌਂਡ ਦਾ ਬਿੱਲ ਨਹੀਂ ਕੱਟਿਆ ਜਾ ਰਿਹਾ ਸੀ ਤੇ ਅਗਲੀ ਗੱਲ ਇਹ ਕਿ ਦਸ ਕੁ ਸਵਾਰੀਆਂ ਸਾਡੇ ਪਿੱਛੇ ਹੋਰ ਖੜ੍ਹੀਆਂ ਸਨ, ਉਹਨਾਂ ਨੂੰ ਵੀ ਵਾਧੂ ਭਾਰ ਦੇ ਪੈਸੇ ਦੇਣ ਵਾਸਤੇ ਕੋਚ ਡਰਾਇਵਰ ਸੂਚਿਤ ਕਰ ਚੁੱਕਾ ਸੀ।

ਚਲੋ ਖੈਰ ! ਡਰਾਇਵਰ ਨੇ ਪੰਦਰਾਂ ਪੌਂਡ ਦਾ ਬਿੱਲ ਕੱਟਕੇ ਮੇਰੇ ਹੱਥ ਫੜਾਇਆ। ਜਿੱਥੋਂ ਤੱਕ ਮੈਨੂੰ ਪਤਾ ਹੈ, ਉਸ ਨੇ ਬਾਕੀ ਸਵਾਰੀਆਂ ਤੋਂ ਵੀ ਵਾਧੂ ਭਾਰ ਦੇ ਨਾਮ ਹੇਠ ਨਕਦ ਨਾਮਾ ਤਾਂ ਜਰੂਰ ਵਸੂਲਿਆ, ਪਰ ਮੈਥੋਂ ਸਿਵਾਏ ਬਿੱਲ ਕਿਸੇ ਨੂੰ ਵੀ ਨਹੀਂ ਦਿੱਤਾ ਤੇ ਨਾ ਹੀ ਕਿਸੇ ਨੇ ਮੰਗ ਕੀਤੀ।

ਹੁਣ ਇਹ ਕਿਵੇਂ ਪਤਾ ਲੱਗਾ ਕਿ ਉਹ ਡਰਾਇਵਰ ਆਪਣੀ ਕੰਪਨੀਂ ਤੇ ਸਵਾਰੀਆਂ ਨੂੰ ਚੂਨਾ ਲਾ ਰਿਹਾ ਸੀ ਜਾਂ ਫਿਰ ਉਹਨਾਂ ਨਾਲ ਧੋਖਾ ਧੜੀ ਕਰ ਰਿਹਾ ਸੀ ?

ਦਰਅਸਲ ਮੇਰੇ ਵਲੋਂ 15 ਪੌਂਡ ਦੀ ਅਦਾਇਗੀ ਦਾ ਬਿੱਲ ਮੰਗਣ 'ਤੇ , ਮੈਂ ਇਹ ਨੋਟ ਕੀਤਾ ਕਿ ਕੋਚ ਡਰਾਇਵਰ ਭੰਬਲ ਭੂਸੇ ਵਿਚ ਪੈ ਗਿਆ ਸੀ, ਜਿਸ ਤੋਂ ਬਾਹਰ ਨਿਕਲਣ ਵਾਸਤੇ ਉਸ ਨੇ ਤਰਕੀਬ ਇਹ ਲੜਾਈ ਕਿ ਮੈਨੂੰ ਬਿੱਲ ਬੁੱਕ ਵਿਚੋਂ ਬਿੱਲ ਦੀ ਉਪਰਲੀ ਅਸਲ ਕਾਪੀ ਦੇਣ ਦੀ ਬਜਾਏ ਡੁਪਲੀਕੇਟ ਕਾਪੀ ਜੋ ਕਿ ਸਬੰਧਿਤ ਕੰਪਨੀ ਜਾਂ ਵਪਾਰਕ ਅਦਾਰੇ ਦੀ ਆਡਿਟ ਰਿਕੌਰਡ ਕਾਪੀ ਹੁੰਦੀ ਹੈ ਅਤੇ ਬਿੱਲ ਬੁੱਕ ਵਿਚੋਂ ਪਾੜੀ ਹੀ ਨਹੀ ਜਾ ਸਕਦੀ, ਉਸ ਨੇ ਉਹ ਪਾੜ ਕੇ ਮੈਨੂੰ ਦੇ ਦਿੱਤੀ ਤੇ ਪਾੜੀ ਵੀ ਨਵੀਂ ਬਿੱਲ ਬੁੱਕ ਦੇ ਵਿਚਕਾਰੋਂ ਤਾਂ ਕਿ ਨਾ ਹੀ ਕਿਸੇ ਹੋਰ ਡਰਾਇਵਰ ਨੂੰ ਪਤਾ ਲੱਗ ਸਕੇ ਤੇ ਨਾ ਹੀ ਕੰਪਨੀ ਮੈਨੇਜਮੈਂਟ ਨੂੰ ਪਤਾ ਲੱਗ ਸਕੇ ਕਿ ਇਹ ਕਾਰਾ ਕਿਹੜੇ ਡਰਾਇਵਰ ਨੇ ਕੀਤਾ ਹੋਵੇਗਾ।

ਦਿੱਤੀ ਗਈ ਉਸ ਆਡਿਟ ਬਿੱਲ ਦੀ ਕਾਪੀ ਉੱਤੇ ਬੜਾ ਮੋਟਾ ਕਰਕੇ ਲਿਖਿਆ ਹੋਇਆ ਹੈ ਕਿ ਉਹ ਕਾਪੀ ਬਿੱਲ ਬੁੱਕ ਵਿਚ ਹੀ ਰੱਖਣੀ ਹੁੰਦੀ ਹੈ ਤੇ ਕਸਟਮਰ ਨੂੰ ਸਿਰਫ ਉਪਰਲੀ ਅਸਲੀ ਕਾਪੀ ਹੀ ਦੇਣੀ ਹੁੰਦੀ ਹੈ।

ਸੋ ਇਸ ਤਰਾਂ ਚੋਰੀ ਫੜੀ ਗਈ ਕਿਉਂਕਿ ਇਸ ਉਕਤ ਹੇਰਾ ਫੇਰੀ ਨਾਲ ਡਰਾਇਵਰ ਮੈਥੋਂ ਵੀ ਖਹਿੜਾ ਛੁਡਾਉਣਾ ਚਾਹੁੰਦਾ ਸੀ, ਕੰਪਨੀ ਨੂੰ ਵੀ ਕੋਈ ਸਬੂਤ ਨਹੀਂ ਸੀ ਦੇਣਾ ਚਾਹੁੰਦਾ ਤੇ ਇਸ ਦੇ ਨਾਲ ਹੀ ਤੜਕੇ ਤੜਕੇ ਬਾਘੜ ਬਿੱਲੇ ਵਾਂਗ ਮਲਾਈ ਵੀ ਖਾਣੀ ਚਾਹੰਦਾ ਸੀ, ਭਾਵ ਇਕ ਤੀਰ ਨਾਲ ਕਈ ਨਿਸ਼ਾਨੇ !

ਕੋਚ ਡਰਾਇਵਰ ਦੀ ਇਸ ਉਕਤ ਹੇਰਾ ਫੇਰੀ ਵਿਰੁੱਧ ਉਸੇ ਦਿਨ ਪੌਣੇ ਕੁ ਚਾਰ ਵਜੇ ਘਰ ਪਹੁੰਚਣ ਉਪਰੰਤ, ਮੇਰੇ ਵਲੋਂ ਕੋਚ ਸਰਵਿਸ ਕੰਪਨੀ ਨੂੰ ਡਰਾਇਵਰ ਵਿਰੁੱਧ ਸਬੂਤਾਂ ਸਮੇਤ ਆਨਲਾਇਨ ਕੰਪਲੇਂਟ ਦਰਜ ਕਰਾ ਦਿੱਤੀ ਗਈ। ਨੈਸ਼ਨਲ ਐਕਸ ਪਰੈੱਸ ਕੋਚ ਸਰਵਿਸ ਵਲੋਂ ਭੇਜੀ ਗਈ ਪਹੁੰਚ ਰਸੀਦ ਮੁਤਾਬਿਕ , ਮੇਰੀ ਕੰਪਲੇਂਟ ਸੰਬੰਧੀ ਟਰਾਂਸਪੋਰਟ ਕੰਪਨੀ 9 ਦਿਨਾਂ ਦੇ ਅੰਦਰ ਅੰਦਰ ਜਵੀਬ ਦੇਵੇਗੀ।

ਇਥੇ ਦੱਸਣਾ ਬਣਦਾ ਹੈ ਕਿ ਆਪਾਂ ਸਾਰੇ ਜਾਣਦੇ ਹੀ ਹਾਂ ਕਿ ਹਵਾਈ ਸਫਰ ਦੌਰਾਨ ਵੀ ਕੈਬਿਨ ਬੈਗ ਤੇ ਇਕ ਹੈਂਡ ਬੈਗ ਜਹਾਜ ਦੇ ਅੰਦਰ ਲੈ ਕੇ ਜਾਣ ਦੀ ਖੁੱਲ੍ਹ ਹੁੰਦੀ ਹੈ, ਪਰ ਨੈਸ਼ਨਲ ਐਕਸਪਰੈੱਸ ਕੋਚ ਦਾ ਗੋਰਾ ਡਰਾਇਵਰ ਸਾਡੇ ਮਾਮਲੇ ਵਿਚ ਹੈਂਡ ਬੈਗ ਉੱਤੇ ਹੀ ਪੰਦਰਾਂ ਪੌਂਡ ਝਾੜ ਗਿਆ। ਹੋਰ ਕਿੰਨੇ ਕੁ ਲੋਕਾਂ ਨਾਲ ਉਸ ਦਾ ਇਹ ਠੱਗੀ ਠੋਰਾ ਕਿੰਨੇ ਕੁ ਚਿਰ ਤੋਂ ਚਲਦਾ ਆ ਰਿਹਾ ਹੋਵੇਗਾ, ਇਸ ਦਾ ਅੰਦਾਜਾ ਲਗਾਉਣਾ ਕੋਈ ਬਹੁਤਾ ਔਖਾ ਨਹੀਂ। ਇਸ ਕਰਕੇ ਏਹੀ ਕਹਾਂਗਾ ਕਿ ਆਪਣਾ ਖਿਆਲ ਰੱਖੋ, ਪੈਰ ਪੈਰ 'ਤੇ ਧੋਖਾ ਹੈ, ਆਪਣੇ ਹੱਕਾਂ ਬਾਰੇ ਜਾਣਕਾਰੀ ਰੱਖੋ ਤਾਂ ਹੀ ਆਪਣਾ ਖਿਆਲ ਰੱਖਿਆ ਜਾ ਸਕਦਾ ਹੈ।

*******

## Celebrated Nutrition awareness month 2025

**TIPS ON NUTRITION MONTH 2025**

Nutrition Month and the theme for 2025 is "Nourish to Flourish!" What this means will be slightly different for everyone, but is all about the broad role food plays in our lives, going beyond simply meeting our physical needs.

**Health media Canada-**

* Priortize protein at breakfast: Eat unsweetened greek yogurt (24 g protein per one cup) with berries and two tablespoons of hemp seeds.
* Try a tofu scramble. Crumble 100 g of extra firm tofu (16.5 g protein) and sauté with baby spinach, diced vegetables and spices.
* Drink eight glass of water and a large glass of water before each meal.
* Eat more fiber
* Drink a cup of Green tea instead of Coffee on black tea. Green tea leaves are an incredibly rich source of phytochemicals called catechins, which have potent antioxidant and anti-inflammatory properties.
* Eat leafy Green vegetables: Include a leafy green vegetable in your daily diet. Choose from arugula, beet greens. collard greens, dandelion greens, kale, mustard greens, leaf lettuce, romaine lettuce, rapini (broccoli raab), spinach, Swiss chard and turnip Eat orange vegetables: Carrots, sweet potato, and winter squash are loaded with beta carotene, an antioxidant linked to a lower risk of heart disease and certain cancers. Some of the beta carotene you eat is also converted to vitamin A in the body, a nutrient that supports a healthy immune system.
* Eat wholegrain foods. Skip the Sugary snacks and drinks. Eat Dinner early.



**Dr. Anil Dheer Columnist. Social activist**
**anil.dheer@yahoo.com**

# ਔਰੰਗਜ਼ੇਬ ਨੂੰ ਜਿਊਂਦਾ ਕਰਨ ਦਾ ਯਤਨ

ਗੁਰਮੀਤ ਸਿੰਘ ਪਲਾਹੀ
9815802070



ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਇਸ ਦੁਨੀਆਂ ਤੋਂ ਰੁਖ਼ਸਤ ਹੋਇਆਂ 300 ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ। ਭਾਜਪਾ ਸ਼ਾਸਤ ਸੂਬੇ ਮਹਾਰਾਸ਼ਟਰ ਵਿੱਚ ਉਸਦੀ ਕਬਰ ਨੂੰ ਲੈ ਕੇ ਹੰਗਾਮਾ ਹੋ ਰਿਹਾ ਹੈ। ਸਿਆਸਤਦਾਨ ਇਸ ਬੇਮਤਲਬ ਵਿਸ਼ੇ ਨੂੰ ਲੈ ਕੇ ਹੋ ਹੱਲਾ ਕਰ ਰਹੇ ਹਨ। ਨਾਗਪੁਰ (ਮਹਾਰਾਸ਼ਟਰ) ਵਿੱਚ ਤਾਂ ਫਿਰਕੂ ਦੰਗੇ ਵੀ ਸ਼ੁਰੂ ਹੋ ਗਏ। ਔਰੰਗਜ਼ੇਬ ਦੀ ਕਬਰ ਨੂੰ ਢਾਹੁਣ ਦੇ ਨਾਅਰੇ ਲਗਾਏ ਗਏ, ਜਿਹੜੀ ਕਬਰ ਬਾਦਸ਼ਾਹ ਔਰੰਗਜ਼ੇਬ ਦੀ ਇੱਛਾ ਅਨੁਸਾਰ ਬੇਹੱਦ ਸਧਾਰਨ ਅਤੇ ਨਿੱਕੀ ਬਣੀ ਹੋਈ ਹੈ। ਔਰੰਗਜ਼ੇਬ ਨੂੰ ਕਰੂਰ ਸ਼ਾਸਕ ਦੱਸ ਕੇ ਉਸ ਦੀ ਇਸ ਕਬਰ ਪੁੱਟ ਦੇਣ ਨੂੰ ਕੌਮੀ ਮਸਲਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਔਰੰਗਜ਼ੇਬ ਦੀ ਕਬਰ ਪੁੱਟਣ ਨਾਲ, ਜਿਸ ਨੂੰ ਵਿਸ਼ੇਸ਼ ਰਾਸ਼ਟਰੀ ਮੁੱਦਾ ਬਣਾਇਆ ਜਾ ਰਿਹਾ ਹੈ, ਕੀ ਇਸ ਨਾਲ ਲੋਕਾਂ ਦੇ ਅਸਲੀ ਮੁੱਦੇ ਬੇਰੁਜ਼ਗਾਰੀ, ਗਰੀਬੀ,ਲਾਚਾਰੀ ਅਤੇ ਭ੍ਰਿਸ਼ਟਾਚਾਰ ਖ਼ਤਮ ਹੋ ਜਾਣਗੇ। ਦੇਸ਼ ਦੇ ਨੇਤਾ ਲੋਕਾਂ ਦਾ ਧਿਆਨ ਭਟਕਾਉਣ ਲਈ, ਆਪਣੀਆਂ ਗੱਦੀਆਂ ਬਚਾਉਣ ਅਤੇ ਨਵੀਆਂ ਗੱਦੀਆਂ ਹਥਿਆਉਣ ਲਈ ਨਿਤ ਨਵੇਂ ਮੁੱਦੇ ਪੈਦਾ ਕਰ ਰਹੇ ਹਨ, ਤਾਂ ਕਿ ਲੋਕ ਆਪਣੀਆਂ ਅਸਲ ਤਕਲੀਫ਼ਾਂ ਅਤੇ ਮਸਲਿਆਂ ਵੱਲ ਧਿਆਨ ਹੀ ਨਾ ਦੇ ਸਕਣ।

ਸਿੱਟੇ ਵਜੋਂ ਦੇਸ਼ ਚ ਔਰੰਗਜ਼ੇਬ ਦੀ ਸੋਚ ਜਿੰਦਾ ਹੀ ਨਹੀਂ ਹੋ ਰਹੀ, ਸਗੋਂ ਫੈਲ ਰਹੀ ਹੈ। ਕੱਟੜ ਹਿੰਦੂਤਵੀ ਸੋਚ ਦੇ ਸੌਦਾਗਰ ਦੇਸ਼ ਵਿੱਚ ਘੱਟ ਗਿਣਤੀਆਂ 'ਤੇ ਹਮਲੇ ਕਰ ਰਹੇ ਹਨ। ਮੁਸਲਮਾਨਾਂ ਦੀਆਂ ਖ਼ਾਮੀਆਂ ਕੱਢ ਕੇ ਲੋਕਾਂ ਨੂੰ ਭੜਕਾਉਣ ਦਾ ਯਤਨ ਹੋ ਰਿਹਾ ਹੈ। ਕੱਟੜ ਮੁਸਲਿਮ ਔਰੰਗਜ਼ੇਬ ਦੇ ਹੱਕ ਆ ਖੜੇ ਹੋਏ ਹਨ। ਧਰਮ ਅਧਾਰਤ ਸਿਆਸਤ ਅੱਜ ਦੀ ਸਿਆਸਤ ਦਾ ਧੁਰਾ ਬਣਦੀ ਜਾ ਰਹੀ ਹੈ, ਜੋ ਦੇਸ਼ ਦੇ ਸੰਵਿਧਾਨ ਦੀ ਲੋਕਤੰਤਰੀ ਰੂਹ ਨੂੰ ਖੋਰਾ ਲਾ ਰਹੀ ਹੈ। ਮਸਜਿਦਾਂ ਦੇ ਸਾਹਮਣਿਓਂ ਜਲੂਸ ਕੱਢਣਾ,ਰੌਲਾ-ਰੱਪਾ ਮਚਾਉਣਾ, ਜ਼ੋਰ - ਸ਼ੋਰ ਨਾਲ ਵਾਜੇ ਵਜਾਉਣਾ, ਮੁਸਲਮਾਨਾਂ ਖ਼ਿਲਾਫ਼ ਨਾਅਰੇਬਾਜ਼ੀ ਕਰਨਾ ਦੇਸ਼ ਵਿਚ ਆਮ ਜਿਹੀ ਗੱਲ ਬਣ ਗਈ ਹੈ। ਇਸ ਸਾਰੇ ਮਾਹੌਲ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਸ਼ਿਵ ਸੈਨਾ (ਬਾਲ ਠਾਕਰੇ) ਦੇ ਉੱਘੇ ਆਗੂ ਤੇ ਰਾਜ ਸਭਾ ਮੈਂਬਰ ਸੰਜੇ ਰਾਊਤ ਨੂੰ ਆਪਣੇ ਅਖ਼ਬਾਰ ਵਿਚ ਲਿਖਣਾ ਪਿਆ,"ਪਿਛਲੇ 10 ਸਾਲਾਂ ਵਿਚ ਭਾਰਤ 'ਚ ਹਿੰਦੂ ਤੇ ਮੁਸਲਮਾਨ ਦੋ ਵੱਖ-ਵੱਖ ਰਾਸ਼ਟਰ ਬਣ ਗਏ ਹਨ।ਇਹ ਮਾਹੌਲ ਬਟਵਾਰੇ ਵਰਗਾ ਹੈ। ਸ਼ਿਵ ਰਾਏ (ਸ਼ਿਵਾ ਜੀ) ਦੇ ਇਤਿਹਾਸ ਨੂੰ ਬਦਲਣਾ,ਹਿੰਦੂ ਤੇ ਮੁਸਲਮਾਨਾਂ ਲਈ ਵੱਖਰੀਆਂ ਦੁਕਾਨਾਂ ਦੀ ਮੰਗ ਕਰਨਾ, ਇਹ ਸਭ ਇੱਕ ਸੋਚੀ ਸਮਝੀ ਮੂਰਖਤਾ ਹੈ। ਜੋ ਭਾਰਤ ਨੂੰ ਹਿੰਦੂ ਪਾਕਿਸਤਾਨ ਬਣਨ ਵੱਲ ਤੱਕ ਰਹੀ ਹੈ।"

ਇਹ ਸੱਚਮੁੱਚ ਦੇਸ਼ ਭਾਰਤ ਲਈ ਮੰਦਭਾਗਾ ਹੈ। ਉਸ ਭਾਰਤ ਲਈ, ਜਿਸ ਵਿੱਚ ਵੱਖੋ-ਵੱਖਰੇ ਧਰਮਾਂ, ਬੋਲੀਆਂ, ਸੱਭਿਆਚਾਰਾਂ ਵਾਲੇ ਵੰਨ-ਸਵੰਨੇ ਲੋਕ ਵੱਸਦੇ ਹਨ ਅਤੇ



ਜਿਹਨਾਂ ਦੀ ਆਪਸੀ ਸਾਂਝ ਪੀਡੀ ਹੈ। ਇਹ ਮਾਹੌਲ ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਖ਼ਤਰੇ ਦੀ ਘੰਟੀ ਹੈ। ਇਹ ਦੇਸ਼ ਦੇ ਵਿਕਾਸ ਲਈ ਵੀ ਸੁਖਾਵਾਂ ਨਹੀਂ। ਬਹੁਗਿਣਤੀ ਦੀਆਂ ਧਾਰਮਿਕ ਭਾਵਨਾਵਾਂ ਨੂੰ ਉਛਾਲਣਾ ਅਤੇ ਘੱਟ ਗਿਣਤੀਆਂ ਦੀਆਂ ਭਾਵਨਾਵਾਂ ਨੂੰ ਦਬਾਅ ਦੇਣਾ ਦੇਸ਼ ਦੀਆਂ ਪੁਰਾਣੀਆਂ ਰਵਾਇਤਾਂ ਤੇ ਕਦਰਾਂ ਕੀਮਤਾਂ ਦਫਨ ਕਰਨ ਦੇ ਬਰਾਬਰ ਹੈ। ਭਾਵਨਾਵਾਂ ਨੂੰ ਭੜਕਾਉਣ ਦੀ ਖੇਡ ਭਾਰਤੀ ਸੁਭਾਅ ਦੇ ਅਨੁਕੂਲ ਵੀ ਨਹੀਂ ਹੈ, ਕਿਉਂਕਿ ਭਾਰਤੀ ਹਿੰਸਕ ਨਹੀਂ ਹਨ। ਅੱਜ ਜਦੋਂ ਦੇਸ਼ ਵਿੱਚ ਧਾਰਮਿਕ ਜਨੂੰਨ ਪੈਦਾ ਕੀਤਾ ਜਾ ਰਿਹਾ ਹੈ ਅਤੇ ਉਹ ਵੀ ਹਾਕਮਾਂ ਵੱਲੋਂ ਤਾਂ ਇਹ ਧਰਮ ਦੀ ਨਕਲੀ ਰੱਖਿਆ ਦੀ ਭਾਵਨਾ ਪੈਦਾ ਕਰ ਰਿਹਾ ਹੈ।

ਬਿਨਾਂ ਸ਼ੱਕ ਔਰੰਗਜ਼ੇਬ ਨੇ ਆਪਣੇ ਰਾਜ ਵਿੱਚ ਅੱਤਿਆਚਾਰ ਕੀਤੇ। ਉਸ ਸਮੇਂ ਅਨੇਕਾਂ ਮੰਦਰ, ਮਸਜਿਦਾਂ, ਗਿਰਜਾ ਘਰ ਅਤੇ ਵਿਲੱਖਣ ਕਲਾ ਦੇ ਪ੍ਰਤੀਕ ਸਥਾਨ ਉਸਦੀ ਬੇਰਹਿਮੀ ਦਾ ਸ਼ਿਕਾਰ ਹੋਏ। ਪਰ ਇਹਨਾਂ ਸਾਰੀਆਂ ਘਟਨਾਵਾਂ ਨੂੰ ਵਾਪਰਿਆਂ ਮੁੱਦਤਾਂ ਬੀਤ ਗਈਆਂ। ਔਰੰਗਜ਼ੇਬ ਮਰ ਮੁੱਕ ਗਿਆ, ਹਿੰਦੂ ਮੁਸਲਮਾਨ ਇਸ ਦੇਸ਼ ਵਿੱਚ ਸਦੀਆਂ ਤੋਂ ਇਕੱਠੇ ਰਹੇ। ਪਰ ਸਮਾਂ ਬੀਤਿਆਂ ਕਿਸੇ ਨਾ ਕਿਸੇ ਵੇਲੇ ਜਾਤ ਅਤੇ ਧਰਮ ਵਿੱਚ ਪਈ ਕੁੜੱਤਣ ਭਿਆਨਕ ਰੂਪ ਧਾਰਦੀ ਹੈ। ਇਹ ਸਿਆਸੀ ਪਾਰਟੀਆਂ ਲਈ ਸੁਨਹਿਰੀ ਮੌਕਾ ਬਣ ਜਾਂਦੀ ਹੈ। ਉਹ ਇਸ ਮੌਕੇ ਨੂੰ ਵਰਤਦੇ ਹਨ, ਆਪਣੇ ਹਿੱਤ ਸਾਧਦੇ ਹਨ। ਲੋਕਾਂ ਚ ਵੰਡੀਆਂ ਵੱਡੀਆਂ ਕਰਦੇ ਹਨ। ਨਫ਼ਰਤਾਂ ਤੇ ਈਰਖਾ ਨਾਲ ਵੱਡਾ ਪਾੜਾ ਖੜਾ ਕਰਦੇ ਹਨ। ਇਹ ਪਾੜਾ, ਇਹ ਨਫ਼ਰਤ, ਮਾਨਸਿਕ, ਸਰੀਰਕ ਤੇ ਸਮੂਹਿਕ ਕਤਲੇਆਮ ਇਥੋਂ ਤੱਕ ਕਿ ਨਸਲਕੁਸ਼ੀ ਤੱਕ ਵੀ ਪੁੱਜ ਜਾਂਦਾ ਹੈ।

ਇਹੋ ਕਾਰਨ ਹੈ ਕਿ ਔਰੰਗਜ਼ੇਬੀ ਸੋਚ ਨਾਲ ਦੇਸ਼ ਵਿੱਚ ਕਦੇ ਸੰਭਲ ਵਾਪਰਦਾ ਹੈ, ਕਦੇ ਨਾਗਪੁਰ ਵਾਪਰਦਾ ਹੈ। ਕਦੀ ਨਾਗਾਲੈਂਡ, ਮਨੀਪੁਰ, ਜੰਮੂ-ਕਸ਼ਮੀਰ ਇਸਦੀ ਲਪੇਟ ਵਿਚ ਆਉਂਦੇ ਹਨ। ਕਦੇ '84 ਵਾਪਰਦੀ ਹੈ, ਸਿੱਖਾਂ ਦਾ ਕਤਲੇਆਮ ਹੁੰਦਾ ਹੈ। ਇਹ ਔਰੰਗਜ਼ੇਬੀ ਸੋਚ ਵਾਲੀ ਮਾਨਸਿਕਤਾ ਕਿਸੇ ਇੱਕ ਧਰਮ ਦੇ ਚੌਧਰੀਆਂ ਦਾ ਵਿਰਸਾ ਨਹੀਂ ਰਹੀ, ਇਹ ਔਰੰਗਜ਼ੇਬੀ ਸੋਚ ਸਮੇਂ-ਸਮੇਂ ਬਣੇ ਸ਼ਾਸਕਾਂ ਦਾ ਵਿਰਸਾ ਰਹੀ ਹੈ। ਔਰੰਗਜ਼ੇਬ ਵੇਲੇ ਇਹ ਮੁਗਲ ਸਮਰਾਟ ਦਾ ਹਥਿਆਰ ਬਣੀ, ਅੱਜ ਇਹ ਹਿੰਦੂਤਵੀ ਸੋਚ ਵਾਲਿਆਂ ਦਾ ਵੱਡਾ ਹਥਿਆਰ ਹੈ। ਨਸਲੀ ਵਿਤਕਰਾ,ਗ਼ਰੀਬ ਵਰਗਾਂ ਨਾਲ ਧੱਕੇਸ਼ਾਹੀ ਦਾ ਇੱਕ ਨਮੂਨਾ ਮਾਤਰ ਹੈ, ਇਹ ਵੱਡੇ ਢੁੱਠਾਂ ਵਾਲੇ ਔਰੰਗਜ਼ੇਬੀ ਸੋਚ ਵਾਲਿਆਂ ਦੀ ਗ਼ਰੀਬਾਂ, ਲਿਤਾੜਿਆਂ ਨੂੰ ਗੁਲਾਮ ਸਮਝਣ ਦੀ ਮਾਨਸਿਕਤਾ ਦਾ ਹਿੱਸਾ ਹੈ।

ਅਸਲ ਵਿੱਚ ਸ਼ੈਤਾਨੀ ਦਿਮਾਗ, ਸਮਾਜ ਵਿਰੋਧੀ ਤੱਤ, ਆਪਣਾ ਉੱਲੂ ਸਿੱਧਾ ਕਰਨ ਲਈ, ਬਦਲੇ ਦੀ ਭਾਵਨਾ ਪੈਦਾ ਕਰਦੇ ਹਨ, ਆਪਸੀ ਟਕਰਾਅ ਦੀ ਸਥਿਤੀ ਪੈਦਾ ਕਰਦੇ ਹਨ। ਦੇਸ਼ ਭਾਰਤ ਨੇ ਇਹੋ-ਜਿਹੇ ਅਨੇਕਾਂ ਮੌਕੇ ਵੇਖੇ ਹਨ। '47 ਇਹੋ-ਜਿਹੇ ਦਰਦਨਾਕ ਕਾਰਿਆਂ ਦੀ ਸ਼ਰਮਨਾਕ ਦਾਸਤਾਨ ਬਣੀ।

ਵਿਗੜੀ ਮਾਨਸਿਕਤਾ ਵਾਲੇ ਨੇਤਾਵਾਂ ਨੇ ਦੇਸ਼ ਵਿੱਚ ਫਿਰਕੂ ਅਤੇ ਧਾਰਮਿਕ ਨਫ਼ਰਤ ਵਧਾਈ ਹੈ। ਉੱਤਰ ਪ੍ਰਦੇਸ਼ ਦੀ ਭਾਜਪਾ ਵਿਧਾਇਕ ਕਹਿੰਦੀ ਹੈ, "ਮੁਸਲਮਾਨਾਂ ਲਈ ਹਸਪਤਾਲਾਂ ਵਿਚ ਵੱਖਰੇ ਕਾਰਡ ਬਣਾਓ।" ਮਹਾਰਾਸ਼ਟਰ ਦਾ ਇੱਕ ਮੰਤਰੀ ਨਿਤੇਸ਼ ਰਾਣੇ ਮਹਾਰਾਸ਼ਟਰ 'ਚ ਹਿੰਦੂਆਂ ਅਤੇ ਮੁਸਲਮਾਨਾਂ ਲਈ ਵੱਖ-ਵੱਖ ਮਟਨ ਦੀਆਂ ਦੁਕਾਨਾਂ ਬਣਾਉਣ ਦੀ ਘੋਸ਼ਣਾ ਕਰਦਾ ਹੈ। ਕੀ ਇਹੋ-ਜਿਹੀਆਂ ਗੱਲਾਂ ਦੇਸ਼ ਦਾ ਸਮਾਜਿਕ ਅਤੇ ਕੌਮੀ ਮਾਹੌਲ ਜ਼ਹਿਰੀਲਾ ਨਹੀਂ ਕਰ ਰਹੀਆਂ ?

ਦੇਸ਼ ਦੀ ਆਜ਼ਾਦੀ ਲਈ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਇਕੱਠਿਆਂ ਲੜਾਈ ਲੜੀ। ਬਲੀਦਾਨ ਦਿੱਤਾ। ਭਾਰਤ ਦੀ ਆਜ਼ਾਦੀ ਵਿਚ ਕਈ ਮੁਸਲਿਮ ਕ੍ਰਾਂਤੀਕਾਰੀ ਫਾਂਸੀ 'ਤੇ ਚੜ੍ਹੇ ਸਨ ਅਤੇ ਕਈ ਮੁਸਲਿਮ ਸੁਤੰਤਰਤਾ ਸੈਨਾਨੀ "ਅੰਡੇਮਾਨ" ਦੇ ਕਾਲੇ ਪਾਣੀ ਦੀ ਸਜ਼ਾ ਭੁਗਤਦਿਆਂ ਉੱਥੇ ਹੀ ਮਰ ਗਏ। ਉਹਨਾਂ ਦਾ ਯੋਗਦਾਨ ਦੇਸ਼ ਨਿਰਮਾਣ ਪ੍ਰਤੀ ਨਕਾਰਿਆ ਨਹੀਂ ਜਾ ਸਕਦਾ, ਪਰ ਸਥਿਤੀਆਂ ਦੇਸ਼ ਵਿੱਚ ਇਹੋ-ਜਿਹੀਆਂ ਪੈਦਾ ਹੋ ਕੀਤੀਆਂ ਜਾ ਰਹੀਆਂ ਹਨ ਕਿ ਵੱਡਾ ਯੋਗਦਾਨ ਦੇਣ ਵਾਲੇ ਇਹ ਲੋਕ ਹੀਣ ਭਾਵਨਾ ਦਾ ਸ਼ਿਕਾਰ ਹੋ ਰਹੇ ਹਨ ਅਤੇ ਇਹ ਸਭ ਕੁਝ ਉਸ ਦੇਸ਼ ਵਿੱਚ ਹੋ ਰਿਹਾ ਹੈ, ਜਿਸ ਦੇਸ਼ ਵਿੱਚ ਦੇਸ਼ ਦੇ ਸੰਵਿਧਾਨ ਅਨੁਸਾਰ ਸਭ ਲਈ ਬਰਾਬਰ ਦੇ ਅਧਿਕਾਰ ਮਿਲੇ ਹੋਏ ਹਨ। ਜਿਸ ਦੇਸ਼ ਦਾ ਸੰਵਿਧਾਨ ਹਰ ਧਰਮ ਨੂੰ ਬਰਾਬਰ ਸਮਝਦਾ ਹੈ। ਦੇਸ਼ ਜਿਹੜਾ ਗਣਤੰਤਰ ਹੈ, ਧਰਮ ਨਿਰਪੱਖ ਹੈ।



ਪਰ ਪਿਛਲੇ ਕੁਝ ਸਾਲਾਂ ਤੋਂ ਦੇਸ਼ ਦੀ ਧਰਮ ਨਿਰਪੱਖਤਾ ਦੀਆਂ ਧੱਜੀਆਂ ਉਡਾਈਆਂ ਗਈਆਂ। ਮਸਜਿਦਾਂ ਹੇਠ ਮੰਦਰ ਖੰਗਾਲੇ ਗਏ। ਅਯੋਧਿਆ ਮੰਦਰਾਂ ਦੀ ਉਸਾਰੀ ਅਤੇ ਵਿਸ਼ੇਸ਼ ਧਰਮਿਕ ਉਤਸਵਾਂ ਵਿਚ ਦੇਸ਼ ਦੇ ਕਾਰਜਕਾਰੀ ਮੁਖੀ ਨੇ ਵਿਸ਼ੇਸ਼ ਭੂਮਿਕਾ ਨਿਭਾਈ, ਜੋ ਦੇਸ਼-ਵਿਦੇਸ਼ ਵਿਚ ਵੱਡੀ ਚਰਚਾ ਦਾ ਵਿਸ਼ਾ ਰਹੀ। ਜਿਹਨਾਂ ਰਾਹਾਂ 'ਤੇ ਅੱਜ ਭਾਜਪਾ ਨੇਤਾ ਤੁਰ ਰਹੇ ਹਨ, ਕਦੇ ਕਾਂਗਰਸ ਦੀ ਇੰਦਰਾ ਗਾਂਧੀ ਨੇ ਸਿਆਸੀ ਲਾਭ ਲਈ, ਹਰ ਧਰਮ ਦੇ ਲੋਕਾਂ ਦੀ ਆਸਥਾ ਨੂੰ ਵਰਤ ਕੇ, ਵੋਟਾਂ ਲੈਣ ਦੀ ਖੇਡ ਖੇਡੀ। ਇਹੋ ਖੇਡ ਕਾਂਗਰਸ ਪਾਰਟੀ ਕਰਨਾਟਕ ਵਿੱਚ ਘੱਟ ਗਿਣਤੀਆਂ ਨੂੰ ਰਿਜ਼ਰਵੇਸ਼ਨ ਦੇਣ ਦਾ ਫ਼ੈਸਲਾ ਕਰਕੇ ਖੇਡ ਰਹੀ ਹੈ।

ਦੇਸ਼ ਵਿੱਚ ਇੱਕ ਪਾਸੇ ਕੱਟੜਪੰਥੀ ਮੁਸਲਮਾਨ ਹਨ, ਦੂਜੇ ਪਾਸੇ ਕੱਟੜਵਾਦੀ ਹਿੰਦੂ ਹਨ। ਦੋਵਾਂ ਦੀ ਸੋਚ ਸੌੜੀ ਹੈ। ਦੋਵਾਂ ਪਾਸੇ ਔਰੰਗਜ਼ੇਬੀ ਸੋਚ ਵਾਲਿਆਂ ਦੀ ਕਮੀ ਨਹੀਂ ਹੈ। ਪਰ ਜਿਸ ਢੰਗ ਨਾਲ ਦੇਸ਼ ਦੀ ਇਸ ਵੇਲੇ ਦੀ ਹਕੂਮਤ ਅਤੇ ਕੁਝ ਹੋਰ ਸਿਆਸਤਦਾਨ ਫਿਰਕੂ ਭਾਵਨਾਵਾਂ ਭੜਕਾਉਣ ਵਾਲੀ ਗੰਦੀ ਖੇਡ ਖੇਡ ਕੇ ਦੇਸ਼ ਨੂੰ ਬਰਬਾਦ ਕਰਨ ਦੇ ਰਸਤੇ 'ਤੇ ਪਾ ਰਹੇ ਹਨ, ਇਹ ਤਾਲਿਬਾਨੀ ਸੋਚ ਹੈ। ਇਹ ਔਰੰਗਜ਼ੇਬੀ ਸੋਚ ਹੈ। ਇਹ ਸੋਚ ਕਦਾਚਿਤ ਵੀ ਦੇਸ਼ ਹਿੱਤ ਵਿੱਚ ਨਹੀਂ ਹੈ।

ਫਿਰਕੂਵਾਦ ਦੀ ਅੱਗ ਭੈੜੀ ਹੈ। ਇਹ ਜ਼ਹਿਰੀਲੀ ਨਫ਼ਰਤ ਦੀ ਉਪਜ ਹੈ। ਦਰਅਸਲ ਜਦੋਂ ਮਨੁੱਖ ਦੇ ਅੰਦਰ ਸ਼ੈਤਾਨ ਜਾਗ ਜਾਂਦਾ ਹੈ ਤਾਂ ਉਸਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਕਿਸ ਨੂੰ ਬੇਰਹਿਮੀ ਨਾਲ ਮਾਰ ਰਿਹਾ ਹੈ। ਵੋਟਾਂ ਦੀ ਰਾਜਨੀਤੀ ਵੀ ਬੇਰਹਿਮੀ ਨਾਲ ਦੂਜੀ ਧਿਰ ਨੂੰ ਮਾਰਨ ਦਾ ਰਾਹ ਬਣਦੀ ਜਾ ਰਹੀ ਹੈ। ਇਸੇ ਕਰਕੇ ਔਰੰਗਜ਼ੇਬੀ ਸੋਚ ਵਧ-ਫੁੱਲ ਰਹੀ ਹੈ। ਭਾਰਤ ਵਿੱਚ ਸਿਆਸਤਦਾਨਾਂ ਇਸ ਵੱਡੇ ਹਥਿਆਰ ਦੀ ਵਰਤੋਂ ਖੁੱਲ੍ਹ ਕੇ ਕਰਨ ਵਿਚ ਕੋਈ ਸੰਕੋਚ ਨਹੀਂ ਕਰ ਰਹੇ।

ਬਿਨਾਂ ਸ਼ੱਕ ਦੇਸ਼ ਦੇ ਲੋਕ ਲੋਕ ਵਿਰੋਧੀ ਸਿਆਸਤਦਾਨਾਂ, ਕੱਟੜ ਪੰਥੀਆਂ ਦੀ ਔਰੰਗਜ਼ੇਬੀ ਸੋਚ ਪ੍ਰਤੀ ਸੁਚੇਤ ਹੋ ਰਹੇ ਹਨ, ਲੋਕਾਂ ਨੂੰ ਵਰਗਲਾਉਣ ਲਈ ਵਰਤੇ ਜਾਂਦੇ ਸਿਆਸੀ ਸੰਦਾਂ ਦੀ ਵਰਤੋਂ ਪ੍ਰਤੀ ਸਮਝ ਵੀ ਵਧਾ ਰਹੇ ਹਨ, ਪਰ ਲੋਕਾਂ ਨੂੰ ਆਪਸੀ ਭਰੋਸਾ ਵਧਾਉਣ ਵਾਲੀ ਸਮਝ ਵੀ ਪੈਦਾ ਕਰਨੀ ਪਵੇਗੀ, ਤਾਂ ਕਿ ਕਬਰਾਂ 'ਚ ਪਈ ਔਰੰਗਜ਼ੇਬੀ ਸੋਚ ਉਹਨਾਂ ਨੂੰ ਪਰੇਸ਼ਾਨ ਨਾ ਕਰ ਸਕੇ।

# ਸ੍ਰੀ ਗੁਰੂ ਹਰਿ ਰਾਇ ਜੀ

## ਗੁਰਿਆਈ ਦਿਵਸ 'ਤੇ ਵਿਸ਼ੇਸ਼

ਰਮੇਸ਼ ਬੱਗਾ ਚੋਹਲਾ



ਸਿੱਖ ਧਰਮ ਬਾਕੀ ਧਰਮਾਂ ਨਾਲੋਂ ਉਮਰ ਵਿੱਚ ਬੇਸ਼ੱਕ ਕੁੱਝ ਛੁਟੇਰਾ ਹੈ, ਪਰ ਇਸ ਦੇ ਪੈਗੰਬਰਾਂ/ਗੁਰੂਆਂ ਵੱਲੋਂ ਮਨੁੱਖੀ ਆਤਮਾ ਦੇ ਵਿਕਾਸ ਹਿੱਤ ਜੋ ਫਿਲਾਸਫੀ ਦਿੱਤੀ ਗਈ ਹੈ, ਉਹ ਸਰਲਤਾ, ਸਹਿਜਤਾ ਅਤੇ ਸਮਾਜਿਕਤਾ ਦੇ ਕਾਫੀ ਨੇੜੇ ਹੈ। ਸਿੱਖੀ ਅਸਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਾਰੀ ਅਤੇ ਪ੍ਰਸਾਰੀ ਇੱਕ ਅਜਿਹੀ ਜੀਵਨ ਜਾਂਚ ਹੈ, ਜਿਸ ਨੂੰ ਅਪਣਾ ਕੇ ਕੋਈ ਵੀ ਵਿਅਕਤੀ ਜਿੱਥੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਸਫਲਤਾ ਪੂਰਵਕ ਨਿਭਾਅ ਸਕਦਾ ਹੈ, ਉੱਥੇ ਪਰਮ ਪਿਤਾ ਦੀ ਨੇੜ੍ਹਤਾ ਦਾ ਨਿੱਘ ਵੀ ਮਾਣ ਸਕਦਾ ਹੈ। ਗੁਰੂ ਸਾਹਿਬਾਨ ਨੇ ਇੱਕ ਅਜਿਹੀ ਉੱਚੀ ਤੇ ਸੁੱਚੀ ਵਿਚਾਰਧਾਰਾ ਮਨੁੱਖਤਾ ਨੂੰ ਬਖਸ਼ੀ ਹੈ, ਜੋ ਧਰਮ ਦੇ ਪਿੜ ਵਿਚਲੇ ਕਰਮਕਾਂਡੀ ਵਿਵਹਾਰ ਨੂੰ ਰੱਦ ਕਰਕੇ ਨਿਰੋਲ ਪ੍ਰੇਮ ਪੂਰਵਕ ਵਿਧਾਨ ਦਾ ਪੱਖ ਪੂਰਦੀ ਹੈ। ਇਸ ਵਿਧਾਨ ਦੀ ਪੁਸ਼ਟੀ ਜਿੱਥੇ ਦਸ ਪਾਤਸ਼ਾਹੀਆਂ ਨੇ ਆਪੋ-ਆਪਣੇ ਸਮਿਆਂ ਵਿੱਚ ਕੀਤੀ ਹੈ, ਉੱਥੇ ਉਨ੍ਹਾਂ ਭਗਤਾਂ, ਭੱਟਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਵੀ ਰੱਜਵਾਂ ਸਤਿਕਾਰ ਕੀਤਾ ਹੈ, ਜਿਨ੍ਹਾਂ ਦੀ ਅਧਿਆਤਮਕ ਸੋਚ ਇਸ ਵਿਧਾਨ ਦੇ ਨੇੜੇ ਲੱਗਦੀ ਸੀ। ਦਸ ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਢੰਗ ਤਰੀਕਿਆਂ ਨਾਲ ਜਿੱਥੇ ਭਾਓ-ਭਗਤੀ ਦੇ ਵਿਧਾਨ ਨੂੰ ਸਾਰਥਿਕਤਾ ਪ੍ਰਦਾਨ ਕੀਤੀ ਹੈ, ਉੱਥੇ ਮਨੁੱਖੀ ਕਦਰਾਂ-ਕੀਮਤਾਂ ਦੀ ਵੀ ਡੱਟ ਕੇ ਪਹਿਰੇਦਾਰੀ ਕੀਤੀ ਹੈ। ਇਸ ਪਹਿਰੇਦਾਰੀ ਲਈ ਸੱਤਵੇਂ ਨਾਨਕ ਸਾਹਿਬ ਸ੍ਰੀ ਗੁਰੂ ਹਰਿਰਾਏ ਜੀ ਦਾ ਨਾਮ ਵੀ ਧੰਨਤਾ ਦੇ ਯੋਗ ਹੈ।

ਗੁਰੂ ਨਾਨਕ ਪਾਤਸ਼ਾਹ ਦੀ ਸੱਤਵੀਂ ਜੋਤ ਸ੍ਰੀ ਹਰਿ ਰਾਏ ਸਾਹਿਬ ਜੀ ਦਾ ਜਨਮ 16 ਜਨਵਰੀ 1630 ਈ. ਨੂੰ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਵੱਡੇ ਫਰਜੰਦ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਦੀ ਕੁੱਖੋਂ ਕੀਰਤਪੁਰ ਸਾਹਿਬ (ਹੁਸ਼ਿਆਰਪੁਰ) ਵਿੱਚ ਹੋਇਆ। ਗੁਰੂ ਸਾਹਿਬ ਦੇ ਬਚਪਨ ਦਾ ਸਮਾਂ ਕੀਰਤਪੁਰ ਸਾਹਿਬ ਵਿਖੇ ਹੀ ਬੀਤਿਆ। ਜਦੋਂ ਆਪ 8 ਕੁ ਸਾਲ ਦੇ ਹੋਏ, ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਗੁਰਪੁਰੀ ਪਿਆਨਾ ਕਰ ਗਏ। ਉਮਰ ਦੇ ਅਗਲੇਰੇ 10 ਸਾਲ ਆਪ ਜੀ ਨੇ ਆਪਣੇ ਦਾਦਾ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਦੀ ਨਜ਼ਰਸਾਨੀ ਹੇਠ ਬਤੀਤ ਕੀਤੇ। ਇਸ ਨਜ਼ਰਸਾਨੀ ਸਦਕਾ ਹੀ ਆਪ ਦੇ ਵਿਅਕਤੀਤਵ ਵਿੱਚ ਦਾਦਾ ਗੁਰੂ ਵਾਲੀਆਂ ਸਿਫਤਾਂ ਪ੍ਰਤੀਬਿੰਬ ਹੁੰਦੀਆਂ ਰਹੀਆਂ ਹਨ। ਗੁਰੂ ਹਰਿਰਾਏ ਸਾਹਿਬ ਨੇ ਆਪਣੀ ਪ੍ਰਾਇਮਰੀ ਤਲੀਮ ਭਾਈ ਦਰਗਾਹ ਮੱਲ ਤੋਂ ਹਾਸਲ ਕੀਤੀ ਅਤੇ ਸ਼ਸਤਰ ਕਲਾ ਭਾਈ ਬਿਧੀ ਚੰਦ ਛੀਨਾ ਤੋਂ ਗ੍ਰਹਿਣ ਕੀਤੀ। ਆਪ ਜੀ ਦੀ ਵਿਸ਼ੇਸ਼ ਲਗਨ ਅਤੇ ਮਿਹਨਤ ਅਤੇ ਉਸਤਾਦਾਂ ਦੀ ਸੰਜੀਦਗੀ ਕਰਨ ਤੇ ਆਪ 13-14 ਸਾਲ ਦੀ ਉਮਰ ਤੱਕ ਸ਼ਸ਼ਤਰ ਅਤੇ ਸ਼ਾਸਤਰ ਸਿੱਖਿਆ ਵਿੱਚ ਬਰਾਬਰਤਾ ਨਾਲ ਮੁਹਾਰਤ ਪ੍ਰਾਪਤ ਕਰ ਗਏ। ਆਪ ਜੀ ਦੇ ਉਸਤਾਦਾਂ ਵਿੱਚ ਪੁਰੋਹਿਤ ਜਾਤੀ ਮੱਲ ਦਾ ਨਾਮ ਵੀ ਜ਼ਿਕਰਯੋਗ ਹੈ।



**ਜਦੋਂ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਆਪ ਨੇ ਆਪਣੇ ਜੇਠੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ ਅਤੇ ਨਾਲ ਹੀ ਹਦਾਇਤ ਕੀਤੀ ਕਿ ਔਰੰਗਜ਼ੇਬ ਦੇ ਦਰਬਾਰ ਵਿੱਚ ਜਾ ਕੇ ਜੋ ਵੀ ਬਚਨ ਬਿਲਾਸ ਕਰਨੇ ਹਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਆਸ਼ੇ ਦੇ ਅਨੁਸਾਰੀ ਹੋਣੇ ਚਾਹੀਦੇ ਹਨ, ਪਰ ਗੁਰੂ ਸਾਹਿਬ ਦੀ ਹਦਾਇਤ ਦੇ ਉਲਟ ਰਾਮ ਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਹਿੱਤ ਰੱਬੀ ਬਾਣੀ ਵਿੱਚ ਹੇਰ-ਫੇਰ ਕਰਦਿਆਂ ਮਿੱਟੀ ਮੁਸਲਮਾਨ ਦੀ ਵਾਲੀ ਪੰਕਤੀ ਨੂੰ ਮਿੱਟੀ ਬੇਈਮਾਨ ਦੀ ਕਹਿ ਕੇ ਬਾਦਸ਼ਾਹ ਨੂੰ ਤਾਂ ਖੁਸ਼ ਕਰ ਲਿਆ ਪਰ ਗੁਰੂ ਨਾਨਕ ਦੇ ਘਰ ਨਾਲ ਸਦਾ ਵਾਸਤੇ ਨਰਾਜ਼ਗੀ ਮੁੱਲ ਲੈ ਲਈ।**

ਸੱਤਵੇਂ ਪਾਤਸ਼ਾਹ ਜਿੱਥੇ ਗਿਆਨਵਾਨ, ਮਿੱਠੇ ਅਤੇ ਨਿੱਘੜੇ ਸੁਭਾਅ ਦੇ ਮਾਲਕ ਸਨ, ਉੱਥੇ ਉਨ੍ਹਾਂ ਦਾ ਹਿਰਦਾ ਵੀ ਬੜਾ ਕੋਮਲ ਅਤੇ ਤਰਸੀਲਾ ਸੀ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਇੱਕ ਵਾਰੀ ਕਰਤਾਰਪੁਰ ਦੇ ਬਾਗ ਵਿੱਚ ਸੈਰ ਕਰ ਰਹੇ ਸਨ, ਉਸ ਸਮੇਂ ਹਵਾ ਬੜੀ ਤੇਜੀ ਨਾਲ ਵੱਗ ਰਹੀ ਸੀ। ਹਵਾ ਦੇ ਕਾਰਨ ਆਪ ਜੀ ਦਾ ਜਾਮਾ ਕੁੱਝ ਬੂਟਿਆਂ ਨਾਲ ਉਲਝ ਗਿਆ। ਇਸ ਉਲਝਣ ਸਦਕਾ ਕੁੱਝ ਫੁੱਲ ਟਹਿਣੀ ਨਾਲੋਂ ਟੁੱਟ ਕੇ ਹੇਠਾਂ ਡਿੱਗ ਪਏ। ਟੁੱਟੇ ਫੁੱਲਾਂ ਨੂੰ ਦੇਖ ਕੇ ਗੁਰੂ ਸਾਹਿਬ ਦੇ ਕੋਮਲ ਹਿਰਦੇ ਨੂੰ ਬਹੁਤ ਠੇਸ ਪਹੁੰਚੀ। ਇੰਨੇ ਚਿਰ ਵਿੱਚ ਸ੍ਰੀ ਹਰਗੋਬਿੰਦ ਜੀ ਕੋਲ ਆਏ ਅਤੇ ਉਦਾਸੀ ਦਾ ਕਾਰਨ ਪੁੱਛਿਆ। ਆਪ ਜੀ ਨੇ ਕਿਹਾ ਕਿ ਸੱਚੇ ਪਾਤਸ਼ਾਹ ਮੇਰੇ ਖੁੱਲ੍ਹੇ ਜਾਮੇ ਨਾਲ ਅੜ ਕੇ ਇਹ ਵਿਚਾਰੇ ਨਿਰਦੋਸ਼ ਫੁੱਲ ਹੇਠਾਂ ਡਿੱਗ ਪਏ ਹਨ। ਇਸ ਮੌਕੇ 'ਤੇ ਛੇਵੇਂ ਪਾਤਸ਼ਾਹ ਨੇ ਇੱਕ ਉਪਦੇਸ਼ਮਈ ਜਵਾਬ ਦਿੰਦਿਆਂ ਕਿਹਾ ਕਿ ਜੇ ਜਾਮਾ ਵੱਡਾ ਪਹਿਨੀਏ ਤਾਂ ਸੰਭਲ ਕੇ ਤੁਰਨਾ ਚਾਹੀਦਾ ਹੈ। ਉਪਦੇਸ਼ ਬੜਾ ਸਪੱਸ਼ਟ ਸੀ ਕਿ ਜੇ ਜ਼ਿੰਮੇਵਾਰੀ ਵੱਡੀ ਚੁੱਕ ਲਈਏ ਤਾਂ ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਇਹ ਤਾਕਤ ਨਿਆਸਰਿਆਂ ਦਾ ਆਸਰਾ ਬਣਨੀ ਚਾਹੀਦੀ ਹੈ। ਸ੍ਰੀ ਗੁਰੂ ਹਰਿਰਾਏ ਜੀ ਨੇ ਆਪਣੇ ਦਾਦਾ ਗੁਰੂ ਜੀ ਦੇ ਉਪਦੇਸ਼ ਨੂੰ ਘੁੱਟ ਕੇ ਪੱਲ੍ਹੇ ਨਾਲ ਬੰਨ੍ਹ ਲਿਆ। ਸਾਰੀ ਹਯਾਤੀ ਇਸ ਉਪਦੇਸ਼ ਦੀ ਕਮਾਈ ਕੀਤੀ ਅਤੇ ਤਾਣ ਹੁੰਦਿਆਂ ਵੀ ਨਿਤਾਣੇ ਬਣੇ ਰਹੇ। ਗੁਰੂ ਸਾਹਿਬ ਸ਼ੇਖ ਫਰੀਦ ਜੀ ਦੇ ਇਹ ਬਚਨ ਬੜੇ ਪ੍ਰੇਮ ਨਾਲ ਉਚਾਰਿਆ ਕਰਦੇ ਸਨ :-

ਸਭਨਾ ਮਨ ਮਾਣਿਕ
ਠਾਹੁਣ ਮੂਲ ਮਚਾਂਗਣਾ॥
ਜੇ ਤਉ ਪਿਰੀਆ ਦੀ ਸਿੱਕ
ਹਿਆਉ ਨਾ ਠਾਹੇ ਕਹੀਦਾ॥

ਇਸ ਤੋਂ ਇਲਾਵਾ ਉਹ ਸ਼ਬਦ 'ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ' ਵੀ ਬੜੇ ਵਿਸਮਾਦ ਵਿੱਚ ਗਾਇਆ ਕਰਦੇ ਸਨ।

ਸ੍ਰੀ ਗੁਰੂ ਹਰਿ ਰਾਏ ਸਾਹਿਬ ਦੀ ਸ਼ਾਦੀ ਅਨੂਪ ਸ਼ਹਿਰ (ਯੂ.ਪੀ.) ਦੇ ਵਸਨੀਕ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਜੀ ਨਾਲ ਹੋਈ। ਆਪ ਜੀ ਦੇ ਘਰ ਦੋ ਸਪੁੱਤਰ ਸ੍ਰੀ ਰਾਮ ਰਾਏ ਅਤੇ ਸ੍ਰੀ ਹਰਿਕ੍ਰਿਸ਼ਨ ਜੀ ਪੈਦਾ ਹੋਏ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ 3 ਮਾਰਚ 1644 ਈ. ਨੂੰ ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ ਸਨ। ਉਸ ਤੋਂ ਪੰਜ ਦਿਨ ਬਾਅਦ 8 ਮਾਰਚ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਭਾਨਾ (ਸਪੁੱਤਰ ਬਾਬਾ ਬੁੱਢਾ ਸਾਹਿਬ) ਜੀ ਨੇ ਗੁਰੂ ਹਰਿ ਰਾਏ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਸੱਤਵੇਂ ਨਾਨਕ ਸ੍ਰੀ ਹਰਿ ਰਾਏ ਨੇ ਆਪਣੇ ਦਾਦਾ ਗੁਰੂ ਵਾਂਗ ਸਿੱਖਾਂ ਵਿੱਚੋਂ ਬੀਰ ਰਸ ਨੂੰ ਮੱਧਮ ਨਹੀਂ ਪੈਣ ਦਿੱਤਾ।2000 ਤੋਂ ਵੀ ਵਧੇਰੇ ਸੈਨਿਕ ਜਿੱਥੇ ਯੁੱਧ ਕਲਾਵਾਂ ਦਾ ਅਕਸਰ ਅਭਿਆਸ ਕਰਦੇ ਰਹਿੰਦੇ ਸਨ, ਉੱਥੇ ਕਿਸੇ ਵੀ ਔਖੀ ਘੜੀ ਦਾ ਸਾਹਮਣਾ ਕਰਨ ਲਈ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੇ ਸਨ।

ਆਪ ਜੀ ਵੱਲੋਂ ਗੁਰੂ ਦੇ ਲੰਗਰ ਲਈ ਇੱਕ ਵਿਸ਼ੇਸ਼ ਹਦਾਇਤ ਸੀ ਕਿ ਭੁੱਖ ਦਾ ਕੋਈ ਸਮਾਂ ਨਹੀਂ ਹੁੰਦਾ, ਜਦੋਂ ਵੀ ਕੋਈ ਲੋੜਵੰਦ ਲੰਗਰ ਵਿੱਚ ਆ ਜਾਵੇ, ਉਸ ਨੂੰ ਪ੍ਰਸ਼ਾਦਾ ਪਾਣੀ ਤਿਆਰ ਕਰਕੇ ਛਕਾਇਆ ਜਾਵੇ। ਆਪ ਇੰਨੇ ਰਹਿਮ ਦਿਲ ਸਨ ਕਿ ਕਿਸੇ ਵੀ ਦੁੱਖੀ ਦੇ ਦੁੱਖ ਨੂੰ ਸਹਿਣ ਨਹੀਂ ਸਨ ਕਰ ਸਕਦੇ। ਇਸ ਲਈ ਰੋਗੀਆਂ ਨੂੰ ਨਿਰੋਗ ਕਰਨ ਲਈ ਉਨ੍ਹਾਂ ਨੇ ਇੱਕ ਦਵਾਖਾਨਾ ਵੀ ਖੋਲ੍ਹਿਆ ਹੋਇਆ ਸੀ। ਇਸ ਦਵਾਖਾਨੇ ਵਿੱਚੋਂ ਗਰੀਬਾਂ ਅਤੇ ਲੋੜਵੰਦਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾਂਦੀਆਂ ਸਨ। ਮੁਗਲ ਬਾਦਸ਼ਾਹ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਵੀ ਉਨ੍ਹਾਂ ਵੱਲੋਂ ਦਿੱਤੀਆਂ ਦਵਾਈਆਂ ਦੀ ਬਦੌਲਤ ਹੀ ਸਿਹਤਯਾਬ ਹੋਇਆ ਸੀ। ਇੱਥੇ ਹੀ ਬੱਸ ਨਹੀਂ, ਲੋੜ ਪੈਣ 'ਤੇ ਗੁਰੂ ਸਾਹਿਬ ਨੇ ਦਾਰਾ ਸ਼ਿਕੋਹ ਦੀ ਮੱਦਦ ਵੀ ਕੀਤੀ।

ਜਦੋਂ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਆਪ ਨੇ ਆਪਣੇ ਜੇਠੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ ਅਤੇ ਨਾਲ ਹੀ ਹਦਾਇਤ ਕੀਤੀ ਕਿ ਔਰੰਗਜ਼ੇਬ ਦੇ ਦਰਬਾਰ ਵਿੱਚ ਜਾ ਕੇ ਜੋ ਵੀ ਬਚਨ ਬਿਲਾਸ ਕਰਨੇ ਹਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਆਸ਼ੇ ਦੇ ਅਨੁਸਾਰੀ ਹੋਣੇ ਚਾਹੀਦੇ ਹਨ, ਪਰ ਗੁਰੂ ਸਾਹਿਬ ਦੀ ਹਦਾਇਤ ਦੇ ਉਲਟ ਰਾਮ ਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਹਿੱਤ ਰੱਬੀ ਬਾਣੀ ਵਿੱਚ ਹੇਰ-ਫੇਰ ਕਰਦਿਆਂ ਮਿੱਟੀ ਮੁਸਲਮਾਨ ਦੀ ਵਾਲੀ ਪੰਕਤੀ ਨੂੰ ਮਿੱਟੀ ਬੇਈਮਾਨ ਦੀ ਕਹਿ ਕੇ ਬਾਦਸ਼ਾਹ ਨੂੰ ਤਾਂ ਖੁਸ਼ ਕਰ ਲਿਆ ਪਰ ਗੁਰੂ ਨਾਨਕ ਦੇ ਘਰ ਨਾਲ ਸਦਾ ਵਾਸਤੇ ਨਰਾਜ਼ਗੀ ਮੁੱਲ ਲੈ ਲਈ।

ਗੁਰੂ ਹਰਿਰਾਏ ਸਾਹਿਬ ਨੂੰ ਰਾਮ ਰਾਇ ਦੀ ਇਸ ਕਾਰਵਾਈ ਨਾਲ ਬੜਾ ਦੁੱਖ ਹੋਇਆ ਅਤੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਸਾਰੀ ਉਮਰ ਉਸ ਨੂੰ ਮੂੰਹ ਨਹੀਂ ਲਗਾਉਣਗੇ। ਇਸੇ ਕਰਕੇ ਉਨ੍ਹਾਂ ਨੇ ਗੁਰਗੱਦੀ ਦਾ ਹੱਕਦਾਰ ਆਪਣੇ ਛੋਟੇ ਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਨੂੰ ਬਣਾਇਆ ਸੀ। ਗੁਰੂ ਹਰਿਰਾਏ ਸਾਹਿਬ ਦਾ ਅਖਰੀਲਾ ਸਮਾਂ ਕੀਰਤਪੁਰ ਸਾਹਿਬ ਵਿੱਚ ਹੀ ਬੀਤਿਆ। 6 ਅਕਤੂਬਰ 1661 ਈ. (ਸੰਮਤ 1718) ਦਿਨ ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ। ਆਪ ਜੀ ਦਾ ਅੰਤਿਮ ਸਸਕਾਰ ਸਤਿਲੁਜ ਦਰਿਆ ਦੇ ਕੰਢੇ ਪਾਤਾਲਪੁਰੀ ਵਿੱਚ ਕੀਤਾ ਗਿਆ।

# ਭਾਰਤ ਵਿਚ ਔਰਤ ਖਰੀਦੋ-ਫਰੋਖਤ ਦੀ ਵਸਤੂ ਕਿਉਂ ਬਣ ਗਈ ?

**ਅਮਨਦੀਪ ਕੌਰ ਦਿਓਲ**



ਜੁਲਾਈ 2024 ਵਿੱਚ ਮੱਧ ਪ੍ਰਦੇਸ਼ ਸਰਕਾਰ ਨੇ ਉੱਥੋਂ ਦੀ ਵਿਧਾਨ ਸਭਾ ਵਿੱਚ 21 ਜੁਲਾਈ 2021 ਤੋਂ 31 ਮਈ 2024 ਤੱਕ ਸੂਬੇ ਵਿੱਚੋਂ ਗਾਇਬ ਹੋਈਆਂ ਔਰਤਾਂ ਅਤੇ ਲੜਕੀਆਂ ਸਬੰਧੀ ਲੂੰ-ਕੰਡੇ ਖੜ੍ਹੇ ਕਰਨ ਵਾਲਾ ਅੰਕੜਾ ਪੇਸ਼ ਕੀਤਾ। ਤਿੰਨ ਸਾਲਾਂ ਵਿੱਚ 31,000 ਔਰਤਾਂ ਅਤੇ ਲੜਕੀਆਂ ਦਾ ਗਾਇਬ ਜਾਂ ਲਾਪਤਾ ਹੋ ਜਾਣਾ ਕੋਈ ਛੋਟਾ ਅੰਕੜਾ ਨਹੀਂ ਹੈ। ਇਸ ਵਿੱਚੋਂ ਸਿਰਫ਼ 724 ਕੇਸ ਹੀ ਅਧਿਕਾਰਤ ਤੌਰ 'ਤੇ ਦਰਜ ਹੋਏ। ਰਿਪੋਰਟ ਮੁਤਾਬਿਕ ਉਦੋਂ ਲੰਘੇ 34 ਮਹੀਨਿਆਂ ਵਿੱਚ 676 ਲੜਕੀਆਂ ਇਕੱਲੇ ਉਜੈਨ ਜ਼ਿਲ੍ਹੇ ਵਿੱਚੋਂ ਹੀ ਗਾਇਬ ਹੋਈਆਂ, ਪਰ ਇੱਕ ਵੀ ਕੇਸ ਦਰਜ ਨਹੀਂ ਹੋਇਆ। ਇੰਦੌਰ ਜ਼ਿਲ੍ਹੇ ਵਿੱਚੋਂ ਸਭ ਤੋਂ ਵੱਧ 2384 ਕੇਸ ਸਾਹਮਣੇ ਆਏ, ਪਰ 15 ਕੇਸ ਹੀ ਅਧਿਕਾਰਤ ਤੌਰ 'ਤੇ ਦਰਜ ਹੋਏ। ਜੂਨ 2023 ਵਿੱਚ ਕੇਂਦਰ ਸਰਕਾਰ ਦੁਆਰਾ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੁਆਰਾ ਜਾਰੀ ਕੀਤੇ ਅੰਕੜਿਆਂ ਨੂੰ ਪੇਸ਼ ਕੀਤਾ ਗਿਆ। ਇਨ੍ਹਾਂ ਅੰਕੜਿਆਂ ਮੁਤਾਬਿਕ 2019-2021 ਤੱਕ ਦੇਸ਼ ਵਿੱਚ 13.13 ਲੱਖ ਔਰਤਾਂ ਲਾਪਤਾ ਹੋਈਆਂ ਹਨ। ਇਕੱਲੇ ਮੱਧ ਪ੍ਰਦੇਸ਼ ਵਿੱਚੋਂ ਹੀ 2 ਲੱਖ ਦੇ ਕਰੀਬ ਔਰਤਾਂ ਅਤੇ ਲੜਕੀਆਂ ਲਾਪਤਾ ਹੋਈਆਂ ਹਨ। ਹਰ ਰੋਜ਼ ਔਸਤ 1200 ਲੜਕੀਆਂ ਅਤੇ ਇੱਕ ਘੰਟੇ ਵਿੱਚ 50 ਦੇਕਰੀਬ ਲੜਕੀਆਂ ਅਤੇ ਔਰਤਾਂ ਗਾਇਬ ਹੋ ਰਹੀਆਂ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਸਾਲ 2022 ਦੇ ਅੰਕੜਿਆਂ ਮੁਤਾਬਿਕ ਉੱਤਰ ਪ੍ਰਦੇਸ਼ ਵਿੱਚ ਸਭ ਤੋਂ ਵੱਧ 65,743 ਕੇਸ ਸਾਹਮਣੇ ਆਏ। ਦੇਸ਼ ਵਿੱਚ 50.2 ਫ਼ੀਸਦੀ ਔਰਤਾਂ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਿੱਚੋਂ ਹੀ ਲਾਪਤਾ ਹੋਈਆਂ ਹਨ।

1981 ਦੀ ਜਨਗਣਨਾ ਵਿੱਚ ਔਰਤਾਂ ਦੇ ਗਾਇਬ ਹੋਣ ਦਾ ਰੁਝਾਨ ਸਾਹਮਣੇ ਆਉਣ ਲੱਗਿਆ। 1992 ਵਿੱਚ ਨੋਬੇਲ ਪੁਰਸਕਾਰ ਜੇਤੂ ਅਮਰਤਿਆ ਸੇਨ ਨੇ ਇਸ ਵਰਤਾਰੇ 'ਤੇ ਉਂਗਲ ਧਰੀ। ਅਮਰਤਿਆ ਸੇਨ ਮੁਤਾਬਿਕ ਪੂਰੀ ਦੁਨੀਆ ਵਿੱਚੋਂ 10 ਕਰੋੜ ਤੋਂ ਵੱਧ ਔਰਤਾਂ ਲਾਪਤਾ ਹੋਈਆਂ ਹਨ, ਜਿਨ੍ਹਾਂ ਵਿੱਚੋਂ 80 ਫ਼ੀਸਦੀ ਭਾਰਤ ਅਤੇ ਚੀਨ ਦੀਆਂ ਹਨ। ਵਰਲਡ ਇਕਨੌਮਿਕ ਫੋਰਮ ਦੇ 2021 ਦੇ ਅੰਕੜਿਆਂ ਅਨੁਸਾਰ ਜੈਂਡਰ ਗੈਪ ਇੰਡੈਕਸ ਵਿੱਚ ਭਾਰਤ 156 ਦੇਸ਼ਾਂ ਵਿੱਚੋਂ 140ਵੇਂ ਸਥਾਨ 'ਤੇ ਹੈ। ਸੰਯੁਕਤ ਰਾਸ਼ਟਰ ਦੀ 2014 ਦੀ ਰਿਪੋਰਟ ਮੁਤਾਬਿਕ ਪੂਰੀ ਦੁਨੀਆ ਵਿੱਚੋਂ ਗਾਇਬ ਹੋਣ ਵਾਲੀਆਂ 14.26 ਕਰੋੜ ਔਰਤਾਂ ਵਿੱਚੋਂ 4.58 ਕਰੋੜ ਔਰਤਾਂ ਭਾਰਤ ਵਿੱਚੋਂ ਗੁੰਮ ਹੋਈਆਂ ਹਨ।

ਸਾਡਾ ਦੇਸ਼ ਇੱਕ ਅਰਧ-ਜਾਗੀਰੂ ਅਤੇ ਅਰਧ-ਬਸਤੀ ਮੁਲਕ ਹੈ। ਭਾਰਤ ਵਿੱਚ ਜਗੀਰੂ ਨਜ਼ਰੀਏ ਅਤੇ ਸਾਮਰਾਜੀ ਸੱਭਿਆਚਾਰ ਨੇ ਔਰਤ ਨੂੰ ਇੱਕ ਖਰੀਦੋ-ਫਰੋਖ਼ਤ ਵਾਲੀ ਸ਼ੈਅ ਵਿੱਚ ਬਦਲ ਦਿੱਤਾ ਹੈ। ਇਸ ਦਾ ਆਧਾਰ ਸਮਾਜ ਵਿੱਚ ਕਾਇਮ ਹੋਣ ਕਰਕੇ ਔਰਤ ਵਿਰੋਧੀ ਪਿੱਤਰੀ ਸੋਚ ਨੂੰ ਲਗਾਤਾਰ ਪਾਲਿਆ ਪੋਸਿਆ ਜਾ ਰਿਹਾ ਹੈ। ਔਰਤ ਅੱਜ ਵੀ ਸਮਾਜ ਵਿੱਚ ਦੂਜੇ ਦਰਜੇ ਦੀ ਸ਼ਹਿਰੀ ਹੈ। ਇੱਥੇ ਦਲਿਤ ਔਰਤ ਦਾ ਸਥਾਨ ਸਮਾਜ ਵਿੱਚ ਸਭ ਤੋਂ ਹੇਠਾਂ ਹੈ।

ਦੇਖਣ ਨੂੰ ਆਧੁਨਿਕ ਜਾਪਣ ਵਾਲੇ ਸਮਾਜ ਵਿੱਚ ਪਿੱਤਰਸੱਤਾ ਰੂਪ ਬਦਲ ਕੇ ਹੋਰ ਮਜ਼ਬੂਤ ਅਤੇ ਸੰਸਥਾਗਤ ਹੋ ਗਈ ਹੈ। ਪਰਿਵਾਰ ਤੋਂ ਲੈ ਕੇ ਸਮਾਜ ਦੀ ਹਰੇਕ ਸੰਸਥਾ ਵਿੱਚ ਔਰਤ-ਵਿਰੋਧੀ ਮਾਨਸਿਕਤਾ ਦਾ ਬੋਲਬਾਲਾ ਹੈ। ਪੂਰੀ ਦੁਨੀਆ ਵਿੱਚ 101 ਮਰਦਾਂ ਪਿੱਛੇ 100 ਔਰਤਾਂ ਹਨ। ਭਾਰਤ ਵਿੱਚ 1000 : 943 ਲਿੰਗ ਅਨੁਪਾਤ ਅਤੇ 2011 ਦੀ ਮਰਦਮਸ਼ੁਮਾਰੀ ਮੁਤਾਬਿਕ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ ਚੰਡੀਗੜ੍ਹ ਦਾ ਲਿੰਗ ਅਨੁਪਾਤ 1000 : 818 ਹੈ। ਚੰਡੀਗੜ੍ਹ ਨੂੰ ਪੰਜਾਬ ਦਾ ਸਭ ਤੋਂ ਵਿਕਸਤ ਅਤੇ ਆਧੁਨਿਕ ਸ਼ਹਿਰ ਮੰਨਿਆ ਜਾਂਦਾ ਹੈ। ਇਹ ਅੰਕੜੇ ਸਾਡੇ ਦੇਸ਼ ਦੀ ਖੋਖਲੀ ਆਧੁਨਿਕਤਾ ਦੀ ਪੋਲ ਖੋਲ੍ਹਣ ਲਈ ਕਾਫ਼ੀ ਹਨ।

ਔਰਤਾਂ ਅਤੇ ਮਰਦਾਂ ਵਿੱਚ ਸਰੋਤਾਂ ਅਤੇ ਪੈਦਾਵਾਰ ਦੇ ਸਾਧਨਾਂ ਦੀ ਵੰਡ ਅਤੇ ਮਾਲਕੀ ਹੀ ਤਾਕਤ ਦੇ ਰਿਸ਼ਤੇ ਨੂੰ ਤੈਅ ਕਰਦੀ ਹੈ। ਦੁਨੀਆ ਦੇ ਤਮਾਮ ਪੈਦਾਵਾਰ ਦੇ ਸਰੋਤਾਂ ਉੱਪਰ ਮਰਦਾਵੀਂ ਸੱਤਾ ਹੈ, ਇਹੀ ਸੱਤਾ ਸਮਾਜ ਵਿੱਚ ਤਾਕਤਵਰ ਅਤੇ ਕਮਜ਼ੋਰ ਦਾ ਨਿਰਣਾ ਕਰਦੀ ਹੈ। ਵਿਸ਼ਵ ਪੱਧਰ 'ਤੇ ਔਰਤਾਂ 1 ਫ਼ੀਸਦੀ ਜਾਇਦਾਦ ਦੀਆਂ ਮਾਲਕ ਹਨ। ਆਰਥਿਕ ਤੌਰ 'ਤੇ ਇਹ ਸਥਿਤੀ ਔਰਤ ਦੇ ਰਾਜਨੀਤਕ ਅਤੇ ਸਮਾਜਿਕ ਸਥਾਨ ਨੂੰ ਤੈਅ ਕਰਦੀ ਹੈ। ਔਰਤਾਂ ਦਾ ਇਹ ਸਥਾਨ ਇੱਥੋਂ ਦੇ ਸੱਭਿਆਚਾਰ ਅਤੇ ਜੀਵਨ ਜਾਚ ਵਿੱਚੋਂ ਸਾਫ਼-ਸਾਫ਼ ਝਲਕਦਾ ਹੈ। ਇਸੇ ਕਰਕੇ ਸਾਡੇ ਸਮਾਜ ਵਿੱਚ ਧੀਆਂ ਦੀ ਬਜਾਇ ਪੁੱਤਰਾਂ ਦੀ ਚਾਹਤ ਹੁੰਦੀ ਹੈ। ਨਿੱਜੀ ਜਾਇਦਾਦ ਉੱਪਰ ਟਿਕੇ ਇਸ ਪ੍ਰਬੰਧ ਵਿੱਚ 2018 ਮੁਤਾਬਿਕ ਇਹ ਤੱਥ ਸਾਹਮਣੇ ਆਏ ਹਨ ਕਿ ਭਾਰਤ ਵਿੱਚ 2.1 ਕਰੋੜ 'ਅਣਚਾਹੀਆਂ ਧੀਆਂ' ਹਨ। ਅਣਚਾਹੀਆਂ ਧੀਆਂ ਦੀ ਜ਼ਿੰਦਗੀ ਦੀ ਕਲਪਨਾ ਕਰਨੀ ਸਾਡੇ ਵਾਸਤੇ ਕਾਫ਼ੀ ਮੁਸ਼ਕਿਲ ਹੈ।

ਮੱਧ ਪ੍ਰਦੇਸ਼ ਵਰਗੇ ਸੂਬੇ ਬੁਰੀ ਤਰ੍ਹਾਂ ਪਛੜੇ ਹੋਏ ਹਨ। ਆਦਿਵਾਸੀਆਂ ਦੀ 21 ਫ਼ੀਸਦੀ ਆਬਾਦੀ ਮੱਧ ਪ੍ਰਦੇਸ਼ ਵਿੱਚ ਹੈ। ਮੱਧ ਪ੍ਰਦੇਸ਼ ਸਰਕਾਰ ਨੇ ਸਾਲ 2023 'ਚ ਆਈ ਫਿਲਮ 'ਦਿ ਕੇਰਲਾ ਸਟੋਰੀ' ਨੂੰ ਸੂਬੇ ਵਿੱਚ ਟੈਕਸ ਫਰੀ ਕੀਤਾ। ਇਸ ਫਿਲਮ ਵਿੱਚ ਤਕਰੀਬਨ 32,000 ਕੁੜੀਆਂ ਗਾਇਬ ਹੋਣ ਦੇ ਝੂਠੇ ਤੱਥ ਪੇਸ਼ ਕੀਤੇ ਗਏ ਅਤੇ ਖ਼ਾਸਕਰ ਦੇਸ਼ ਦੀ ਵੱਡੀ ਬਹੁਗਿਣਤੀ ਨੂੰ ਨਿਸ਼ਾਨਾ ਬਣਾਇਆ ਗਿਆ।

ਉਸ ਸਮੇਂ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਕਿਹਾ ਸੀ ਕਿ ਅਸੀਂ ਮੱਧ ਪ੍ਰਦੇਸ਼ ਨੂੰ ਕੇਰਲਾ ਸਟੋਰੀ ਨਹੀਂ ਬਣਨ ਦਿਆਂਗੇ, ਜਦੋਂਕਿ ਉਹ ਆਪਣੇ ਸੂਬੇ ਦੀਆਂ ਔਰਤਾਂ ਦੀ ਸੁਰੱਖਿਆ ਕਰਨ 'ਚ ਨਾਕਾਮ ਹੈ। 'ਲਵ ਜੇਹਾਦ', 'ਬਹੂ-ਬੇਟੀ ਬਚਾਓ' ਸਿਰਫ਼ ਨਾਅਰੇ ਹੀ ਹਨ। ਅਸਲ ਵਿੱਚ ਔਰਤਾਂ ਦੇ ਮਾਮਲੇ ਵਿੱਚ ਸਭ ਤੋਂ ਵੱਧ ਪਿਛਾਖੜੀ ਸੋਚ ਵਾਲੀ ਪਾਰਟੀ ਇੱਥੇ ਰਾਜ ਕਰ ਰਹੀ ਹੈ। ਉੱਤਰ ਪ੍ਰਦੇਸ਼, ਰਾਜਸਥਾਨ ਵਿੱਚ ਵੀ ਇਸੇ ਪਾਰਟੀ ਦਾ ਰਾਜ ਹੈ। ਜਨਵਰੀ 2024 ਵਿੱਚ ਭੋਪਾਲ ਦੇ ਇੱਕ ਨਿੱਜੀ ਯਤੀਮਖਾਨੇ ਵਿੱਚੋਂ 26 ਲੜਕੀਆਂ ਗਾਇਬ ਮਿਲੀਆਂ। ਨਾਬਾਲਗ ਬੱਚੀਆਂ ਖ਼ਿਲਾਫ਼ ਜਿਣਸੀ ਹਿੰਸਾ ਵਿੱਚ ਮੱਧ ਪ੍ਰਦੇਸ਼ ਪਹਿਲੇ ਨੰਬਰ 'ਤੇ ਹੈ। ਲਾਪਤਾ ਹੋਈਆਂ ਜ਼ਿਆਦਾਤਰ ਬੱਚੀਆਂ ਗ਼ਰੀਬ, ਦਲਿਤ ਅਤੇ ਆਦਿਵਾਸੀ ਪਰਿਵਾਰਾਂ ਵਿੱਚੋਂ ਹਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਲਾਪਤਾ ਹੋਈਆਂ ਇਹ ਲੜਕੀਆਂ ਅਤੇ ਔਰਤਾਂ ਕਿੱਥੇ ਜਾਂਦੀਆਂ ਹਨ ?

ਇਸ ਦੇਸ਼ ਵਿੱਚ ਘੱਟ ਲਿੰਗਕ ਅਨੁਪਾਤ ਕਾਰਨ ਔਰਤ ਖਰੀਦੋ-ਫਰੋਖਤ ਦੀ ਵਸਤੂ ਬਣ ਗਈ ਹੈ। ਦੇਸ਼ ਦੇ ਬਹੁਤ ਸਾਰੇ ਸੂਬੇ ਅਜਿਹੇ ਹਨ ਜਿੱਥੇ 'ਦੁਲਹਨ ਬਾਜ਼ਾਰ' ਲੱਗਦਾ ਹੈ, ਜਿਸ ਵਿੱਚ ਦੁਲਹਨਾਂ ਵੇਚੀਆਂ ਅਤੇ ਕਿਰਾਏ 'ਤੇ ਦਿੱਤੀਆਂ ਜਾਂਦੀਆਂ ਹਨ। ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਵਿੱਚ ਇਹ ਬਾਜ਼ਾਰ ਸਜਦਾ ਹੈ। ਇਸੇ ਤਰ੍ਹਾਂ ਬਿਹਾਰ ਦੇ ਸੌਰਥ ਸਭਾ ਵਿੱਚ ਬਾਕਾਇਦਾ ਅਸ਼ਟਾਮ ਪੇਪਰਾਂ 'ਤੇ ਇਹ ਖਰੀਦੋ-ਫਰੋਖ਼ਤ ਹੁੰਦੀ ਹੈ। ਅਜਿਹੀ ਖਰੀਦੋ-ਫਰੋਖ਼ਤ ਸਰਕਾਰ ਦੇ ਨੱਕ ਹੇਠਾਂ ਹੁੰਦੀ ਹੈ। ਬਹੁਤ ਸਾਰੀਆਂ ਕੁੜੀਆਂ ਨੂੰ 'ਵਰਤੋ ਅਤੇ ਸੁੱਟੋ' ਦੀ ਨੀਤੀ ਤਹਿਤ ਵਰਤ ਕੇ ਅਗਾਂਹ ਵੇਚਿਆ ਜਾਂਦਾ ਹੈ। ਕਈ ਮਾਮਲਿਆਂ ਵਿੱਚ ਦੇਸ਼ ਦੀਆਂ ਧੀਆਂ ਨਾਲ ਅਜਿਹਾ ਉਨ੍ਹਾਂ ਦੇ ਮਾਪਿਆਂ ਦੁਆਰਾ ਵੀ ਕੀਤਾ ਜਾਂਦਾ ਹੈ। ਔਰਤਾਂ ਨੂੰ ਬੰਧੂਆ ਮਜ਼ਦੂਰ ਦੇ ਰੂਪ ਵਿੱਚ ਵੀ ਰੱਖਿਆ ਜਾਂਦਾ ਹੈ ਅਤੇ 14-14 ਘੰਟੇ ਕੰਮ ਕਰਵਾਇਆ ਜਾਂਦਾ ਹੈ। ਇਸ ਦੇ ਨਾਲ ਜਿਨਸੀ ਸ਼ੋਸ਼ਣ ਆਮ ਜਿਹਾ ਵਰਤਾਰਾ ਹੈ। ਇਸ ਤੋਂ ਇਲਾਵਾ ਮਨੁੱਖੀ ਅੰਗਾਂ ਦੀ ਤਸਕਰੀ ਕਰਨ ਵਾਲੇ ਗਰੋਹ ਵੀ ਕੁੜੀਆਂ ਦੀ ਤਸਕਰੀ ਕਰਦੇ ਹਨ।

ਸਾਡੇ ਦੇਸ਼ ਵਿੱਚ ਸੋਨਾਗਾਚੀ (ਕੋਲਕਾਤਾ) ਅਤੇ ਕਮਾਠੀਪੁਰਾ (ਮੁੰਬਈ) ਵਰਗੇ ਵੇਸਵਾਗਮਨੀ ਦੇ ਵੱਡੇ ਅੱਡੇ ਹਨ, ਜਿੱਥੇ ਕ੍ਰਮਵਾਰ 11,000 ਅਤੇ 5,000 ਵੇਸਵਾਵਾਂ ਹਨ। ਵੇਸਵਾਗਮਨੀ ਦੇ ਅੱਡਿਆਂ ਨੂੰ ਬਰਤਾਨਵੀ ਹਕੂਮਤ ਨੇ ਆਪਣੇ ਅਫਸਰਾਂ ਖ਼ਾਤਰ ਪੱਕੇ ਪੈਰੀਂ ਕੀਤਾ। ਇਸ ਖੇਤਰ ਵਿੱਚ ਜ਼ਿਆਦਾਤਰ ਔਰਤਾਂ 18 ਸਾਲ ਤੋਂ ਪਹਿਲਾਂ ਦੀ ਉਮਰ ਵਿੱਚ ਆਈਆਂ ਹਨ। ਸਾਡੇ ਦੇਸ਼ ਵਿੱਚ 30 ਲੱਖ ਵੇਸਵਾਵਾਂ ਹਨ। ਇਹ ਵੇਸਵਾਵਾਂ ਸਾਡੇ ਦੇਸ਼ ਦੀਆਂ ਹੀ ਧੀਆਂ ਹਨ। ਇਸ ਪਾਸੇ ਉਹ ਆਪਣੀ ਮਰਜ਼ੀ ਨਾਲ ਨਹੀਂ, ਸਗੋਂ ਜਬਰੀ ਧੱਕੀਆਂ ਜਾਂਦੀਆਂ ਹਨ। ਸਮਾਜ ਵਿੱਚ ਮੁੰਡੇ ਦੀ ਚਾਹਤ ਕਾਰਨ ਦੁਰਕਾਰੀਆਂ ਜਾਂਦੀਆਂ ਔਰਤਾਂ, ਸੱਭਿਆਚਾਰਕ ਤੌਰ 'ਤੇ ਲਗਾਤਾਰ ਹਿੰਸਾ ਦੀਆਂ ਸ਼ਿਕਾਰ ਮਹਿਲਾਵਾਂ ਅਤੇ ਵਰਗਲਾਈਆਂ ਬੱਚੀਆਂ- ਸਭ ਲਈ ਜ਼ਿੰਦਗੀ ਨਰਕ ਵਰਗੀ ਹੈ। ਬਹੁਤ ਘੱਟ ਬੱਚੀਆਂ ਵਾਪਸ ਮਾਪਿਆਂ ਨੂੰ ਮਿਲਦੀਆਂ ਹਨ। ਜੋ ਮਿਲਦੀਆਂ ਵੀ ਹਨ, ਉਹ ਲੰਮੇ ਸਮੇਂ ਤੱਕ ਉਸ ਸਦਮੇ ਵਿੱਚੋਂ ਨਿਕਲ ਨਹੀਂ ਪਾਉਂਦੀਆਂ।

ਗੁਆਚੀਆਂ ਧੀਆਂ ਦੀ ਗੁੰਮਸ਼ੁਦਗੀ ਦੀ ਸ਼ਿਕਾਇਤ ਵੀ ਇੱਜ਼ਤ ਦੇ ਡਰੋਂ ਮਾਪੇ ਨਹੀਂ ਕਰਦੇ। ਜੇ ਮਾਪੇ/ਰਿਸ਼ਤੇਦਾਰ ਸ਼ਿਕਾਇਤ ਕਰਦੇ ਵੀ ਹਨ ਤਾਂ ਪੁਲੀਸ ਵੱਲੋਂ ਅਜਿਹੇ ਕੇਸਾਂ ਨੂੰ ਸੰਜੀਦਗੀ ਨਾਲ ਲੈਣ ਦੀ ਬਜਾਏ ਆਮ ਪਹੁੰਚ ਤਹਿਤ ਹੀ ਲਏ ਜਾਂਦੇ ਹਨ। ਪਿਛਲੇ ਸਾਲ ਵਾਪਰੇ ਸ਼ਰਧਾ ਦੇ ਬਹੁ-ਚਰਚਿਤ ਕੇਸ ਵਿੱਚ ਲੜਕੀ ਦੇ ਗਾਇਬ ਹੋਣ ਦੀ ਸ਼ਿਕਾਇਤ ਸਤੰਬਰ ਵਿੱਚ ਕੀਤੀ ਗਈ, ਪਰ ਨਵੰਬਰ ਵਿੱਚ ਉਸ ਦੀ ਲਾਸ਼ ਦੇ ਛੋਟੇ-ਛੋਟੇ ਟੁਕੜੇ ਮਿਲੇ। ਇਸੇ ਤਰ੍ਹਾਂ ਮਨੀਪੁਰ ਦੀ ਬਹੁ-ਚਰਚਿਤ ਅਸ਼ਲੀਲ ਵੀਡੀਓ ਦੇ ਕੇਸ ਵਿੱਚ 4 ਮਈ ਨੂੰ ਮਾਮਲਾ ਸਾਹਮਣਾ ਆਇਆ, ਪਰ ਦਰਜ 18 ਮਈ ਨੂੰ ਕਰਵਾਇਆ ਗਿਆ। ਜੂਨ 'ਚ ਵੀਡੀਓ ਸਾਹਮਣੇ ਆਉਣ 'ਤੇ ਹੀ ਕਾਰਵਾਈ ਕੀਤੀ ਗਈ। ਔਰਤਾਂ ਖ਼ਿਲਾਫ਼ ਇਸ ਮਾਨਸਿਕਤਾ ਤੋਂ ਪੁਲੀਸ ਪ੍ਰਬੰਧ ਅਛੂਤਾ ਨਹੀਂ ਹੈ। ਜੇਕਰ ਕੋਈ ਔਰਤ ਆਪਣੇ ਖ਼ਿਲਾਫ਼ ਹੋਈ ਹਿੰਸਾ ਦੀ ਸ਼ਿਕਾਇਤ ਦਰਜ ਕਰਵਾਉਂਦੀ ਹੈ ਤਾਂ ਇਸ ਨੂੰ ਘਰੇਲੂ ਮਾਮਲਾ ਕਹਿ ਕੇ ਰਫ਼ਾ-ਦਫ਼ਾ ਕਰ ਦਿੱਤਾ ਜਾਂਦਾ ਹੈ। ਔਰਤਾਂ ਖ਼ਿਲਾਫ਼ ਹਿੰਸਾ ਦੇ ਕੇਸਾਂ ਵਿੱਚ ਤਾਕਤਵਰ ਲੋਕ ਅਕਸਰ ਆਪਣੇ ਪ੍ਰਭਾਵ ਤਹਿਤ ਖੁੱਲ੍ਹੇ ਫਿਰਦੇ ਹਨ। ਗੁੰਮਸ਼ੁਦਗੀ ਕੇਸਾਂ ਸਬੰਧੀ ਸਪੈਸ਼ਲ ਸਾਈਬਰ ਸੈੱਲ ਬਣੇ ਹੋਏ ਹਨ। ਜੇਕਰ ਕਿਸੇ ਸੂਬੇ ਦੀ ਪੁਲੀਸ ਤੋਂ ਲਾਪਤਾ ਦੀ ਭਾਲ ਨਹੀਂ ਹੁੰਦੀ ਤਾਂ ਉਹ ਕੇਸ ਇਸ ਸੈੱਲ ਨੂੰ ਦਿੱਤਾ ਜਾਂਦਾ ਹੈ। ਪੁਲੀਸ ਕੇਸ ਨੂੰ ਹੱਲ ਨਾ ਕਰਨ ਨੂੰ ਨਮੋਸ਼ੀ ਵਜੋਂ ਲੈਂਦੀ ਹੈ ਅਤੇ ਅੱਗੇ ਨਹੀਂ ਤੋਰਦੀ, ਜਿਸ ਕਰਕੇ ਅਜਿਹੇ ਕੇਸਾਂ ਦੀਆਂ ਫਾਈਲਾਂ ਧੂੜ ਫੱਕਦੀਆਂ ਰਹਿੰਦੀਆਂ ਹਨ। ਸਾਡਾ ਸਮਾਜ ਅਤੇ ਸਮੁੱਚੀਆਂ ਸੰਸਥਾਵਾਂ ਵਿੱਚ ਔਰਤ-ਵਿਰੋਧੀ ਸੋਚ ਕਰਕੇ ਇਨ੍ਹਾਂ ਗੁੰਮਸ਼ੁਦਾ ਔਰਤਾਂ ਦੀ ਆਵਾਜ਼ ਗੁੰਮਨਾਮੀ ਦੇ ਹਨੇਰਿਆਂ 'ਚ ਗੁਆਚ ਜਾਂਦੀ ਹੈ।

ਇਨ੍ਹਾਂ ਹਾਲਾਤ ਦੇ ਮੱਦੇਨਜ਼ਰ ਸਮੁੱਚਾ ਆਰਥਿਕ ਅਤੇ ਸੱਭਿਆਚਾਰਕ ਤਾਣਾ-ਬਾਣਾ ਬਦਲਣ ਦੀ ਲੋੜ ਹੈ। ਸਾਨੂੰ ਆਰਥਿਕ ਨਾ-ਬਰਾਬਰੀ ਖ਼ਿਲਾਫ਼ ਚੱਲਣ ਵਾਲੇ ਘੋਲਾਂ ਦੇ ਨਾਲ ਨਾਲ ਔਰਤ ਵਰਗ ਦੇ ਆਪਣੇ ਹਿੱਸੇ ਦੀਆਂ ਮੰਗਾਂ ਪ੍ਰਤੀ ਵੀ ਸੰਘਰਸ਼ ਲਾਮਬੰਦ ਕਰਨੇ ਚਾਹੀਦੇ ਹਨ।

# ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਗਲਾਸਗੋ ਵਿਖੇ 'ਪੰਜਾਬੀ ਵਿਰਸਾ' ਦੇ ਨਾਮ ਹੇਠ ਬੱਚਿਆਂ ਦਾ ਸਟੇਜ ਪ੍ਰੋਗਰਾਮ ਕਰਵਾਇਆ ਗਿਆ

ਗਲਾਸਗੋ, (ਹਰਜੀਤ ਸਿੰਘ ਦੁਸਾਂਝ ਪੁਆਦੜਾ )–ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਅਲਬਰਟ ਡਰਾਈਵ ਗਲਾਸਗੋ 'ਚ ਪੰਜਾਬੀ ਸਕੂਲ ਚਲਾਇਆ ਜਾ ਰਿਹਾ ਹੈ। ਪੰਜਾਬੀ ਸਕੂਲ 'ਚ 250 ਤੋਂ ਵੱਧ ਬੱਚੇ ਗੁਰਮੁਖੀ ਲਿੱਪੀ ਲਿਖਣੀ ਤੇ ਪੜ੍ਹਨੀ ਸਿੱਖ ਰਹੇ ਹਨ। ਬੀਤੇ ਦਿਨ ਪੰਜਾਬੀ ਸਕੂਲ ਵਲੋਂ ਗੁਰਦੁਆਰਾ ਸਾਹਿਬ ਵਿਖੇ 'ਪੰਜਾਬੀ ਵਿਰਸਾ' ਦੇ ਨਾਂਅ ਹੇਠ ਪੰਜਾਬੀ ਸਟੇਜ ਪ੍ਰੋਗਰਾਮ ਕਰਵਾਇਆ ਗਿਆ, ਜਿਸ 'ਚ ਪੰਜਾਬੀ ਸਕੂਲ ਦੇ 5 ਤੋਂ 16 ਸਾਲ ਦੇ ਨਰਸਰੀ ਤੋਂ ਲੈ ਕੇ ਏ ਐਸ ਲੈਵਲ ਤੱਕ ਦੇ 100 ਤੋਂ ਵੱਧ ਬੱਚਿਆਂ ਨੇ ਭਾਗ ਲਿਆ। ਵਿਦਿਆਰਥੀਆਂ ਨੇ ਗੀਤ, ਕਵਿਤਾ, ਐਕਸ਼ਨ ਗੀਤ, ਪੰਜਾਬੀ ਸਕਿਟਾਂ ਅਤੇ ਪੰਜਾਬੀ ਨਾਟਕ ਆਦਿ ਪੇਸ਼ ਕੀਤੇ।

ਨਰਸਰੀ ਦੇ ਬੱਚਿਆਂ ਨੇ ਵੱਖ ਵੱਖ ਜਾਨਵਰਾਂ ਦੀਆਂ ਪੋਸ਼ਾਕਾਂ ਪਹਿਨ ਕੇ 'ਜਾਨਵਰ' ਸਕਿੱਟ ਪੇਸ਼ ਕੀਤਾ, ਜਿਸ ਨੂੰ ਰਜਿੰਦਰ ਧਾਮੀ, ਸੁੱਖੀ ਔਜਲਾ, ਪਰੀਤਿਕਾ ਸਮਰਾ, ਜਸਕਰਨ ਕੌਰ, ਬਲਜਿੰਦਰ ਕੌਰ, ਡੇਮੀਰਾ ਕੌਰ ਅਧਿਆਪਕਾਂ ਨੇ ਰੋਮਾ ਗਿੱਲ, ਤਾਜ ਕੌਰ, ਅੰਮ੍ਰਿਤਾ ਕੌਰ ਅਤੇ ਪਮਿੰਦਰ ਕੌਰ ਸਹਾਇਤਾ ਨਾਲ ਤਿਆਰ ਕੀਤਾ। ਪਹਿਲੀ ਜਮਾਤ ਦੇ ਬੱਚਿਆਂ ਨੇ ਸਕਿੱਟ 'ਮਾਈਮ' ਅਤੇ 'ਧੱਕੇਸ਼ਾਹੀ' ਰਾਹੀਂ ਬੱਚਿਆਂ ਨਾਲ ਹੋ ਰਹੀ ਧੱਕੇਸ਼ਾਹੀ ਬਾਰੇ ਦਰਸਾਇਆ ਗਿਆ। ਇਸ ਨੂੰ ਅਧਿਆਪਕਾਂ ਹਰਵਿੰਦਰ ਕੌਰ, ਮਨਰੂਪ ਕੌਰ, ਹਰਗੁਣ ਕੌਰ ਨੇ ਰਿਧਮ ਖੋਖਰ ਦੀ ਸਹਾਇਤਾ ਨਾਲ ਤਿਆਰ ਕੀਤਾ। ਦੂਜੀ ਜਮਾਤ ਦੇ ਬੱਚਿਆਂ ਨੇ 'ਪੰਜਾਬੀ ਖਾਣੇ' ਕਵਿਤਾ ਰਾਹੀਂ ਵੱਖ-ਵੱਖ ਪੰਜਾਬੀ ਖਾਣਿਆਂ ਦੇ ਚਿੱਤਰਾਂ ਰਾਹੀਂ ਦੱਸਿਆ ਅਤੇ ਦੇਸੀ ਬਾਰਾਂ ਮਹੀਨਿਆਂ ਬਾਰੇ ਕਵਿਤਾ ਪੜੀ। ਜਿਸ ਨੂੰ ਅਧਿਆਪਕਾਂ ਨਵਦੀਪ ਕੌਰ ਗਿੱਲ, ਜਸਪ੍ਰੀਤ ਕੌਰ ਨੇ ਜੀਵਨ ਕੌਰ ਦੀ ਸਹਾਇਤਾ ਨਾਲ ਤਿਆਰ ਕੀਤਾ। ਤੀਜੀ ਜਮਾਤ ਦੇ ਵਿਦਿਆਰਥੀਆਂ ਨੇ ਹਾਸਰਸ ਸਕਿਟ ਮੁਰਗ਼ਾ-ਮੁਰਗ਼ੀ ਅਤੇ ਸਾਡੇ ਸਰੀਰ ਦੇ ਅੰਗਾਂ ਬਾਰੇ ਪੰਜਾਬੀ ਕਵਿਤਾ 'ਸਰੀਰ ਦੇ ਅੰਗ' ਪੇਸ਼ ਕੀਤੀ। ਜਿਸ ਨੂੰ ਅਧਿਆਪਕਾ ਜਸਵੀਰ ਕੌਰ ਮਾਨ ਨੇ ਕਿਰਨ ਕੌਰ ਅਤੇ ਰੌਬਿਨ ਕੌਰ ਦੀ ਸਹਾਇਤਾ ਨਾਲ ਬਣਾਇਆ। ਅਧਿਆਪਕਾ ਦੁਪਿੰਦਰ ਕੌਰ ਅਤੇ ਆਵਨੀ ਕੌਰ ਗਿੱਲ ਦੀ ਸਹਾਇਤਾ ਨਾਲ ਚੌਥੀ ਜਮਾਤ ਦੇ ਵਿਦਿਆਰਥੀਆਂ ਨੇ 'ਉਸਤਾਦ ਜੀ ਅਧਿਆਪਕ' ਕਵਿਤਾ ਪੇਸ਼ ਕੀਤੀ। ਅਧਿਆਪਕ ਗੁਰਦੇਵ ਸਿੰਘ ਵੱਲੋਂ ਤਿਆਰ ਕਰਵਾਇਆ ਗਿਆ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਰਚਨਾ ਹਿੰਦ ਵਾਸੀਓ ਰੱਖਣਾ ਯਾਦ ਸਾਨੂੰ ਪੰਜਾਬੀ ਗੀਤ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਨੇ ਗਾਇਆ। ਅਧਿਆਪਕ ਰਣਜੀਤ ਕੌਰ ਹੇਅਰ ਨੇ ਜਸਪ੍ਰੀਤ ਕੌਰ ਦੀ ਮਿਹਨਤ ਸਦਕਾ ਜੀ. ਸੀ. ਐੱਸ. ਈ. ਦੇ ਬੱਚਿਆਂ ਨੇ ਡਰਨਾ ਸਕਿੱਟ ਰਾਹੀਂ ਕਿਸਾਨੀ ਅੰਦੋਲਨ ਦੇ ਸੰਘਰਸ਼ ਦੀ ਕਹਾਣੀ ਪੇਸ਼ ਕੀਤੀ । ਅਧਿਆਪਕ ਹਰਪ੍ਰੀਤ ਕੌਰ, ਜਸਪ੍ਰੀਤ ਕੌਰ, ਹਰਲੀਨ ਕੌਰ ਨੇ ਤਰਲੋਚਨ ਮੁਠੱਡਾ ਅਤੇ ਪੰਜਾਬੀ ਸਾਹਿਤ ਸਭਾ ਗਲਾਸਗੋ ਦੀ ਸਹਾਇਤਾ ਨਾਲ ਪਰੀ-ਜੀ. ਸੀ. ਐੱਸ. ਈ. ਦੇ ਬੱਚਿਆਂ ਨੇ ਪੰਜਾਬੀ ਨਾਟਕ ਟੋਆ ਵਾਖੂਬੀ ਪੇਸ਼ ਕੀਤਾ, ਜਿਸ ਨੂੰ ਖ਼ੂਬ ਸਲਾਹਿਆ ਗਿਆ।ਇਸ ਨਾਟਕ ਵਿੱਚ ਭਾਰਤ ਵਿੱਚ ਆਮ ਨਾਗਰਿਕਾਂ 'ਤੇ ਅਫ਼ਸਰਸ਼ਾਹੀ ਦੀ ਗੁੰਡਾਗਰਦੀ 'ਤੇ ਵਿਅੰਗ ਕੀਤਾ ਗਿਆ।ਏ.ਐੱਸ. ਲੈਵਲ ਦੇ ਵਿਦਿਆਰਥੀਆਂ ਵਲੋਂ ਅਧਿਆਪਕ ਦਲਬੀਰ ਕੌਰ ਵੜੈਚ ਵੱਲੋਂ ਤਿਆਰ ਕੀਤੀ ਸਕਿੱਟ ਦਾਜ ਦੀ ਲਾਹਣਤ ਪੇਸ਼ ਕੀਤੀ ਗਈ। ਮੰਚ ਦਾ ਸੰਚਾਲਨ ਪ੍ਰਭਜੋਤ ਕੌਰ ਅਤੇ ਰਣਜੀਤ ਕੌਰ ਵਲੋਂ ਸੁਚੱਜੇ ਢੰਗ ਨਾਲ ਕੀਤਾ ਗਿਆ।






ਪ੍ਰੋਗਰਾਮ ਉਪਰੰਤ ਪੰਜਾਬੀ ਸਕੂਲ ਦੇ ਸਟੇਜ ਪੇਸ਼ਕਾਰੀ ਦੇ ਬੱਚੇ, ਝਲਕੀਆਂ ਅਤੇ ਦਰਸ਼ਕ ਪ੍ਰੋਗਰਾਮ ਦਾ ਆਨੰਦ ਮਾਣਦੇ ਹੋਏ

## ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com

ਸ਼ਹਿਰ ਵਿਚ ਵਧ ਰਹੀਆਂ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਕਾਰਨ, ਸਰਕਾਰ ਵੱਲੋਂ 'ਭਾਰੀ' ਪੁਲਿਸ ਫੋਰਸ ਲਗਾਈ ਗਈ !




## ਗੁਰੂ ਨਾਨਕ ਗੁਰਦੁਆਰਾ, ਵਿਲਨਹਾਲ ਵਿਖੇ ਤਿੰਨ ਧਾਰਮਿਕ ਸੇਵਾਦਾਰਾਂ ਦੀ ਲੋੜ

ਮੁੱਖ ਕੰਮ :- ਉਹਨਾਂ ਦੀ ਡਿਊਟੀ ਵਿੱਚ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ, ਤਬਲਾ ਵਜਾਉਣਾ ਅਤੇ ਗੁਰੂ ਘਰ ਵਿਖੇ ਜ਼ਰੂਰੀ ਸੇਵਾਵਾਂ ।

ਅਰਜ਼ੀਕਰਤਾ ਸੇਵਾਦਾਰ ਗੁਰਮਤਿ ਰਹਿਤ ਮਰਯਾਦਾ ਦੇ ਪੂਰਨ ਧਾਰਨੀ ਹੋਣ । ਉਹ ਹਰ ਮੌਕੇ ਦੇ ਮੁਤਾਬਕ ਕੀਰਤਨ ਕਰਨ ਦੇ ਯੋਗ ਹੋਣ, ਜੋ ਹਰਮੋਨੀਅਮ ਤੇ ਤਬਲਾ ਵਜਾਉਣਾ ਜਾਣਦੇ ਹੋਣ। ਧਾਰਮਿਕ ਅਤੇ ਸਮਾਜਿਕ ਖਾਸ ਮੌਕਿਆਂ ਤੇ ਸਾਰੇ ਧਾਰਮਿਕ ਕਾਰਜਾਂ ਸਬੰਧੀ ਸੇਵਾਵਾਂ ਨਿਭਾਉਣ ਦੇ ਯੋਗ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸ਼ੁੱਧ ਪਾਠ ਕਰਨ ਦਾ ਅਭਿਆਸ ਹੋਣਾ ਜ਼ਰੂਰੀ ਹੈ । ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਨ ਦਾ ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ । ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ, ਰਿਹਾਇਸ਼ ਅਤੇ ਹੋਰ ਸਹੂਲਤਾਂ ਦਾ ਪ੍ਰਬੰਧ ਹੈ।

ਅਰਜ਼ੀ ਦੇਣ ਦੀ ਆਖਰੀ ਤਾਰੀਕ : 18 ਅਪ੍ਰੈਲ 2025

ਅਰਜ਼ੀ ਦੇਣ ਵਾਸਤੇ ਜਾਂ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

ਭਾਈ ਸੁਤੰਤਰ ਸਿੰਘ – 01902 605286

## 3 Vacancies for (Tier - 5) Religious workers @ Guru Nanak Gurdwara Willenhall

**Main Duties:** Performing Kirtan (Hymn Singing), Nitnem, Sukhmani Sahib Paath, Kirtan in Morning and Evening.

Applicants must be of high charactor and abide by Gurmat Rehat Maryada (Sikh code of conduct). Should be able to perform on the Harmonium / Tabla and must have the relevant skills to perform Kirtan, to read correct Gurbani of Sri Guru Granth Sahib Ji and recite prayers on all religious and social occasions.

Wages will be in line with UK Employment Law. Benefits include full board and lodgings.

***Closing Date:** 18 APRIL 2025*

**For more Information or to apply, please contact: Bhai Sutantar Singh on 01902 605286.**

**Interested applicants To send CV - admin@gngw.org**

**Guru Nanak Gurdwara, Willenhall**

**65-67 Walsall Road, Willenhall, WV13 2RD**

# ਸਿਹਤ ਤੇ ਸੁੰਦਰਤਾ



## ਖਾਲੀ ਪੇਟ ਕੋਸਾ ਪਾਣੀ ਪੀਣ ਦੇ ਫਾਇਦੇ



ਖਾਲੀ ਪੇਟ ਕੋਸਾ ਪਾਣੀ ਪੀਣ ਦੇ ਕਈ ਫਾਇਦੇ ਹੁੰਦੇ ਹਨ। ਇਹ ਆਦਤ ਸਰੀਰ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਠੀਕ ਕਰ ਸਕਦੀ ਹੈ। ਖਾਲੀ ਪੇਟ ਕੋਸਾ ਪਾਣੀ ਪੀਣ ਨਾਲ ਪਾਚਨ ਪ੍ਰਣਾਲੀ ਸੁਧਰਦੀ ਹੈ। ਪੇਟ ਵਿੱਚ ਜੰਮੀਆਂ ਵਿਅਰਥ ਚੀਜ਼ਾਂ (ਟਾਕਸਿਨ) ਬਾਹਰ ਨਿਕਲਦੀਆਂ ਹਨ। ਕਬਜ਼ ਦੀ ਸਮੱਸਿਆ ਦੂਰ ਹੁੰਦੀ ਹੈ। ਇਹ ਚਰਬੀ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ।

ਪਾਣੀ ਪੀਣ ਨਾਲ ਭੁੱਖ ਘੱਟ ਮਹਿਸੂਸ ਹੁੰਦੀ ਹੈ। ਕੋਸਾ ਪਾਣੀ ਪੀਣ ਨਾਲ ਖ਼ੂਨ ਦੀ ਗੰਦਗੀ ਦੂਰ ਹੁੰਦੀ ਹੈ। ਖ਼ੂਨ ਦੀ ਗਤੀ ਸਧਾਰਨ ਰਹਿੰਦੀ ਹੈ, ਜਿਸ ਕਰਕੇ ਦਿਲ ਦੀਆਂ ਬਿਮਾਰੀਆਂ ਤੋਂ ਬਚਾਅ ਹੁੰਦਾ ਹੈ। ਪਾਣੀ ਚਮੜੀ ਨੂੰ ਨਵੀਂ ਉਰਜਾ ਦਿੰਦਾ ਹੈ। ਚਮੜੀ 'ਤੇ ਖੁਸ਼ਕੀ, ਦਾਗ-ਧੱਬੇ ਅਤੇ ਮੁਹਾਸਿਆਂ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਕੋਸਾ ਪਾਣੀ ਪੀਣ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਵਧਦੀ ਹੈ। ਨਜ਼ਲਾ-ਜ਼ੁਕਾਮ ਆਦਿ ਤੋਂ ਬਚਾਅ ਹੁੰਦਾ ਹੈ।

## ਯਾਦਦਾਸ਼ਤ ਵਧਾਉਣ ਵਿਚ ਮਦਦ ਕਰਦੀਆਂ ਹਨ ਇਹ ਜੜ੍ਹੀ-ਬੂਟੀਆਂ

ਅੱਜਕੱਲ੍ਹ ਦੀ ਭੱਜ-ਦੌੜ ਵਾਲੀ ਜ਼ਿੰਦਗੀ 'ਚ ਲੋਕ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਇਸ ਨਾਲ ਉਨ੍ਹਾਂ ਦੀ ਯਾਦਦਾਸ਼ਤ ਵੀ ਕਮਜ਼ੋਰ ਹੋ ਰਹੀ ਹੈ। ਇਸ ਸਥਿਤੀ 'ਚ ਰਸੋਈਘਰ 'ਚ ਮੌਜੂਦ ਕੁਝ ਜੜ੍ਹੀਆਂ-ਬੂਟੀਆਂ ਤੁਹਾਡੇ ਲਈ ਫਾਇਦੇਮੰਦ ਸਾਬਿਤ ਹੋ ਸਕਦੀਆਂ ਹਨ। ਇਹ ਜੜ੍ਹੀਆਂ-ਬੂਟੀਆਂ ਦਿਮਾਗ ਨੂੰ ਐਕਟਿਵ ਰੱਖਣ 'ਚ ਮਦਦ ਕਰਦੀਆਂ ਹਨ। ਇਸ ਨਾਲ ਇਕਾਗਰਤਾ ਵਧਦੀ ਹੈ। ਅਲਜ਼ਾਈਮਰ ਦੇ ਮਰੀਜ਼ਾਂ ਨੂੰ ਵੀ ਇਨ੍ਹਾਂ ਜ਼ਰੂਰ ਆਪਣੀ ਡਾਈਟ 'ਚ ਸ਼ਾਮਲ ਕਰਨਾ ਚਾਹੀਦਾ ਹੈ।

ਇਸ ਬਾਰੇ ਕਈ ਖੋਜਾਂ ਵੀ ਹੋਈਆਂ ਹਨ। ਇਸ ਵਿਚ ਦੱਸਿਆ ਗਿਆ ਹੈ ਕਿ ਆਯੁਰਵੈਦਿਕ ਜੜ੍ਹੀ-ਬੂਟੀਆਂ ਅਲਜ਼ਾਈਮਰ ਰੋਗ ਤੇ ਨਿਊਰੋਡੀਜਨਰੇਟਿਵ ਵਿਕਾਰਾਂ ਨੂੰ ਰੋਕ ਸਕਦੀਆਂ ਹਨ। ਤੁਹਾਡੀ ਰਸੋਈ ਵਿਚ ਮੌਜੂਦ ਇਹ ਜੜ੍ਹੀ-ਬੂਟੀਆਂ ਵਿਗਿਆਨਕ ਤੌਰ 'ਤੇ ਪ੍ਰਮਾਣਿਤ ਹਨ। ਜੇਕਰ ਤੁਸੀਂ ਇਨ੍ਹਾਂ ਨੂੰ ਆਪਣੀ ਖੁਰਾਕ ਦਾ ਹਿੱਸਾ ਬਣਾਉਂਦੇ ਹੋ ਤਾਂ ਤੁਹਾਨੂੰ ਫਾਇਦੇ ਮਹਿਸੂਸ ਹੋਣਗੇ। ਆਓ, ਉਨ੍ਹਾਂ ਜੜ੍ਹੀ-ਬੂਟੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਲੈਂਦੇ ਹਾਂ-

ਹਲਦੀ-ਹਲਦੀ ਵਿਚ ਕਰਕਿਊਮਿਨ ਨਾਮਕ ਤੱਤ ਪਾਇਆ ਜਾਂਦਾ ਹੈ। ਇਹ ਦਿਮਾਗ ਦੀਆਂ ਕੋਸ਼ਿਕਾਵਾਂ ਨੂੰ ਨੁਕਸਾਨ ਤੋਂ ਬਚਾਉਂਦਾ ਹੈ। ਨਾਲ ਹੀ ਮੈਮਰੀ ਪਾਵਰ ਨੂੰ ਵੀ ਵਧਾਉਂਦਾ ਹੈ। ਹਲਦੀ ਦਿਮਾਗ 'ਚ



ਨਿਊਰੋਨਸ ਦੇ ਸੰਚਾਰ ਨੂੰ ਬਿਹਤਰ ਬਣਾਉਂਦੀ ਹੈ। ਇਸ ਨਾਲ ਭੁੱਲਣ ਦੀ ਬਿਮਾਰੀ ਘਟ ਹੁੰਦੀ ਹੈ।

ਬ੍ਰਹਮੀ-ਬ੍ਰਹਮੀ ਨੂੰ ਪ੍ਰਾਚੀਨ ਸਮੇਂ ਤੋਂ ਹੀ ਦਿਮਾਗ ਤੇ ਯਾਦਦਾਸ਼ਤ ਵਧਾਉਣ ਲਈ ਵਰਤਿਆ ਜਾਂਦਾ ਰਿਹਾ ਹੈ। ਇਹ ਦਿਮਾਗ ਦੀਆਂ ਕੋਸ਼ਿਕਾਵਾਂ ਨੂੰ ਪੋਸ਼ਣ ਦਿੰਦੀ ਹੈ। ਇਸ ਨਾਲ ਤਣਾਅ ਘਟਾਉਣ 'ਚ ਮਦਦ ਮਿਲਦੀ ਹੈ। ਬ੍ਰਹਮੀ ਵਿਚ ਮੌਜੂਦ ਬੈਕੋਸਾਈਡਸ ਦਿਮਾਗ ਨੂੰ ਬਿਹਤਰ ਤਰੀਕੇ ਨਾਲ ਕੰਮ ਕਰਨ ਵਿਚ ਮਦਦ ਕਰਦੇ ਹਨ।

ਦਾਲਚੀਨੀ-ਦਾਲਚੀਨੀ ਇਕ ਅਜਿਹਾ ਮਸਾਲਾ ਹੈ ਜੋ ਖਾਣੇ 'ਚ ਸਵਾਦ ਵਧਾਉਣ ਦਾ ਕੰਮ ਕਰਦਾ ਹੈ। ਇਸ ਵਿਚ ਪ੍ਰੀਫ੍ਰੰਟਲ ਕਾਰਟੈਕਸ 'ਚ ਖ਼ੂਨ ਦੇ ਸੰਚਾਰ ਨੂੰ ਸੁਧਾਰਨ ਦੀ ਸਮਰੱਥਾ ਹੁੰਦੀ ਹੈ ਜੋ ਦਿਮਾਗ ਦੀ ਕਾਰਗੁਜ਼ਾਰੀ ਨੂੰ ਸਹੀ ਰੱਖਣ 'ਚ ਮਦਦਗਾਰ ਸਾਬਿਤ ਹੋ ਸਕਦੀ ਹੈ। ਇਸ ਤੋਂ ਇਲਾਵਾ ਦਾਲਚੀਨੀ ਹਾਈ ਕੋਲੇਸਟਰੋਲ ਦੇ ਪੱਧਰ ਨੂੰ ਘਟਾਉਣ ਤੇ ਇੰਸੁਲਿਨ ਸੰਵੇਦਨਸ਼ੀਲਤਾ ਵਿਚ ਸੁਧਾਰ ਕਰਨ ਲਈ ਵੀ ਬਿਹਤਰ ਮੰਨੀ ਜਾਂਦੀ ਹੈ।

ਤੁਲਸੀ-ਸਾਡੇ ਭਾਰਤੀ ਲੋਕਾਂ ਦੇ ਘਰਾਂ ਵਿਚ ਤੁਲਸੀ ਦੀ ਪੂਜਾ ਕੀਤੀ ਜਾਂਦੀ ਹੈ। ਤੁਲਸੀ ਦਾ ਪੌਦਾ ਲਗਪਗ ਹਰ ਘਰ 'ਚ ਲੱਗਾ ਹੁੰਦਾ ਹੈ। ਇਹ ਨਾ ਸਿਰਫ ਰੋਗ ਪ੍ਰਤੀਰੋਧਕ ਸਮਰੱਥਾ ਨੂੰ ਵਧਾਉਣ ਦਾ ਕੰਮ ਕਰਦੀ ਹੈ, ਬਲਕਿ ਮਾਨਸਿਕ ਸਿਹਤ ਲਈ ਵੀ ਫਾਇਦੇਮੰਦ ਹੈ। ਇਸ ਵਿਚ ਮੌਜੂਦ ਐਂਟੀਆਕਸੀਡੈਂਟਸ ਤੇ ਐਂਟੀ-ਇੰਫਲਾਮੇਟਰੀ ਗੁਣ ਦਿਮਾਗ ਨੂੰ ਸ਼ਾਂਤ ਰੱਖਦੇ ਹਨ ਤੇ ਤਣਾਅ ਘਟਾਉਂਦੇ ਹਨ, ਜਿਸ ਨਾਲ ਯਾਦਦਾਸ਼ਤ ਬਿਹਤਰ ਹੁੰਦੀ ਹੈ।

ਅਸ਼ਵਗੰਧਾ-ਆਯੁਰਵੇਦ 'ਚ ਅਸ਼ਵਗੰਧਾ ਨੂੰ ਦਿਮਾਗੀ ਤਾਕਤ ਵਧਾਉਣ ਵਾਲੀ ਜੜ੍ਹੀ-ਬੂਟੀ ਮੰਨਿਆ ਗਿਆ ਹੈ। ਇਹ ਤਣਾਅ ਘਟਾਉਣ 'ਚ ਮਦਦਗਾਰ ਹੈ। ਦਿਮਾਗ ਦੀਆਂ ਕੋਸ਼ਿਕਾਵਾਂ ਦੀ ਵੀ ਰੱਖਿਆ ਕਰਦੀ ਹੈ। ਜੇਕਰ ਤੁਸੀਂ ਰੋਜ਼ਾਨਾ ਅਸ਼ਵਗੰਧਾ ਦਾ ਸੇਵਨ ਕਰਦੇ ਹੋ ਤਾਂ ਇਸ ਨਾਲ ਦਿਮਾਗ ਨੂੰ ਆਰਾਮ ਮਿਲਦਾ ਹੈ ਤੇ ਇਹ ਫੋਕਸ ਵਧਾਉਣ ਦਾ ਵੀ ਕੰਮ ਕਰਦੀ ਹੈ।

ਰੋਜ਼ਮੈਰੀ-ਯਾਦਦਾਸ਼ਤ ਵਧਾਉਣ ਲਈ ਰੋਜ਼ਮੈਰੀ ਇਕ ਕੁਦਰਤੀ ਤਰੀਕਾ ਮੰਨਿਆ ਗਿਆ ਹੈ। ਇਸ ਵਿਚ ਮੌਜੂਦ ਕਾਰਨੋਸਿਕ ਐਸਿਡ ਦਿਮਾਗ ਦੀਆਂ ਕੋਸ਼ਿਕਾਵਾਂ ਨੂੰ ਮਜ਼ਬੂਤ ਬਣਾਉਂਦਾ ਹੈ ਤੇ ਫੋਕਸ ਨੂੰ ਬਿਹਤਰ ਕਰਦਾ ਹੈ।

## * ਚੂੰਢੀਆਂ-ਚੋਂਢੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਪਤੀ ਟਰੰਪ ਦੀ ਕੀਤੀ ਤਾਰੀਫ਼- ਇਕ ਖ਼ਬਰ

-ਨੀਂ ਆਹ ਫੜ ਮਾਏਂ ਪੂਣੀਆਂ, ਮੁੰਡਾ ਮੈਨੂੰ ਵੇਖ ਲੈਣ ਦੇ।



*ਪੰਜਾਬ ਦੇ ਉਦਯੋਗ ਨੂੰ ਬਚਾਉਣ ਵਿਚ ਨਾਕਾਮ ਰਹੀ ਪੰਜਾਬ ਸਰਕਾਰ- ਗਿਰੀਰਾਜ ਸਿੰਘ

-ਗੁਆਂਢੀ ਸੂਬਿਆਂ ਨੂੰ ਟੈਕਸ ਛੋਟਾਂ ਦੇ ਦੇ ਕੇ ਕਿਸ ਨੇ ਭਜਾਏ ਉਦਯੋਗ ਪੰਜਾਬ 'ਚੋਂ, ਗਿਰੀਰਾਜ ਜੀ?



*ਸਹੁੰ ਚੁੱਕਦੇ ਸਾਰ ਹੀ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਨੇ ਟਰੰਪ ਨੂੰ ਅੱਖਾਂ ਦਿਖਾਈਆਂ- ਇਕ ਖ਼ਬਰ

-ਗੱਲ ਸੋਚ ਕੇ ਕਰੀਂ ਥਾਣੇਦਾਰਾ, ਅਸਾਂ ਨਹੀਂ ਕਨੌੜ ਝੱਲਣੀ।



*ਡਾ.ਚੀਮਾ ਨੇ ਅਕਾਲ ਤਖ਼ਤ ਦੀ ਭਰਤੀ ਕਮੇਟੀ ਨੂੰ ਫਰਾਡ ਕਹਿ ਕੇ ਅਕਾਲ ਤਖ਼ਤ ਦੇ ਹੁਕਮਾਂ ਦੀਆਂ ਉਡਾਈਆਂ ਧੱਜੀਆਂ- ਚਰਨਜੀਤ ਸਿੰਘ ਬਰਾੜ

-ਰੱਬ ਤੈਨੂੰ ਰੱਖੇ ਚੀਮਿਆ, ਨਿੱਤ ਝੂਠੀਆਂ ਗਵਾਹੀਆਂ ਦੇਵੇਂ।



*ਸਰਕਾਰ ਪਟਰੌਲ-ਡੀਜ਼ਲ ਦੀਆਂ ਕੀਮਤਾਂ ਨਾਲ ਲੋਕਾਂ ਨੂੰ ਲੁੱਟ ਰਹੀ ਹੈ- ਖੜਗੇ

-ਬੰਤੋ ਦੇ ਬਾਪੂ ਨੇ, ਪੱਗ ਲਾਹ ਕੇ ਸੁਆਹ ਵਿਚ ਮਾਰੀ।

*ਖੇਤਰੀ ਦਲਾਂ ਲਈ ਚੁਣੌਤੀ ਬਣ ਰਹੀ ਹੈ ਭਾਜਪਾ- ਇਕ ਖ਼ਬਰ

-ਜੰਮ ਕੇ ਮੈਂ ਨੌਂ ਕੁੜੀਆਂ, ਤੇਰੀ ਚੀਨ ਦੀ ਖੱਟੀ ਦਾ ਮੂੰਹ ਭੰਨਣਾ।

*ਦੇਸ਼ ਦੇ 45% ਵਿਧਾਇਕਾਂ ਵਿਰੁੱਧ ਅਪਰਾਧਕ ਮਾਮਲੇ ਦਰਜ- ਇਕ ਖ਼ਬਰ

-ਚੋਰ ਚੌਧਰੀ ਯਾਰ ਨਾਪਾਕ ਦਾਮਨ, ਭੂਤ ਮੰਡਲੀ ਇਕ ਥੂੰ ਚਾਰ ਹੋਈ।



*ਮੀਟਿੰਗ 'ਚੋਂ ਬਾਹਰ ਨਿਕਲਦਿਆਂ ਹੀ ਕਿਸਾਨ ਆਗੂਆਂ ਨੂੰ ਪੁਲਿਸ ਨੇ ਹਿਰਾਸਤ 'ਚ ਲੈ ਲਿਆ- ਇਕ ਖ਼ਬਰ

-ਬੱਗੀ ਤਿਤਰੀ ਕਮਾਦੋਂ ਨਿਕਲੀ, ਉਡਦੀ ਨੂੰ ਬਾਜ਼ ਪੈ ਗਿਆ।

*ਸੰਗਤ, ਸ਼੍ਰੋਮਣੀ ਕਮੇਟੀ ਅਤੇ ਮੁਲਾਜ਼ਮ ਬੇਸਬਰੀ ਨਾਲ ਉਡੀਕ ਰਹੇ ਸਨ ਐਡਵੋਕੇਟ ਧਾਮੀ ਨੂੰ- ਇਕ ਖ਼ਬਰ

-ਮੰਦਾ ਹਾਲ ਹੋ ਗਿਆ ਘਰ ਦਾ ਵੇ, ਸਾਡਾ ਤੇਰੇ ਬਿਨਾ ਨਾ ਸਰਦਾ ਵੇ।



*ਧਾਮੀ ਨੇ ਮੁੜ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਸੰਭਾਲਣ ਦਾ ਕੀਤਾ ਐਲਾਨ-ਇਕ ਖ਼ਬਰ

-ਮਰਦੀ ਨੇ ਅੱਕ ਚੱਬਿਆ, ਨੀ ਮੈਂ ਹਾਰ ਕੇ ਜੇਠ ਨਾਲ ਲਾਈਆਂ।



*ਇਜ਼ਰਾਈਲ ਸਰਕਾਰ ਨੂੰ ਮਨੁੱਖਤਾ ਦੀ ਕੋਈ ਚਿੰਤਾ ਨਹੀਂ- ਪ੍ਰਿਯੰਕਾ ਗਾਂਧੀ

ਭਲੇ ਕੰਮ ਦੇ ਵਿਚ ਨਾ ਇਹ ਰਾਜ਼ੀ, ਰਵਾਦਾਰ ਲੜਾਈ ਤੇ ਜੰਗ ਦੇ ਨੇ।

*ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਖ਼ੁਸ਼ਹਾਲ ਅਤੇ ਪ੍ਰਗਤੀਸ਼ੀਲ ਪੰਜਾਬ ਬਣਾਵਾਂਗੇ- ਭਗਵੰਤ ਮਾਨ



-ਪਰ ਪਿਆਰੇ ਵੋਟਰੋ ਇਸ ਕੰਮ ਲਈ ਸਾਨੂੰ ਪੰਜ ਸੱਤ ਲੱਖ ਕਰੋੜ ਦਾ ਕਰਜ਼ਾ ਚੁੱਕਣਾ ਪੈਣੈ, ਹੌਸਲਾ ਰੱਖਿਉ।



*ਹਿਮਾਚਲ ਸਰਕਾਰ ਸਿੱਖਾਂ ਨਾਲ ਧੱਕੇਸ਼ਾਹੀ 'ਤੇ ਮੂਕ ਦਰਸ਼ਕ ਬਣੀ ਹੋਈ ਹੈ- ਗਿਆਨੀ ਹਰਪ੍ਰੀਤ ਸਿੰਘ

-ਜਦੋਂ ਕੱਢ ਕੇ ਵਹੀ ਲੇਖਾ ਮੰਗਿਆ, ਫੇਰ ਕੀ ਜਵਾਬ ਦੇਵੇਂਗਾ?



*ਮਰਯਾਦਾ ਦੀ ਉਲੰਘਣਾ ਨਾਲ ਬਣੇ ਕਿਸੇ ਜਥੇਦਾਰ ਨੂੰ ਅਸੀਂ ਮਾਨਤਾ ਨਹੀਂ ਦਿੰਦੇ-ਨਿਹੰਗ ਸਿੰਘ ਜਥੇਬੰਦੀਆਂ

-ਤੈਨੂੰ ਆ ਜਾਏ ਕਿਸੇ ਦੀ ਆਈ, ਹਾਣ ਦਾ ਨਾ ਵਰ ਟੋਲਿਆ।



*ਪੰਜਾਬ ਸਰਕਾਰ ਨੇ ਕਿਸਾਨਾਂ ਨਾਲ ਵਿਸਾਹਘਾਤ ਕੀਤਾ- ਭਾਰਤੀ ਕਿਸਾਨ ਯੂਨੀਅਨ ਕਾਦੀਆਂ

-ਕੀੜੇ ਪੈਣਗੇ ਮਰੇਂਗੀ ਸੱਪ ਲੜ ਕੇ, ਨੀ ਮਿੱਤਰਾਂ ਨੂੰ ਦਗ਼ਾ ਦੇਣੀਏਂ।

# ਪਾਠਕਾਂ ਦੇ ਪੱਤਰ

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ। ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ। –ਡਾਇਰੈਕਟਰ, ਪੰਜਾਬ ਟਾਈਮਜ਼

## ਬਿਪਰਨ ਦੀਆਂ ਰੀਤਾਂ ਕਰਨ ਵਾਲੇ ਸਿੱਖ ਆਗੂਆਂ ਦੀ ਅਵੱਗਿਆ ਕਰਕੇ ਹੀ ਸਿੱਖ ਕੌਮ ਦੀ ਖੱਜਲ ਖੁਆਰੀ ਹੋ ਰਹੀ ਹੈ

**ਸਤਿਕਾਰ ਯੋਗ ਸੰਪਾਦਕ ਜੀਓ**

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫਤਹਿ

ਇਸ ਹਫ਼ਤੇ ਦੇ ਪੰਜਾਬ ਟਾਈਮਜ਼ ਯੂ.ਕੇ. ਦੇ ਅੰਕ ਨੰ: 3072 ਦੇ ਮੁੱਖ ਪੰਨੇ 'ਤੇ ਖ਼ਬਰ ਛਪੀ ਹੈ: ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਮੌਕੇ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘਾਂ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤੀਆਂ ਰਿਵਾਇਤਾਂ ਦੇ ਉਲਟ ਹੋਲੇ ਮਹੱਲੇ ਦੇ ਥਾਂ ਹੋਲੀ ਮਨਾਉਣੀ ਸ਼ੁਰੂ ਕਰਤੀ – ਮਸਨੂਈ ਜੰਗਾਂ ਯੁੱਧਾਂ ਦਾ ਤਿਉਹਾਰ ਰੰਗਾਂ ਦੇ ਤਿਉਹਾਰ ਵਿੱਚ ਬਦਲ ਦਿੱਤਾ, ਹੇਠਾਂ ਨਿਹੰਗੀ ਬਾਣੇ ਵਿੱਚ ਕੁਝ ਦਰਸ਼ਨੀ ਸਿੱਖ ਨੌਜਵਾਨਾਂ ਦੇ ਦਾਹੜੇ ਤੇ ਦੁਮਾਲੇ ਦੁਨੀਆਵੀ ਰੰਗਾਂ ਨਾਲ ਲੱਥ ਪੱਥ ਲਿਬੜੇ ਹੋਏ ਵਿਖਾਏ ਗਏ ਹਨ। ਉਕਤ ਖ਼ਬਰ ਨਿਰਸੰਦੇਹ ਸਿੱਖ ਕੌਮ ਲਈ ਚਿੰਤਾ ਦਾ ਵਿਸ਼ਾ ਹੈ। ਇਤਿਹਾਸ ਵਿੱਚ ਉਹ ਹੀ ਕੌਮਾਂ ਖ਼ਤਮ ਹੁੰਦੀਆਂ ਹਨ, ਜੋ ਆਪਣੀਆਂ ਰਹੁ–ਰੀਤਾਂ ਦੀ ਵਿਲੱਖਣਤਾ ਗਵਾ ਬੈਠੀਆਂ, ਜਿਨ੍ਹਾਂ ਦਾ ਆਪਣੇ ਗਵਾਂਢੀਆਂ ਨਾਲੋਂ ਫਰਕ ਮਿਟ ਗਿਆ, ਜੋ ਦੂਜੀ ਧਿਰ ਵਿੱਚ ਇਕ ਮਿੱਕ ਹੋ ਗਈਆਂ, ਦੂਜੀਆਂ ਉਹ ਕੌਮਾਂ ਆਪਣੇ ਖ਼ਾਤਮੇ ਤੱਕ ਪਹੁੰਚੀਆਂ, ਜਿਨ੍ਹਾਂ ਦੇ ਧਰਮ ਦੀਵਾਰਾ ਡੋਰ ਸਿਆਸੀ ਹੱਥਾਂ ਵਿੱਚ ਚਲੀ ਗਈ ਜਿਥੇ ਸਿਆਸਤਦਾਨਾਂ ਨੇ ਹੀ ਧਰਮ ਦੀਆਂ ਰਹੁ–ਰੀਤਾਂ ਤੈਅ ਕੀਤੀਆਂ। ਹੋਲੇ ਮਹੱਲੇ ਨੂੰ ਹੋਲੀ ਵਿੱਚ ਬਦਲਣ ਲਈ ਦੋ ਸਿੱਖ ਆਗੂ ਜ਼ਿੰਮੇਵਾਰ ਹਨ, ਪਹਿਲਾ ਸੁਖਬੀਰ ਸਿੰਘ ਬਾਦਲ ਜੋ ਨੰਗੇ ਸਿਰ ਹੀ ਹੋਲੀ ਖੇਡਦਾ ਰਿਹਾ ਹੈ, ਦੂਸਰਾ ਬਾਬਾ ਹਰਨਾਮ ਸਿੰਘ ਧੁੰਮਾਂ, ਜਿਨ੍ਹਾਂ ਦੇ ਦਾਹੜੇ ਤੇ ਦੁਮਾਲੇ ਰੰਗਾਂ ਨਾਲ ਲਿਬੜੇ ਹੋਇਆਂ ਦੀਆਂ ਤਸਵੀਰਾਂ ਵੀ ਸਬੂਤ ਵਜੋਂ ਨਾਲ ਭੇਜ ਰਿਹਾ ਹਾਂ (ਦਮਦਮੀ ਟਕਸਾਲ ਅਤੇ ਸੰਤ ਸਮਾਜ ਦੇ ਮੁਖੀ) ਹੋਲੀ ਨੂੰ ਹੋਲੇ ਮਹੱਲੇ ਵਿੱਚ ਬਦਲਣ ਵਾਲੇ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਨਾਲ ਇਹ ਵਾਅਦਾ ਕੀਤਾ ਸੀ: ਪੰਥ ਖ਼ਾਲਸਾ ਖੇਤੀ ਮੇਰੀ, ਸਦਾ ਸੰਭਾਲ ਕਰਉਂ ਤਿਸ ਕੇਰੀ, ਗੁਰੂ ਉਪਰ ਅਟੱਲ ਭਰੋਸਾ ਰੱਖਣ ਵਾਲੇ ਸਿੱਖਾਂ ਦੀ ਅਰਦਾਸ ਕਦੇ ਬਿਰਥੀ ਨਹੀਂ ਜਾਂਦੀ, ਪਰ ਗੁਰੂ ਸਾਹਿਬ ਨੇ ਨਾਲ ਇਕ ਸ਼ਰਤ ਵੀ ਰੱਖੀ ਹੈ: ਜਬ ਖ਼ਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਓ ਮੈਂ ਸਾਰਾ ॥ ਜਬ ਇਹ ਗਹੇ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪਰਤੀਤ। ਮੱਥੇ ਤਿਲਕ ਲਾ ਕੇ ਮੰਦਰਾਂ ਦੇ ਟੱਲ ਖੜਕਾਉਣੇ, ਰਮਾਇਣ ਦੇ ਪਾਠ ਕਰਾਉਣੇ, ਹਵਨ ਕਰਾਉਣੇ ਜਾਂ ਹਿੰਦੂਆਂ ਦੇ ਤੀਰਥ ਜਾ ਕੇ ਕੁੰਭ ਦੇ ਮੇਲੇ ਵਿੱਚ ਇਸ਼ਨਾਨ ਕਰਨਾ, ਇਹ ਸਭ ਬਿਪਰਨ ਦੀਆਂ ਰੀਤਾਂ ਹਨ। ਇਸ ਕਰਕੇ ਹੀ ਦਸਮੇਸ਼ ਪਿਤਾ ਨੇ ਇਨ੍ਹਾਂ ਵੱਲ ਪਿੱਠ ਕੀਤੀ ਹੋਈ ਹੈ। ਬਿਪਰਨ ਦੀਆਂ ਰੀਤਾਂ ਕਰਨ ਵਾਲੇ ਸਿੱਖ ਆਗੂਆਂ ਦੀ ਅਵੱਗਿਆ ਕਰਕੇ ਹੀ ਸਿੱਖ ਕੌਮ ਦੀ ਖੱਜਲ ਖੁਆਰੀ ਹੋ ਰਹੀ ਹੈ। ਕੀ ਠੀਕ ਹੈ ਕੀ ਗਲਤ ਹੈ ਇਸ ਦਾ ਫੈਸਲਾ ਗੁਰੂ ਪੰਥ ਨੇ ਕਰਨਾ ਹੈ। ਖ਼ਾਲਸਾ ਪੰਥ ਦੁਨੀਆਵੀ ਰੰਗਾਂ ਨਾਲ ਖੇਡੀ ਜਾਣ ਵਾਲੀ ਹੋਲੀ ਦੇ ਪਰੰਪਰਾਗਤ ਰੂਪ ਨੂੰ ਪ੍ਰਵਾਨ ਨਹੀਂ ਕਰਦਾ ਦੇ ਸਿਰਲੇਖ ਹੇਠ ਇਕ ਲੇਖ ਵੀ ਆਪ ਜੀ ਨੂੰ ਭੇਜ ਰਿਹਾ ਹਾਂ। ਆਸ ਕਰਦਾ ਹਾਂ ਛਾਪਕੇ ਧੰਨਵਾਦੀ ਬਣਾਉਗੇ। ਧੰਨਵਾਦ



ਭੁੱਲਾਂ ਚੁੱਕਾਂ ਦੀ ਖਿਮਾਂ
ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

## ਸਾਡੇ ਪੇਪਰਾਂ ਵਿੱਚ ਸਭ ਕੁਝ ਠੀਕ ਹੈ ਪਰ ਅਸਲੀਅਤ ਵਿੱਚ ਸਭ ਜਾਣਦੇ ਹਨ ਕੀ ਬਣਦਾ ਹੈ

ਪੰਜਾਬ ਸਰਕਾਰ ਜੋ ਮਰਜ਼ੀ ਕਰੇ ਇਹ ਨਸ਼ੇ ਬੰਦ ਨਹੀਂ ਹੋਣੇ ਨਾ ਵਿਦੇਸ਼ ਵਿੱਚ ਜਾਣ ਤੋਂ ਨਜਾਇਜ਼ ਜਾਣੇ ਹਟਣੇ ਹਨ। ਕਾਰਨ ਸਾਰਿਆਂ ਨੂੰ ਪਤਾ ਹੈ ਇਕ ਪੁਲਸ ਅਫਸਰ I.P.S. ਜੋ ਲਿਖ ਰਿਹਾ ਕਿ ਉਹ ਪੜ੍ਹੋ ਕਿਵੇਂ ਪਿਛਲੇ ਹਫ਼ਤੇ ਲਿਖਿਆ ਹੈ ਪੁਲਸ ਅਫਸਰ ਪੰਜਾਬ ਵਿੱਚ ਕੀ ਬਾਕੀ ਦੇਸ਼ ਵਿੱਚ ਭੀ ਮਿਲੀ ਭੁਗਤ ਹੋ ਰਹੀ ਹੈ ਇਹ ਸੱਚ ਹੈ। ਜਿਸ ਮੁਲਕ ਵਿੱਚ ਚੋਣ ਅਧਿਕਾਰੀ ਇੰਡੀਆ ਸੰਸਥ ਅਨੁਸਾਰ 45% ਭਾਰਤ ਦੇ ਲੀਡਰ ਵਿਧਾਇਕ M.P. ਵਗੈਰਾ 'ਤੇ ਅਪਰਾਧਿਕ ਮਾਮਲੇ ਚੱਲਦੇ ਹਨ ਫਿਰ ਭੀ ਆਪਣੇ ਪੱਦ 'ਤੇ ਠੀਕ ਠਾਕ ਉਨ੍ਹਾਂ ਨੂੰ ਹਟਾਉਣਾ ਨਾ ਅਸਤੀਫਾ ਦੇਣ ਲਈ ਕਹਿਣਾ ਜਾਂ ਸਿਆਸਤ ਤੋਂ ਰਿਟਾਇਰਡ ਹੋ ਜਾਣ ਲਈ ਨਾ ਕੋਈ ਕਹਿੰਦਾ ਹੈ ਨਾ ਆਪ ਹੱਟਦੇ ਹਨ ਫਿਰ ਦੋਸ਼ ਉਸ ਮੁਲਕ ਵਿੱਚ ਗੈਰ ਕਾਨੂੰਨੀ ਧੰਦੇ ਕਿਵੇਂ ਬੰਦ ਹੋ ਜਾਣਗੇ। ਉਨ੍ਹਾਂ 'ਤੇ ਦੋਸ਼ ਦੇਖੋ ਉਨ੍ਹਾਂ ਉੱਤੇ ਕਤਲ ਦੇ ਦੋਸ਼ (ਕੋਸ਼ਿਸ਼), ਅਗਵਾ, ਔਰਤਾਂ ਵਿਰੁੱਧ ਅਪਰਾਧ ਦੇ ਦੋਸ਼ ਫਿਰ ਨਸ਼ਾ ਕੀ ਚੀਜ਼ ਹੈ, ਨਸ਼ੇ ਦੀ ਵਰਤੋਂ ਇਨ੍ਹਾਂ ਕੰਮਾਂ ਲਈ ਜਰੂਰੀ ਹੈ। ਮੈਨੂੰ ਯਾਦ ਆ ਗਿਆ ਚੰਡੀਗੜ੍ਹ ਤੋਂ ਆ ਰਿਹਾ ਸੀ ਪੁਲਸ ਵਾਲਿਆਂ ਨੇ ਨਾਕੇ 'ਤੇ ਗੱਡੀ ਰੋਕ ਲਈ ਸਾਰਾ ਕੁਝ ਠੀਕ ਸੀ ਸਾਰੀ ਚੈੱਕ ਕੀਤੀ ਉਹ ਕਹਿ ਰਿਹਾ ਸੀ ਤੁਹਾਡਾ insurance ਗੱਡੀ ਦਾ ਨਹੀਂ, ਉਹ ਪੇਪਰ ਦਿੱਤੇ ਪਹਿਲਾਂ ਉਸ ਪਾਸ ਪੜ੍ਹ ਕੇ ਦੱਸਿਆ ਦੇਖ ਸਾਫ ਹੈ ਗੱਡੀ ਦਾ insurance A class ਹੈ ਸਭ ਪੱਖ ਤੋਂ ਠੀਕ ਹੈ। ਫਿਰ ਸਵਾਲ ਕਰ ਦਿੱਤਾ ਕਿ ਚਾਹ ਜੋਗੇ ਤਾਂ ਪੈਸੇ ਦੇ ਦਿਉ ਅੱਜ ਦਾ ਖਰਚ ਮੈਂ ਸੌ ਰੁਪਏ ਦਿੱਤੇ ਉਸ ਦਾ ਜਵਾਬ ਕੀ ਇਸ ਦਾ ਤਾਂ ਸਿਰਫ਼ 1/4 ਪਾ ਨਸ਼ਾ ਆਵੇਗਾ, ਮੈਂ 500 ਰੁਪਏ ਦੇ ਕੇ ਜਾਨ ਛਡਾਈ। ਇਹ ਨਸ਼ੇ ਦਾ ਹਾਲ ਹੈ ਫਿਰ ਕਿਵੇਂ ਬੰਦ ਕਰ ਲਵੋਗੇ। ਜੇ ਪੁਲਸ ਵਾਲਾ ਜਿਸ ਨੇ ਫੜ੍ਹਨਾ ਹੈ ਉਹ ਨਸ਼ੇ ਜੋਗੇ ਪੈਸੇ ਮੰਗ ਰਿਹਾ ਹੈ ਫਿਰ ਪੁਲਸ ਜੋ ਮਰਜ਼ੀ ਅਖ਼ਬਾਰ ਵਿੱਚ ਛਾਪ ਦੇਵੇ ਕੀ ਉਹ ਠੀਕ ਹੈ। ਕਿਸੇ 'ਤੇ ਭੀ ਪੁਲਸ ਅਸਲਾ ਪਾ ਸਕਦੀ ਹੈ, ਕਿਸੇ 'ਤੇ ਸ਼ਰਾਬ ਪਾ ਸਕਦੀ ਹੈ। ਇਹੋ ਹਾਲ ਵਿਦੇਸ਼ ਭੇਜਣ ਦਾ ਹੈ। ਹੁਣ ਪੰਜਾਬ ਦੀ ਗੱਲ ਕਰੋ ਕੰਮ ਨਹੀਂ, ਨੌਕਰੀਆਂ ਹੈ ਨਹੀਂ, P.hd ਤਾਈਂ ਇਕ ਕਲਰਕ ਜਾਂ ਚਪੜਾਸੀ ਦੀ ਨੌਕਰੀ ਲੱਭਦੇ ਹਨ। ਪੜ੍ਹੇ ਲਿਖੇ ਰਿਕਸ਼ਾ ਚਲਾ ਰਹੇ ਹਨ, ਬਹੁਤੇ ਨੌਕਰੀ ਹੁੰਦੇ ਭੀ ਪਾਰਟ ਟਾਈਮ ਰਿਕਸ਼ਾ ਚਲਾਉਂਦਾ ਹੈ। ਫਿਰ ਦੱਸੋ ਵਿਦੇਸ਼ ਨਾ ਜਾਣ ਤਾਂ ਕੀ ਕਰਨ। ਸਾਡੇ ਪੇਪਰਾਂ ਵਿੱਚ ਸਭ ਕੁਝ ਠੀਕ ਹੈ ਪਰ ਅਸਲੀਅਤ ਵਿੱਚ ਸਭ ਜਾਣਦੇ ਹਨ ਕੀ ਬਣਦਾ ਹੈ। ਇਹ ਲੋਕ ਪੈਸੇ ਦੇ ਕੇ ਅਖ਼ਬਾਰਾਂ ਵਿੱਚ ਬਾਕੀ ਥਾਂ ਲਿਖਵਾ ਦਿੰਦੇ ਹਨ। ਨਾ ਨਸ਼ਾ ਬੰਦ ਹੋਣਾ ਹੈ ਨਾ ਹੋਰ ਕੋਈ ਬਲੈਕ ਦਾ ਕੰਮ ਨਾ ਵਿਦੇਸ਼ ਜਾਣਾ, ਸਰਕਾਰ ਬੰਦ ਹੀ ਨਹੀਂ ਕਰ ਸਕਦੀ ਹੈ। ਗਲਤੀ ਮੁਆਫ਼



–ਆਪ ਦਾ ਦਾਸ– K. Jogi

* * * * * *

## TAIL PIECE

### MEMBERS OF PARLIAMENT SHALL GET 24 PER CENT INCREASE IN SALARY AND PENSION- ANNOUNCEMENT OF CENTRAL GOVERNMENT

Central Government has decided to increase salary and pension of Members of Parliament by 24 per cent increase. Good news for members of Parliament and in near future all MLAs too shall get this increase as per tradition. Members in parliament and members in our state legislative assemblies are Public Servants and must get salary and pension as other in Bureaucracy and supporting staff. We have prescribed duties and responsibilities of people in Bureaucracy and supporting staff, but till date we could not show the duty chart prepared for the elected people and they are just divided into ruling group and the opposition group and we have noted that only the leaders designate work and none friom the supporting members is allowed to work. They are simply supporters, people in the ruling side do not speak an people in the oppositions may speak, but what they say none hears or taken into account. When we pay salary and pension and so many other allowances to the elected people, each one must have a duty chart too. Since they are elected as per provisions of the Constitution, they become representatives of the people in the Parliament and in the state Legislative Assemblies and they must represent the area and its people and it should be their first duty to bring problems of their areas before the House where they are present and must try to solve those problems. They must come here with this duty and they must prepare this chart themselves. While taking oath they must tell the people that they shall do this and that work during this tenure and all candidates coming for second time must make clear before the people what they had done in the previous tenure. They must come in the area and must note problems of people and discuss with the people solution too. Let Offices of MLAs and MPs be established in each constituency with supporting staff where people may come to place their problems. Let the whole nation may look on this point and come out with order so that none should get salary and pension without work. Duty Chart must be obligatory for all Public Servants.

Dalip Singh Wasan, Advocate, E mail dalipsinghwassan@yahoo.co.in

# ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਪ੍ਰਵਾਨ ਕਿਉਂ ਨਹੀਂ ਚੜ੍ਹ ਰਹੇ ?

**ਰਵਿੰਦਰ ਸਿੰਘ ਚੀਮਾ**

ਮੀਰੀ ਪੀਰੀ ਦੇ ਸਿਧਾਂਤ ਦੀ ਸਿੱਖ ਪੰਥ ਵਿਚ ਪਹਿਰੇਦਾਰੀ ਕਰਨ ਵਾਲੇ ਮਹਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਕਾਇਮ ਰੱਖਣ ਬਾਰੇ ਅੱਜ ਹਰ ਸਿੱਖ ਪੰਥ ਦਰਦੀ ਚਿੰਤਤ ਹੈ। ਪੰਥ ਪ੍ਰਤੀ ਜੋ ਨਿਸ਼ਠਾ ਅਤੇ ਸਮਰਪਿਤ ਭਾਵਨਾ ਖ਼ਾਲਸਾ ਸਾਜਨਾ ਦਿਵਸ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਤੋਂ ਦੋ ਦਹਾਕੇ ਬਾਅਦ ਤੱਕ ਰਹੀ ਉਸ ਵਿਚ ਅੱਜ ਵੱਡੀ ਤਬਦੀਲੀ ਆ ਗਈ ਹੈ। ਇਸ ਆਏ ਬਦਲਾਓ ਲਈ ਕੇਵਲ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਜਾਂ ਧਰਮ ਪ੍ਰਚਾਰਕਾਂ ਨੂੰ ਜ਼ਿੰਮੇਵਾਰ ਦੱਸਣ ਤੋਂ ਪਹਿਲਾਂ ਸਾਨੂੰ 20ਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਆਏ ਸਮਾਜਿਕ, ਆਰਥਿਕ ਅਤੇ ਰਾਜਨੀਤਕ ਬਦਲਾਓ ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ।

## ਹੁਕਮ ਲਾਗੂ ਕਿਉਂ ਨਹੀਂ ਹੋ ਰਹੇ

ਅਕਾਲ ਤਖ਼ਤ ਦੇ ਹੁਕਮਨਾਮੇ ਲਾਗੂ ਕਰਨ ਦੀ ਸਮੁੱਚੇ ਸਿੱਖ ਜਗਤ ਦੀ ਜੋ ਜ਼ਿੰਮੇਵਾਰੀ ਬਣਦੀ ਹੈ। ਉਸ ਵਿਚ ਸਮੇਂ ਨਾਲ ਆਈ ਸਮਾਜਿਕ ਅਤੇ ਰਾਜਨੀਤਕ ਤਬਦੀਲੀ ਨੇ ਵੱਡਾ ਖਲਾਅ ਪੈਦਾ ਕਰ ਦਿੱਤਾ। ਪਿਛਲੇ ਚਾਰ-ਪੰਜ ਦਹਾਕਿਆਂ ਤੋਂ ਅਕਾਲ ਤਖ਼ਤ ਵਲੋਂ ਸਿੱਖ ਪੰਥ ਗੁਰਦੁਆਰਾ ਸਾਹਿਬਾਨ ਅਤੇ ਸਿੱਖ ਪੰਥ, ਦੇ ਦੋਖੀਆਂ ਪ੍ਰਤੀ ਲਏ ਗਏ ਫ਼ੈਸਲਿਆਂ ਨੂੰ ਹੇਠਲੇ ਪੱਧਰ ਤੱਕ ਕਾਮਯਾਬੀ ਨਾਲ ਲਾਗੂ ਨਹੀਂ ਕੀਤਾ ਜਾ ਸਕਿਆ, ਜਿਸ ਕਾਰਨ ਕੇਵਲ ਰਾਜਨੀਤਕ ਅਤੇ ਪ੍ਰਤਿਸ਼ਠਾਵਾਨ ਵਿਅਕਤੀਆਂ ਨੂੰ ਛੱਡ ਕੇ ਆਮ ਲੋਕਾਂ ਨੇ ਹੁਕਮਾਂ ਦੀ ਪ੍ਰਵਾਹ ਘਟਾ ਦਿੱਤੀ ਹੈ, ਜਿਸ ਦੀ ਮਿਸਾਲ ਸਿਰਸਾ ਵਾਲੇ ਬਾਬੇ ਤੋਂ ਲੈ ਕੇ ਵੇਖੀ ਜਾ ਸਕਦੀ ਹੈ। ਇਸ ਅਹਿਮ ਹੁਕਮਨਾਮੇ ਤੋਂ ਬਾਅਦ ਵੀ ਪਿੰਡਾਂ ਤੇ ਸ਼ਹਿਰਾਂ ਵਿਚ ਬਹੁਤ ਸਾਰੇ ਸਿੱਖ ਸਿਰਸਾ ਡੇਰੇ ਜਾਂਦੇ ਰਹੇ ਤੇ ਗੁਰੂ ਘਰਾਂ ਨਾਲ ਜੁੜੇ ਗੁਰਮੁਖ ਸਿੱਖ ਉਨ੍ਹਾਂ ਨੂੰ ਨਾ ਤਾਂ ਜਾਣ ਤੋਂ ਰੋਕ ਸਕੇ ਅਤੇ ਨਾ ਉਨ੍ਹਾਂ ਦਾ ਮੁਕੰਮਲ ਬਾਈਕਾਟ ਕਰ ਸਕੇ। ਇਥੋਂ ਤੱਕ ਕਿ 2013 ਵਿਚ ਅਕਾਲ ਤਖ਼ਤ ਦਾ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰ ਅੰਮ੍ਰਿਤਧਾਰੀ ਹੋਣ ਬਾਰੇ ਹੁਕਮਨਾਮਾ ਆਇਆ ਪਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਤੋਂ ਬਾਹਰਲੇ ਜ਼ਿਆਦਾਤਰ ਗੁਰਦੁਆਰਿਆਂ ਵਿਚ ਅੱਜ ਵੀ ਗ਼ੈਰ-ਅੰਮ੍ਰਿਤਧਾਰੀ ਕਮੇਟੀਆਂ ਕੰਮ ਕਰਦੀਆਂ ਹਨ। ਜਿੱਥੇ ਕਿਤੇ ਗੁਰਮੁਖ ਸਿੱਖਾਂ ਨੇ ਇਹ ਫ਼ੈਸਲੇ ਗੁਰਦੁਆਰਿਆਂ ਵਿਚ ਲਾਗੂ ਕਰਨ ਦੇ ਯਤਨ ਕੀਤੇ ਉੱਥੇ ਕਈ ਡੇਰੇਦਾਰਾਂ ਅਤੇ ਪਤਿਤ ਸਿੱਖਾਂ ਨੇ ਕੋਈ ਪੇਸ਼ ਨਹੀਂ ਜਾਣ ਦਿੱਤੀ। ਸ਼੍ਰੋਮਣੀ ਕਮੇਟੀ ਵੀ ਆਮ ਪਿੰਡਾਂ, ਸ਼ਹਿਰਾਂ ਅਤੇ ਮੁਹੱਲਿਆਂ ਦੇ ਗੁਰੂ ਘਰਾਂ ਵਿਚ ਇਹ ਫ਼ੈਸਲੇ ਲਾਗੂ ਨਾ ਕਰਵਾ ਸਕੀ। ਘੱਲੂਘਾਰੇ ਜਾਂ ਸ਼ਹੀਦੀ ਸਾਕੇ ਮਨਾਉਣ ਬਾਰੇ ਘਰਾਂ ਉੱਪਰ ਕੇਸਰੀ ਨਿਸ਼ਾਨ ਝੁਲਾਉਣ ਜਾਂ ਮੂਲ ਮੰਤਰ ਦੇ ਪਾਠ ਕਰਨ ਜਾਂ ਘਰਾਂ 'ਤੇ ਕਾਲੀਆਂ ਝੰਡੀਆਂ ਲਾਉਣ ਬਾਰੇ ਐਲਾਨ ਵੀ ਲਾਗੂ ਹੋਏ ਵੇਖਣ ਨੂੰ ਨਹੀਂ ਮਿਲੇ। ਅਕਾਲ ਤਖ਼ਤ ਦੇ ਫ਼ੈਸਲਿਆਂ ਨੂੰ ਲਾਗੂ ਕਰਨ ਲਈ ਸਿੱਖ ਸੰਗਤ ਲਈ ਜੋ ਪਰੰਪਰਾ ਬਣਾਈ ਗਈ ਸੀ, ਉਸ ਵਿਚ ਇਹ ਸ਼ਾਮਿਲ ਸੀ ਕਿ ਜੇਕਰ ਕੋਈ ਸਿੱਖ ਅਕਾਲ ਤਖ਼ਤ ਦਾ ਫ਼ੈਸਲਾ ਨਹੀਂ ਮੰਨੇਗਾ ਦਾ ਸਿੱਖ ਜਗਤ ਬਾਈਕਾਟ ਕਰੇਗਾ, ਇਹ ਇਹ ਸਿਧਾਂਤ ਬਹੁਤ ਕਾਰਗਰ ਸਾਬਤ ਹੁੰਦਾ ਰਿਹਾ। ਸਾਡੇ ਇਤਿਹਾਸਕ ਪੰਚਾਇਤੀ ਫ਼ੈਸਲਿਆਂ ਨੂੰ ਲਾਗੂ ਕਰਨ ਲਈ ਵੀ ਪਿੰਡਾਂ ਵਿਚ ਇਹ ਸਿਧਾਂਤ ਚਲਦਾ ਰਿਹਾ। ਹਰਿਆਣੇ ਦੀਆਂ ਖਾਪ ਪੰਚਾਇਤਾਂ ਵੀ ਇਸੇ ਸਿਧਾਂਤ 'ਤੇ ਚਲਦੀਆਂ ਹਨ, ਪਰ ਇਹ ਏਡਾ ਵੱਡਾ ਸਿਧਾਂਤ ਅਕਾਲ ਤਖ਼ਤ ਦੇ ਹੁਕਮਾਂ ਨੂੰ ਲਾਗੂ ਕਰਨ ਵਿਚ ਅੱਜ ਕਿਉਂ ਸਫਲ ਨਹੀਂ ਹੋ ਰਿਹਾ ਇਸ ਦੀ ਸਮੀਖਿਆ ਕਰਨੀ ਬਣਦੀ ਹੈ।



## ਅਕਾਲ ਤਖ਼ਤ ਤੋਂ ਰਾਜਨੀਤਕ ਫ਼ੈਸਲੇ

ਗੁਰੂ ਸਾਹਿਬਾਨਾਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੱਕ ਅਤੇ ਉਸ ਤੋਂ ਬਾਅਦ ਦੇਸ਼ ਦੀ ਆਜ਼ਾਦੀ ਦੇ ਮੁਢਲੇ ਦੋ ਦਹਾਕਿਆਂ ਤੱਕ ਅਕਾਲ ਤਖ਼ਤ ਤੋਂ ਬਹੁਤ ਖਾਸ ਹਾਲਤਾਂ ਵਿਚ ਰਾਜਨੀਤਕ ਹਸਤੀਆਂ ਜਾਂ ਪ੍ਰਤਿਸ਼ਠ ਵਿਅਕਤੀਆਂ ਦੀ ਸਿੱਖ ਮਰਿਆਦਾ ਜਾਂ ਪੰਥ ਵਿਰੋਧੀ ਕਾਰਗੁਜ਼ਾਰੀ ਨੂੰ ਨੱਥ ਪਾਉਣ ਲਈ ਹੁਕਮਨਾਮੇ ਜਾਰੀ ਕੀਤੇ ਜਾਂਦੇ ਸਨ। ਉਹ ਰਾਜਨੀਤਕ ਜਾਂ ਪ੍ਰਤਿਸ਼ਠਾਮਾਨ ਵਿਅਕਤੀ ਆਪਣਾ ਰਾਜਨੀਤਕ ਜਾਂ ਸਮਾਜਿਕ ਅਕਸ ਖਰਾਬ ਹੋਣ ਤੋਂ ਬਚਣ ਲਈ ਅਕਾਲ ਤਖ਼ਤ ਸਾਹਮਣੇ ਸਿਰ ਨੀਵਾਂ ਕਰਕੇ ਭੁੱਲ ਬਖ਼ਸ਼ਾ ਲੈਂਦਾ ਸੀ ਅਤੇ ਅਕਾਲ ਤਖ਼ਤ ਵਲੋਂ ਵੀ ਜਿਹੜੀ ਸਿੱਖ ਸਿਧਾਂਤਾਂ ਤੇ ਪਰੰਪਰਾਵਾਂ ਅਨੁਸਾਰ ਪਾਠ ਕਰਨ, ਚੌਰ ਸਾਹਿਬ ਕਰਨ, ਜੋੜੇ ਝਾੜਨ ਵਰਗੀਆਂ ਧਾਰਮਿਕ ਸਜ਼ਾਵਾਂ ਲਾ ਕੇ ਮੁਆਫ਼ੀ ਦੇ ਦਿੱਤੀ ਜਾਂਦੀ ਸੀ। ਇਸ ਲਈ ਇਹ ਹੁਕਮਨਾਮੇ ਜਿਨ੍ਹਾਂ ਨੂੰ ਹੇਠਲੇ ਪੱਧਰ ਤੱਕ ਲਾਗੂ ਕਰਨ ਦੀ ਨਾ ਤਾਂ ਬਹੁਤੀ ਜ਼ਰੂਰਤ ਪੈਂਦੀ ਸੀ ਅਤੇ ਨਾ ਹੀ ਕਦੇ ਮੁਸ਼ਕਿਲ ਆਉਂਦੀ ਸੀ। ਪਰ ਪਿਛਲੇ 5 ਦਹਾਕਿਆਂ ਤੋਂ ਜਦ ਅਕਾਲ ਤਖ਼ਤ ਦੀ ਸੇਵਾ ਸੰਭਾਲਣ ਵਾਲੇ ਜਥੇਦਾਰ ਸਾਹਿਬਾਨ ਵਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਇਕੱਠਾ ਕਰਨ ਲਈ ਅਕਾਲ ਤਖ਼ਤ ਤੋਂ ਰਾਜਨੀਤਕ ਫ਼ੈਸਲੇ ਲਏ ਗਏ, ਇਨ੍ਹਾਂ ਵਿਚੋਂ ਇਕ ਧੜੇ ਨੂੰ ਲਾਭ ਦੇਣ ਅਤੇ ਦੂਜੇ ਨੂੰ ਠਿੱਬੀ ਲਾਉਣ ਦੀ ਬੋ ਆਉਂਦੀ ਰਹੀ। ਇਸੇ ਦੌਰਾਨ ਜਿਸ ਜਥੇਦਾਰ ਨੂੰ ਸੇਵਾ ਮੁਕਤ ਕੀਤਾ ਗਿਆ ਉਹ ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਪੰਥ ਦਾ ਵਿਰੋਧੀ ਵੀ ਬਣ ਗਿਆ। ਅਕਾਲ ਤਖ਼ਤ ਦੇ ਫ਼ੈਸਲੇ ਪ੍ਰਤੀ ਜਦੋਂ ਉੱਠ ਕੇ ਐਰਾ-ਗ਼ੈਰਾ ਜਥੇਦਾਰਾਂ ਨੂੰ ਸੰਬੋਧਨ ਕਰਨ ਲੱਗੇ, ਉਸ ਸਮੇਂ ਵੀ ਇਸ ਮਹਾਨ ਤਖ਼ਤ ਦੀ ਸ਼ਾਨ ਤੇ ਸਰਵਉੱਚਤਾ ਤੇ ਸਵਾਲ ਖੜ੍ਹੇ ਹੁੰਦੇ ਹਨ।

## ਜ਼ਿੰਮੇਵਾਰੀ ਕੌਣ ਲਵੇ ?

ਮੁੱਢਲੇ ਤੌਰ 'ਤੇ ਸਮੁੱਚੇ ਸਿੱਖ ਜਗਤ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਕਾਲ ਤਖ਼ਤ ਦੇ ਹੁਕਮਾਂ ਨੂੰ ਪ੍ਰਵਾਨ ਚੜ੍ਹਾਵੇ। ਪਰ ਵੋਟਾਂ ਦੇ ਰਾਜ ਵਿਚ ਰਾਜਨੀਤਕ ਲੋਕਾਂ ਦੀਆਂ ਮਜਬੂਰੀਆਂ ਸਖ਼ਤ ਫ਼ੈਸਲੇ ਲੈਣ ਤੋਂ ਉਨ੍ਹਾਂ ਨੂੰ ਮਨਾਂ ਕਰਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਵੀ ਇਕ ਰਾਜਨੀਤਕ ਪਾਰਟੀ ਦੇ ਤੌਰ 'ਤੇ ਲੋਕਾਂ ਵਿਚ ਵਿਚਰਦੀ ਹੈ ਤਾਂ ਇਸ ਨੂੰ ਵੀ ਹਰ ਘਿਰ ਦੀ ਵੋਟ ਦੀ ਲੋੜ ਹੁੰਦੀ ਹੈ, ਇਸ ਲਈ ਸ਼੍ਰੋਮਣੀ ਅਕਾਲੀ ਦਲ 'ਤੇ ਹੁਕਮਾਂ ਨੂੰ ਲਾਗੂ ਕਰਾਉਣ ਦੀ ਜ਼ਿੰਮੇਵਾਰੀ ਉਨ੍ਹਾਂ 'ਤੇ ਪਾਉਣੀ ਘੱਟ ਹੀ ਸਫ਼ਲ ਹੋਵੇਗੀ। ਇਹ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਹੀ ਹੋਣੀ ਚਾਹੀਦੀ ਹੈ, ਪਰ ਸ਼੍ਰੋਮਣੀ ਕਮੇਟੀ ਮੌਜੂਦਾ ਸਮੇਂ ਵਿਚ ਗੁਰਦੁਆਰਾ ਐਕਟ ਦੀ ਧਾਰਾ 82 ਅਤੇ 86 ਦੇ ਘੇਰੇ ਵਿਚ ਆਉਂਦੇ ਜ਼ਿਆਦਾਤਰ ਇਤਿਹਾਸਕ ਗੁਰਦੁਆਰਿਆਂ ਦਾ ਹੀ ਪ੍ਰਬੰਧ ਦੇਖਦੀ ਹੈ।

ਅਸਲ ਵਿਚ ਅਕਾਲ ਤਖ਼ਤ ਦੇ ਫ਼ੈਸਲਿਆਂ ਨੂੰ ਲਾਗੂ ਕਰਨ ਲਈ ਸਾਡੇ ਪੇਂਡੂ-ਸ਼ਹਿਰੀ ਕਾਲੋਨੀਆਂ ਤੇ ਮੁਹੱਲਿਆਂ ਦੇ ਗੁਰਦੁਆਰਿਆਂ ਦੀ ਸੰਗਤ 'ਤੇ ਸ਼੍ਰੋਮਣੀ ਕਮੇਟੀ ਦਾ ਕੋਈ ਕੰਟਰੋਲ ਨਹੀਂ। ਆਮ ਗੁਰਦੁਆਰਿਆਂ ਦੀਆਂ ਕਮੇਟੀਆਂ ਜਾਂ ਉਨ੍ਹਾਂ ਦੇ ਪ੍ਰਬੰਧਕ ਜਾਂ ਸੇਵਾਦਾਰ ਸ਼੍ਰੋਮਣੀ ਕਮੇਟੀ ਜਾਂ ਅਕਾਲ ਤਖ਼ਤ ਨਾਲ ਕਿਸੇ ਤੰਦ ਤਾਣੇ ਵਿਚ ਬੱਝੇ ਹੋਏ ਨਹੀਂ। ਸ਼੍ਰੋਮਣੀ ਕਮੇਟੀ ਨੂੰ ਸਮੁੱਚੇ ਗੁਰਦੁਆਰਿਆਂ ਨੂੰ ਐਕਟ ਅਨੁਸਾਰ ਕੰਟਰੋਲ ਹੇਠ ਲਿਆਉਣਾ ਚਾਹੀਦਾ ਹੈ। ਪਰ ਲੋਕਲ ਗੁਰਦੁਆਰਿਆਂ ਦੇ ਪ੍ਰਬੰਧਕ ਡਰਦੇ ਹਨ, ਕਿ ਸ਼ਾਇਦ ਸ਼੍ਰੋਮਣੀ ਕਮੇਟੀ ਉਨ੍ਹਾਂ ਦੀ ਆਮਦਨ ਲੈ ਜਾਵੇਗੀ ਇਸ ਲਈ ਲੋਕਲ ਗੁਰਦੁਆਰਿਆਂ ਨੂੰ ਸ਼੍ਰੋਮਣੀ ਕਮੇਟੀ ਵਿਚ ਸ਼ਾਮਿਲ ਕਰਨ ਤੋਂ ਪਹਿਲਾਂ ਲੋਕਲ ਪ੍ਰਬੰਧਕ ਕਮੇਟੀਆਂ ਨੂੰ ਵੀ ਵਿਸ਼ਵਾਸ ਦਿਵਾਉਣਾ ਪਵੇਗਾ ਕਿ ਸ਼੍ਰੋਮਣੀ ਕਮੇਟੀ ਆਮ ਪੇਂਡੂ ਸ਼ਹਿਰੀ ਗੁਰਦੁਆਰਿਆਂ ਦੀ ਆਮਦਨ ਵਿਚੋਂ ਕੋਈ ਹਿੱਸਾ ਨਹੀਂ ਲਵੇਗੀ, ਕੇਵਲ ਇਨ੍ਹਾਂ ਗੁਰਦੁਆਰਿਆਂ ਵਿਚ ਸਿੱਖ ਪੰਥ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਦੇ ਫ਼ੈਸਲਿਆਂ ਨੂੰ ਲਾਗੂ ਕਰਨ ਦੀ ਹੀ ਉਸ ਦੀ ਜ਼ਿੰਮੇਵਾਰੀ ਹੋਵੇਗੀ।

## ਹਰ ਗੁਰਦੁਆਰੇ ਵਿਚ ਹੋਣ ਪੰਜ ਪਿਆਰੇ

ਜਿਵੇਂ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਤਨਖਾਹ ਲਾਉਂਦੇ ਹਨ, ਉਸੇ ਤਰ੍ਹਾਂ ਜੇਕਰ ਕੋਈ ਅਕਾਲ ਤਖ਼ਤ ਦਾ ਹੁਕਮ ਪੇਂਡੂ ਸ਼ਹਿਰੀ ਖੇਤਰਾਂ ਵਿਚ ਨਹੀਂ ਮੰਨਦਾ ਜਾਂ ਸ਼੍ਰੋਮਣੀ ਕਮੇਟੀ ਨੂੰ ਮਾਨਤਾ ਨਹੀਂ ਦਿੰਦਾ ਜਾਂ ਕਿਸੇ ਪੰਥਕ ਮਾਣ ਮਰਿਆਦਾ ਦੇ ਹੁਕਮ ਦੀ ਉਲੰਘਣਾ ਕਰਦਾ ਹੈ ਤਾਂ ਅਜਿਹੇ ਸਥਾਨਕ ਮਸਲਿਆਂ ਨੂੰ ਅਕਾਲ ਤਖ਼ਤ ਤੱਕ ਰੋਜ਼ ਲਿਜਾਣਾ ਵਾਜਿਬ ਨਹੀਂ ਹੋਵੇਗਾ। ਸਿੱਖ ਜਗਤ ਦਾ ਹਰ ਵਿਅਕਤੀ ਕਿਸੇ ਨਾ ਕਿਸੇ ਸਥਾਨਕ ਗੁਰੂ ਘਰ ਨਾਲ ਨਿਤਨੇਮ ਲਈ ਜੁੜਿਆ ਹੁੰਦਾ ਹੈ।

ਸਿੱਖ ਪੰਥ ਦੇ ਹੁਕਮ ਦੀ ਅਦੂਲੀ ਕਰਨ ਵਾਲੇ ਦੋਸ਼ੀ ਨੂੰ ਸਭ ਤੋਂ ਪਹਿਲਾਂ ਉਹਦੇ ਸਮਾਜ ਵਿਚ ਹੀ ਘੇਰਿਆ ਜਾਣਾ ਚਾਹੀਦਾ ਹੈ, ਕਿਉਂਕਿ ਸਮਾਜਿਕ ਬਾਈਕਾਟ ਦਾ ਸਿਧਾਂਤ ਤਾਂ ਹੀ ਕਾਰਗਰ ਹੁੰਦਾ ਹੈ। ਜਦ ਦੋਸ਼ੀ ਵਿਅਕਤੀ ਦਾ ਉਸ ਦੇ ਲੋਕਲ ਸਮਾਜ ਵਿਚ ਬਾਈਕਾਟ ਹੁੰਦਾ ਹੈ ਤਾਂ ਹੀ ਉਹ ਝੁਕਣ ਲਈ ਮਜਬੂਰ ਹੁੰਦਾ ਹੈ।

# ਜਥੇਦਾਰ ਸਾਹਿਬਾਨ ਦੀ ਯੋਗਤਾ, ਚੋਣ, ਕਾਰਜ ਖੇਤਰ ਤੇ ਸੇਵਾ-ਮੁਕਤੀ ਦਾ ਵਿਧੀ-ਵਿਧਾਨ ਬਾਰੇ ਬਣੀ ਪੰਥਕ ਮੁਹਿੰਮ

ਪੰਥਕ ਹੱਲਚਲ

## ਧਾਮੀ ਦਾ ਐਲਾਨ-ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ ਤੇ ਸੇਵਾ ਮੁਕਤੀ ਬਾਰੇ ਬਣਨਗੇ ਨਿਯਮ





ਪੰਜਾਬ ਦੀ ਪੰਥਕ ਸਿਆਸਤ ਦਾ ਸੰਕਟ ਦਿਨ ਪ੍ਰਤੀ ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵਲੋਂ ਸਿੰਘ ਸਾਹਿਬਾਨਾਂ ਦੀ ਧਕੇ ਨਾਲ ਸੇਵਾ ਮੁਕਤੀ ਬਾਰੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਥਕ ਧਿਰਾਂ ਨਾਲ ਟਕਰਾਅ ਇਸ ਸਮੇਂ ਨਾਜ਼ੁਕ ਮੋੜ ਉੱਤੇ ਪਹੁੰਚ ਗਿਆ ਹੈ। ਬੀਤੇ ਦਿਨੀਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵੇਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅਚਾਨਕ ਤੜਕਸਾਰ ਜਿਸ ਤਰੀਕੇ ਨਾਲ ਅਹੁਦਾ ਸੰਭਾਲਿਆ, ਉਸ ਨਾਲ ਇਹ ਸੰਕਟ ਹੋਰ ਡੂੰਘਾ ਹੁੰਦਾ ਨਜ਼ਰ ਆ ਰਿਹਾ ਹੈ। ਇਸੇ ਮੁਦੇ ਨੂੰ ਲੈਕੇ ਦਮਦਮੀ ਟਕਸਾਲ 28 ਮਾਰਚ ਨੂੰ ਸ਼੍ਰੋਮਣੀ ਕਮੇਟੀ ਦਾ ਘਿਰਾਉ ਕਰ ਰਹੀ ਹੈ। ਸਿੱਖ ਰਾਜਨੀਤੀ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਪਹਿਲਾਂ ਹੀ ਹਾਸ਼ੀਏ ਉੱਤੇ ਆ ਗਈ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਲੋਕ ਦਾ ਇਨ੍ਹਾਂ ਘਟਨਾਵਾਂ ਤੋਂ ਬਾਅਦ ਰੋਸ ਹੋਰ ਵੱਧ ਗਿਆ ਹੈ।

ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋਫੈਸਰ ਸੁਰਿੰਦਰ ਸਿੰਘ ਜੋਧਕਾ ਦਾ ਕਹਿਣਾ ਹੈ ਕਿ ਜਿਸ ਤਰੀਕੇ ਨਾਲ ਜਥੇਦਾਰ ਸਾਹਿਬਾਨ ਨੂੰ ਹਟਾਇਆ ਗਿਆ ਹੈ, ਉਸ ਨੂੰ ਲੈ ਕੇ ਸਿੱਖ ਭਾਈਚਾਰੇ ਵਿੱਚ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਪ੍ਰਤੀ ਰੋਸ ਹੈ। ਉਨ੍ਹਾਂ ਆਖਿਆ ਕਿ ਇਹੋ ਗ਼ਲਤੀਆਂ ਕਾਰਨ ਸ਼੍ਰੋਮਣੀ ਅਕਾਲੀ ਦਲ ਖ਼ਾਸ ਤੌਰ ਉੱਤੇ ਬਾਦਲ ਪਰਿਵਾਰ ਹਾਸ਼ੀਏ ਉੱਤੇ ਹੁਣ ਪਹੁੰਚ ਚੁੱਕਾ ਹੈ ਅਤੇ ਸਿੱਖਾਂ ਵਿੱਚ ਹੁਣ ਗੁੱਸਾ ਹੋਰ ਵੱਧ ਗਿਆ ਹੈ।

ਸ਼੍ਰੋਮਣੀ ਕਮੇਟੀ ਸਰਗਰਮ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੌਜੂਦਾ ਸਮੇਂ ਬਣੇ ਹਾਲਾਤਾਂ ਦੇ ਮਦੇਨਜ਼ਰ ਇਕ ਅਹਿਮ ਐਲਾਨ ਕਰਦਿਆਂ ਕਿਹਾ ਹੈ ਕਿ ਸਿੱਖ ਪੰਥ ਅੰਦਰ ਸਿੰਘ ਸਾਹਿਬਾਨ ਤੇ ਹਰ ਜਥੇਬੰਦੀ ਦਾ ਸਤਿਕਾਰ ਕਾਇਮ ਰੱਖਿਆ ਜਾਵੇਗਾ ਤੇ ਜਥੇਦਾਰਾਂ ਦੀਆਂ ਪਦਵੀਆਂ ਸਬੰਧੀ ਭਵਿੱਖ ਵਿਚ ਸਿੱਖ ਸੰਪਰਦਾਵਾਂ ਦੇ ਸਲਾਹ-ਮਸ਼ਵਰੇ ਨੂੰ ਅਣਡਿੱਠ ਨਹੀਂ ਕੀਤਾ ਜਾਵੇਗਾ। ਐਡਵੋਕੇਟ ਧਾਮੀ ਨੇ ਗੱਲ ਕਰਦਿਆ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ ਅਤੇ ਸੇਵਾ ਮੁਕਤੀ ਸਬੰਧੀ ਜਲਦ ਹੀ ਨਿਯਮ ਤਹਿ ਕੀਤੇ ਜਾਣਗੇ ਅਤੇ ਇਸ ਕਾਰਜ ਵਾਸਤੇ ਉੱਚ ਪੱਧਰੀ ਕਮੇਟੀ ਕਾਇਮ ਹੋਵੇਗੀ। ਇਸ ਸਬੰਧੀ ਆਉਂਦੇ ਬਜਟ ਇਜਲਾਸ ਵਿਚ ਮਤਾ ਲਿਆ ਕੇ ਪ੍ਰਵਾਨਗੀ ਲਈ ਜਾਵੇਗੀ। ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਜਥੇਦਾਰਾਂ ਦੀਆਂ ਇਨ੍ਹਾਂ ਸਤਿਕਾਰਤ ਪਦਵੀਆਂ 'ਤੇ ਇਕ ਵਿਅਕਤੀ ਇਕ ਅਹੁਦਾ ਦੀ ਨੀਤੀ ਲਾਗੂ ਕੀਤੀ ਜਾਵੇ। ਇਸੇ ਤਹਿਤ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਖਾਲੀ ਪਏ ਅਹੁਦੇ ਵਾਸਤੇ ਪੰਥਕ ਸੰਪਰਦਾਵਾਂ ਤੇ ਜਥੇਬੰਦੀਆਂ ਦੀ ਸਲਾਹ ਨਾਲ ਜਲਦ ਨਿਯੁਕਤੀ ਕਰ ਦਿੱਤੀ ਜਾਵੇਗੀ।

ਐਡਵੋਕੇਟ ਧਾਮੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਤਖਤ ਸਾਹਿਬਾਨ 'ਤੇ ਸੇਵਾ ਨਿਭਾਉਂਣ ਵਾਲੇ ਜਥੇਦਾਰ ਸਾਹਿਬਾਨ ਦੀ ਰੁਖ਼ਸਤੀ ਇਕ ਸਨਮਾਨਜਨਕ ਢੰਗ ਨਾਲ ਹੋਇਆ ਕਰੇਗੀ। ਇਹ ਵੀ ਯਤਨ ਕੀਤਾ ਜਾਵੇਗਾ ਕਿ ਪਿਛਲੇ ਸਮੇਂ ਦੌਰਾਨ ਸੇਵਾ ਮੁਕਤ ਕੀਤੇ ਸਿੰਘ ਸਾਹਿਬਾਨ ਨੂੰ ਨਿਭਾਈਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਜਾਵੇ। ਐਡਵੋਕੇਟ ਧਾਮੀ ਨੇ ਕਿਹਾ ਕਿ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸੇਵਾ ਵੱਡੀ ਚੁਣੌਤੀ ਤੋਂ ਘੱਟ ਨਹੀਂ ਹੈ, ਜਿਸ ਪ੍ਰਤੀ ਉਹ ਸੁਚੇਤ ਵੀ ਹਨ।

ਪੰਥਕ ਸ਼ਖ਼ਸੀਅਤਾਂ ਤੇ ਵਿਦਵਾਨਾਂ ਦੇ ਵਿਚਾਰ-ਪ੍ਰਸਿੱਧ ਵਿਦਵਾਨ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਜਥੇਦਾਰ ਸਾਹਿਬ ਸਿੱਖ ਧਰਮ, ਪੰਥ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਮਾਣ-ਮਰਿਆਦਾਵਾਂ ਨੂੰ ਸਮਰਪਿਤ ਅਜਿਹੇ ਖ਼ਾਲਸਾ ਵਿਅਕਤਿਤਵ ਦੇ ਮਾਲਕ ਹੋਣ, ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਸਰੋਤ ਗ੍ਰੰਥਾਂ, ਸਿੱਖ ਸਿਧਾਂਤਾਂ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ, ਸੰਸਥਾਵਾਂ ਅਤੇ ਖ਼ਾਲਸਾ ਪੰਥ ਦੇ ਆਦਰਸ਼ਾਂ ਦਾ ਗਿਆਨ ਹੋਵੇ। ਧਰਮ ਦੇ ਖੇਤਰ ਵਿਚ ਸੇਵਾ ਨਿਭਾਉਣ ਵਾਲੇ ਗ੍ਰੰਥੀ ਸਿੰਘਾਂ ਦੇ ਵਰਗ ਤੇ ਸਿੱਖ ਪੰਥ ਦੇ ਵਿਦਵਾਨ ਵਰਗ ਵਿਚੋਂ ਜਥੇਦਾਰ ਦੀ ਚੋਣ ਹੋਵੇ। ਉਨ੍ਹਾਂ ਦੀ ਸਿੱਖ ਪੰਥ ਅਤੇ ਮਾਨਵ ਜਾਤੀ ਦੇ ਸਮੁੱਚੇ ਸਰੋਕਾਰਾਂ ਪ੍ਰਤੀ ਵਚਨਬੱਧਤਾ, ਈਮਾਨਦਾਰੀ, ਕੁਰਬਾਨੀ, ਸਪੱਸ਼ਟਤਾ ਅਤੇ ਦਿੱਬ-ਦ੍ਰਿਸ਼ਟੀ ਉੱਤਮ ਦਰਜੇ ਦੀ ਹੋਵੇ; ਉਨ੍ਹਾਂ ਨੂੰ ਸਿੱਖ ਸਮੱਸਿਆਵਾਂ ਅਤੇ ਸਰੋਕਾਰਾਂ ਦੀ ਸਮਝ ਹੋਵੇ ਅਤੇ ਇਨ੍ਹਾਂ ਨੂੰ ਹੱਲ ਕਰਨ/ਕਰਵਾਉਣ ਦੀ ਸਮਰੱਥਾ ਹੋਵੇ। ਉਨ੍ਹਾਂ ਨੂੰ ਸਿੱਖ ਅਤੇ ਵਿਸ਼ਵ ਇਤਿਹਾਸ ਦਾ ਡੂੰਘਾ ਗਿਆਨ ਅਤੇ ਡੂੰਘੀ ਨੀਝ ਹੋਵੇ, ਉਹ ਪੰਥ ਦੇ ਉੱਜਵਲ ਭਵਿੱਖ ਦੀ ਘਾੜਤ ਘੜਨ ਦੀ ਸਮਰੱਥਾ ਅਤੇ ਯੋਗਤਾ ਰੱਖਦੇ ਹੋਣ। ਉਨ੍ਹਾਂ ਨੂੰ ਵਿਸ਼ਵ-ਏਸ਼ੀਆ ਦੀਆਂ ਭੂਗੋਲਿਕ-ਰਾਜਨੀਤਕ ਸਥਿਤੀਆਂ ਦਾ ਗਿਆਨ ਹੋਵੇ ਅਤੇ ਮਸਲਿਆਂ ਨੂੰ ਹੱਲ ਕਰਨ ਦੀ ਯੋਗਤਾ, ਸਮੀਕਰਣਾਂ, ਰੁਝਾਨਾਂ ਅਤੇ ਪ੍ਰਸਥਿਤੀਆਂ ਆਦਿ ਦੀ ਸੂਝ-ਬੂਝ ਹੋਵੇ। ਉਨ੍ਹਾਂ ਨੇ ਸਿੱਖੀ ਅਤੇ ਸਿੱਖ ਪੰਥ ਲਈ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ ਹੋਣ। ਚੰਗਾ ਹੋਵੇ ਜੇਕਰ ਉਨ੍ਹਾਂ ਨੂੰ ਪੰਜਾਬੀ, ਹਿੰਦੀ, ਅੰਗਰੇਜ਼ੀ ਤੋਂ ਬਿਨਾਂ ਵਿਸ਼ਵ ਦੀਆਂ ਹੋਰ ਮੁੱਖ ਜ਼ੁਬਾਨਾਂ ਦਾ ਗਿਆਨ ਵੀ ਹੋਵੇ।

ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਜਦ ਵੀ ਕਿਸੇ ਜਥੇਦਾਰ ਸਾਹਿਬ ਨੂੰ ਉਨ੍ਹਾਂ ਦੇ ਕਾਰਜਕਾਲ ਤੋਂ ਪਹਿਲਾਂ ਸੇਵਾ ਮੁਕਤ ਕਰਨ ਦੀ ਸਥਿਤੀ ਪੈਦਾ ਹੋ ਜਾਵੇ ਤਾਂ ਪਹਿਲੀ ਹਾਲਤ ਵਿਚ ਉਨ੍ਹਾਂ ਨੂੰ ਆਪਣੇ ਆਪ ਅਸਤੀਫਾ ਦੇਣ ਲਈ ਪ੍ਰੇਰਿਆ ਜਾਵੇ। ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਕੀਤੀ ਗਈ ਨਿਯੁਕਤੀ ਵਾਂਗ 'ਖ਼ਾਲਸਾ ਸੰਗਤ' ਦਾ ਸੈਸ਼ਨ ਬੁਲਾਏ। ਇਹ ਹਾਊਸ ਜਥੇਦਾਰ ਸਾਹਿਬ ਨੂੰ ਸੇਵਾ ਮੁਕਤ ਕਰਨ ਲਈ ਖੁੱਲ੍ਹੀ ਵਿਚਾਰ ਕਰੇ ਜੋ ਸੰਬੰਧਿਤ ਜਥੇਦਾਰ ਸਾਹਿਬ ਉੱਤੇ ਮਹਾਂਦੋਸ਼ ਆਇਦ ਕਰੇ। ਜਥੇਦਾਰ ਸਾਹਿਬ ਇਸ ਪੈਨਲ ਅੱਗੇ ਆਪਣੇ ਵਿਚਾਰ ਰੱਖ ਸਕਣ। ਜਥੇਦਾਰ ਸਾਹਿਬ ਨੂੰ ਸੁਣਨ ਉਪਰੰਤ ਅਤੇ ਉਨ੍ਹਾਂ ਨੂੰ ਨਿਰਧਾਰਿਤ ਕੀਤੇ ਗਏ ਨਿਯਮਾਂ ਅਨੁਸਾਰ ਸੇਵਾ ਮੁਕਤ ਕਰਨ ਸੰਬੰਧੀ ਫੈਸਲਾ ਹਾਜ਼ਰ ਮੈਂਬਰਾਂ ਦੀ ਸਰਬ ਸੰਮਤੀ, ਸਰਬ ਸਹਿਮਤੀ ਜਾਂ ਘੱਟੋ-ਘੱਟ ਦੋ ਤਿਹਾਈ ਬਹੁਮਤ ਨਾਲ ਕੀਤਾ ਜਾਵੇ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਦਾ ਕਹਿਣਾ ਹੈ ਕਿ ਜਥੇਦਾਰ ਸਾਹਿਬ ਦੀ ਨਿਯੁਕਤੀ ਦੀ ਲੋੜ ਉਤਪੰਨ ਹੋਣ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੀ ਪਹਿਲਕਦਮੀ ਉੱਤੇ ਇਸ ਦੇ ਪ੍ਰਧਾਨ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਬੋਰਡਾਂ ਸਮੇਤ ਸਿੱਖ ਪੰਥ ਦੀਆਂ ਵਿਸ਼ਵ ਵਿਚ ਫੈਲੀਆਂ ਹੋਰ ਨਾਮਵਰ ਪ੍ਰਤੀਨਿੱਧ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸੂਝਵਾਨ ਪ੍ਰਤੀਨਿਧਾਂ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਧਾਰਮਿਕ ਜਥੇਬੰਦੀਆਂ, ਸਿੰਘ ਸਭਾਵਾਂ, ਸਮਰਪਿਤ ਸੰਪਰਦਾਵਾਂ, ਮਹੱਤਵਪੂਰਨ ਪੰਥਕ ਵਿਦਵਾਨਾਂ, ਗੁਰਮਤਿ ਵਿਆਖਿਆਕਾਰਾਂ ਅਤੇ ਦੇਸ਼-ਵਿਦੇਸ਼ ਵਿਚ ਸਿੱਖ ਪੰਥ ਦੀਆਂ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਯੋਗਤਾਪੂਰਨ ਪ੍ਰਤੀਨਿਧਾਂ ਉੱਤੇ ਆਧਾਰਿਤ ਇਕ 101 ਮੈਂਬਰੀ 'ਖ਼ਾਲਸਾ ਸੰਗਤ' ਦਾ ਗਠਨ ਹੋਏ।ਕਿਸੇ ਵੀ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੀ ਨਿਯੁਕਤੀ ਦੀ ਲੋੜ ਉਤਪੰਨ ਹੋਣ ਉੱਤੇ ਇਹ ਹਾਊਸ ਵਿਚਾਰ-ਵਟਾਂਦਰਾ ਕਰਨ ਉਪਰੰਤ ਆਪਣੇ ਵਿਚੋਂ ਹੀ ਇਕ 15 ਮੈਂਬਰੀ ਚੋਣ ਪੈਨਲ ਦਾ ਗਠਨ ਕਰੇ, ਜਿਸ ਨੂੰ ਜਥੇਦਾਰ ਸਾਹਿਬ ਦੀ ਚੋਣ ਕਰਨ ਅਤੇ ਇਸ ਸੰਬੰਧੀ ਜ਼ਰੂਰੀ ਵਿਸਥਾਰ ਉਲੀਕਣ ਦੀ ਜ਼ਿੰਮੇਵਾਰੀ ਸੌਂਪੀ ਜਾਵੇ। ਇਹ ਚੋਣ ਪੈਨਲ ਅੱਗੇ ਇਕ ਪੰਜ ਮੈਂਬਰੀ ਖੋਜ ਕਮੇਟੀ ਦਾ ਗਠਨ ਕਰ ਕੇ ਉਸ ਜ਼ਿੰਮੇ ਪੰਥ ਵਿਚੋਂ ਜਥੇਦਾਰ ਸਾਹਿਬ ਦੀਆਂ ਯੋਗਤਾਵਾਂ ਅਨੁਸਾਰ ਅਜਿਹੇ ਗੁਰਸਿੱਖਾਂ ਦੀ ਖੋਜ ਕਰਨ ਦਾ ਜ਼ਿੰਮਾ ਲਗਾਏ। ਖਾਲਸਾ ਸੰਗਤ ਦੇ ਮੈਂਬਰਾਂ ਨੂੰ ਵੀ ਗੁਪਤ ਰੂਪ ਵਿਚ ਅਜਿਹੇ ਨਾਂਅ ਸੁਝਾਉਣ ਲਈ ਕਿਹਾ ਜਾਏ । ਨਿਯਤ ਕੀਤੇ ਗਏ ਸਮੇਂ ਉਪਰੰਤ ਇਹ ਖੋਜ ਕਮੇਟੀ ਆਪਣੀ ਚੋਣ ਦੀ ਤਰਜੀਹ ਅਨੁਸਾਰ 3 ਗੁਰਸਿੱਖਾਂ ਦੇ ਨਾਂਅ ਰਿਪੋਰਟ ਰੂਪ ਵਿਚ 15 ਮੈਂਬਰੀ ਚੋਣ ਪੈਨਲ ਅੱਗੇ ਪੇਸ਼ ਕਰੇ। ਚੋਣ ਪੈਨਲ ਸਾਹਮਣੇ ਆਏ ਨਾਵਾਂ ਬਾਰੇ ਵਿਚਾਰ ਕਰ ਕੇ ਕਿਸੇ ਇਕ ਗੁਰਸਿੱਖ ਦੀ ਤਖ਼ਤ ਜਥੇਦਾਰ ਸਾਹਿਬ ਵਜੋਂ ਚੋਣ ਨੂੰ ਸਰਬਸੰਮਤੀ ਨਾਲ ਅੰਤਿਮ ਰੂਪ ਦੇਵੇ ਅਤੇ ਇਸ ਦੀ ਪ੍ਰਵਾਨਗੀ 'ਖ਼ਾਲਸਾ ਸੰਗਤ' ਤੋਂ ਲਏ। ਜਥੇਦਾਰ ਸਾਹਿਬ ਦੀ ਨਿਯੁਕਤੀ ਸਮੇਂ ਉਨ੍ਹਾਂ ਦੀ ਘੱਟੋ-ਘੱਟ ਉਮਰ 40 ਸਾਲ ਹੋਵੇ। ਉਨ੍ਹਾਂ ਦੀ ਨਿਯੁਕਤੀ 5 ਸਾਲ ਲਈ ਹੋਵੇ, ਪਰ ਇਹ 10 ਸਾਲ ਤੱਕ ਵਧਾਈ ਵੀ ਜਾਵੇ।

ਜਥੇਦਾਰ ਦੇ ਅਧਿਕਾਰ ਅਤੇ ਕਾਰਜ ਖੇਤਰ ਬਾਰੇ ਗਲ ਕਰਦਿਆਂ ਸਿੱਖ ਚਿੰਤਕ ਭਾਈ ਹਰਸਿਮਰਨ ਸਿੰਘ ਦਾ ਕਹਿਣਾ ਹੈ ਕਿ ਜਥੇਦਾਰ ਸਾਹਿਬ ਗੁਰੂ ਖ਼ਾਲਸਾ ਪੰਥ ਦੇ 'ਗੁਰੂ ਜਜ਼ਬੇ' ਦੀ ਪ੍ਰਤੀਨਿਧਤਾ ਕਰਦੇ ਹਨ। ਉਹ ਰਾਜ ਕਰੇਗਾ ਖ਼ਾਲਸਾ, ਇਸ ਦੇ ਗਲੋਬਲ ਪਾਸਾਰਾਂ, ਸਰਬੱਤ ਦੇ ਭਲੇ, ਖ਼ਾਲਸਾ ਜੀ ਕੇ ਬੋਲ ਬਾਲਿਆਂ ਤੇ ਕੁਲ ਮਾਨਵ ਜਾਤੀ ਦੇ ਮੁੱਖ ਸਰੋਕਾਰਾਂ ਦੀ ਪੂਰਤੀ ਤੇ ਵਿਸ਼ਵ ਪ੍ਰਤਿਭਾ ਦੇ ਸਹਿਯੋਗ ਨਾਲ ਕਾਰਜ ਕਰਨ ਲਈ ਵਚਨਬੱਧ ਹੋਣ।ਉਨ੍ਹਾਂ ਕਿਹਾ ਕਿ ਜਥੇਦਾਰ ਸਾਹਿਬ ਸਿੱਖ ਸੰਸਥਾਵਾਂ/ ਜਥੇਬੰਦੀਆਂ ਅਤੇ ਸ਼ਖ਼ਸੀਅਤਾਂ ਉੱਤੇ ਆਧਾਰਿਤ ਵਿਸ਼ਵ ਵਿਚ ਫੈਲੇ ਸਿੱਖ ਪੰਥ ਦੇ ਵੱਖ-ਵੱਖ ਖੇਤਰਾਂ ਨਾਲ ਸਬੰਧਿਤ ਪ੍ਰਤਿਭਾਵਾਨ ਸਿੰਘਾਂ ਦੀ ਨਿਸ਼ਾਨ ਦੇਹੀ ਕਰ ਕੇ ਉਨ੍ਹਾਂ ਨੂੰ ਆਪਣੇ ਸਲਾਹਕਾਰਾਂ ਵਜੋਂ ਨਿਯੁਕਤ ਕਰਨ।

ਉਹ ਸਿੱਖ ਧਰਮ ਅਤੇ ਪੰਥ ਦੀਆਂ ਵੱਖ-ਵੱਖ ਸੰਸਥਾਵਾਂ, ਸਿੱਖ ਰਾਜਨੀਤੀ, ਸੱਤਾ, ਅੰਤਰਰਾਸ਼ਟਰੀ ਮਸਲਿਆਂ, ਸਿੱਖ ਧਰਮ ਪ੍ਰਚਾਰ-ਪ੍ਰਸਾਰ, ਗੁਰਦੁਆਰਾ ਸੰਸਥਾ, ਆਰਥਿਕਤਾ, ਵਿੱਦਿਆ, ਬੌਧਿਕਤਾ, ਕਲਾ, ਸਿਹਤ ਸਹੂਲਤਾਂ, ਖੇਡਾਂ, ਸੱਭਿਆਚਾਰ, ਪੰਜਾਬੀ ਬੋਲੀ, ਸੰਚਾਰ ਅਤੇ ਮੀਡੀਆ, ਮਨੁੱਖੀ ਵਸੀਲਿਆਂ ਦੀ ਸਿਰਜਣਾ ਅਤੇ ਗਿਆਨ-ਵਿਗਿਆਨ ਤਕਨਾਲੋਜੀ ਆਦਿ ਨਾਲ ਸੰਬੰਧਿਤ ਮਾਹਿਰਾਂ ਆਧਾਰਿਤ ਵੱਖਰੀਆਂ-ਵੱਖਰੀਆਂ ਕੌਂਸਲਾਂ ਦੀ ਰਾਇ ਨਾਲ ਪੰਥ ਦੀ ਸਮੁੱਚੀ ਦਿਸ਼ਾ ਅਥਵਾ ਨੀਤੀ ਨਿਰਧਾਰਿਤ ਕਰਨ। ਉਹ ਇਨ੍ਹਾਂ ਕੌਂਸਲਾਂ ਦੀਆਂ ਸਮੇਂ-ਸਮੇਂ ਇਕੱਤਰਤਾਵਾਂ ਵੀ ਕਰਵਾਉਣ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਜਸਵਿੰਦਰ ਸਿੰਘ ਐਡਵੋਕੇਟ ਦਾ ਕਹਿਣਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਮੁੱਚੇ ਕਾਰਜਾਂ ਅਤੇ ਜ਼ਿੰਮੇਵਾਰੀਆਂ ਨੂੰ ਅਮਲੀ ਰੂਪ ਦੇਣ ਲਈ ਇਕ ਆਤਮ-ਨਿਰਭਰ 'ਸ੍ਰੀ ਅਕਾਲ ਤਖ਼ਤ ਸਾਹਿਬ ਦਾ ਖਜ਼ਾਨਾ' ਕਾਇਮ ਕੀਤਾ ਜਾਵੇ। ਇਸ ਖ਼ਜ਼ਾਨੇ ਵਿਚ ਕੁਝ ਮੁਢਲੀ ਮਾਇਆ ਜਮ੍ਹਾਂ ਹੋਣ ਤੋਂ ਬਾਅਦ ਜਿੰਨੀ ਵੀ ਹੋਰ ਮਾਇਆ ਦੀ ਜ਼ਰੂਰਤ ਹੋਵੇ, ਉਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ, ਪੰਜਾਬ/ਵਿਸ਼ਵ ਦੀਆਂ ਸਿੰਘ ਸਭਾਵਾਂ ਅਤੇ ਗੁਰਦੁਆਰਾ ਕਮੇਟੀਆਂ ਅਤੇ ਹੋਰ ਸੰਸਥਾਵਾਂ, ਗੁਰਦੁਆਰੇ ਅਤੇ ਵਿਅਕਤੀ ਆਪਣੇ ਬਜਟ ਦੇ ਅਨੁਪਾਤ ਅਤੇ ਸਮਰੱਥਾ ਅਨੁਸਾਰ ਆਪਣਾ ਯੋਗਦਾਨ ਪਾਉਣ। ਇਸ ਫੰਡ ਵਿਚੋਂ ਹੀ ਹਰ ਜਥੇਦਾਰ ਸਾਹਿਬ ਨੂੰ ਸਹੂਲਤਾਂ ਪ੍ਰਾਪਤ ਢੁਕਵੀਂ ਰਿਹਾਇਸ਼, ਸਕੱਤਰੇਤ ਦਾ ਬੁਨਿਆਦੀ ਢਾਂਚਾ ਅਤੇ ਹੋਰ ਸੇਵਾਵਾਂ ਲਈ ਖਰਚ ਕੀਤਾ ਜਾਵੇ। ਸ੍ਰੀ ਅਕਾਲ ਤਖ਼ਤ ਸਾਹਿਬ ਦੁਆਰਾ ਚਲਾਈਆਂ ਜਾਣ ਵਾਲੀਆਂ ਸਮੁੱਚੀਆਂ ਸਰਗਰਮੀਆਂ ਅਤੇ ਕਾਰਜਾਂ ਲਈ ਇਸ ਖ਼ਜ਼ਾਨੇ ਵਿਚੋਂ ਹੀ ਖਰਚ ਕੀਤਾ ਜਾਵੇ।

# ਨਿਰਣਾ


**ਲੇਖਿਕਾ**
**ਬਲਵਿੰਦਰ ਕੌਰ ਚਾਹਲ (ਸਾਊਥਾਲ)**




ਕੀ ਕਹਿੰਦਾ ਮਨਾਦੀ ਵਾਲਾ ਜਰਾ ਸੁਣਕੇ ਜਨਾਬੇ ਆਲ੍ਹਾ ਅਸੀਂ ਗੁਰੂ ਤੋਂ ਤਾਂ ਸਿੱਧੇ ਨਾ ਹੋਏ ਹੁਣ ਹੋਈਏ ਅੱਲਾ ਦੇ ਹਵਾਲੇ ਅਕਾਲ ਤਖ਼ਤ ਮਹਾਨ ਸ਼ਾਨ 18 ਨੂੰ ਜੋ ਧਮੱਚੀ ਇਨ੍ਹਾਂ ਨੇ ਸਧਾਰੀਏ, ਬਾਗੀ, ਦਾਗੀ ਤੇ ਹੁਣ ਭਾਗੀ ਵੰਗਾਂ ਹੁਣ ਮਿਲੀਆਂ ਦੋਨੀ ਹੱਥੀ ਪਾਉ, ਕੋਈ ਕਸਰ ਹੈ ਸਿੱਧ ਹੋਣ ਦੀ ਕਿ ਗਿਆਨੀ ਹਰਿਪ੍ਰੀਤ ਸਿੰਘ ਭਾਜਪਾ ਦਾ ਕੜਛਾ, ਧੂਤੂ, ਹੱਥ ਠੋਕਾ ਕੀ ਇੰਗਲੈਂਡੀਏ ਖਾਲਿਸਤਾਨੀਏ ਹਾਲੇ ਭੀ ਸਮਰਥੱਕ? ਪਹਿਲੀ ਪਰਚੀ ਕਟਾ ਕੇ ਆਕਾ ਜੀ ਪੂਜਤੇ, ਦਿੱਲੀ ਤੋਂ ਕਮੇਟੀ, ਪੁਰੀ ਸਿਰਸਾ, ਬਿੱਟੂ ਨੂੰ ਪਰਚੀ ਕਟਾਵੋ, ਢੀਂਡਸੇ, ਵਡਾਲਾ, ਇਯਾਲੀ, ਚੰਦੂਮਾਜਰਾ, ਬੀਬੀ, ਬਰਾੜ, ਮਨੁੱਖੀ ਚਰਿੱਤਰ ਤੋਂ ਹੀ ਡਿੱਗ ਚੁੱਕੇ ਹਨ।

ਆਹ ਜੱਗ ਮਿੱਠਾ ਅਗਲਾ ਕੀਹਨੇ ਡਿੱਠਾ, ਯਾਦ ਕਰੋ ਇਸੇ ਹਰਿਪ੍ਰੀਤ ਨੇ ਜਦੋਂ ਜਥੇਦਾਰ ਸੀ, ਬਿਆਨ ਕਿ ਅਕਾਲੀ ਦਲ ਦੀ ਪ੍ਰਧਾਨਗੀ ਲਈ ਸੋਚਿਆ ਜਾ ਸਕਦਾ ਹੈ ਮੀਸਕਣੇ ਬੰਦੇ ਖਾਂਦੇ ਕਿਤੋਂ ਹੋਰ ਦੜਕਾਂਦੇ ਕਿਧਰੇ ਹੋਰ, ਸ਼੍ਰੋਮਣੀ ਕਮੇਟੀ ਦੀਆਂ ਦੁਪੜਾਂ 'ਤੇ ਪਲ੍ਹਕੇ ਪੜ੍ਹਕੇ ਤੇ ਨੌਕਰੀਆਂ ਹਾਸਲੀਏ ਨੂੰ ਭੋਰਾ ਭੀ ਹੀਣਤਾ ਨਹੀਂ ਆਈ ਕਿ ਮੈਂ ਕੀ ਕਰਦਾ ਹਾਂ ਬੱਸ ਪ੍ਰਧਾਨਗੀ ਹਥਿਆਉ ਚੇਤੇ ਰੱਖੋ ਪਹਿਲਾਂ ਕਾਂਗਰਸੀ ਮੁੱਲ ਤਾਰਦੀ ਸੀ ਖਰੀਦ ਕੇ, ਹੁਣ ਆਹ ਭਾਜਪਾ ਨੇ ਕੇਵਲ ਸ਼੍ਰੋਮਣੀ ਅਕਾਲੀ ਦਲ ਤੇ ਸੁਖਬੀਰ ਬਾਦਲ ਨੂੰ ਅੱਖਾਂ ਦਿਖਾ ਕੇ ਥੱਲੇ ਡੇਗਣ ਲਈ, ਇਹ ਭੜਪੂੰਜਾ ਖੜਾ ਕੀਤਾ ਹੈ। ਮਨੁੱਖ ਦਾ ਚਰਿੱਤਰ ਕਹਿੰਦੇ ਹੁੰਦੇ ਸੀ ਉੱਚਾ ਹੁੰਦਾ ਏ ਪਰ ਆਹ ਦੇਖ ਕੇ ਕੀ ਅਨੁਮਾਨ? ਪੰਥ ਕਿੰਨੇ ਕੁ ਹਨ ਜਾਂ ਕੋਈ ਹੈ ਭੀ ਜਾਂ ਢਕਵੰਝ? ਅਸੀਂ ਅੱਜ ਡੂੰਘੀ ਬਹਿਸ ਮਗਰੋਂ ਸਿੱਟਾ ਕੱਢਿਆ ਕਿ ਅਕਾਲ ਤਖ਼ਤ ਵਾਲੀ ਤਜਵੀਜ਼ ਗੁਰੂ ਘਰਾਂ ਦੇ ਪ੍ਰਬੰਧਕ ਆਪਣੇ ਧੁੰਦਲੇ ਕਰਤ ਲੁਕਾਉਣ ਲਈ ਜਥੇਦਾਰਾਂ ਦਾ ਸਹਾਰਾ ਤੇ ਬਾਕੀ ਜਥੇਬੰਦੀਆਂ ਭੀ ਅਸਲ ਵਿੱਚ ਤੱਥ ਕੁਝ ਨਹੀਂ ਹਨ, ਕੀ ਕੱਲ੍ਹ ਜਿਸ ਹਿਸਾਬ ਪਹਿਲਾਂ ਜਥੇਦਾਰ ਨੂੰ ਮਿਲੇ ਫੇਰ ਅਰਦਾਸ ਤੇ ਮੇਲਾ ਝੁਰਮਟ, ਜੀ ਆਹ ਪਰਚੀਆਂ ਕੱਟਣ ਦਾ ਅਰੰਭ ਕਿਹੜੇ ਬੈਂਕ ਵਿੱਚ ਪੈਸਾ ਜਮ੍ਹਾਂ? ਧਿਆਨ ਧਰ ਲੋ ਕਿ ਅੰਤ ਭਾਜਪਾ ਨੇ ਪੰਜਾਬ ਨੂੰ ਲਕਬਾ ਮਾਰ ਬਣਾ ਕੇ ਇਹ ਸਭ ਹੱਡ ਭੰਨ ਕੇ ਛਛਕੇਰੇ ਜਾਣਗੇ, ਘਰ ਦੇ ਨਾ ਘਾਟ ਦੇ ਬੱਸ ਪੰਥ ਖੇਰੂੰ ਖੇਰੂੰ ਕਰਕੇ ਲੋਕਾਂ ਵੱਲੋਂ ਦੁਰਕਾਰੇ ਜਾਣਗੇ, ਹਰਿਪ੍ਰੀਤ ਦਾ ਕੁਝ ਨੀ ਜਾਣਾ, ਜੱਟਾਂ ਦਾ ਬੋਲਬਾਲਾ ਘਟਾਉਣਾ ਬੱਸ ਜਾਤ-ਬਰਾਦਰੀ ਪਾਲਣੀ ਹੈ ਪਰ ਆਹ ਮੁਸਕੜੀਏ ਹੱਸਣਾ ਵਡਾਲਾ ਚੱਪਣੀ ਭਾਲਦਾ ਫਿਰੂ ਕਿਉਂਕਿ ਲਹਿਰ ਦਾ ਮੋਢੀ ਇਹ ਸੀ, ਵਿਚਾਰਨ ਯੋਗ ਵਿਸ਼ਾ ਕਿ ਕੀ ਭਾਜਪਾ ਆਪ ਜਿੱਤਣ ਦੀ ਯੋਜਨਾ ਜਾਂ ਇਨ੍ਹਾਂ ਦੀ? ਪੁਰਾਣੀ ਸਥਿਤੀ ਇਯਾਲੀ ਤਾਂ ਜਿੱਤੇ ਕਿਉਂਕਿ ਕਾਂਗਰਸੀ ਸੰਦੀਪ ਸੰਧੂ ਕਮਜ਼ੋਰ ਸੀ। ਹੁਣ ਨਾ ਤਾਂ ਇਨ੍ਹਾਂ ਨੇ ਜਿੱਤਣਾ ਹੈ ਨਾ ਅਕਾਲੀ ਦਲ ਨੇ, ਬੱਸ ਖੇਡ ਖਰਾਬ ਕਰਕੇ ਮੂੰਹ ਲਮਕਾਉਂਦੇ ਦੇਖਿਉ ਇਕ ਖਲ੍ਹਲ ਮੈਨੂੰ ਤੰਗ ਕਰੇ ਕਿ ਸਿਰਸਾ ਨਦੀ ਮਨਹੂਸ ਗਿਣੀ ਜਾਂਦੀ ਸੀ ਗੁਰੂ-ਦੁਖਾਂਤ ਕਰਕੇ, ਪਤਾ ਨਹੀਂ ਆਹ ਦੋ ਸਿਰਸੇ ਬਲਦੇਵ ਸਿੰਘ ਮਨਜਿੰਦਰ ਸਿਰਸਾ ਕਿਥੋਂ ਨਸੀਬਾਂ ਵਿੱਚ ਲਿਖੇ ਸਨ ਬਲਦੇਵ ਸਿੰਘ ਸਿਰਸਾ ਤਾਂ ਕਿਸਾਨਾਂ ਦਾ ਡੌਰੂ ਬਣ ਗਿਆ ਤੇ ਜੋ ਮਨਜਿੰਦਰ ਹੈ ਦਿੱਲੀ ਸਾਂਭ ਭਲਾ ਪੰਜਾਬ ਨੂੰ ਕੀ ਲਾਭ? ਕਿਸਾਨ ਕਾਂਗਰਸ ਦੇ ਚੱਕੇ ਤੇ ਆਹ ਬਾਗੀ ਅਕਾਲੀ ਭਾਜਪਾਈ ਹਾਲੇ ਕੌਮ ਦੇਸ਼ ਮੰਗਦੀ ਹੈ ਸੂਬਾ ਸਾਂਭ ਨੀ ਹੁੰਦਾ।

ਵਿਚਾਰ ਮੇਰੇ ਹਨ ਨਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਮਰਥੱਕ ਦੇ ਧਾਮੀ ਸਾਹਬ ਮੁੜ ਆਏ ਬੰਦਾ ਨਹੀਂ ਕੰਮ ਕਦਰਦਾਨ ਕੀ ਹੁਣ ਇਸੇ ਗਿਆਨੀ ਹਰਿਪ੍ਰੀਤ ਦੀ ਹਮਾਇਤ ਵਿੱਚ ਬਚਨਾ ਤੇ ਜੋ ਗਿ: ਰਘੁਬੀਰ ਸਿੰਘ ਨੇ ਪੋਸਟ ਪਾ ਤੀ ਸੀ, ਅਸਤੀਫਾ ਦੇ ਧਰਿਆ ਹੁਣ ਬਿੱਲੀ ਥੈਲੇ ਬਾਹਰ ਧਾਮੀ ਸਾਹਬ ਪਸ਼ਚਾਤਾਪ ਕਰਨਗੇ ਕਿ ਮੈਨੂੰ ਚੋਧੀ ਲੱਗੀ ਜਾਂ ਹਾਲੇ ਭੀ ਅੰਦਰੋਂ ਉਥੇ? ਕੀ ਜਿਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਘਰਾਂ ਦਾ ਘਿਰਾਉ ਕੀਤਾ ਉਹ ਬੰਦੇ ਸ਼ਰਮ ਨਾਲ ਨੀਮੇ ਹੋ ਕੇ ਮੁਆਫੀ ਮੰਗਣਗੇ? ਜਾਂ ਮੋਟਾ ਚੰਮ ਇਹ ਧਾਰਾ ਸਾਡੇ ਇੰਗਲੈਂਡੀ ਮਹਾਰਥੀਆਂ 'ਤੇ ਭੀ ਢੁੱਕਦੀ ਹੈ।

ਇਕ ਵਾਰਤਾ ਜੋ ਕਿਸੇ ਸੁਹਿਰਦ ਨੇ ਸੁਣਾਈ, ਜਦੋਂ ਗੁਰਪ੍ਰਤਾਪ ਸਿੰਘ ਸੁਧਾਰ ਲਹਿਰ ਦਾ ਮੁਖੀ ਥਾਪਿਆ ਤਾਂ ਜਵਾਨ ਕਹਿੰਦਾ ਕੁਝ ਕੁ ਭਾਈਬੰਦ ਇਕੱਠੇ ਹੋਏ ਤੇ ਸ਼ਾਮ ਮਨਾਉਣ ਲਈ ਕਹਿੰਦੇ ਲੈ ਬਈ ਵਡਾਲਾ ਸਿੰਆਂ ਹੁਣ ਅੱਜ ਇਹ ਤੇਰੇ ਸਿਰ ਇਹ ਪਹਿਲਾਂ ਦਾ ਜਿਕਰ ਹੈ। ਤੇ ਬੰਦੇ ਸਨ 20 ਕੁ, ਸ਼ਾਮ ਦਾ ਤਾਂ ਪਤਾ ਹੀ ਸੀ ਕਿੰਨਾ ਕੁ ਭਾਰ ਪਊ ਤੇ ਕਹਿੰਦਾ ਮਿੱਤਰ ਨੂੰ ਕਹਿੰਦਾ ਨਹੀਂ ਵੀ ਮੈਂ ਨੀ ਇਹ ਝਾਲ੍ਹ ਝੱਲ੍ਹ ਸਕਦਾ ਬੜਬੋਲਾ ਸਾਥੀ ਕਹਿੰਦਾ ਆਹ ਆਲੇ ਦੁਆਲੇ ਸਾਰੀ ਤੁਹਾਡੀ ਹੀ ਬਣਾਈ ਹੋਈ ਹੈ ਕੀ ਗੱਲ ਖਰਚ ਨੀ ਕਰ ਹੁੰਦਾ, ਉਹ ਕਹਿੰਦਾ ਵਡਾਲਾ ਹੋਰੀ ਕੀ ਬੋਲੇ ਬਣਾਈ ਗੁਆ ਲਵਾਂ ਅੱਗੋਂ ਕੀ ਪਤਾ ਹੈ ਬਣੇ ਕਿ ਨਾ, ਵਈ ਤੁਸੀਂ ਇਸ ਕੰਮ ਲਈ ਸੁਖਬੀਰ ਬਾਦਲ ਕੋਲ ਹੀ ਜਾਉ, ਦਿਲ? ਅੱਗੋਂ ਹੁਣ ਤਾਂ ਹੀ ਹਰਿਪ੍ਰੀਤ ਨੂੰ ਮੂਹਰੇ ਲਾ ਤਾ ਕਿ ਸ਼ਾਇਦ ਇਹ ਤਾਂ ਆਮ ਕਾਂਗਰਸ ਤੇ ਭਾਜਪਾ ਦਾ ਕਹਿੰਦਾ ਸੀ ਮੇਰੇ ਸਬੰਧ ਨੇ ਹੁਣ ਵਰਤੋ, ਅੰਦਾਜ਼ਾ ਲਾਉ ਭਵਿੱਖ? ਹੁਣ ਆਹ ਬਾਬਾ ਹਰਨਾਮ ਸਿੰਘ ਧੁੰਮਾਂ ਕਹਿੰਦਾ ਮੈਂ ਤਾਂ ਭਾਜਪਾ ਨਾਲ ਰਲ੍ਹਕੇ ਸਭ ਮਸਲੇ ਹੱਲ ਕਰਵਾ ਲਊਂਗਾ, ਬਸ ਮਗਰ ਲੱਗੋ, ਸੁਧਾਰੀਏ ਤਾਂ ਪਹਿਲਾਂ ਹੀ ਚੋਰ ਨਾਲੋਂ ਪੰਡ ਕਾਹਲੀ ਸਨ। ਮੁਰਕੀ ਪੈ ਗਈ ਕਾ੍ਹਨ ਸਿਤਮ ਕਿ ਦਮਦਮੀ ਟਕਸਾਲ ਦਾ ਕਿੰਨਾ ਘੇਰਾ ਚੰਦੋ ਕਲਾਂ ਤਾਂ ਕਿਉਂ ਸੰਤ ਭਿੰਡਰਾਂਵਾਲੇ ਲੀਹ 'ਤੇ ਇਕੱਠ ਅੰਮ੍ਰਿਤਸਰ ਉਥੇ ਕੀ ਬਿੱਲੀ ਛਿੱਕੀ ਹੈ ਬੱਦਲ ਛਾ ਰਹੇ ਨੇ ਝੱਖੜ ਦੇ ਲੋਕਾਂ ਦੇ ਪੁੱਤ ਮਰਵਾਉਣਗੇ, ਬਾਬਾ ਜਾਵੇ ਭਾਜਪਾ ਵਿੱਚ ਅੱਗੇ ਭੀ ਇਹ ਸਭ ਸਾਧ ਡੇਰੇ ਸਰਕਾਰੂ ਹਨ ਪਰ ਭਰਤੀ ਵਿੱਚ ਸਭ ਕਾਂਗਰਸੀ ਤੇ ਬੀ.ਜੇ.ਪੀ. ਸਮਰਥਕ ਹੋਣਗੇ, ਕਰਨ ਲੱਗੇ ਨੇ ਪੰਥ ਦਾ ਸਫਾਇਆ, ਉਧਰ ਕਿਸਾਨਾਂ ਦੇ ਬਸੇਰੇ ਚੱਕ ਤੇ ਸਰਕਾਰ ਨੇ ਭਲਾ ਹੋਇਆ ਚਰਖਾ ਟੁੱਟਾ, ਕਿਸਾਨ ਹੁਣ ਆਪ ਔਖੇ ਸੀ ਨਾ ਪਹਿਲਾਂ ਵਾਲਾ ਪ੍ਰਵਾਨ ਨਾ ਬਦਾਮ ਨਾ ਪਿੰਨੀਆਂ ਭੁੱਖਿਆਂ ਭਗਤੀ ਨੀ ਹੁੰਦੀ ਬਹੁਤੇ ਬੈਠਣ ਤੋਂ ਭੱਜਦੇ ਸਨ, ਪੰਧੇਰ ਤਾਂ ਸ੍ਵਾਤਰਾਂ ਦਾ ਉਸਤਾਦ ਹੈ ਅੰਦਰ ਜਾ ਬੈਠਾ ਵਧੀਆ ਹੋਇਆ ਬਾਡਰ ਖੁੱਲ੍ਹਗੇ, ਵਪਾਰ ਤੁਰ ਪਊ ਹੁਣ ਇੰਨਸਾਫੀਆਂ ਨਾਲ ਸਿੱਝੋ।

ਪੈਂਤੜੇ ਖਾਰਿਆਂ ਵਾਂਗੂੰ ਬਦਲੇ ਖਾਲਿਸਤਾਨੀ ਚੈਨਲ ਕਹਿੰਦਾ ਜੀ 28 ਮਾਰਚ ਦਾ ਇਕੱਠ ਬਾਬਾ ਜੀ, ਸੰਤ ਜੀ ਭਿੰਡਰਾਂਵਾਲੇ ਜੀ ਹੁਣ ਭਾਜਪਾ ਤੋਂ ਸੰਧਾਰਾ ਲੈ ਕੇ ਆਉਣਗੇ, ਕੀ ਫੈਡਰੇਸ਼ਨਾਂ ਭੀ ਗੁਣਵਾਨ ਨੇ, ਇਕ ਤੂਤਣੀ ਦਾ ਕਾਰਕੁੰਨ ਤਾਂ ਚੈਨਲ 'ਤੇ ਕਹਿੰਦਾ ਸੀ ਜੀ ਨਿੱਜੀ ਤੌਰ 'ਤੇ ਜਿਥੇ ਮਰਜੀ ਜਾਵੋ ਇਹ ਨਿੱਜੀ ਤੌਰ ਵਿਅਕਤੀ ਹੁੰਦੇ ਨੇ ਜਥੇਬੰਦੀਆਂ ਦੇ ਸਮਰਥੱਕ ਨਹੀਂ, ਇਹ ਆਪ ਜੋ, ਕਦੇ ਪੂਰਨ ਕਦੇ ਵਿੱਚ ਵਿਚਾਲੇ ਵਾਲੇ ਨੇ ਉਹੀ ਧੁੰਨ ਹੈ। ਲਾਗੀਆਂ ਨੂੰ ਤਾਂ ਲਾਗ ਚਾਹੀ-ਦਾ, ਜਾਂਦੀ ਰੰਡੀ ਹੋ ਜੇ ਇਹ ਕਾਂਗਰਸੀ ਤੇ ਕਾਮਰੇਡ, ਨਕਸਲੀਏ ਲਾਣਾ ਤਾਂ ਪੰਜਾਬ ਦਾ ਘਾਣ ਕਰਵਾਉਣਗੇ, ਚੈਨਲਾਂ 'ਤੇ ਬੁਲਾਰੇ ਸਭ ਬੋਲੀ ਇਕੋ ਹਨ ਸਭ ਉਹੀ।

## ਨਿਰਣਾ

ਖਾਸ ਜਾਣਕਾਰੀ ਸ਼ਰਧਾਂਦਲੀ ਗੁਰੂ ਸਮਾਨ ਮਾਣੇ ਸਤਿਕਾਰੇ ਜਾ ਰਹੇ ਕੁਝ ਸਮੇਂ ਤੋਂ ਤਾਂ ਸ਼ੇਰੇ ਪੰਜਾਬ ਨਾਲ ਜੋੜ ਕੇ ਸਾਡੇ ਨਿੱਤਨੇਮ ਦਾ ਹਿੱਸਾ ਹੀ ਬਣ ਚੁੱਕੇ, ਅਕਾਲੀ, ਬਾਬਾ ਫੂਲਾ ਸਿੰਘ ਭਾਵੇਂ ਨਾ ਸਮੇਂ ਤੇ ਨਾ ਸਤੰਤਰਤਾ ਤੇ ਨਾ ਬਦਲ ਚੁੱਕੇ ਧਰਮ ਸਰੋਤਾਂ ਦੀ ਕੋਈ ਪੱਖ ਵੱਖ ਹੀ ਪੜਚੋਲੀ ਜਾ ਰਹੀ ਹੈ। ਚਲੋ ਮੇਰੀ ਦਲੀਲ: ਕੁਝ ਸਮਾਂ ਪਹਿਲਾਂ ਸਵਾਲ ਕੀਤਾ ਸੀ ਕਿ ਕੀ ਬਾਬਾ ਫੂਲਾ ਸਿੰਘ ਉਹੀ ਹਨ ਜੋ ਪਾਕਿਸਤਾਨ ਵਿੱਚ ਸਮਾਧ ਬਣੀ ਹੈ। ਵਾਰਤਾ ਅੱਗੇ ਜਾ ਕੇ ਸ਼ੰਕਾ ਦੂਰ: ਅੰਕ ਨੰਬਰ 3071, ਪੰਨਾ 31 ਹਵਾਲਾ (ਪ੍ਰੇਮ ਸਿੰਘ ਹੋਤੀ) ਲੇਖਕ ਨੇ ਸਾਫ ਤਾਂ ਕਰਤਾ ਕਿ ਹਾਂ ਜੀ ਉਹੋ ਹੀ ਹਨ ਪਰ ਜੋ ਮੈਂ ਲਿਖਾਂ ਕਿ ਮੈਨੂੰ ਕਿਥੋਂ ਭਿਣਕ ਪਈ ਸਾਡੇ ਪਿਤਾ ਮਿਲਟਰੀ ਪੋਸਟਿਡ ਨੌਸ਼ਿਹਰੇ (ਪਸ਼ਾਵਰ ਕੋਲ) ਉਨ੍ਹਾਂ ਦੇ ਫੌਜੀ ਲੰਗਰ ਵਿੱਚ ਪਠਾਣ ਜੋ ਵੱਡਾ ਕਿਸਾਨ ਸੀ (ਮਲੂਕ ਸ਼ਾਹ) ਸਬਜ਼ੀਆਂ ਭਾਜੀਆਂ ਸਪਲਾਈ ਕਰਦਾ ਸੀ, ਕੋਲ ਵਧੀਆ ਬੱਘੀ ਸੀ, ਸਾਡੀ ਮਾਂ ਪਿਤਾ ਕੋਲ ਕਦੇ ਰਹਿੰਦੀ ਸੀ ਤਾਂ ਦਾਦੀ ਮਾਂ ਜੀ ਦੱਸ ਦਿਨ ਗੇੜੀ ਲਾ ਆਉਂਦੀ ਸੀ ਉਹ ਅੰਗ੍ਰੇਜ਼ ਹਕੂਮਤ ਪ੍ਰਸ਼ੰਸਕ ਸੀ ਮੈਂ ਛੋਟੀ ਸੀ ਬਟਵਾਰੇ ਮਗਰੋਂ ਇਕ ਦਿਨ ਸਾਥਣਾਂ ਵਿੱਚ ਬੈਠੀ ਨੇ ਗੱਲ ਸੁਣਾਈ ਸੀ ਕਿ ਪਠਾਣ ਸਾਨੂੰ ਪ੍ਰਸਿੱਧ ਸਥਾਨਾਂ ਦੀ ਬੱਘੀ 'ਤੇ ਯਾਤਰਾ ਕਰਵਾ ਦਿੰਦਾ ਸੀ, ਜਿਨ੍ਹਾਂ ਵਿੱਚ ਨੌਸ਼ਿਹਰੇ ਨਦੀ ਕਿਨਾਰੇ ਕਿਸ਼ਤੀ 'ਤੇ ਲੰਘਾ ਬਾਬਾ ਫੂਲਾ ਸਿੰਘ ਦੀ ਸਮਾਧ ਜਿਥੇ ਛੋਟੀਆਂ ਛੋਟੀਆਂ ਹੱਟੀਆਂ ਤੇ ਇਕ ਭੱਠੀ ਸੀ ਭਠਿਆਰਨ ਦੇ ਦਾਣੇ ਬੜੇ ਮਸ਼ਹੂਰ ਸਨ, ਬੱਸ ਜਿਹਨ ਵਿੱਚ ਕਰਕੇ ਮੈਂ ਲੱਗੀ ਖੋਜਾਂ ਕਰਨ ਹੁਣ ਆਪੇ ਹੀ ਪ੍ਰੇਮ ਸਿੰਘ ਹੋਤੀ ਦੇ ਲੇਖ ਨੇ ਸਿੱਧ ਕਰਤਾ ਹਾਂ ਬਾਬੇ ਦੀ ਸਮਾਧ ਨਹੀਂ ਲਿਖੀ ਇਤਿਹਾਸਕਾਰ ਦਿਆਨਤ-ਦਾਰ ਨਹੀਂ ਸੀ ਚਲੋ ਕੀ ਮੈਂ ਲਿਖ ਸਕਦੀ ਹਾਂ ਸਿੱਖ ਸਾਰਾ ਸਮਾਂ ਅਕਾਲੀ ਫੂਲਾ ਸਿੰਘ ਦੇ ਸਰਪ੍ਰਸਤ ਬਣਦੇ ਨੇ ਕੀ ਸਮਾਧ ਦੀ ਸਾਰ ਲਈ? ਪਹਿਲਾਂ ਤਾਂ ਸਿੱਖ ਧਰਮ ਵਿੱਚ ਸਮਾਧ ਦੀ ਪ੍ਰਥਾ ਨਾ ਕਰਕੇ ਤੱਥ ਲੁਕਾ ਲਿਆ ਹੁਣ ਤਾਂ ਸਿੱਖਾਂ ਵਿੱਚ ਬੁੱਤ ਆਮ ਹੀ ਖੜੇ ਨੇ, ਪਹਿਲਾਂ ਭੀ ਸ਼ਹੀਦਾਂ ਦੀਆਂ ਸਮਾਧਾਂ ਖੂੰਹਾਂ 'ਤੇ ਬਣੀਆਂ ਸਨ ਸਾਡੇ ਭੀ ਸੀ, ਦਿਨ ਤਿਹਾਰ ਮੱਥਾ ਟੇਕਣ ਜਾਂਦੇ ਸੀ ਕਿਉਂ ਫੇਰ ਮਹਾਰਾਜਾ ਰਣਜੀਤ ਸਿੰਘ ਲਾਈ ਜਗੀਰ ਦੇ ਸੰਭਾਲੀ ਮੁਖੀ ਨਿਹੰਗ ਛਉਣੀ ਵਾਲੇ ਇਹ ਦੇਖ ਭਾਲ ਦੀ ਜ਼ਿੰਮੇਵਾਰੀ ਨਾ ਨਿਭਾਉਣ? ਕੀ ਸਿੱਖ ਇਸ ਪੱਖੋਂ ਕੋਰੇ ਹਨ ਜਾਂ ਬੱਸ ਚਲੋ ਪਾਕਿਸਤਾਨ ਗੁਰਧਾਮਾਂ ਦੇ ਦਰਸ਼ਨ ਕਰੀਏ ਕਿਉਂਕਿ ਸਰਕਾਰਾਂ ਆਉ ਭਗਤ ਬੜੀ ਕਰਦੀਆਂ ਹਨ ਉਥੇ ਕੁਆਰਟਰ ਭੀ ਬਣਾ ਲਏ ਸੇਵਾ ਸੰਭਾਲ ਬੜੀ ਪ੍ਰਚੱਲਤ ਸੀ ਭਾਵੇਂ ਗੁਰੂ ਘਰਾਂ ਦਾ ਨਾ ਤਾਂ ਕੋਈ ਕਾਨੂੰਨੀ ਹੱਕ ਸਿੱਖਾਂ ਕੋਲ ਹੈ ਨਾ ਕਿਸੇ ਨੇ ਇਹ ਜੱਦੋ-ਜਹਿਦ ਅਰੰਭੀ ਬੱਸ ਸ਼ਾਦੇ ਲੈ ਲਏ ਰੱਜ ਲਏ। ਮਾਈ ਦੀ ਵਾਰਤਾ ਯਾਦ ਆਈ ਕਹਿੰਦੀ ਅਕਬਰ ਭੀ ਅੱਲਾ ਅੱਗੇ ਗੋਡੇ ਟੇਕਦਾ ਹੈ, ਮੈਂ ਸਿੱਧਾ ਉਹਦੇ ਕੋਲੋਂ ਕਿਉਂ ਨਾ ਮੰਗਾਂ ਪਰ ਸਿੱਖਾਂ ਕੋਲ ਨਾ ਅਕੀਦਾ ਨਾ ਸੰਤੋਖ ਤੇ ਨਾ ਹੀ ਭਰੋਸਾ, ਬੱਸ ਭਰਿੰਡਾਂ ਵਾਂਗੂੰ ਮੰਗਤੇ ਬਣੇ ਸਰਕਾਰਾਂ ਤੇ ਏਜੰਸੀਆਂ ਦੇ ਮੂੰਹ ਹੱਥ ਅੱਡੀ ਰੱਖਦੇ ਨੇ ਹੁਣ ਆਹ ਲਹਿਰ ਚੱਲ ਪਈ, ਕੀ ਆਹ ਸਿੱਖ ਸੀ ਫੇਰ ਜੋ ਸਿੰਘ ਸਜਾਏ? ਪੰਜਾਬ ਵਿੱਚ ਕੀ ਸਭ ਦੇਸ਼ਾਂ ਵਿੱਚ ਹੀ ਸਰਕਾਰਾਂ ਦੇ ਮੰਗਤੇ ਨੇ ਖਿਤਾਬ ਦਿਉ, ਗਰਾਂਟਾਂ ਦਿਉ, ਗੁਰੂ ਘਰਾਂ ਤੇ ਮਹੰਤ ਗੀਰੀਆਂ ਮੁੜ ਲਿਆਏ ਭਾਵੀ ਹੁਣ ਹੋਊ ਹਾਵੀ, ਪਰ ਭੁੱਲੋ ਨਾ ਕਰਨੀਆਂ ਹੀ ਪੈਣੀਆਂ ਹਨ ਹਾਂ ਨਿਹੱਕੇ ਭੀ ਰਗੜੇ ਜਾਣੇ ਨੇ ਸਾਧਾਰਣ ਸਿੱਖੋ ਇਨ੍ਹਾਂ ਨੂੰ ਨਿਕਾਰੋ, ਸਾਂਈ ਸੁੱਖ ਰੱਖੇ।

**-ਬਲਵਿੰਦਰ ਕੌਰ ਚਾਹਲ ਸਾਊਥਾਲ**


## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ।**

**ਵੱਲੋਂ - ਸੰਪਾਦਕ ਪੰਜਾਬ ਟਾਈਮਜ਼ ਡਰਬੀ**

# ਪੰਥਕ ਖੇਤਰ ਵਿੱਚ ਪ੍ਰਭਾਵ ਜਮਾਉਣ ਵਿਚ ਜੁਟੀ ਦਮਦਮੀ ਟਕਸਾਲ

## ਪੰਥਕ ਹਲਚਲ ✪ ਕਰੇਗੀ ਸ਼੍ਰੋਮਣੀ ਕਮੇਟੀ ਦਾ ਘਿਰਾਓ ✪ ਸ਼੍ਰੋਮਣੀ ਕਮੇਟੀ ਤੇ ਬਾਦਲ ਦਲ ਫਸਿਆ ਨਵੇਂ ਪੰਥਕ ਸੰਕਟ ਵਿਚ ✪ ਧਾਮੀ ਵਲੋਂ ਨਿਯੁਕਤੀ ਲਈ ਸਿੱਖ ਸੰਸਥਾਵਾਂ ਨਾਲ ਕੀਤਾ ਜਾ ਰਿਹਾ ਗੁਪਤ ਸਲਾਹ ਮਸ਼ਵਰਾ



ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ 28 ਮਾਰਚ ਨੂੰ ਤਖ਼ਤਾਂ ਦੇ ਬਰਖਾਸਤ ਜਥੇਦਾਰਾਂ ਦੀ ਬਹਾਲੀ ਦੀ ਮੰਗ ਲਈ ਸ਼੍ਰੋਮਣੀ ਕਮੇਟੀ ਦੀ ਜਨਰਲ ਹਾਊਸ ਮੀਟਿੰਗ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ ਦੇ ਘਿਰਾਓ ਲਈ ਲਾਮਬੰਦ ਹੋਣ ਲਈ ਜਦੋਜਹਿਦ ਕਰ ਰਹੇ ਹਨ ਤਾਂ ਜੋ ਉਹ ਸਿੱਖ ਧਾਰਮਿਕ-ਰਾਜਨੀਤਿਕ ਖੇਤਰ ਵਿੱਚ ਦਮਦਮੀ ਟਕਸਾਲ ਦੀ ਪਹਿਲਾਂ ਵਾਲੀ ਸਥਿਤੀ ਬਹਾਲ ਕਰ ਸਕਣ। ਲਗਭਗ 15 ਸਾਲ ਪਹਿਲਾਂ ਬਾਦਲਾਂ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਤੋਂ ਪਹਿਲਾਂ, ਦਮਦਮੀ ਟਕਸਾਲ ਲਗਭਗ ਢਾਈ ਦਹਾਕਿਆਂ ਤੱਕ ਸ਼੍ਰੋਮਣੀ ਅਕਾਲੀ ਦਲ ਤੋਂ ਇਲਾਵਾ ਕਈ ਸਿੱਖ ਸੰਗਠਨਾਂ ਅਤੇ ਸਮੂਹਾਂ ਲਈ ਇੱਕ ਮਹੱਤਵਪੂਰਨ ਜਥੇਬੰਦੀ ਰਹੀ ਹੈ। ਹੁਣ, ਬਾਬਾ ਧੁੰਮਾ ਇੱਕ ਵਾਰ ਫਿਰ ਪੰਥਕ ਅਧਾਰ ਖੋਹ ਚੁਕੀ ਦਮਦਮੀ ਟਕਸਾਲ ਦੀ ਇਤਿਹਾਸਕ ਬਹਾਲੀ ਲਈ ਸਰਗਰਮ ਹਨ।

1990 ਦੇ ਦਹਾਕੇ ਦੇ ਸ਼ੁਰੂ ਵਿੱਚ ਖਾੜਕੂਵਾਦ ਦੇ ਖਤਮ ਹੋਣ ਤੋਂ ਬਾਅਦ ਵੀ, ਟਕਸਾਲ ਬਾਦਲ ਵਿਰੋਧੀ ਤਾਕਤਾਂ ਲਈ ਬਾਬਾ ਠਾਕੁਰ ਸਿੰਘ ਦੀ ਅਗਵਾਈ ਵਿਚ ਇੱਕ ਕੇਂਦਰ ਬਿੰਦੂ ਬਣੀ ਰਹੀ। ਹਾਲਾਂਕਿ, 2011 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਵਿੱਚ ਬਾਬਾ ਧੁੰਮਾ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਗਠਜੋੜ ਕਰਨ ਦਾ ਫੈਸਲਾ ਕਰਨ ਤੋਂ ਬਾਅਦ, ਟਕਸਾਲ ਨੇ ਪੰਥਕ ਖੇਤਰ ਵਿੱਚ ਆਪਣੀ ਇਹ ਜਗ੍ਹਾ ਗੁਆ ਦਿੱਤੀ ਸੀ। 2015 ਦੀਆਂ ਬਰਗਾੜੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਬਾਅਦ ਬਾਬਾ ਹਰਨਾਮ ਸਿੰਘ ਧੁੰਮਾ ਤੇ ਬਾਦਲ ਦਲ ਵਿਰੁੱਧ ਬਾਦਲ ਵਿਰੋਧੀ ਪੰਥਕ ਜਥੇਬੰਦੀਆਂ ਦੀ ਤਿੱਖੀ ਭਾਵਨਾ ਸੀ।

ਟਕਸਾਲ ਮੁਖੀ ਬਾਬਾ ਹਰਨਾਮ ਸਿੰਘ, ਜੋ ਸੰਤ ਸਮਾਜ ਦੇ ਮੁਖੀ ਵੀ ਹਨ, ਨੇ 2022 ਦੀਆਂ ਚੋਣਾਂ ਸਮੇਤ, ਬਾਅਦ ਦੀਆਂ ਸਾਰੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਖੁੱਲ੍ਹ ਕੇ ਸਮਰਥਨ ਦਿੱਤਾ, ਭਾਵੇਂ ਸਿੱਖਾਂ ਦਾ ਇੱਕ ਵੱਡਾ ਹਿੱਸਾ ਬਾਦਲ ਦਲ ਦੇ ਵਿਰੁੱਧ ਹੋ ਗਿਆ ਸੀ। ਹਾਲਾਂਕਿ, ਚੋਣ ਨਤੀਜਿਆਂ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਦਮਦਮੀ ਟਕਸਾਲ ਦੀ ਮਦਦ ਵੀ ਅਕਾਲੀ ਦਲ ਨੂੰ ਚੋਣ ਨਹੀਂ ਜਿਤਾ ਸਕੀ, ਅਤੇ ਬਾਦਲ ਦਲ ਪੰਥਕ ਭਾਈਚਾਰੇ ਵਿੱਚ ਆਪਣਾ ਆਧਾਰ ਗੁਆਉਂਦਾ ਰਿਹਾ ਅਤੇ 2022 ਦੀਆਂ ਵਿਧਾਨ ਸਭਾ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ।

ਦਮਦਮੀ ਟਕਸਾਲ ਅਤੇ ਇਸਦੇ ਮੁਖੀ ਦੁਆਰਾ ਖਾਲੀ ਕੀਤੀ ਪੰਥਕ ਅਗਵਾਈ ਦੀ ਜਗ੍ਹਾ ਕਾਰਣ ਪਿਛਲੇ 10 ਸਾਲਾਂ ਵਿੱਚ ਖਾਲਸਾ ਪੰਥ ਦੀ ਅਗਵਾਈ ਦੇ ਖੇਤਰ ਵਿੱਚ ਵੱਖ-ਵੱਖ ਚਿਹਰਿਆਂ ਸਿੱਖ ਪ੍ਰਚਾਰਕ ਸੰਤ ਰਣਜੀਤ ਸਿੰਘ ਢੱਡਰੀਆਂਵਾਲੇ ਅਤੇ ਭਾਈ ਪੰਥਪ੍ਰੀਤ ਸਿੰਘ, ਨੂੰ ਪ੍ਰਮੁੱਖਤਾ ਨਾਲ ਉਭਰਨ ਦਿੱਤਾ। ਇਹ ਸਖਸ਼ੀਅਤਾਂ ਹੋਰ ਸਿੱਖ ਪ੍ਰਚਾਰਕਾਂ ਦੇ ਨਾਲ, 2015 ਵਿੱਚ ਬੇਅਦਬੀ ਅਤੇ ਪੁਲਿਸ ਗੋਲੀਬਾਰੀ ਦੀਆਂ ਘਟਨਾਵਾਂ ਵਿਰੁੱਧ ਵਿਰੋਧ ਪ੍ਰਦਰਸ਼ਨਾਂ ਦੇ ਕੇਂਦਰ ਵਿੱਚ ਸਨ। ਇਸ ਤੋਂ ਇਲਾਵਾ ਸਾਬਕਾ ਸੰਸਦ ਮੈਂਬਰ ਅਤੇ ਸਰਬੱਤ ਖਾਲਸਾ ਦੁਆਰਾ ਨਿਯੁਕਤ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਸਨ ਜਿਨ੍ਹਾਂ ਨੇ 2018 ਵਿੱਚ ਬਰਗਾੜੀ ਮੋਰਚੇ ਦੀ ਅਗਵਾਈ ਕੀਤੀ ਸੀ । ਬਾਅਦ ਵਿੱਚ, ਅਦਾਕਾਰ ਤੋਂ ਕਾਰਕੁਨ ਬਣੇ ਦੀਪ ਸਿੱਧੂ ਦੇ ਉਭਾਰ, ਜਿਸਨੇ ਵਾਰਿਸ ਪੰਜਾਬ ਦੀ ਸਥਾਪਨਾ ਕੀਤੀ, ਨੇ ਪੰਥਕ ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ, ਅਤੇ ਫਿਰ ਭਾਈ ਅੰਮ੍ਰਿਤਪਾਲ ਸਿੰਘ, ਜੋ ਸੰਗਠਨ ਦੇ ਮੁਖੀ ਬਣੇ ਅਤੇ ਹੁਣ ਖਡੂਰ ਸਾਹਿਬ ਦੇ ਸੰਸਦ ਮੈਂਬਰ ਹਨ, ਨੇ ਪੰਥਕ ਖੇਤਰ ਵਿਚ ਅਗਵਾਈ ਕੀਤੀ। ਇਸ ਨਾਲ ਬਾਦਲ ਦਲ ਦੀ ਸਿਆਸਤ ਨੂੰ ਵੱਡਾ ਨੁਕਸਾਨ ਪਹੁੰਚਿਆ।

ਹਾਲਾਂਕਿ 2 ਦਸੰਬਰ, 2024 ਨੂੰ ਅਕਾਲ ਤਖ਼ਤ ਤੋਂ ਐਲਾਨ ਤੋਂ ਉਮੀਦ ਕੀਤੀ ਜਾ ਰਹੀ ਸੀ ਕਿ ਅਕਾਲੀ ਦਲ ਤੇ ਪੰਥਕ ਸੰਸਥਾਵਾਂ ਇਕਮੁਠ ਹੋ ਸਕਣਗੀਆਂ ਤੇ ਪੰਥਕ ਰਾਜਨੀਤੀ ਦਾ ਪ੍ਰਭਾਵ ਪੰਜਾਬ ਦੀ ਸਿਆਸਤ ਵਿਚ ਜਮ ਸਕੇਗਾ ਪਰ 4 ਦਸੰਬਰ ਤੋਂ ਜਦੋਂ ਸੁਖਬੀਰ ਸਿੰਘ ਬਾਦਲ ਉਪਰ ਹਮਲਾ ਹੋਇਆ ਤਾਂ ਸਾਰਾ ਪੰਥਕ ਦ੍ਰਿਸ਼ ਬਦਲ ਗਿਆ। ਬਾਦਲ ਦਲ ਚੋਣ ਕਮਿਸ਼ਨ ਨੂੰ ਬਹਾਨਾ ਬਣਾਕੇ ਹੁਕਮਨਾਮੇ ਵਾਲੀ ਭਰਤੀ ਕਮੇਟੀ ਤੋਂ ਟਾਲਾ ਵਟ ਗਿਆ। ਇਸਦਾ ਹੁਕਮਨਾਮੇ ਕਰਨ ਵਾਲੇ ਤਿੰਨ ਤਖ਼ਤ ਜਥੇਦਾਰਾਂ ਗਿਆਨੀ ਹਰਪ੍ਰੀਤ ਸਿੰਘ, ਗਿਆਨੀ ਰਘਬੀਰ ਸਿੰਘ ਗਿਆਨੀ ਸੁਲਤਾਨ ਸਿੰਘ 'ਤੇ ਵੀ ਇਸਦਾ ਅਸਰ ਪਿਆ। ਇਨ੍ਹਾਂ ਨੂੰ ਸੁਖਬੀਰ ਸਿੰਘ ਬਾਦਲ ਦੇ ਇਸ਼ਾਰੇ 'ਤੇ ਸ਼੍ਰੋਮਣੀ ਕਮੇਟੀ ਵਲੋਂ ਬਰਖਾਸਤ ਕੀਤਾ ਗਿਆ ਜੋ ਸਿੱਖ ਧਾਰਮਿਕ-ਰਾਜਨੀਤਿਕ ਖੇਤਰ ਵਿੱਚ ਵੱਡੀ ਗੜਬੜ ਦਾ ਕਾਰਨ ਬਣ ਗਿਆ।

ਸ਼੍ਰੋਮਣੀ ਅਕਾਲੀ ਦਲ ਵਿੱਚ ਉਥਲ-ਪੁਥਲ ਦੇ ਇਸ ਸਮੇਂ ਦੌਰਾਨ,ਦਮਦਮੀ ਟਕਸਾਲ ਮੁਖੀ ਨੇ ਨਵੰਬਰ 2024 ਵਿੱਚ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲੀ ਮਹਾਯੁਤੀ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ, ਜਿਸ ਕਾਰਣ ਸ਼੍ਰੋਮਣੀ ਅਕਾਲੀ ਦਲ ਨੂੰ ਨਮੋਸ਼ੀ ਹੋਈ , ਕਿਉਂਕਿ ਬਾਦਲ ਦਲ ਭਾਜਪਾ 'ਤੇ ਪੰਜਾਬ ਤੋਂ ਬਾਹਰ ਸਿੱਖ ਗੁਰਦੁਆਰਾ ਸੰਸਥਾਵਾਂ 'ਤੇ ਕਬਜ਼ਾ ਕਰਨ ਅਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਸੁਖਬੀਰ ਲਈ ਮੁਸੀਬਤ ਖੜ੍ਹੀ ਕਰਨ ਦਾ ਦੋਸ਼ ਲਗਾ ਰਿਹਾ ਸੀ।

ਹੁਣ ਤੱਕ, ਅਸੰਤੁਸ਼ਟ ਅਕਾਲੀ ਆਗੂ ਅਤੇ ਹੋਰ ਪੰਥਕ ਜਥੇਬੰਦੀਆਂ ਸੁਖਬੀਰ ਦੇ ਕੈਂਪ ਵਿਰੁੱਧ ਬੇਅਦਬੀਆਂ ਤੇ ਅਕਾਲੀ ਦਲ ਦੇ ਨਿਘਾਰ ਕਾਰਣ ਸਰਗਰਮ ਹਨ, ਅਤੇ ਟਕਸਾਲ ਹੁਣ ਤੱਕ ਚੁੱਪ ਹੈ। ਹਾਲਾਂਕਿ, ਜਥੇਦਾਰਾਂ ਨੂੰ ਬਰਖਾਸਤ ਕੀਤੇ ਜਾਣ 'ਤੇ ਪੰਥਕ ਭਾਈਚਾਰੇ ਵਿੱਚ ਤਿੱਖੇ ਗੁੱਸੇ ਦੇ ਦੌਰਾਨ, ਦਮਦਮੀ ਟਕਸਾਲ ਮੁਖੀ ਨੇ 14 ਮਾਰਚ ਨੂੰ ਹੋਲਾ ਮੁਹੱਲਾ ਦੌਰਾਨ ਆਨੰਦਪੁਰ ਸਾਹਿਬ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ, ਅਤੇ ਉੱਥੋਂ, ਐਸਜੀਪੀਸੀ ਦਫ਼ਤਰ ਦੇ ਘਿਰਾਓ ਦਾ ਸੱਦਾ ਦਿੱਤਾ ਗਿਆ। ਇਸ ਤੋਂ ਬਾਅਦ, ਬਾਬਾ ਧੁੰਮਾ ਵੱਧ ਤੋਂ ਵੱਧ ਲਾਮਬੰਦੀ ਨੂੰ ਯਕੀਨੀ ਬਣਾਉਣ ਲਈ ਨਿਯਮਿਤ ਤੌਰ 'ਤੇ ਕੰਮ ਕਰ ਰਹੇ ਹਨ।

### ਅਕਾਲ ਤਖਤ ਦੇ ਜਥੇਦਾਰ ਦੀ ਨਿਯੁਕਤੀ ਲਈ ਧਾਮੀ ਸਰਗਰਮ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਥੇਦਾਰਾਂ ਨੂੰ ਹਟਾਉਣ ਕਾਰਣ ਪੰਥਕ ਸੰਕਟ ਵਿਚ ਫਸੀ ਹੋਈ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ 28 ਮਾਰਚ ਨੂੰ ਬਜਟ ਇਜਲਾਸ ਤੋਂ ਬਾਅਦ ਜਲਦੀ ਅੰਤ੍ਰਿੰਗ ਕਮੇਟੀ ਮੀਟਿੰਗ ਸੱਦ ਕੇ ਨਵੇਂ ਜਥੇਦਾਰ ਦਾ ਐਲਾਨ ਕੀਤਾ ਜਾ ਸਕਦਾ ਹੈ। 7 ਮਾਰਚ ਨੂੰ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਜਿਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨਾਲ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਵੀ ਹਟਾ ਦਿੱਤਾ ਸੀ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਵਿਵਾਦ ਕਾਰਨ ਉਨ੍ਹਾਂ ਦੀ 10 ਫਰਵਰੀ ਨੂੰ ਹੀ ਛੁੱਟੀ ਕਰ ਦਿੱਤੀ ਸੀ। ਤਿੰਨਾਂ ਤਖ਼ਤ ਸਾਹਿਬਾਨ ਦੇ ਜਥੇਦਾਰ ਨੂੰ ਹਟਾ ਕੇ ਨਵੇਂ ਜਥੇਦਾਰ ਲਗਾਉਣ ਲਈ 7 ਮਾਰਚ ਨੂੰ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਲਏ ਅਹਿਮ ਫੈਸਲੇ 'ਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਲਗਾ ਕੇ ਨਾਲ ਹੀ ਕਾਰਜਕਾਰੀ ਤੌਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਚਾਰਜ ਵਿਚ ਦੇਣ ਦਾ ਫ਼ੈਸਲਾ ਕੀਤਾ ਸੀ, ਇਸ ਦੇ ਨਾਲ ਫ਼ੈਸਲਾ ਕੀਤਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵੇਂ ਜਥੇਦਾਰ ਦੀ ਨਿਯੁਕਤੀ ਸਾਰੀਆਂ ਸਿੱਖ ਸੰਸਥਾਵਾਂ, ਜਥੇਬੰਦੀਆਂ ਤੇ ਸੰਪਰਦਾਵਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦੀ ਵਿਰੋਧੀ ਧਿਰ ਨੇ ਸਿੱਖ ਸੰਸਥਾਵਾਂ, ਜਥੇਬੰਦੀਆਂ ਤੇ ਸੰਪਰਦਾਵਾਂ ਪਾਸੋਂ ਬਿਨਾਂ ਸਲਾਹ ਮਸ਼ਵਰੇ 'ਤੇ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਕੀਤੀ ਨਿਯੁਕਤੀ 'ਤੇ ਇਤਰਾਜ਼ ਪ੍ਰਗਟਾਇਆ ਸੀ, ਜਿਸ ਮਗਰੋਂ ਕੁਝ ਨਿਹੰਗ ਸਿੰਘ ਜਥੇਬੰਦੀਆਂ, ਦਮਦਮੀ ਟਕਸਾਲ ਮਹਿਤਾ, ਦਿੱਲੀ ਕਮੇਟੀ, ਪਾਕਿਸਤਾਨ ਕਮੇਟੀ ਤੇ ਵੱਖ-ਵੱਖ ਸੂਬਿਆਂ ਦੀਆਂ ਸਿੰਘ ਜਥੇਬੰਦੀਆਂ ਤੇ ਸੰਸਥਾਵਾਂ ਨੇ ਵੀ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇਸੇ ਦਰਮਿਆਨ 14 ਮਾਰਚ ਨੂੰ ਤਹਿ ਸਮੇਂ ਤੋਂ ਪਹਿਲਾਂ ਤੜਕਸਾਰ 2:50 ਵਜੇ ਗਿਆਨੀ ਕੁਲਦੀਪ ਸਿੰਘ ਦੀ ਦਸਤਾਰਬੰਦੀ ਕਰ ਕੇ ਸ਼੍ਰੋਮਣੀ ਕਮੇਟੀ ਨੇ ਨਵਾਂ ਵਿਵਾਦ ਛੇੜ ਦਿੱਤਾ ਸੀ ਤੇ ਉਸੇ ਦਿਨ ਸ਼ਾਮ 4 ਵਜੇ ਗਿਆਨੀ ਕੁਲਦੀਪ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਡਿਊਟੀ 'ਤੇ ਮੌਜੂਦ ਪੰਜ ਸਿੰਘਾਂ ਵੱਲੋਂ ਦਸਤਾਰ ਭੇਟ ਕਰਵਾ ਕੇ ਕਾਰਜਕਾਰੀ ਚਾਰਜ ਸੌਂਪ ਦਿੱਤਾ ਸੀ। ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਨਿਯੁਕਤ ਕੀਤੇ ਜਥੇਦਾਰ ਧਾਰਮਿਕ ਸ਼ਖ਼ਸੀਅਤ ਬਾਬਾ ਟੇਕ ਸਿੰਘ ਮੁਖੀ ਬੁੰਗਾ ਮਸਤੂਆਣਾ ਸ੍ਰੀ ਦਮਦਮਾ ਸਾਹਿਬ ਦੀ ਦਸਤਾਰਬੰਦੀ ਹੁਣ ਤੱਕ ਨਹੀਂ ਹੋ ਸਕੀ। ਉਨ੍ਹਾਂ ਉਪਰ ਕਈ ਦੋਸ਼ ਲਗ ਚੁਕੇ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਹਟਾਏ ਜਾਣ ਦੇ ਇਤਰਾਜ਼ ਤੋਂ ਬਾਅਦ 17 ਫਰਵਰੀ ਨੂੰ ਅਸਤੀਫਾ ਦੇ ਦਿੱਤਾ ਸੀ, ਜਿਸ ਨੂੰ ਇਕ ਮਹੀਨੇ ਬਾਅਦ 17 ਮਾਰਚ ਨੂੰ ਅੰਤ੍ਰਿੰਗ ਕਮੇਟੀ ਨੇ ਅਪ੍ਰਵਾਨ ਕਰ ਕੇ ਮੁੜ ਸੇਵਾਵਾਂ ਸੰਭਾਲਣ ਲਈ ਧਾਮੀ ਨੂੰ ਅਪੀਲ ਕੀਤੀ ਸੀ ਅਤੇ 19 ਮਾਰਚ ਨੂੰ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਅਕਾਲੀ ਆਗੂਆਂ ਨੇ ਧਾਮੀ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਜਾ ਕੇ ਮੁੜ ਸੇਵਾ ਸੰਭਾਲਣ ਲਈ ਮਨਾ ਲਿਆ ਸੀ। ਸੂਤਰਾਂ ਮੁਤਾਬਕ ਐਡਵੋਕੇਟ ਧਾਮੀ ਲਗਾਤਾਰ ਸਿੱਖ ਸੰਸਥਾਵਾਂ, ਜਥੇਬੰਦੀਆਂ ਤੇ ਸੰਪਰਦਾਵਾਂ ਤੇ ਖਾਸ ਕਰ ਕੇ ਨਰਾਜ਼ ਚੱਲ ਰਹੀਆਂ ਨਿਹੰਗ ਸਿੰਘ ਜਥੇਬੰਦੀਆਂ, ਦਮਦਮੀ ਟਕਸਾਲ ਮਹਿਤਾ ਆਦਿ ਨਾਲ ਸੰਪਰਕ ਕਰ ਕੇ ਇਸ ਮਸਲੇ ਨੂੰ ਹੱਲ ਕਰਨ ਦੇ ਯਤਨ ਕਰਨ ਦੇ ਨਾਲ-ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵੇਂ ਜਥੇਦਾਰ ਦੀ ਨਿਯੁਕਤੀ ਉਪਰੋਕਤਾਂ ਦੀ ਰਾਏ ਨਾਲ ਕਰਨ ਦੀ ਗੱਲਬਾਤ ਕਰ ਰਹੇ ਹਨ।

28 ਮਾਰਚ ਨੂੰ ਸਾਲਾਨਾ ਬਜਟ ਇਜਲਾਸ ਦੌਰਾਨ ਵੀ ਕਈਆਂ ਵੱਲੋਂ ਉਪਰੋਕਤ ਫ਼ੈਸਲਿਆਂ ਦੇ ਵਿਰੋਧ ਕਰਨ ਸਬੰਧੀ ਤਿਆਰੀ ਕੀਤੀ ਜਾ ਰਹੀ ਹੈ, ਪਰ ਐਡਵੋਕੇਟ ਧਾਮੀ ਵੱਲੋਂ 28 ਮਾਰਚ ਤੋਂ ਬਾਅਦ ਹੋਣ ਵਾਲੀ ਅੰਤ੍ਰਿੰਗ ਕਮੇਟੀ ਵਿਚ ਅਹਿਮ ਫ਼ੈਸਲੇ ਕੀਤੇ ਜਾਣ ਦੀਆਂ ਚਰਚਾਵਾਂ ਵੀ ਹਨ।

# ਕਾਵਿ-ਕਿਆਰੀ



## ਉਹ ਦੇਸ਼ ਭਗਤਾ

ਆਮ ਲੋਕਾਂ ਨੇ ਹੰਝੂ ਸੀ ਕੇਰੇ,
ਫ਼ਾਂਸੀ ਜਦੋਂ ਚੜ੍ਹਾਇਆ ਸੀ ਤੈਨੂੰ।
ਦੇਸ਼ ਲਈ ਮਰ ਜਾਣ ਦਾ ਰਸਤਾ,
ਤੂਹੀਉਂ ਦਿਖਲਾਇਆ ਸੀ ਸਾਨੂੰ।
ਉਸ ਸਮੇਂ ਦੇ ਹਰ ਨੇਤਾ ਨੇ,
ਰਹਿਬਰ ਜਤਲਾਇਆ ਸੀ ਤੈਨੂੰ।
ਝੂਠ ਮੂਠ ਦੇ ਝਾਂਸੇ ਦੇ ਕੇ,
ਸਬਜ਼ ਬਾਗ ਦਿਖਲਾਇਆ ਸੀ ਸਾਨੂੰ।

ਅੱਜ ਵੀ ਉਹ ਨੇਤਾ ਦੇਸ਼ ਦੇ ਦੁਸ਼ਮਣ,
ਤੇਰੀ ਫ਼ਰਜ਼ੀ ਪੂਜਾ ਕਰਦੇ।
ਤੇਰੀ ਫ਼ੋਕੀ ਉਪਮਾ ਕਰ ਕਰ,
ਆਪਣੀਆਂ ਖ਼ੂਬ ਤਿਜੋਰੀਆਂ ਭਰਦੇ।
ਤੇਰੀ ਪਵਿੱਤਰ ਕੁਰਬਾਨੀ ਦਾ,
ਬੋਲੀ ਲਾ ਲਾ ਮੁੱਲ ਨੇ ਕਰਦੇ।
ਤੈਨੂੰ ਮਹਾਨ ਯੋਧਾ ਦੱਸਣ ਲਈ,
ਇੱਕ ਦੂਜੇ ਤੋਂ ਅੱਗੇ ਖੜ੍ਹਦੇ।

ਤੂੰ ਤੇ ਜਨਮ ਤੋਂ ਭਗਤ ਸੀ ਜੰਮਿਆ,
ਦੇਸ਼ ਭਗਤੀ ਦੀ ਗੁੜ੍ਹਤੀ ਲੈ ਕੇ।
ਗੁਰ ਪੀਰਾਂ ਤੋਂ ਸ਼ਕਤੀ ਲੈ ਕੇ,
ਮਾਪਿਆਂ ਕੋਲੋਂ ਫ਼ੁਰਤੀ ਲੈ ਕੇ।

ਤੈਨੂੰ ਸ਼ੋਹਰਤ ਦੀ ਲੋੜ ਨਹੀਂ ਸੀ,
ਤੈਨੂੰ ਪੈਸੇ ਦੀ ਹੋੜ੍ਹ ਨਹੀਂ ਸੀ।
ਤੂੰ ਤੇ ਬੱਸ ਇੱਕ ਸੱਚ ਮੰਗਿਆ ਸੀ,
ਆਜ਼ਾਦੀ ਦਾ ਬੱਸ ਹੱਕ ਮੰਗਿਆ ਸੀ।

ਦੇਖ ਇਹ ਹੱਕ ਅੱਜ ਕਿਸ ਨੂੰ ਮਿਲਿਆ,
ਕਿਸ ਦੇ ਵਿਹੜੇ ਫ਼ੁੱਲ ਇਹ ਖਿੜਿਆ।
ਕਿਸ ਨੇ ਦੋਹੀਂ ਹੱਥੀਂ ਲੁੱਟ ਲੁੱਟ,
ਆਪਣਾ ਸਾਰਾ ਘਰ ਹੈ ਭਰਿਆ।

ਪੂੰਜੀਵਾਦੀ ਭਾਰਤ ਅੰਦਰ,
ਅੱਜ ਵੀ ਲੋਕ ਗ਼ੁਲਾਮੀ ਕਰਦੇ।
ਅੱਜ ਵੀ ਕਰੋੜਾਂ ਭਾਰਤਵਾਸੀ,
ਧਨਵਾਨਾਂ ਦੇ ਤਲਵੇ ਚੱਟਦੇ।
ਅੱਜ ਵੀ ਗ਼ਰੀਬ ਆਜ਼ਾਦੀ ਖ਼ਾਤਰ,
ਹਰ ਦਿਨ ਭੁੱਖ ਦੀ ਸੂਲ਼ੀ ਚੜ੍ਹਦੇ।

ਕਾਸ਼ ਤੇਰੀ ਦਿੱਤੀ ਕੁਰਬਾਨੀ,
ਤੇਰਾ ਸੁਪਨਾ ਸੱਚਾ ਕਰਦੀ।
ਕਾਸ਼ ਸੁਤੰਤਰ ਭਾਰਤ ਅੰਦਰ,
ਗਰੀਬਾਂ ਦਾ ਕੋਈ ਹੁੰਦਾ ਦਰਦੀ।



ਰਵਿੰਦਰ ਸਿੰਘ ਕੁੰਦਰਾ

## ਕੀ ਲਗਦਾ ਏ

ਕਿਸਾਨ ਦੀ ਅੱਖ ਦਾ ਅੱਥਰੂ
ਸੁੱਕ ਗਿਆ ਏ
ਇਸ ਲਈ ਸੁਟਣੇ ਨੇ
ਅੱਥਰੂ ਗੈਸ ਦੇ ਗੋਲੇ
ਰੋਣਾ ਹੀ ਹੁੰਦਾ ਹਰ ਵੇਲੇ
ਤੇ ਅੰਗਰੇਜ਼ਾਂ ਦੇ ਤਸੀਹੇ ਵੀ
ਰੋਂਦੇ ਰੋਂਦੇ ਹੀ ਸਹਿਣੇ ਸੀ
ਨਹੀ ਸੀ ਲੋੜ ਪੈਣੀ ਅਜ਼ਾਦੀ ਦੀ
ਸਹੀ ਜਾਣਾ ਸੀ ਸੋਚਦੇ ਹੋਏ
ਸਾਡੇ ਹੱਕ ਦੀ ਗੱਲ ਕਰ ਰਹੀ ਸਰਕਾਰ
ਕਿਉਂਕਿ ਪੁਚਕਾਰ ਦੀ ਵੀ ਹੀ
ਜੁੱਤੇ ਮਾਰ ਸਰਕਾਰ
ਅੱਜ ਕਲ ਦੇਸ਼ ਭਗਤ ਓਹੀ
ਜੋ ਜਯ ਕਾਰ ਕਰੇ ਸਰਕਾਰ ਦੀ
ਬਾਕੀ ਸਭ ਦੇਸ਼ ਦ੍ਰੋਹੀ
ਕੋਈ ਫਰਕ ਨਹੀਂ ਅੰਗਰੇਜ਼ਾਂ ਦੇ
ਰਾਇ ਸਾਹਿਬ ਬਣਾਏ ਓਹਨਾ ਲੋਕਾਂ
ਅਤੇ ਅੱਜ ਦੇ ਸਰਕਾਰ ਦੇ ਪਿੱਠੂਆਂ ਦੇ
ਕੋਈ ਨਾ ਅਜ਼ਾਦੀ ਵੀ ਕੋਈ ਇਕ ਦਿਨ ਚ ਮਿਲੀ ਨਾ ਸੀ
ਪਰ ਅੰਗਰੇਜ਼ਾਂ ਨੇ ਵੀ ਆਪਣੇ ਦੇਸ਼ ਦੇ ਵਿੱਚ ਆਣੋ ਜਾਣੋ ਨਾ ਰੋਕਿਆ ਸੀ
ਸਰਕਾਰ ਦੀ ਕੋਈ ਸਾਜ਼ਿਸ਼ ਏ
ਜਿਹੜੀ ਅਸੀ ਤੁਸੀ ਸਮਝ ਨਹੀਂ ਰਹੇ
ਐਵੇਂ ਇ ਪੰਜਾਬ ਦੇ ਕਿਸਾਨ ਨੂੰ
ਖਾਲਿਸਤਾਨੀ ਕਹਿ ਬਾਰਡਰ ਬਣਾ ਰੋਕ
ਨਹੀਂ ਰਹੀ ਇਹ ਤਾਨਾਸ਼ਾਹੀ ਸਰਕਾਰ
ਹਿੰਦੁਤੱਵ ਦਾ ਝੰਡਾ ਚੁੱਕੀ ਮਨਸ਼ਾ ਸਮਝੋ
ਮੇਰੇ ਭਰਾਵੋ ਭੈਣੋ
ਕਿਸਾਨ ਤੇ ਪੂਰੇ ਦੇਸ਼ ਦਾ ਪਰੇਸ਼ਾਨ
ਯੂ ਪੀ ਆਲਾ ਵੀ ਚਲਿਆ ਦਿੱਲ਼ੀ ਨੂੰ
ਓਹ ਖਾਲਿਸਤਾਨੀ ਨਹੀਂ ਕਹਿਲਾਇਆ
ਕਿਹਾ ਬੱਸ ਨਕਲੀ ਕਿਸਾਨ





ਅੱਜ ਦਾ ਰਾਇ ਸਾਹਿਬ ਦਾ ਵੀ ਕਹਿਣਾ ਏ
ਕਿਸਾਨ ਨੇ ਬੇਫ਼ਾਲਤੂ ਰੋਕਿਆ ਰਾਹ
ਸਰਕਾਰ ਨੇ ਰੋਕਿਆ ਓਹ ਨਹੀਂ ਵੇਖਿਆ
ਵਯਾਪਰੀ ਹੱਥ ਸਭ ਨਕਲੀ ਵਸਤੂ
ਖਰੀਦਣੀ ਸ਼ਾਨ ਨਾਲ
ਕਿਸਾਨ ਨੂੰ ਕਹਿਣਾ ਨਾ ਕਰੇ ਕਿਸਾਨੀ ਫਿਰ
ਚਲੋ ਮੰਨ ਲਿਆ
ਕਿਸਾਨੀ ਛੱਡ ਦਿੱਤੀ ਹਰ ਕਿਸੀ ਨੇ
ਫਿਰ ਇਹਨਾਂ ਰਾਇ ਸਾਹਿਬ ਨੇ
ਨੌਕਰ ਬਣ ਵਯਾਪਰੀ ਦੇ ਖੇਤ ਖੇਤੀ ਕਰਨੀ
ਰੋਟੀ ਤੇ ਸਭ ਨੂੰ ਚਾਹੀਦੀ
ਬਰੈਡ ਦੇ ਰੂਪ ਚ ਹੋਵੇ ਚਾਹੇ ਪਿਜ਼ਾ
ਲੋੜ ਤੇ ਖੇਤ ਦੀ ਪੈਣੀ
ਕਿਸਾਨ ਦੀ ਪੈਣੀ



ਫਿਰ ਹੰਜੂ ਆਣੇ ਜੋ ਇਹਨਾਂ ਦੀਆਂ ਅੱਖਾਂ ਚ
ਸੱਚ ਮਾਨਿਓ
ਫਿਰ ਕਿਸੇ ਆਂਸੂ ਗੈਸ ਦੇ ਗੋਲੇ ਦੀ ਲੋੜ ਨਹੀਂ ਪੈਣੀ
ਰੀਤੂ ਕਲਸੀ

* * * * * * * *

## ਦਿਲ ਦੁੱਖ ਜਾਂਦਾ ਏ...

ਕਦੇ ਕਦੇ ਦਿਲ ਦੁੱਖ ਜਾਂਦਾ ਏ,
ਨੀਰ ਨੈਣਾਂ ਚੋਂ ਸੁੱਕ ਜਾਂਦਾ ਏ।
ਆਸਾਂ ਵਾਲਾ ਪਾਇਆ ਜਿਹੜਾ,
ਤੇਲ ਦੀਵੇ ਚੋਂ ਮੁੱਕ ਜਾਂਦਾ ਏ।
ਕਦੇ ਕਦੇ....
ਮਨ ਚੰਦਰਾ ਇਹ ਪਾਣੀ ਭਰਦਾ,
ਐਵੇਂ ਕਿਸੇ ਦੇ ਪਿੱਛੇ ਹਰਦਾ।
ਵੰਡ ਕੇ ਸੱਭ ਨੂੰ ਖ਼ੁਸ਼ੀਆਂ ਖੇੜੇ,
ਦੁੱਖੜੇ ਸਾਰੇ ਆਪ ਤੇ ਜ਼ਰਦਾ।
ਮਾਰ ਦਵੇ ਭਾਵੇਂ ਮੁੱਕੀਆ ਕੋਈ,
ਐਨਾ ਵੀ ਕਿਉਂ ਝੁੱਕ ਜਾਂਦਾ ਏ।
ਕਦੇ ਕਦੇ....
ਤਨ ਤਾਂ ਜ਼ਖ਼ਮ ਸਹਿ ਜਾਂਦਾ ਹੈ,
ਮਨ ਤੇ ਦਾਗ਼ ਰਹਿ ਜਾਂਦਾ ਹੈ।
ਮੰਜਿਲ ਦਾ ਜੋ ਰਾਹ ਭੁੱਲ ਜਾਵੇ,
ਲੀਹੋਂ ਹੀ ਉਹ ਲਹਿ ਜਾਂਦਾ ਹੈ।
ਕਿਸਮਤ ਦੀ ਹੈ ਖੇਡ ਅਨੋਖੀ,
ਸਹੀ ਨਿਸ਼ਾਨਾ ਵੀ ਉਕ ਜਾਂਦਾ ਏ।
ਕਦੇ ਕਦੇ.....
ਰੋਂਦੇ ਰੋਂਦੇ ਨੂੰ ਸੀ ਵਰ੍ਹਾਇਆ ,
ਮੈਨੂੰ ਮੇਰੀ ਮਾਂ ਨੇ ਹਸਾਇਆ।
ਮਨਾਂ ਨੂੰ ਜਿੱਤਣ ਹਾਸੇ ਪਿਆਰੇ,
ਮਨਜੀਤ ਸੀ ਨਾਮ ਰਖਾਇਆ।
ਐਡੀ ਸੋਹਣੀ ਮਾਂ ਦਾ ਚਿਹਰਾ,
ਧੌਰੇ ਕਿੱਥੇ ਲੁੱਕ ਜਾਂਦਾ ਏ।
ਕਦੇ ਕਦੇ ਦਿਲ.....

ਮਨਜੀਤ ਕੌਰ ਧੀਮਾਨ



### ਕਾਵਿ-ਵਿਅੰਗ

## ਖਾਨਾ-ਜੰਗੀ ਦਾ ਡਰ !

ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



ਗੁੜ ਦੇ ਭੋਰੇ ਦੇਖਿਉ !
ਦੁਨੀਆਂ ਆਖਦੀ 'ਥੁੱਕ ਕੇ ਚੱਟਿਆ' ਐ
ਗਿਆ ਨੈਤਿਕਤਾ ਵਾਲ਼ਾ ਹੁਣ ਰਾਗ ਕਿੱਥੇ?
ਨਹੀਉਂ ਕਦੇ 'ਗੁਲਾਮਾਂ' ਨੂੰ ਲੱਗ ਸਕਦੀ
ਕੀਤੇ ਬਚਨ ਨਿਭਾਉਣ ਦੀ ਲਾਗ ਕਿੱਥੇ?
ਦਿਸਦਾ ਨਹੀਂ ਹੈ ਅਹੁਦੇ ਦੇ 'ਭੁੱਖਿਆਂ' ਨੂੰ
ਅਣਖੀ ਵਿਰਸੇ ਨੂੰ ਲਾ ਦਿੱਤਾ ਦਾਗ ਕਿੱਥੇ?
ਰੋਹ ਪੰਥ ਵਿਚ ਦੇਖ 'ਪ੍ਰਚੰਡ' ਹੋਇਆ
ਆਉਣੀ 'ਸੁੱਤੀ ਜ਼ਮੀਰ' ਨੂੰ ਜਾਗ ਕਿੱਥੇ?
ਕਰਦਾ ਰਿਹਾ ਇਨਕਾਰ ਸੀ ਸਾਰਿਆਂ ਨੂੰ
ਧਾਮੀ ਆਖਰ ਸੁਖਬੀਰ ਦੀ ਮੰਨਿਆਂ ਸੀ।
ਗੁੜ ਦੇ ਭੋਰੇ ਹੁਣ 'ਖਿਲਰਦੇ' ਦੇਖਿਉ ਜੀ
'ਬੰਦ ਕਮਰੇ' ਵਿਚ ਦੋਹਾਂ ਜੋ ਭੰਨਿਆਂ ਸੀ !

* * * * *

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਸੈਕਰਾਮੈਂਟੋ ਵੱਲੋਂ ਤੀਸਰਾ ਮਹਾਨ ਨਗਰ ਕੀਰਤਨ ਕੱਢਿਆ ਗਿਆ, ਵੱਖ ਵੱਖ ਸ਼ਖਸ਼ੀਅਤਾਂ ਦਾ ਸਨਮਾਨ






ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–ਸੈਕਰਾਮੈਂਟੋ ਦੇ ਬਰਾਡਸ਼ਾਅ ਰੋਡ ਸਥਿਤ ਗੁਰਦੁਆਰਾ ਸਾਹਿਬ ਵੱਲੋਂ ਮਹਾਨ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਭਾਰੀ ਗਿਣਤੀ ਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸਜਾਏ ਗਏ ਭਾਰੀ ਦੀਵਾਨਾਂ ਚ ਵੱਖ-ਵੱਖ ਰਾਗੀ ਢਾਡੀਆਂ ਨੇ ਸਮੂਲੀਅਤ ਕੀਤੀ, ਰੋਜਾਨਾ ਸਜਾਏ ਜਾਂਦੇ ਦਿਵਾਨਾਂ ਵਿੱਚ ਗਿਆਨੀ ਪਿੰਦਰਪਾਲ ਸਿੰਘ ਕਥਾਵਾਚਕ ਭਾਈ ਕਰਮਜੀਤ ਸਿੰਘ ਯੂਕੇ ਵਾਲੇ, ਡਾਕਟਰ ਗੁਰਨਾਮ ਸਿੰਘ, ਡਾਕਟਰ ਗਗਨਦੀਪ ਸਿੰਘ ਭਾਈ ਸਰਬਜੀਤ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਕਮਲਜੀਤ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਕਰਮਜੀਤ ਸਿੰਘ, ਗਿਆਨੀ ਬਿਕਰਮਜੀਤ ਸਿੰਘ ਭਾਈ ਹਰਪ੍ਰੀਤ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਆਦਿ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਜਿਨ੍ਹਾਂ ਨੇ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਇਸ ਤੋਂ ਪਹਿਲਾਂ ਕਰਵਾਏ ਗਏ ਸਮਾਗਮਾਂ ਵਿੱਚ ਆਤਿਸ਼ਬਾਜੀ ਕੀਤੀ ਗਈ ਉਸ ਤੋਂ ਉਪਰੰਤ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ ਤੇ ਅੰਮ੍ਰਿਤ ਸੰਚਾਰ ਹੋਇਆ ।

ਸਜਾਏ ਗਏ ਇਸ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ ਤੇ ਭਾਰੀ ਦੀਵਾਨ ਸਜਾਏ ਗਏ ਵੱਖ ਵੱਖ ਅਮੇਰੀਕਨ ਆਫੀਸਲਜ ਨੂੰ ਤੇ ਸਥਾਨਕ ਸਿੱਖ ਸੇਵਾਦਾਰਾਂ ਨੂੰ ਸਰੋਪਾ ਦੇ ਕੇ ਸਨਮਾਨਿਤ ਵੀ ਕੀਤਾ ਗਿਆ, ਇਸ ਨਗਰ ਕੀਰਤਨ ਦਾ ਆਯੋਜਨ ਹੋਲੇ ਮਹੱਲੇ ਨੂੰ ਸਮਰਪਿਤ ਕੀਤਾ ਗਿਆ। ਇਸ ਨਗਰ ਕੀਰਤਨ ਵਿੱਚ ਜਿੱਥੇ ਪੰਜਾਂ ਪਿਆਰਿਆਂ ਦੀ ਅਗਵਾਈ ਕਰ ਰਹੇ ਫਲੋਟ ਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਸੁਸ਼ੋਭਿਤ ਸੀ ਤੇ ਉਥੇ ਬਾਕੀ ਫਲੋਟਾਂ ਦੇ ਵਿੱਚ ਵੱਖ-ਵੱਖ ਸ਼ਹੀਦਾਂ ਸਿੰਘਾਂ ਦੀਆਂ ਤੇ ਵੱਖ ਵੱਖ ਸਿੱਖ ਇਤਿਹਾਸ ਨੂੰ ਦਰਸਾਉਂਦੀਆਂ ਘਟਨਾਵਾਂ ਨੂੰ ਦਰਸਾਇਆ ਗਿਆ। ਇਸ ਉਪਰੰਤ ਵੱਖ ਵੱਖ ਸਿੱਖ ਇਤਿਹਾਸ ਨਾਲ ਲੱਗੇ ਬੁੱਕ ਸਟਾਲਾਂ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਲਈ ਲੱਗੇ ਸਟਾਲਾਂ ਤੋਂ ਲੋਕਾਂ ਨੇ ਭਰਪੂਰ ਜਾਣਕਾਰੀ ਲਈ ਇਸ ਤੋਂ ਇਲਾਵਾ ਯੂਬਾ ਸਿਟੀ, ਸਟਾਕਟਨ, ਵੈਸਟ ਸੈਕਰਾਮੈਂਟੋ, ਰਿਓਲਿੰਡਾ ਤੇ ਵੱਖ ਵੱਖ ਹੋਰ ਗੁਰੂ ਘਰਾਂ ਵੱਲੋਂ ਲੰਗਰਾਂ ਦੇ ਸਟਾਲ ਲਗਾਏ ਗਏ ਮੁੱਖ ਤੌਰ ਤੇ ਦਸ਼ਮੇਸ਼ ਦਰਬਾਰ ਵੱਲੋਂ ਨਗਰ ਕੀਰਤਨ ਦੇ ਵਿਚਕਾਰਲੇ ਸਮੇਂ ਵਿੱਚ ਸੰਗਤਾਂ ਦੀ ਭਰਪੂਰ ਸੇਵਾ ਕੀਤੀ ਗਈ ਇਸ ਗੁਰੂ ਦਸ਼ਮੇਸ਼ ਦਰਬਾਰ ਗੁਰੂ ਘਰ ਵੱਲੋਂ ਸੰਗਤਾਂ ਨੇ ਇਸ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸਿਕਿਉਰਟੀ ਤੇ ਸਿਹਤ ਸੇਵਾਵਾਂ ਦਾ ਖਾਸ ਪ੍ਰਬੰਧ, ਪ੍ਰਬੰਧਕਾਂ ਵੱਲੋਂ ਕੀਤਾ ਗਿਆ ਸੀ ਮੁੱਖ ਪ੍ਰਬੰਧਕਾਂ ਵਿੱਚ ਪ੍ਰਧਾਨ ਲਖਬੀਰ ਸਿੰਘ ਔਜਲਾ ਰਣਧੀਰ ਸਿੰਘ ਧੀਰਾ ਨਿੱਜਰ, ਗੁਰਮੀਤ ਵੜੈਚ, ਗੁਰਿੰਦਰ ਪਾਲ ਸਿੰਘ ਲਾਡੀ ਸੈਕਟਰੀ, ਦਵਿੰਦਰ ਸਿੰਘ, ਕਰਮਜੀਤ ਸਿੰਘ, ਚਰਨਜੀਤ ਸਿੰਘ ਢੀਡਸਾ, ਬਲਜੀਤ ਸਿੰਘ, ਗੁਰਪਿੰਦਰ ਸੰਧੂ ਆਦਿ ਨੇ ਇਸ ਨਗਰ ਕੀਰਤਨ ਦੇ ਪ੍ਰਬੰਧ ਵਿੱਚ ਅਹਿਮ ਭੂਮਿਕਾ ਨਿਭਾਈ

# ਸੰਸਦ ਮੈਂਬਰਾਂ ਦੀ ਤਨਖਾਹ, ਪੈਨਸ਼ਨ ਤੇ ਭੱਤੇ ਵੀ ਵਧੇ

## ✪ ਤਨਖਾਹਾਂ ਅਤੇ ਭੱਤਿਆਂ ਵਿੱਚ ਵਾਧੇ ਤੋਂ ਬਾਅਦ, ਸੰਸਦ ਮੈਂਬਰਾਂ ਨੂੰ ਹੁਣ 1,24,000 ਰੁਪਏ ਮਿਲਣਗੇ

ਨਵੀਂ ਦਿੱਲੀ-ਕੇਂਦਰ ਸਰਕਾਰ ਨੇ ਸੰਸਦ ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਵਿੱਚ ਵਾਧਾ ਕੀਤਾ ਹੈ। ਇਸ ਦੇ ਨਾਲ ਹੀ ਸਾਬਕਾ ਸੰਸਦ ਮੈਂਬਰਾਂ ਦੀ ਪੈਨਸ਼ਨ ਵਿੱਚ ਵੀ ਵਾਧਾ ਹੋਇਆ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਵਾਧਾ 1 ਅਪ੍ਰੈਲ, 2023 ਤੋਂ ਲਾਗੂ ਹੋਵੇਗਾ। ਤਨਖਾਹਾਂ ਅਤੇ ਭੱਤਿਆਂ ਵਿੱਚ ਵਾਧੇ ਤੋਂ ਬਾਅਦ, ਸੰਸਦ ਮੈਂਬਰਾਂ ਨੂੰ ਹੁਣ 1,24,000 ਰੁਪਏ ਮਿਲਣਗੇ। ਪਹਿਲਾਂ ਸੰਸਦ ਮੈਂਬਰਾਂ ਨੂੰ 1 ਲੱਖ ਰੁਪਏ ਮਿਲਦੇ ਸਨ।

ਇਸ ਦੇ ਨਾਲ ਹੀ ਸੰਸਦ ਮੈਂਬਰਾਂ ਦਾ ਰੋਜ਼ਾਨਾ ਭੱਤਾ ਦੋ ਹਜ਼ਾਰ ਤੋਂ ਵਧਾ ਕੇ ਢਾਈ ਹਜ਼ਾਰ ਕਰ ਦਿੱਤਾ ਗਿਆ ਹੈ। ਸਾਬਕਾ ਸੰਸਦ ਮੈਂਬਰਾਂ ਦੀ ਪੈਨਸ਼ਨ 25 ਹਜ਼ਾਰ ਰੁਪਏ ਤੋਂ ਵਧਾ ਕੇ 31 ਹਜ਼ਾਰ ਰੁਪਏ ਕਰ ਦਿੱਤੀ ਗਈ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਵਾਧਾ ਸੰਸਦ ਮੈਂਬਰਾਂ ਦੀ ਤਨਖਾਹ, ਭੱਤੇ ਅਤੇ ਪੈਨਸ਼ਨ ਐਕਟ, 1954 ਦੁਆਰਾ ਪ੍ਰਾਪਤ ਸ਼ਕਤੀਆਂ ਦੇ ਤਹਿਤ ਕੀਤਾ ਗਿਆ ਹੈ।

### ਨੋਟੀਫਿਕੇਸ਼ਨ ਵਿੱਚ ਕੀ ਕਿਹਾ ਗਿਆ ਸੀ ?

ਸੰਸਦੀ ਮਾਮਲਿਆਂ ਦੇ ਮੰਤਰਾਲੇ ਵੱਲੋਂ ਸੋਮਵਾਰ ਨੂੰ ਜਾਰੀ ਕੀਤੇ ਗਏ ਇੱਕ ਗਜ਼ਟ



ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਪੰਜ ਸਾਲਾਂ ਤੋਂ ਵੱਧ ਸੇਵਾ ਦੇ ਹਰੇਕ ਸਾਲ ਲਈ ਵਾਧੂ ਪੈਨਸ਼ਨ 2,000 ਰੁਪਏ ਤੋਂ ਵਧਾ ਕੇ 2,500 ਰੁਪਏ ਕਰ ਦਿੱਤੀ ਗਈ ਹੈ। ਸੰਸਦ ਦੇ ਚੱਲ ਰਹੇ ਬਜਟ ਸੈਸ਼ਨ ਦੌਰਾਨ ਸੰਸਦ ਮੈਂਬਰਾਂ ਦੀਆਂ ਤਨਖਾਹਾਂ, ਭੱਤਿਆਂ ਅਤੇ ਪੈਨਸ਼ਨ ਵਿੱਚ ਸੋਧ ਦਾ ਐਲਾਨ ਕੀਤਾ ਗਿਆ ਹੈ।

ਮੌਜੂਦਾ ਅਤੇ ਸਾਬਕਾ ਸੰਸਦ ਮੈਂਬਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਤਨਖਾਹਾਂ ਅਤੇ ਭੱਤਿਆਂ ਵਿੱਚ ਪਹਿਲਾਂ ਸੋਧ ਅਪ੍ਰੈਲ 2018 ਵਿੱਚ ਕੀਤੀ ਗਈ ਸੀ। 2018 ਦੇ ਸੋਧ ਵਿੱਚ ਇੱਕ ਸੰਸਦ ਮੈਂਬਰ ਲਈ ਐਲਾਨੀ ਗਈ ਮੂਲ ਤਨਖਾਹ 1,00,000 ਰੁਪਏ ਪ੍ਰਤੀ ਮਹੀਨਾ ਸੀ। ਇਸ ਰਕਮ ਨੂੰ ਤੈਅ ਕਰਨ ਦਾ ਉਦੇਸ਼ ਉਨ੍ਹਾਂ ਦੀਆਂ ਤਨਖਾਹਾਂ ਨੂੰ ਮਹਿੰਗਾਈ ਦਰਾਂ ਅਤੇ ਰਹਿਣ-ਸਹਿਣ ਦੀ ਵਧਦੀ ਲਾਗਤ ਦੇ ਅਨੁਸਾਰ ਲਿਆਉਣਾ ਸੀ। ਇਸ ਦੇ ਨਾਲ ਹੀ, 2018 ਦੀ ਸੋਧ ਦੇ ਅਨੁਸਾਰ, ਸੰਸਦ ਮੈਂਬਰਾਂ ਨੂੰ ਆਪਣੇ ਦਫ਼ਤਰਾਂ ਨੂੰ ਅੱਪਡੇਟ ਰੱਖਣ ਅਤੇ ਆਪਣੇ ਸਬੰਧਤ ਜ਼ਿਲ੍ਹਿਆਂ ਵਿੱਚ ਵੋਟਰਾਂ ਨਾਲ ਗੱਲਬਾਤ ਕਰਨ ਦੇ ਖਰਚੇ ਦਾ ਭੁਗਤਾਨ ਕਰਨ ਲਈ ਹਲਕਾ ਭੱਤੇ ਵਜੋਂ 70,000 ਰੁਪਏ ਦਾ ਭੱਤਾ ਮਿਲਦਾ ਹੈ।

### ਇਹ ਸਹੂਲਤਾਂ ਵੀ ਉਪਲਬਧ ਹਨ

ਤੁਹਾਨੂੰ ਦੱਸ ਦੇਈਏ ਕਿ ਸੰਸਦ ਮੈਂਬਰਾਂ ਨੂੰ ਸੰਸਦੀ ਸੈਸ਼ਨਾਂ ਦੌਰਾਨ ਦਫ਼ਤਰ ਭੱਤੇ ਵਜੋਂ 60,000 ਰੁਪਏ ਪ੍ਰਤੀ ਮਹੀਨਾ ਅਤੇ 2,000 ਰੁਪਏ ਰੋਜ਼ਾਨਾ ਭੱਤਾ ਮਿਲਦਾ ਹੈ। ਹੁਣ ਇਨ੍ਹਾਂ ਭੱਤਿਆਂ ਨੂੰ ਵੀ ਵਧਾਉਣਾ ਪਵੇਗਾ। ਇਸ ਤੋਂ ਇਲਾਵਾ, ਸੰਸਦ ਮੈਂਬਰਾਂ ਨੂੰ ਫ਼ੋਨ ਅਤੇ ਇੰਟਰਨੈੱਟ ਦੀ ਵਰਤੋਂ ਲਈ ਸਾਲਾਨਾ ਭੱਤਾ ਵੀ ਮਿਲਦਾ ਹੈ। ਸੰਸਦ ਮੈਂਬਰ ਆਪਣੇ ਅਤੇ ਆਪਣੇ ਪਰਿਵਾਰਾਂ ਨਾਲ ਇੱਕ ਸਾਲ ਵਿੱਚ ਕੁੱਲ 34 ਮੁਫ਼ਤ ਉਡਾਣਾਂ ਲੈ ਸਕਦੇ ਹਨ। ਇਸ ਤੋਂ ਇਲਾਵਾ, ਕੋਈ ਵੀ ਨਿੱਜੀ ਵਰਤੋਂ ਲਈ ਕਿਸੇ ਵੀ ਸਮੇਂ ਪਹਿਲੀ ਸ਼੍ਰੇਣੀ ਦੀ ਰੇਲਗੱਡੀ ਵਿੱਚ ਯਾਤਰਾ ਕਰ ਸਕਦਾ ਹੈ।

### ਮੁਫ਼ਤ ਬਿਜਲੀ ਦੀ ਵਿਵਸਥਾ ਵੀ

ਇੰਨਾ ਹੀ ਨਹੀਂ, ਸੰਸਦ ਮੈਂਬਰਾਂ ਨੂੰ ਸਾਲਾਨਾ 50,000 ਯੂਨਿਟ ਮੁਫ਼ਤ ਬਿਜਲੀ ਅਤੇ 4,000 ਕਿਲੋਲੀਟਰ ਪਾਣੀ ਦਾ ਲਾਭ ਵੀ ਮਿਲਦਾ ਹੈ। ਸਰਕਾਰ ਉਨ੍ਹਾਂ ਦੇ ਰਹਿਣ-ਸਹਿਣ ਦਾ ਪ੍ਰਬੰਧ ਵੀ ਕਰਦੀ ਹੈ।

ਸੰਸਦ ਮੈਂਬਰਾਂ ਨੂੰ ਉਨ੍ਹਾਂ ਦੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਨਵੀਂ ਦਿੱਲੀ ਵਿੱਚ ਕਿਰਾਏ-ਮੁਕਤ ਰਿਹਾਇਸ਼ ਪ੍ਰਦਾਨ ਕੀਤੀ ਜਾਂਦੀ ਹੈ। ਉਹਨਾਂ ਨੂੰ ਆਪਣੀ ਸੀਨੀਆਰਤਾ ਦੇ ਆਧਾਰ 'ਤੇ ਹੋਸਟਲ ਦੇ ਕਮਰੇ, ਅਪਾਰਟਮੈਂਟ ਜਾਂ ਬੰਗਲੇ ਮਿਲ ਸਕਦੇ ਹਨ। ਜਿਹੜੇ ਵਿਅਕਤੀ ਸਰਕਾਰੀ ਰਿਹਾਇਸ਼ ਦੀ ਵਰਤੋਂ ਨਹੀਂ ਕਰਨਾ ਚਾਹੁੰਦੇ, ਉਹ ਮਹੀਨਾਵਾਰ ਰਿਹਾਇਸ਼ ਭੱਤਾ ਪ੍ਰਾਪਤ ਕਰਨ ਦੇ ਯੋਗ ਹਨ।

# ਕਹਾਣੀ

## ਚੀਜ਼ਾਂ ਚੜ੍ਹੀਆਂ ਨੇ ਅਸਮਾਨ



**ਧਰਮ ਪਾਲ ਚੁੰਬਰ**



ਤੇ ਸ਼ਰਮੇ ਵੱਲ ਦੇਖ ਕੇ ਬਿਅੰਤ ਨੂੰ ਵੀ ਉਕਤ ਆਈ ਕਿ ਉਹ ਵੀ ਕੋਈ ਸਸਤੀ ਸਬਜ਼ੀ ਚੁਣ ਕੇ ਕੱਢ ਲਵੇ। ਉਸ ਨੇ ਵੀ ਗੋਭੀ ਦਾ ਇਕ ਫ਼ੁੱਲ ਲੱਭ ਲਿਆ ਜਿਹੜਾ ਬਹੁਤਾ ਖਰਾਬ ਨਹੀਂ ਸੀ। ਗੋਭੀ ਦਾ ਫ਼ੁੱਲ ਲੈ ਕੇ ਉਹ ਇਉਂ ਖੁਸ਼ ਹੋਇਆ ਜਿਵੇਂ ਉਸ ਨੇ ਕੋਈ ਬਹੁਤ ਵੱਡੀ 'ਮਾਰ' ਮਾਰ ਲਈ ਹੋਵੇ। ਗੋਭੀ ਦਾ ਫ਼ੁੱਲ ਲਿਆ ਕੇ ਬੜੇ ਚਾਅ ਨਾਲ ਉਸ ਨੇ ਤਾਰੋ ਦੇ ਹੱਥ ਫੜਾ ਦਿਤਾ।

ਉਹ ਸੋਚਦਾ ਸੀ ਕਿ ਸਸਤੇ ਭਾਅ ਲਿਆਂਦਾ ਗੋਭੀ ਦਾ ਫ਼ੁੱਲ ਦੇਖ ਕੇ ਤਾਰੋ ਖੁਸ਼ ਹੋਵੇਗੀ, ਪਰ ਤਾਰੋ ਨੇ ਗੋਭੀ ਦਾ ਫ਼ੁੱਲ ਦੇਖ ਕੇ ਕਿਹਾ, "ਆਹ ਤੂੰ ਕੀ ਗਲ਼ੀ-ਸੜੀ ਹੋਈ ਗੋਭੀ ਚੁੱਕ ਲਿਆ ਏਂ? ਐਨੇ ਪੈਸੇ ਗਲ਼ੀ ਹੋਈ ਗੋਭੀ 'ਤੇ ਕਾਹਨੂੰ ਖਰਾਬ ਕੀਤੇ? ਕੋਈ ਚੱਜ ਦਾ ਫ਼ੁੱਲ ਤਾਂ ਲਿਆਉਂਦਾ?"

"ਨੀ ਭਲੀਏ ਲੋਕੇ, ਮੈਂ ਬਹੁਤੇ ਪੈਸੇ ਖਰਾਬ ਨੀ ਕੀਤੇ। ਇਹ ਬਹੁਤ ਸਸਤੀ ਆ, ਸਿਰਫ਼ ਪੰਜਾਹ ਪੈਨੀਆਂ ਦੀ!" ਉਸ ਨੇ ਤਾਰੋ ਨੂੰ ਤਸੱਲੀ ਦਿਤੀ।

ਪਹਿਲਾਂ ਵੀ ਬਿਅੰਤ ਕਈ ਚੀਜ਼ਾਂ ਸਸਤੇ ਭਾਅ ਲੈ ਆਇਆ ਕਰਦਾ ਸੀ, ਪਰ ਸਸਤੀ ਸਬਜ਼ੀ ਕਦੇ ਨਹੀਂ ਲਿਆਂਦੀ ਸੀ। ਗੋਭੀ ਦੇ ਫ਼ੁੱਲ ਦੀ ਕੀਮਤ ਸੁਣ ਕੇ ਤਾਰੋ ਖੁਸ਼ ਹੋ ਗਈ। ਉਸ ਦਿਨ ਤੋਂ ਜਿਵੇਂ ਬਿਅੰਤ ਨੂੰ ਲਟਕ ਜਿਹਾ ਹੀ ਪੈ ਗਿਆ, ਉਹ ਕਈ ਫ਼ਲ਼ ਤੇ ਸਬਜ਼ੀਆਂ ਸਸਤੇ ਭਾਅ ਲਿਆਉਣ ਲੱਗ ਪਿਆ।

ਤਾਰੋ ਨੂੰ ਬਿਅੰਤ ਸਸਤੀਆਂ ਚੀਜ਼ਾਂ ਲਿਆਉਂਦਾ ਬਹੁਤ ਚੰਗਾ ਲੱਗਣ ਲੱਗ ਪਿਆ। ਭਾਵੇਂ ਚੀਜ਼ਾਂ ਤਾਜ਼ੀਆਂ ਨਹੀਂ ਸਨ ਪਰ ਐਨੀਆਂ ਸਸਤੀਆਂ ਕਿਥੋਂ ਮਿਲ ਸਕਦੀਆਂ ਸਨ? ਆਪਣੀ ਖੁਸ਼ੀ ਪ੍ਰਗਟ ਕਰਨ ਲਈ ਉਹ ਕਹਿੰਦੀ ਸੀ "ਦੇਖਿਆਂ? ਮੇਰੇ ਜ਼ੋਰ ਪਾਉਣ 'ਤੇ ਤੂੰ ਬਾਹਰ ਜਾਣ ਲੱਗ ਪਿਆ। ਹੁਣ ਤੇਰੇ ਗੋਡਿਆਂ ਦੇ ਜੋੜ ਵੀ ਚੱਲਣ ਲੱਗ ਪਏ ਆ ਤੇ ਸੌਦਾ-ਪੱਤਾ ਵੀ ਸਸਤਾ ਲੈ ਆਉਂਦੈਂ। ਘਰ ਵਿਹਲੇ ਮੱਖੀਆਂ ਮਾਰਨ ਨਾਲੋਂ ਤਾਂ ਚੰਗਾ ਈ ਆ?"

ਬਿਅੰਤ ਸਿੰਘ ਘਰੋਂ ਬਾਹਰ ਘੱਟ ਹੀ ਨਿਕਲਦਾ ਸੀ। ਗੋਡੇ ਦੁਖਦੇ ਹੋਣ ਕਰਕੇ ਘਰ ਵੀ ਮਾੜਾ-ਮਾੜਾ ਖੂੰਡੀ ਦੇ ਸਹਾਰੇ ਹੀ ਤੁਰਦਾ ਸੀ। ਤੇ ਗੋਡੇ ਰਹਿੰਦੇ ਈ ਜਾਂਦੇ ਸੀ। ਤਾਰੋ ਉਸ ਦਾ ਖਹਿੜਾ ਨਹੀਂ ਛੱਡਦੀ ਸੀ। ਉਸ ਨੂੰ ਬਾਹਰ ਤੁਰਨ-ਫਿਰਨ ਜਾਣ ਲਈ ਕਹਿੰਦੀ ਰਹਿੰਦੀ ਸੀ। ਪਰ ਉਹ ਹਿੰਮਤ ਨਹੀਂ ਕਰਦਾ ਸੀ, ਮੰਨਦਾ ਹੀ ਨਹੀਂ ਸੀ। ਇਕ ਦਿਨ ਤਾਰੋ ਨੇ ਜ਼ੋਰ ਪਾ ਕੇ ਕਿਹਾ, "ਜੇ ਥੋੜ੍ਹਾ ਬਾਹਰ ਫਿਰ ਕੇ ਆਵੇਂ ਤਾਂ ਤੇਰੇ ਜੋੜ ਕੁਛ ਮੋਕਲੇ ਹੋ ਜਾਣ! ਕੁਛ ਤੁਰਨ-ਫਿਰਨ ਜੋਗਾ ਹੋ ਜਾਵੇਂਗਾ। ਹੈਦਾਂ ਕਿੰਨਾਂ ਕੁ ਚਿਰ ਕੱਢੇਂਗਾ? ਹਾਲੇ ਉਮਰ ਕੀ ਆ? ਤੇਰੇ ਅਰਗੇ ਤਾਂ ਹਾਲੇ ਕੰਮ ਕਰਦੇ ਛਾਲਾਂ ਮਾਰਦੇ ਫਿਰਦੇ ਆ?"

ਉਹ ਰਿਟਾਇਰ ਹੋ ਚੁੱਕਾ ਸੀ ਤੇ ਗੋਡੇ ਲੈ ਕੇ ਬੈਠਾ ਰਹਿੰਦਾ ਸੀ। ਜਦ ਤਾਰੋ ਨੇ ਖਹਿੜਾ ਨਾ ਹੀ ਛੱਡਿਆ ਤਾਂ ਉਹ ਸੜਕ ਦੀ ਪਟੜੀ-ਪਟੜੀ ਥੋੜ੍ਹਾ ਤੁਰ ਕੇ ਘਰ ਮੁੜ ਆਇਆ। ਤੇ ਹੌਲੀ-ਹੌਲੀ ਉਸ ਨੂੰ ਤੁਰਨਾ ਆਸਾਨ ਲੱਗਣ ਲੱਗ ਪਿਆ। ਬਾਹਰ ਦੀ ਰੌਣਕ ਦੇਖ ਕੇ ਉਸ ਦਾ ਮਨ ਕੁਝ ਬਾਹਰ ਜਾਣ ਨੂੰ ਕਰਨ ਲੱਗ ਪਿਆ। ਕਿਤੇ ਦੂਰ ਜਾਣਾ ਹੁੰਦਾ ਸੀ ਤਾਂ ਬੱਸ ਫੜ ਲੈਂਦਾ ਸੀ ਪਰ ਨੇੜੇ-ਨੇੜੇ ਤੁਰ ਕੇ ਚਲੇ ਜਾਂਦਾ ਸੀ। ਇਸ ਤਰ੍ਹਾਂ ਬਾਹਰ ਜਾਣ ਦਾ ਆਦੀ ਹੋ ਕੇ ਕਦੀ-ਕਦੀ ਨੇੜੇ ਵਾਲੀ ਦੁਕਾਨੋਂ ਦੁੱਧ ਦੀ ਬੋਤਲ ਜਾਂ ਕਦੀ ਬਰੈਡ ਲੈ ਆਉਂਦਾ ਸੀ।

ਇਕ ਦਿਨ ਉਹ ਸੜਕ ਦੀ ਪਟੜੀ 'ਤੇ ਤੁਰਦਾ-ਤੁਰਦਾ ਹਾਈ ਸਟਰੀਟ ਤੱਕ ਚਲੇ ਗਿਆ। ਤੇ ਫਿਰ ਉਸ ਨੂੰ ਰੋਜ਼ ਹਾਈ ਸਟਰੀਟ 'ਤੇ ਜਾਣ ਦੀ ਆਦਤ ਪੈ ਗਈ। ਹਾਈ ਸਟਰੀਟ 'ਤੇ ਰੌਣਕ ਬਹੁਤ ਹੁੰਦੀ ਸੀ। ਹਾਈ ਸਟਰੀਟ 'ਤੇ ਕਈ ਇੰਡੀਅਨਾਂ ਤੇ ਪਾਕਿਸਤਾਨੀਆਂ ਦੇ ਸਟੋਰ ਸਨ। ਉਹ ਉਨ੍ਹਾਂ ਸਟੋਰਾਂ ਨੂੰ ਵੀ ਜਾਣ ਲੱਗ ਪਿਆ ਤੇ ਥੋੜ੍ਹਾ-ਥੋੜ੍ਹਾ ਕਰ ਕੇ ਸੌਦਾ-ਪੱਤਾ ਲਿਆਉਣ ਲੱਗ ਪਿਆ। ਹਾਈ ਸਟਰੀਟ 'ਤੇ ਟਿਸਕੋ ਤੇ ਸੇਂਜ਼ਬਰੀ ਸਟੋਰ ਵੀ ਸਨ। ਉਨ੍ਹਾਂ ਸਟੋਰਾਂ ਵਿਚ ਸ਼ਾਮ ਨੂੰ ਕਈ ਆਊਟ ਆਫ਼ ਡੇਟ ਹੋਈਆਂ ਚੀਜ਼ਾਂ ਸਸਤੀਆਂ ਲੱਗ ਜਾਂਦੀਆਂ ਸੀ। ਉਹ ਇਸ ਤਰ੍ਹਾਂ ਸਸਤੀਆਂ ਲਾਈਆਂ ਹੋਈਆਂ ਚੀਜ਼ਾਂ ਲੱਭ ਕੇ ਲਿਆਉਣ ਲੱਗ ਪਿਆ। ਤੇ ਉਨ੍ਹਾਂ ਦਾ ਪੈਂਨਸ਼ਨ ਨਾਲ ਸੋਹਣਾ ਗੁਜ਼ਾਰਾ ਹੋਣ ਲੱਗ ਪਿਆ। ਤਾਰੋ ਬਹੁਤ ਖੁਸ਼ ਸੀ ਕਿ ਉਸ ਦਾ ਆਦਮੀ ਜਿਹੜਾ ਫੇਰੀ ਢਾਈ ਬੈਠਾ ਸੀ, ਹੁਣ ਸਸਤੀਆਂ ਚੀਜ਼ਾਂ ਲਿਆ ਕੇ ਦੇਣ ਲੱਗ ਪਿਆ ਸੀ। ਨਾਲੇ ਬਿਅੰਤ ਸਿੰਘ ਦੀ ਸਿਹਤ ਚੰਗੀ ਰਹਿੰਦੀ ਸੀ ਤੇ ਨਾਲੇ ਘਰ ਸਸਤੀਆਂ ਚੀਜ਼ਾਂ ਲੈ ਆਉਂਦਾ ਸੀ।

ਤੇ ਇਕ ਇਨ ਉਹ ਹਾਈ ਸਟਰੀਟ ਨੂੰ ਜਾਂਦਾ ਲੋਕਾਂ ਦੀ ਰੌਣਕ ਦੇਖਦਾ ਜਾ ਰਿਹਾ ਸੀ। ਉਸ ਨੇ ਦੇਖਿਆ ਕਿ ਕੁਝ ਲੋਕ ਇੰਡੀਅਨਾਂ ਦੇ ਸਟੋਰ ਮੋਹਰੇ ਬਕਸਿਆਂ 'ਚੋਂ ਚੀਜ਼ਾਂ ਚੁਣ-ਚੁਣ ਕੇ ਵੱਖਰੀਆਂ ਕਰ ਰਹੇ ਸਨ। ਆਪਣਾ ਕੰਮ ਕਰਨ ਜਾਣ ਤੋਂ ਪਹਿਲਾਂ ਉਹ ਵੀ ਉਨ੍ਹਾਂ ਵੱਲ ਨੂੰ ਚਲੇ ਗਿਆ, ਇਹ ਦੇਖਣ ਲਈ ਕਿ ਉਹ ਲੋਕ ਕਿਹੜੀਆਂ ਚੀਜ਼ਾਂ ਛਾਂਟ-ਛਾਂਟ ਕੇ ਕੱਢ ਰਹੇ ਸਨ। ਜਾ ਕੇ ਦੇਖਿਆ ਕਿ ਜਿਹੜੀਆਂ ਚੀਜ਼ਾਂ ਆਊਟ ਆਫ਼ ਡੇਟ ਹੋ ਗਈਆਂ ਹੋਈਆਂ ਸਨ ਤੇ ਜਿਹੜੇ ਫ਼ਲ-ਸਬਜ਼ੀਆਂ ਖਰਾਬ ਹੋ ਗਏ ਹੋਏ ਸੀ, ਸੋਟਰ ਵਾਲਿਆਂ ਦਾ ਇਕ ਆਦਮੀ ਬਾਹਰ ਹੀ ਰੱਖ ਕੇ ਬਹੁਤ ਸਸਤੇ ਭਾਅ ਵੇਚ ਰਿਹਾ ਸੀ। ਕੁਝ ਫ਼ਲ-ਸਬਜ਼ੀਆਂ ਤਾਂ ਗਲ਼ੇ-ਸੜੇ ਹੀ ਹੋਏ ਸਨ। ਲੋਕ ਚੰਗੀਆਂ-ਚੰਗੀਆਂ ਚੀਜ਼ਾਂ ਛਾਂਟ-ਛਾਂਟ ਕੇ ਖਰੀਦ ਰਹੇ ਸੀ। ਉਨ੍ਹਾਂ ਖਰਾਬ ਹੋਏ ਫ਼ਲ ਤੇ ਸਬਜ਼ੀਆਂ ਚੁਣਦੇ ਲੋਕਾਂ ਵਿਚ ਉਸ ਦਾ ਦੋਸਤ ਦੀਨਾ ਨਾਥ ਸ਼ਰਮਾਂ ਵੀ ਸੀ। ਉਹ ਵੀ ਚੰਗੇ-ਚੰਗੇ ਫ਼ਲ ਤੇ ਸਬਜ਼ੀਆਂ ਛਾਂਟ-ਛਾਂਟ ਕੇ ਬਕਸਾ ਭਰ ਰਿਹਾ ਸੀ। ਸ਼ਰਮੇ ਨੂੰ ਗਲ਼ੇ ਹੋਏ ਫ਼ਲ-ਸਬਜ਼ੀਆਂ ਛਾਂਟਦੇ ਦੇਖ ਕੇ ਉਸ ਨੂੰ ਬਹੁਤ ਹੈਰਾਨੀ ਹੋਈ।

ਬਿਅੰਤ ਜਾ ਕੇ ਦੀਨਾ ਨਾਥ ਸ਼ਰਮਾ ਕੋਲ ਖੜ੍ਹਾ ਹੋ ਗਿਆ ਪਰ ਸ਼ਰਮਾ ਆਪਣੇ ਧਿਆਨ ਫ਼ਲ ਤੇ ਸਬਜ਼ੀਆਂ ਚੁਣ-ਚੁਣ ਕੇ ਬਕਸੇ ਵਿਚ ਪਾਈ ਜਾ ਰਿਹਾ ਸੀ। ਉਹ ਕਿੰਨਾਂ ਚਿਰ ਸ਼ਰਮੇ ਦੇ ਕੋਲ ਖੜ੍ਹਾ ਉਸ ਵੱਲ ਦੇਖਦਾ ਰਿਹਾ। ਤੇ ਜਦ ਸ਼ਰਮੇ ਨੂੰ ਬੇਅੰਤ ਦੇ ਉਸ ਕੋਲ ਖੜ੍ਹੇ ਦਾ ਪਤਾ ਨਾ ਹੀ ਲੱਗਾ ਤਾਂ ਉਸ ਨੇ ਸ਼ਰਮੇ ਦੀ ਢੂਹੀ 'ਤੇ ਹੱਥ ਮਾਰ ਕੇ ਕਿਹਾ, "ਓਏ ਪੰਡਤਾ! ਆਹ ਕੀ ਗੰਦ-ਮੰਦ ਫ਼ਰੋਲਣ ਡਿਹਾ ਹੋਇਆ ਏਂ?"

ਬਿਅੰਤ ਤੇ ਸ਼ਰਮਾ ਇਕੱਠੇ ਕੰਮ ਕਰਿਆ ਕਰਦੇ ਸਨ ਤੇ ਕੰਮ 'ਤੇ ਹੀ ਉਨ੍ਹਾਂ ਦੀ ਦੋਸਤੀ ਬਣੀ ਸੀ। ਬਿਅੰਤ ਸਿੰਘ ਪੰਡਤ ਦੀਨਾ ਨਾਥ ਸ਼ਰਮੇ ਨੂੰ 'ਪੰਡਤਾ' ਹੀ ਕਹਿ ਕੇ ਬੁਲਾਇਆ ਕਰਦਾ ਸੀ।

ਜਦੋਂ ਸ਼ਰਮੇ ਨੇ ਸਿਧਾ ਖੜ੍ਹਾ ਹੋ ਕੇ ਬਿਅੰਤ ਨੂੰ ਕੋਲ ਖੜ੍ਹੇ ਦੇਖਿਆ ਤਾਂ ਆਪਣਾ ਕੰਮ ਛੱਡ ਕੇ ਉਸ ਨੂੰ ਜੱਫ਼ੀ ਪਾ ਲਈ ਤੇ ਕਿਹਾ, "ਓਤ, ਆ ਬਈ ਬੇਅੰਤ! ਕਦੇ ਦੇਖਿਆ ਹੀ ਨੀ। ਕਿਧਰ ਅਲੋਪ ਹੋ ਗਿਆ ਸੀ?"

ਬਿਅੰਤ ਨੇ ਜਵਾਬ ਦਿਤਾ, "ਤੈਨੂੰ ਪਤਾ ਈ ਆ ਮੇਰੇ ਤਾਂ ਗੋਡੇ ਈ ਰਹਿ ਗਏ ਆ! ਆਹ ਹੁਣ ਹੌਲੀ-ਹੌਲੀ ਘਰੋਂ ਨਿਕਲਣ ਲੱਗਾਂ, ਉਹ ਵੀ ਤਾਰੋ ਖਹਿੜਾ ਨੀ ਛੱਡਦੀ ਕਰਕੇ! ਅੱਜ ਸੇਂਨਜ਼ਬਰੀ ਨੂੰ ਚੱਲਿਆਂ।"

"ਖੜ੍ਹ ਜ਼ਰਾ ਕੁ, ਪਹਿਲਾਂ ਮੈਂ ਕੁਛ ਚੀਜ਼ਾਂ ਚੁਣ ਲਵਾਂ!" ਸ਼ਰਮੇ ਨੇ ਕਿਹਾ।

ਪਰ ਇਹ ਗੰਦ-ਮੰਦ ਫ਼ਰੋਲਣਾ ਤਾਂ ਗ਼ਰੀਬਾਂ ਦਾ ਕੰਮ ਆਂ? ਤੁਸੀਂ ਤਾਂ ਬ੍ਰਾਹਮਣ ਲੋਕ ਆਂ, ਉਤਮ ਜਾਤ ਆਂ? ਤੈਨੂੰ ਇਹ ਗੰਦ ਫ਼ਰੋਲਣ ਚੰਗਾ ਲਗਦਾ?" ਬੇਅੰਤ ਨੇ ਹੈਰਾਨ ਹੋ ਕੇ ਪੁੱਛਿਆ।

"ਯਾਰ ਫ਼ਲ ਤੇ ਸਬਜ਼ੀਆਂ ਬਹੁਤ ਮਹਿੰਗੇ ਹੋ ਗਏ ਐ। ਏਥੋਂ ਕੁਛ ਚੰਗੇ-ਚੰਗੇ ਚੁਣ ਕੇ ਲੈ ਜਾਈਦੇ ਆ, ਗੁਜ਼ਾਰਾ ਕਰਨਾ ਸੁਖਾਲਾ ਹੋ ਜਾਂਦਾ ਆ। ਪੰਡਤਾਣੀ ਕਹਿੰਦੀ ਆ ਕਿ ਰਿੰਨ੍ਹੀ-ਪੱਕੀ ਸਬਜ਼ੀ ਦਾ ਕੀ ਪਤਾ ਲਗਦਾ ਕਿ ਇਹ ਕਿਦਾਂ ਦੀ ਸੀ, ਤਾਜ਼ੀਆਂ ਸਬਜ਼ੀਆਂ ਵਰਗੀ ਈ ਸੁਆਦ ਬਣਦੀ ਐ!" ਸ਼ਰਮੇ ਨੇ ਬਿਅੰਤ ਸਿੰਘ ਨੂੰ ਸਾਰੀ ਗੱਲ ਚੰਗੀ ਤਰ੍ਹਾਂ ਸਮਝਾਈ।

ਸ਼ਰਮੇ ਦੀ ਸਿਹਤ ਹਾਲੇ ਚੰਗੀ ਸੀ। ਕੰਮ 'ਤੇ ਉਨ੍ਹਾਂ ਦੋਸਤਾਂ ਦਾ ਢਾਣਾ ਵੱਡਾ ਹੁੰਦਾ ਸੀ। ਰਿਟਾਇਰ ਹੋਣ ਮਗਰੋਂ ਕੁਝ ਦੋਸਤ ਮਰ ਗਏ ਸਨ ਤੇ ਕੁਝ ਚੱਲਣ-ਫਿਰਨ ਜੋਗੇ ਨਹੀਂ ਰਹਿ ਗਏ ਸਨ, ਬਿਅੰਤ ਸਿੰਘ ਵਾਂਗ। ਉਸ ਦਿਨ ਬਿਅੰਤ ਨੂੰ ਦੇਖ ਕੇ ਸ਼ਰਮੇ ਨੂੰ ਬਹੁਤ ਖੁਸ਼ੀ ਹੋਈ ਕਿ ਉਹ ਹਾਲੇ ਜੀਉਂਦਾ ਸੀ। ਬਿਅੰਤ ਨੂੰ ਵੀ ਪੁਰਾਣਾ ਦੋਸਤ ਦੇਖ ਕੇ ਚਾਅ ਜਿਹਾ ਚੜ੍ਹ ਗਿਆ। ਉਹ ਕਿੰਨਾਂ ਚਿਰ ਖੜ੍ਹੇ ਗੱਲਾਂ ਕਰਦੇ ਰਹੇ।

ਜਿਵੇਂ-ਜਿਵੇਂ ਸਮਾਂ ਬੀਤ ਰਿਹਾ ਸੀ, ਚੀਜ਼ਾਂ ਦਾ ਭਾਅ ਵਧਦਾ ਜਾਂਦਾ ਸੀ। ਤੇ ਆਊਟ ਆਫ਼ ਡੇਟ ਹੋਈਆਂ ਤੇ ਖਰਾਬ ਹੋਈਆਂ ਸਸਤੀਆਂ ਚੀਜ਼ਾਂ ਲੈਣ ਲਈ ਉਸ ਸਟੋਰ ਨੂੰ ਬਹੁਤ ਲੋਕ ਆਉਣ ਲਗ ਪਏ ਸੀ। ਸਸਤੀਆਂ ਚੀਜ਼ਾਂ ਛਾਂਟ-ਛਾਂਟ ਕੇ ਖਰੀਦਣ ਲਈ ਲੋਕ ਸਵੇਰੇ ਵੇਲੇ ਸਿਰ ਹੀ ਆ ਕੇ ਇਕੱਠੇ ਹੋ ਜਾਂਦੇ ਸਨ। ਜਿਹੜੇ ਸਵਖ਼ਤੇ ਆਉਂਦੇ ਸਨ, ਉਨ੍ਹਾਂ ਨੂੰ ਕੁਝ ਵਧੀਆ ਚੀਜ਼ਾਂ ਮਿਲ ਜਾਂਦੀਆਂ ਸਨ। ਲੋਕਾਂ ਨੂੰ ਇਕ-ਦੂਜੇ ਦੇ ਹੱਥਾਂ ਵਿਚੋਂ ਖੋਹਣ ਦੀ ਵੀ ਆਦਤ ਪੈ ਗਈ ਸੀ ਤੇ ਇਕ ਦਿਨ ਤਾਰੋ ਨੇ ਫਿਰ ਬਿਅੰਤ ਸਿੰਘ ਨੂੰ ਕਿਹਾ, "ਚਲ ਉਠ, ਜਾ ਕੇ ਕੋਈ ਸਬਜ਼ੀ ਲੈ ਆ!"

"ਬੋਝੇ ਵਿਚ ਪੈਸੇ ਥੋੜ੍ਹੇ ਆ। ਪਿੰਨਸ਼ਨ ਹਾਲੇ ਆਈ ਨੀ।"

"ਫੇਰ ਕੀ ਹੋਇਆ? ਤੂੰ ਕਿਹੜੇ ਮਿਲੀਅਨ ਖਰਚਣੇ ਆਂ? ਜਿਥੋਂ ਅੱਗੇ ਲਿਆਂਉਂਦਾ, ਕੋਈ ਚੰਗੀ ਜਿਹੀ ਸਬਜ਼ੀ ਦੇਖ ਕੇ ਚੁਕ ਲਿਆ!"

ਤਾਰੋ ਨੇ ਬੜੀ ਉਚੇਚ ਨਾਲ ਬਿਅੰਤ ਸਿੰਘ ਨੂੰ ਕੋਈ ਸਬਜ਼ੀ ਲਿਆਉਣ ਲਈ ਕਿਹਾ ਸੀ। ਬਿਅੰਤ ਨੂੰ ਉਹ ਗਲ਼ੇ-ਸੜੇ ਫ਼ਲ-ਸਬਜ਼ੀਆਂ ਫ਼ਰੋਲਦਿਆਂ ਸ਼ਰਮ ਜਿਹੀ ਆਉਂਦੀ ਸੀ। ਸੋਚਦਾ ਸੀ, 'ਕੋਈ ਹੋਰ ਰਿਸ਼ਤੇਦਾਰ ਦੇਖ ਲੈਣ ਤਾਂ ਕੀ ਆਖਣਗੇ! ਹਾਨੀ ਜਿਹੀ ਵਾਲੀ ਗੱਲ ਐ!' ਪਰ ਉਸ ਨੂੰ ਵੀ ਉਹ ਸਸਤੀਆਂ ਚੀਜ਼ਾਂ ਲੈਣ ਦੀ ਆਦਤ ਜਿਹੀ ਪੈ ਗਈ ਸੀ। ਫ਼ਲ-ਸਬਜ਼ੀਆਂ ਬਹੁਤ ਮਹਿੰਗੇ ਹੋਣ ਕਰਕੇ ਪੂਰੀ ਕੀਮਤ 'ਤੇ ਕੋਈ ਚੀਜ਼ ਲੈਂਦਿਆਂ ਉਸ ਦਾ ਕਾਲਜਾ ਹਿਲ ਜਾਂਦਾ ਸੀ। ਆਦਤ ਪਈ ਹੋਣ ਕਰਕੇ ਤੇ ਤਾਰੋ ਦੇ ਆਖਿਆਂ, ਨਾ ਚਾਹੁੰਦਾ ਹੋਇਆ ਵੀ ਉਹ ਚਲੇ ਜਾਂਦਾ ਸੀ। ਉਸ ਨੇ ਸ਼ਰਮੇ ਨੂੰ ਕਿਹਾ, "ਯਾਰਾ, ਮੈਨੂੰ ਤਾਂ ਆਹ ਗੰਦ ਫ਼ਰੋਲਦਿਆਂ ਸ਼ਰਮ ਜਿਹੀ ਆਉਂਦੀ ਆ। ਮੈਂ ਏਥੇ ਆਉਣਾ ਛੱਡ ਦੇਣਾ ਆਂ।"

ਸ਼ਰਮੇ ਨੇ ਕਿਹਾ, "ਹੁਣ ਤੂੰ ਏਥੇ ਆਉਣੋਂ ਰੁਕ ਨੀ ਸਕਦਾ!"

"ਕੀ ਮਤਲਬ?"

"ਕਿਉਂ? ਕਦੀ ਸੁਣਿਆਂ ਨਹੀਂ?"

"ਕੀ?"

"ਮੇਰਾ ਚਾਚਾ ਕਿਹਾ ਕਰਦਾ ਸੀ, ਇਕ ਵਾਰੀ ਅਮੀਰ ਲੋਕਾਂ ਦਾ ਕੁੱਤਾ ਸਹਿਜ-ਸੁਭਾਏ ਹੀ ਘਰੋਂ ਨਿਕਲ ਤੁਰਿਆ। ਪਿੰਡੋਂ ਬਾਹਰ ਜਾ ਕੇ ਉਸ ਨੇ ਦੇਖਿਆ ਕਿ ਹੱਡਾ-ਰੂੜੀ ਵਿਚ ਕੁਝ ਕਾਂ, ਕੁੱਤੇ ਤੇ ਗਿਲਝਾਂ ਇਕੱਠ ਹੋਏ ਹੋਏ ਸਨ। ਉਹ ਵੀ ਉਨ੍ਹਾਂ ਵੱਲ ਨੂੰ ਚਲੇ ਗਿਆ। ਉਸ ਨੇ ਦੇਖਿਆ ਕਿ ਉਹ ਕਾਂ, ਕੁੱਤੇ ਤੇ ਗਿਲਝਾਂ ਮਰੇ ਹੋਏ ਪਸ਼ੂਆਂ ਦਾ ਮਾਸ ਹੱਡੀਆਂ ਨਾਲੋਂ ਢੂੰਗ-ਢੂੰਗ ਕੇ ਖਾ ਰਹੇ ਸਨ। ਉਸ ਨੇ ਉਨ੍ਹਾਂ ਕਵਾਂ-ਕੁੱਤਿਆਂ ਨੂੰ ਕਿਹਾ,

ਬਾਕੀ ਹਿਸਾ ਸਫ਼ਾ 49 ਤੇ ਪੜ੍ਹੋ

# ਗੁੜ ਦੇ 'ਗੁੱਝੇ ਗਿਫਟ' ਦੀ ਗੁੱਥੀ ਇਉਂ ਖੁੱਲ੍ਹੀ !


ਤਰਲੋਚਨ ਸਿੰਘ ਦੁਪਾਲ ਪੁਰ
78146-92724
tsdupalpuri@yahoo.com




ਸ਼ੂਗਰ ਕਾਰਨ ਮੈਂ ਅਮਰੀਕਾ ਤੋਂ ਪਿੰਡ ਆ ਕੇ ਗੁੜ ਵਾਲ਼ੀ ਚਾਹ ਪੀ ਲੈਂਦਾ ਹਾਂ। ਕੁੱਝ ਦਿਨ ਪਹਿਲਾਂ ਘਰੇ ਗੁੜ ਮੁੱਕ ਗਿਆ। ਕਹਿੰਦੇ ਸੜ੍ਹਕਾਂ ਕੰਢੇ ਗੁੜ ਬਣਾਉਣ ਵਾਲ਼ੇ ਵਿਚ ਖੰਡ ਪਾਈ ਜਾਂਦੇ ਹਨ। ਪਤਾ ਲੱਗਾ ਕਿ ਸਾਡੇ ਲਾਗਲੇ ਪਿੰਡ ਸਹਾਬ ਪੁਰ ਕਈ ਸੱਜਣਾ ਨੇ ਵੇਲਣੇ ਲਾਏ ਹੋਏ ਹਨ ਤੇ ਉਹ ਗੁੜ ਵੇਚਦੇ ਹਨ।

ਲੰਘੇ 20 ਮਾਰਚ ਵਾਲ਼ੇ ਦਿਨ ਨਵਾਂਸ਼ਹਿਰੋਂ ਪਿੰਡ ਨੂੰ ਆਉਂਦਾ ਹੋਇਆ ਮੈਂ ਸਹਾਬ ਪੁਰ ਜੋਗੇ ਦਾ ਘਰ ਪੁੱਛ ਕੇ ਗੁੜ ਲੈਣ ਗਿਆ।ਉੱਥੇ ਗੇਟ ਨੂੰ ਜਿੰਦਾ ਵੱਜਾ ਹੋਇਆ ਸੀ। ਗੁਆਂਢੀਆਂ ਨੇ ਦੱਸਿਆ ਕਿ ਉਹ ਤਾਂ ਕਿਤੇ ਗਿਆ ਹੋਇਆ ਐ ਪਰ ਗੁੜ ਤੁਹਾਨੂੰ ਕੈਲੇ ਦੇ ਘਰੋਂ ਮਿਲ਼ ਸਕਦਾ। ਪੁੱਛਦਾ ਪੁਛਾਉਂਦਾ ਕੈਲੇ ਦੇ ਘਰ ਗਿਆ ਤਾਂ ਉਹ ਕਹਿੰਦਾ ਗੁੜ ਸਾਰਾ ਈ ਵਿਕ ਗਿਆ, ਤੁਸੀਂ ਲਖਬੀਰ ਸਿੰਘ ਦੀ ਆਟਾ ਚੱਕੀ ਲਾਗੇ ਚੱਲਦੇ ਵੇਲਣੇ ਤੋਂ ਪਤਾ ਕਰੋ ਉੱਥੋਂ ਮਿਲ਼ ਜਾਣਾ।

ਜਦ ਮੈਂ ਚੱਕੀ ਲਾਗਲੇ ਵੇਲਣੇ 'ਤੇ ਗਿਆ ਤਾਂ ਉੱਥੇ ਸਾਡੇ ਪਿੰਡ ਦਾ ਸਾਬਕਾ ਸਰਪੰਚ ਬੈਠਾ। ਉਹ ਕਹਿੰਦਾ ਮੈਂ ਵੇਲਣੇ ਵਾਲ਼ੇ ਨੂੰ ਉਡੀਕ ਰਿਹਾ ਹਾਂ। ਦਸ ਕੁ ਮਿੰਟ ਬਾਅਦ ਇਸ ਵੇਲਣੇ ਦਾ ਮਾਲਕ ਆ ਕੇ ਕਹਿੰਦਾ ਕਿ ਹੁਣ ਤਾਂ ਸਾਡੇ ਕੋਲ ਕਿੱਲੋ ਗੁੜ ਵੀ ਹੈਨੀ ਜੀ। ਪਰਸੋਂ ਨੂੰ ਫੋਨ ਕਰਕੇ ਆਇਓ। ਲਉ ਜੀ, ਅਸੀਂ ਦੁਪਾਲ ਪੁਰੀਏ ਦੋਵੇਂ 'ਸਾਬਕਾ ਸਰਪੰਚ' ਉੱਥੋਂ ਗੁੜ ਦੀ ਜਗਾਹ 'ਫੋਨ ਨੰਬਰ' ਲੈ ਕੇ ਆਪਣੇ ਪਿੰਡ ਆ ਗਏ !



ਦੂਜੇ ਦਿਨ ਭਾਵ 21 ਮਾਰਚ ਦੁਪਹਿਰੇ ਜਦ ਮੈਂ ਨਵਾਂਸ਼ਹਿਰੋਂ ਘਰੇ ਪਹੁੰਚਾ ਤਾਂ ਆਉਂਦੇ ਨੂੰ ਮੈਨੂੰ ਪੋਤਰਾ ਨੂਰ ਕਹਿੰਦਾ ਬਾਬਾ ਜੀ, ਕਾਰ ਵਿਚ ਆਇਆ ਇਕ ਦੁਮਾਲੇ ਵਾਲ਼ਾ ਸਿੰਘ ਸਾਡੇ ਘਰੇ ਗੁੜ ਦੇ ਗਿਆ... ਉਹ ਕਹਿੰਦਾ ਸੀ ਕਿ ਮੈਨੂੰ ਬੱਲੀ ਮਾਮਾ ਜੀ ਦੌਲਤ ਪੁਰ ਵਾਲ਼ਿਆਂ ਨੇ ਕਿਹਾ ਸੀ ਕਿ ਦੁਪਾਲ ਪੁਰ ਗੁੜ ਦੇ ਕੇ ਆ !

ਬੱਲੀ ਨਾਂ ਤੋਂ ਮੈਂ ਯਾਦ ਕਰਿਆ ਕਿ ਉਹ ਮੇਰੇ ਸਤਿਕਾਰਯੋਗ ਟੀਚਰ ਸਵਰਗੀ ਤਰਸੇਮ ਸਿੰਘ ਭੁੱਚਰ ਦਾ ਬੇਟਾ ਹੈ ਜੋ ਅਮਰੀਕਾ ਰਹਿੰਦਾ ਹੈ। ਮੈਂ ਸੋਚਿਆ ਕਿ ਉਹ ਪਿੰਡ ਦੌਲਤ ਪੁਰ ਆਇਆ ਹੋਇਆ ਹੋਵੇ ਗਾ। ਉਸਨੂੰ ਪਤਾ ਲੱਗਾ ਹੋਣਾ ਕਿ ਮੈਂ ਗੁੜ ਦੀ ਤਲਾਸ਼ 'ਚ ਫਿਰ ਰਿਹਾ ਹਾਂ ! ਕਿਉਂ ਕਿ ਸਹਾਬ ਪੁਰ ਪਿੰਡ ਦੌਲਤ ਪੁਰ ਤੋਂ ਬਹੁਤੀ ਦੂਰ ਨਹੀਂ ! ਇਹ ਸੋਚ ਕੇ ਮੈਂ ਆਪਣੇ ਪਿਆਰੇ ਦੋਸਤ ਬੱਲੀ ਦੇ 'ਵਟਸ-ਐਪ' ਫੋਨ ਰਾਹੀਂ ਬੋਲ ਕੇ ਸੁਨੇਹਾ ਛੱਡਿਆ ਕਿ ਤੁਸੀਂ ਪਿੰਡ ਆਏ ਹੋਏ ਓ ਤੇ ਗੁੜ ਤੁਸੀਂ ਭੇਜਿਆ ਹੈ ਸਾਡੇ ਘਰ ?

ਉੱਧਰੋਂ ਕੋਈ ਜਵਾਬ ਨਾ ਆਇਆ। ਮੈਂ ਬਰਫੀ ਦੀਆਂ ਟੁਕੜੀਆਂ ਵਰਗਾ ਗੁੜ ਦੇਣ ਵਾਲ਼ੇ ਦਾ ਧੰਨਵਾਦ ਕਰਨ ਲਈ ਕਾਹਲ਼ਾ ਪੈ ਰਿਹਾ ਸਾਂ ! ਇਸੇ ਕਾਹਲ਼ ਵਿਚ ਮੈਂ ਬਬਰ ਕਰਮ ਸਿੰਘ ਸਕੂਲ ਦੌਲਤ ਪੁਰ ਵਿਖੇ ਬੱਸ ਡ੍ਰਾਈਵਰ ਦੀ ਜੌਬ ਕਰਦੇ ਆਪਣੇ ਭਤੀਜ ਰਣਜੀਤ ਸਿੰਘ ਨੂੰ ਫੋਨ ਕਰਕੇ ਪੁੱਛਿਆ ਕਿ ਦੌਲਤ ਪੁਰ ਪਿੰਡ ਵਿਚ ਕੋਈ ਹੋਰ ਬੱਲੀ ਨਾਂ ਦਾ ਮੁੰਡਾ ਵੀ ਐ ? ਉਹ ਕਹਿੰਦਾ ਜੀ ਇੱਕੋ ਹੀ ਬੱਲੀ ਐ ਜੋ ਅਮਰੀਕਾ ਰਹਿੰਦਾ। ਉਹ ਕਈ ਮਹੀਨੇ ਪਹਿਲਾਂ ਆਇਆ ਜਰੂਰ ਸੀ ਪਰ ਛੇਤੀ ਮੁੜ ਗਿਆ ਸੀ। ਰਣਜੀਤ ਕਹਿੰਦਾ ਪਰ ਮੈਂ ਐਧਰੋਂ ਉੱਧਰੋਂ ਪੁੱਛ ਕੇ 'ਗੁੱਝੇ ਗੁੜ ਦੀ ਗੁੱਥੀ' ਖੋਲ੍ਹਣ ਦੀ ਕੋਸ਼ਿਸ਼ ਕਰਦਾਂ ਚਾਚਾ ਜੀ !

ਲਉ ਜੀ ਦਸ ਕੁ ਮਿੰਟ ਬਾਅਦ ਹੀ ਰਣਜੀਤ ਦਾ ਫੋਨ ਆ ਗਿਆ ਕਿ ਤੁਹਾਡੇ ਮਾਸਟਰ ਜੀ ਦੇ ਬੇਟੇ ਬੱਲੀ ਥਾਂਦੀ ਦਾ ਭਾਣਜਾ ਲਗਦਾ ਪਿੰਡ ਕਿਸ਼ਨ ਪੁਰ ਦਾ ਸਨੀ ਸਿੰਘ ਵੇਲਣਾ ਚਲਾਉਂਦਾ ਐ। ਉਹ ਕਹਿੰਦਾ ਕਿ ਮੈਂ ਕੱਲ੍ਹ ਬੱਲੀ ਮਾਮਾ ਜੀ ਨਾਲ਼ ਸਹਿਵਨ ਹੀ ਫੋਨ 'ਤੇ ਅਮਰੀਕਾ ਗੱਲ ਕੀਤੀ ਕਿ ਐਤਕੀਂ ਗੁੜ ਬਹੁਤ ਵਧੀਆ ਕਣ ਵਾਲ਼ਾ ਬਣਾ ਰਿਹਾ ਐ ! ਮਾਮਾ ਜੀ ਕਹਿੰਦੇ ਪਹਿਲਾਂ ਅੱਜ ਹੀ ਮੇਰੇ ਮਿੱਤਰ ਦੁਪਾਲ ਪੁਰੀ ਨੂੰ ਗੁੜ ਦੇ ਕੇ ਆ,ਉਹ ਪਿੰਡ ਗਏ ਹੋਏ ਆ !!

ਲਉ ਜੀ, ਹਾਲੇ ਮੈਂ ਸਨੀ ਸਿੰਘ ਦਾ ਧੰਨਵਾਦ ਕਰ ਹੀ ਰਿਹਾ ਸਾਂ ਕਿ ਯੂਬਾ ਸਿਟੀ ਕੈਲੀਫੋਰਨੀਆਂ ਤੋਂ ਬੱਲੀ ਸਿੰਘ ਥਾਂਦੀ ਦਾ ਫੋਨ ਵੀ ਆ ਗਿਆ। ਜਦ ਮੈਂ ਉਸਨੂੰ ਸਹਾਬ ਪੁਰ ਗੁੜ ਦੀ ਭਾਲ਼ ਵਾਲੀ ਆਪਣੀ ਤਾਜ਼ੀ ਗੱਲ ਦੱਸੀ ਤਾਂ ਉਹ ਬੜੇ ਮੋਹ ਪਿਆਰ ਨਾਲ ਕਹਿੰਦਾ-

"ਦੇਖਿਆ ਭਾਈ ਸਾਹਬ, ਦੂਰ ਦੂਰ ਬੈਠੇ ਦੋ ਮਿੱਤਰਾਂ ਦੇ ਦਿਲੀ ਮੋਹ ਪਿਆਰ ਦੀਆਂ ਤਰੰਗਾਂ ਕਿਵੇਂ ਟੈਲੀਪੈਥੀ ਰਾਹੀਂ ਇਕ ਦੂਜੇ ਕੋਲ ਜਾ ਟੁਣਕਦੀਆਂ ਨੇ ?"

ਘਰੇ ਆਏ ਗੁੜ ਦੇ ਗੁੱਝੇ ਗਿਫਟ ਦੀ ਗੁੱਥੀ ਖੁੱਲ੍ਹਣ ਵਾਲ਼ੀ ਇਹ ਵਾਰਤਾ ਪੜ੍ਹਕੇ ਤੁਹਾਡਾ ਵੀ ਮੂੰਹ ਮਿੱਠਾ ਹੋ ਗਿਆ ਹੋਵੇ ਗਾ !!

---

48 ਸਫ਼ੇ ਦੀ ਬਾਕੀ

"ਆਹ ਤੁਸੀਂ ਕੀ ਗੰਦ ਨੂੰ ਮੂੰਹ ਮਾਰਨ ਡਹੇ ਹੋਏ ਆਂ ? ਕੋਈ ਚੱਜ ਦੀ ਚੀਜ਼ ਖਾਵੋ !" ਉਨ੍ਹਾਂ ਕਾਵਾਂ-ਕੁੱਤਿਆਂ ਨੇ ਜਵਾਬ ਦਿਤਾ, "ਇਸ ਮਾਸ ਨਾਲੋਂ ਵਧੀਆ ਚੀਜ਼ ਕਿਤੇ ਨਹੀਂ ਮਿਲਦੀ, ਇਕ ਵਾਰੀ ਖਾ ਕੇ ਦੇਖ ?" ਤੇ ਉਹ ਵੀ ਉਨ੍ਹਾਂ ਵਾਂਗ ਮਰੇ ਹੋਏ ਪਸ਼ੂਆਂ ਦਾ ਮਾਸ ਹੱਡਾਂ ਨਾਲੋਂ ਖਾਣ ਲੱਗ ਪਿਆ। ਸੱਚ-ਮੁੱਚ ਹੀ ਉਸ ਨੂੰ ਬਹੁਤ ਸੁਆਦ ਆ ਰਿਹਾ ਸੀ। ਤੇ ਉਸ ਦਿਨ ਤੋਂ ਬਆਦ ਉਹ ਰੋਜ਼ ਹੀ ਹੱਡਾ-ਰੂੜੀ ਨੂੰ ਜਾਣ ਲੱਗ ਪਿਆ। ਉਸ ਕੋਲੋਂ ਹੱਡਾ-ਰੂੜੀ ਨੂੰ ਜਾਣ ਤੋਂ ਬਿਨਾਂ ਰਿਹਾ ਹੀ ਨਹੀਂ ਜਾਂਦਾ ਸੀ। ਇਹ ਹੈ 'ਹੱਡਾ-ਰੂੜੀ ਵਾਲਾ ਭੁਸ' ਤੇ ਜਿਸ ਨੂੰ ਪੈ ਜਾਵੇ, ਮੁੜ ਉਸ ਕੋਲੋਂ ਹਟਿਆ ਨੀ ਜਾਂਦਾ।"

"ਗੱਲ ਤਾਂ ਤੇਰੀ ਸੱਚੀ ਆ। ਤੇ ਨਾਲੇ ਐਨੀਆਂ ਮਹਿੰਗੀਆਂ ਚੀਜ਼ਾਂ ਲੈਣ ਦੀ ਨਾ ਹਿੰਮਤ ਐ ਤੇ ਨਾ ਹੁਣ ਲੈਣ ਨੂੰ ਰੂਹ ਕਰਦੀ ਆ।"

ਇਕ ਜ਼ਨਾਨੀ ਨੇ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਕਿਹਾ, "ਆਹੋ ਭਾ ਜੀ, ਪਹਿਲਾਂ ਸੋਚੋ ਬਈ ਤਿੰਨਾਂ ਪੌਂਡਾਂ ਦਾ ਨਿੱਕਾ ਜਿਹਾ ਗੋਭੀ ਦਾ ਫ਼ੁੱਲ ਕੌਣ ਲਵੇ ? ਤਿੰਨੀਂ ਪੌਂਡੀਂ ਗੋਭੀ ਦਾ ਫ਼ੁੱਲ ਦੇਖ ਕੇ ਲੋਕ ਲੈਂਦੇ ਈ ਨ੍ਹੀਂ। ਤਾਂ ਈ ਪਏ ਖਰਾਬ ਹੋ ਜਾਂਦੇ ਆ। ਤੇ ਸਾਡੇ ਅਰਗੇ ਗ਼ਰੀਬ ਲੋਕਾਂ ਨੂੰ ਸਸਤੇ ਭਾਅ ਮਿਲ ਜਾਂਦੇ ਆ।"

ਇਕ ਹੋਰ ਕੋਲ ਹੀ ਚੀਜ਼ਾਂ ਛਾਂਟਦੀ ਦੂਜੀ ਤੀਵੀਂ ਨੇ ਕਿਹਾ, "ਤੇ ਨਾਲੇ ਚਾਰ ਪੌਂਡ ਤੇ ਨੜ੍ਹਿਨਵੇਂ ਪੈਨੀਆਂ ਨੂੰ ਕੀਲੋ ਭਿੰਡੀਆਂ ਕੌਣ ਲੈ ਸਕਦਾ ਆ ? ਇਹ ਪਹਿਲਾਂ ਈਂ ਸਸਤੀਆਂ ਚੀਜ਼ਾਂ ਕਰ ਦੇਣ ਤਾਂ ਖਰਾਬ ਕਿਉਂ ਹੋਣ ?"

ਇਕ ਆਦਮੀ ਨੇ ਕਿਹਾ, "ਇਹ ਵੀ ਤੇਰੀ ਗੱਲ ਗੱਲ ਠੀਕ ਆ। ਪਰ ਅਗਲਿਆਂ ਦੀਆਂ ਜਿੰਨੀਆਂ ਮਹਿੰਗੇ ਭਾਅ ਵਿਕ ਗਈਆਂ, ਉਸ ਨਾਲ ਉਨ੍ਹਾਂ ਦੇ ਪੈਸੇ ਪੂਰੇ ਹੋ ਜਾਂਦੇ ਆ। ਆਹ ਤਾਂ ਉਨ੍ਹਾਂ ਦੇ ਇਉਂ ਆਂ ਜਿਵੇਂ ਕਹਿੰਦੇ ਹਨ, "ਆਮ ਕੇ ਆਮ, ਗੁਠਲੀਓਂ ਕੇ ਦਾਮ !" ਚੀਜ਼ਾਂ ਸੁਟਣ ਦੀ ਬਜਾਏ ਸਾਡੇ ਅਰਗੇ ਗ਼ਰੀਬ ਲੋਕਾਂ ਨੂੰ ਵੇਚ ਦਿੰਦੇ ਆ। ਅਗਲਿਆਂ ਨੂੰ ਤਾਂ ਪੈਸੇ ਬਣ ਈਂ ਜਾਂਦੇ ਆ ?"

ਇਕ ਹੋਰ ਆਦਮੀ ਨੇ ਕਿਹਾ, "ਆਪਾਂ ਵੀ ਕੀ ਕਰੀਏ ? ਹਰ ਚੀਜ਼ ਮਹਿੰਗੀ ਹੋ ਗਈ ਆ। ਆਹ ਤਾਂ ਸਾਡੇ ਵਰਗੇ ਲੋਕਾਂ ਲਈ ਚੰਗਾ ਈ ਆ ਜਿਹੜਾ ਇਨ੍ਹਾਂ ਦੀਆਂ ਚੀਜ਼ਾਂ ਖਰਾਬ ਹੋ ਜਾਂਦੀਆਂ। ਤਾਂ ਈਂ ਸਾਨੂੰ ਸਸਤੀਆਂ ਮਿਲਦੀਆਂ ? ਨੀ ਤਾਂ ਆਪਾਂ ਕਿੱਥੋਂ ਏਨੇ ਮਹਿੰਗੇ ਫ਼ਲ-ਸਬਜ਼ੀਆਂ ਖਾ ਸਕਦੇ ਆਂ ?"

ਬਿਅੰਤ ਸਿੰਘ ਤੇ ਸ਼ਰਮੇ ਨੇ ਫ਼ਤੇ ਖਾਂ ਨੂੰ ਛਾਂਟ-ਛਾਂਟ ਕੇ ਚੁਣੀਆਂ ਹੋਈਆਂ ਚੀਜ਼ਾਂ ਦੇ ਬਕਸੇ ਭਰੀ ਖੜ੍ਹੇ ਦੇਖ ਕੇ ਕਿਹਾ, "ਫ਼ਤੇ ਖਾਂ ! ਆਹ ਤੈਨੂੰ ਕੀ ਬਿਪਤਾ ਆਣ ਪਈ ਜਿਹੜਾ ਤੂੰ ਸੜ੍ਹੇ ਹੋਏ ਫ਼ਲ-ਸਬਜ਼ੀਆਂ ਲੈਂਨਾਂ ਆਂ। ਤੇਰਾ ਤਾਂ ਰੈਸਟੋਰਾਂਟ ਵਾਹਵਾ ਚਲਦਾ ਆ। ਤੁਸੀਂ ਤਾਂ ਰੈਸਟੋਰਾਂਟ ਵਿਚੋਂ ਈਂ ਸੁਆਦੀ ਖਾਣੇ ਖਾ ਲੈਂਦੇ ਹੋਣੇ ਆਂ ! ਐਨੇ ਸਾਰੇ ਤੂੰ ਕੀ ਕਰਨੇ ਆਂ ਘਰ ਲਿਜਾ ਕੇ ?"

ਫ਼ਤੇ ਖਾਂ ਨੇ ਜਵਾਬ ਦਿੱਤਾ, "ਓ ਭਰਾਵੋ ! ਪਹਿਲਾਂ ਸੋਚੋ ਕਿ ਪੰਜ ਪੌਂਡ ਨੂੰ ਕੀਲੋ ਭਿੰਡੀਆਂ, ਛੇ ਪੌਂਡ ਨੂੰ ਕੀਲੋ ਟੀਂਡ, ਤਿੰਨ ਪੌਂਡ ਦਾ ਨਿੱਕਾ ਜਿਹਾ ਗੋਭੀ ਦਾ ਫ਼ੁੱਲ ਤੇ ਪੌਂਡ ਦੀ ਨਿਕੀ ਜਿਹੀ ਪਾਲਕ ਦੀ ਗੁੱਛੀ ਲੈ ਕੇ ਅਸੀਂ ਗਾਹਕਾਂ ਨੂੰ ਕਿੰਨੇ ਕੁ ਦੀ ਪਲੇਟ ਵੇਚਾਂਗੇ ? ਮਹਿੰਗਾ ਖਾਣਾ ਦੇਖ ਕੇ ਕਿਸੇ ਨੇ ਸਾਡੇ ਰੈਸਟੋਰਾਂਟ 'ਚ ਵੜਨਾ ਈਂ ਨੀ। ਜੇ ਪੂਰੇ ਭਾਅ 'ਤੇ ਚੀਜ਼ਾਂ ਲੈ ਕੇ ਰੈਸੋਟਰਾਂਟ ਚਲਾਈਏ ਤਾਂ ਚਲਣਾ ?"

ਬਿਅੰਤ ਸਿੰਘ ਨੇ ਟਿਕਾ ਕੇ ਗੱਲ ਸੁਣਾਈ, "ਤਾਂ ਤੁਸੀਂ ਲੋਕਾਂ ਨੂੰ ਗੰਦ-ਮੰਦ ਰਿੰਨ੍ਹ ਕੇ ਖੁਆਈ ਜਾਂਦੇ ਆਂ !"

ਸ਼ਰਮਾ ਬੁੱਲ੍ਹਾਂ ਵਿੱਚ ਮੁਸਕਰਾ ਰਿਹਾ ਸੀ।

ਫ਼ਤੇ ਖਾਂ ਨੇ ਬੁਲ੍ਹਾਂ 'ਤੇ ਉਂਗਲ ਰੱਖ ਕੇ ਕਿਹਾ, "ਇਉਂ ਨਾ ਕਹੋ ਭਾਊ, ਸਾਡੇ ਰੈਸਟੋਰਾਂਟ ਵਿਚ ਕਿਸੇ ਨੇ ਵੜਨਾ ਨੀ। ਹਰੇਕ ਚੀਜ਼ ਦੀ ਕੀਮਤ ਤਾਂ ਅਸਮਾਨ ਨੂੰ ਈਂ ਚੜ੍ਹੀ ਹੋਈ ਆ। ਆਹ ਕੰਮ ਨਾ ਕਰੀਏ ਤਾਂ ਫਿਰ ਹੋਰ ਕੀ ਕਰੀਏ ?"

ਬਿਅੰਤ ਸਿੰਘ ਨੂੰ ਗੀਤਾਂ ਦੀਆਂ ਤੁਕਾਂ ਜੋੜਨ ਦੀ ਆਦਤ ਪਈ ਹੋਈ ਸੀ। ਉਸ ਨੇ ਤੁਕਾਂ ਜੋੜ ਕੇ ਗੀਤ ਗਾਉਣਾ ਸ਼ੁਰੂ ਕਰ ਦਿਤਾ, "ਤੂੰ ਤਾਂ ਇਉਂ ਸ਼ਕਾਇਤ ਕਰ ਰਿਹਾ ਏਂ ਜਿਵੇਂ ਕਹਿੰਦੇ ਹਨ:

ਕੀ ਕਰੀਏ ਹੁਣ ਰਾਮ, ਚੀਜ਼ਾਂ ਚੜ੍ਹੀਆਂ ਨੇ ਅਸਮਾਨ, ਗੁਜ਼ਾਰਾ ਨਹੀਂ ਹੁੰਦਾ !"

ਸਸਤੀਆਂ ਚੀਜ਼ਾਂ ਭਾਲਣ ਆਏ ਸਾਰੇ ਲੋਕ ਉਸ ਨੂੰ ਗਾਉਂਦਿਆਂ ਸੁਣ ਕੇ ਪਹਿਲਾਂ ਹੈਰਾਨ ਹੋਏ ਤੇ ਫਿਰ ਆਪ ਵੀ ਉਸ ਨਾਲ ਰਲ ਕੇ ਗਾਉਣ ਲੱਗ ਪਏ:

ਕੀ ਕਰੀਏ ਹੁਣ ਰਾਮ,
ਚੀਜ਼ਾਂ ਚੜ੍ਹੀਆਂ ਨੇ ਅਸਮਾਨ,
ਗੁਜ਼ਾਰਾ ਨਹੀਂ ਹੁੰਦਾ !!

*******

---

## ਡਾਕਟਰ ਦੇ ਘਰੋਂ ਹੈਰੋਇਨ ਸਮੇਤ ਲੱਖਾਂ ਵਿਚ ਡਰੱਗ ਮਨੀ ਹੋਈ ਬਰਾਮਦ



ਡੇਰਾ ਬਾਬਾ ਨਾਨਕ-ਡੇਰਾ ਬਾਬਾ ਨਾਨਕ ਪੁਲਿਸ ਨੇ ਪਿੰਡ ਪੱਡਾ ਵਿਚ ਡਾਕਟਰੀ ਦੀ ਆੜ ਹੇਠ ਨਸ਼ੇ ਦਾ ਕਾਰੋਬਾਰ ਕਰ ਰਹੇ ਵਿਅਕਤੀ ਦੇ ਘਰੋਂ ਭਾਰੀ ਮਾਤਰਾ ਵਿਚ ਹੈਰੋਇਨ, ਲੱਖਾਂ ਰੁਪਏ ਦੀ ਡਰੱਗ ਮਨੀ ਅਤੇ ਨਸ਼ੀਲੀਆਂ ਗੋਲੀਆਂ, ਕੈਪਸੂਲ ਬਰਾਮਦ ਕੀਤੇ ਹਨ। ਡੀਐੱਸਪੀ ਡੇਰਾ ਜੋਗਾ ਸਿੰਘ ਨੇ ਕਿਹਾ ਕਿ ਪਿੰਡ ਪੱਡਾ ਦੇ ਨਸ਼ਾ ਤਸਕਰ ਦੇ ਘਰੋਂ 3 ਲੱਖ 85 ਹਜ਼ਾਰ ਦੀ ਡਰੱਗ ਮਨੀ, 520 ਨਸ਼ੀਲੇ ਕੈਪਸੂਲ, 430 ਨਸ਼ੀਲੀਆਂ ਗੋਲੀਆਂ, 54 ਗ੍ਰਾਮ ਹੈਰੋਇਨ ਅਤੇ ਇੱਕ ਕੰਡਾ ਬਰਾਮਦ ਕੀਤਾ ਗਿਆ ਹੈ।

# ਮੋਹਾਲੀ ਵਿਖੇ ਤਿੰਨ ਸਾਲਾ ਬੱਚੀ ਨਾਲ ਰੇਪ

## ✪ ਮਾਂ ਆਪਣੇ ਪ੍ਰੇਮੀ ਨਾਲ ਬਣਾਉਂਦੀ ਸੀ ਵੀਡੀਓ
## ✪ ਪਿਤਾ ਦੀ ਸ਼ਿਕਾਇਤ 'ਤੇ ਮਾਂ ਤੇ ਪ੍ਰੇਮੀ ਗ੍ਰਿਫਤਾਰ

ਮੋਹਾਲੀ-ਮੋਹਾਲੀ 'ਚ ਮਾਂ-ਧੀ ਦੇ ਰਿਸ਼ਤੇ ਨੂੰ ਤਾਰ-ਤਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਵਿੱਚ ਇੱਕ ਮਾਸੂਮ ਤਿੰਨ ਸਾਲ ਦੀ ਬੱਚੀ ਨਾਲ ਉਸ ਦੀ ਹੀ ਮਾਂ ਦੇ ਪ੍ਰੇਮੀ ਵੱਲੋਂ ਬਲਾਤਕਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਪੀੜਤਾ ਦੇ ਪਿਤਾ ਦੀ ਸ਼ਿਕਾਇਤ 'ਤੇ ਦੋਵਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਨੇ ਦੋਵਾਂ ਖ਼ਿਲਾਫ਼ ਬਲਾਤਕਾਰ ਦੀ ਧਾਰਾ 6 (65/2), ਸਰਕਾਰੀ ਵਿਅਕਤੀ ਦੀ ਨਕਲ (204), ਧਮਕੀ (351/2) ਅਤੇ ਜਿਨਸੀ ਅਪਰਾਧਾਂ ਤੋਂ ਬਾਲ ਸੁਰੱਖਿਆ ਦੀ ਧਾਰਾ 6 ਤਹਿਤ ਕੇਸ ਦਰਜ ਕੀਤਾ ਹੈ। ਫਿਲਹਾਲ ਦੋਵੇਂ ਦਿਨ ਦੇ ਪੁਲਿਸ ਰਿਮਾਂਡ 'ਤੇ ਹਨ।

ਪੁਲਿਸ ਅਨੁਸਾਰ ਮੁਲਜ਼ਮ ਦੀ ਪਛਾਣ ਰਣਜੀਤ ਸਿੰਘ (30) ਵਾਸੀ ਜ਼ਿਲ੍ਹਾ ਮਾਨਸਾ ਵਜੋਂ ਹੋਈ ਹੈ। ਮੁਲਜ਼ਮ ਰਣਜੀਤ ਪਿਛਲੇ ਇੱਕ ਸਾਲ ਤੋਂ ਲੜਕੀ ਦੀ ਮਾਂ ਨਾਲ ਸਬੰਧਾਂ ਵਿੱਚ ਸੀ। ਸ਼ਿਕਾਇਤ ਵਿੱਚ ਦੱਸਿਆ ਗਿਆ ਹੈ ਕਿ ਦੋਸ਼ੀ ਅਤੇ ਲੜਕੀ ਦੀ ਮਾਂ ਮਿਲ ਕੇ ਮਾਸੂਮ ਬੱਚੀ ਨਾਲ ਅਣਮਨੁੱਖੀ ਹਰਕਤਾਂ ਕਰਦੇ ਸਨ ਅਤੇ ਇਸ ਦੀ ਵੀਡੀਓ ਵੀ ਬਣਾਉਂਦੇ ਸਨ। ਪਿਤਾ ਨੂੰ ਇਸ ਗੱਲ ਦਾ ਪਤਾ ਉਦੋਂ ਲੱਗਾ ਜਦੋਂ ਉਸ ਨੂੰ ਫੋਨ 'ਤੇ ਆਪਣੀ 3 ਸਾਲ ਦੀ ਬੇਟੀ ਨਾਲ ਵਾਪਰੀ ਅਣਮਨੁੱਖੀ ਘਟਨਾ ਬਾਰੇ ਪਤਾ ਲੱਗਾ ਅਤੇ ਉਸ ਨੇ ਉਸ ਵੀਡੀਓ ਦੇ ਆਧਾਰ 'ਤੇ ਪੁਲਿਸ ਨੂੰ ਸ਼ਿਕਾਇਤ ਕੀਤੀ। ਪਿਤਾ ਦੀ ਸ਼ਿਕਾਇਤ 'ਤੇ ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਦੋਵਾਂ ਦੋਸ਼ੀਆਂ ਨੂੰ ਗ੍ਰਿ਼ਫਤਾਰ ਕਰ ਲਿਆ। ਪੁਲਿਸ ਰਿਮਾਂਡ ਹਾਸਲ ਕਰਨ ਤੋਂ ਬਾਅਦ ਇਸ ਮਾਮਲੇ ਵਿਚ ਹੋਰ ਪੁੱਛਗਿੱਛ ਕਰ ਰਹੀ ਹੈ। ਸ਼ਿਕਾਇਤਕਰਤਾ ਨੇ ਇਹ ਵੀ ਦੱਸਿਆ ਕਿ ਮੁਲਜ਼ਮ ਰਣਜੀਤ ਸਿੰਘ ਆਪਣੇ ਆਪ ਨੂੰ ਪੁਲਿਸ ਮੁਲਾਜ਼ਮ ਦੱਸਦਾ ਸੀ। ਉਸ ਨੇ ਪੁਲਿਸ ਦੀ ਵਰਦੀ ਵਿਚ ਹਥਿਆਰਾਂ ਸਮੇਤ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੀਆਂ ਸਨ।

ਪੁਲਿਸ ਹੁਣ ਇਨ੍ਹਾਂ ਪਹਿਲੂਆਂ ਦੀ ਵੀ ਜਾਂਚ ਕਰ ਰਹੀ ਹੈ ਅਤੇ ਮੁਲਜ਼ਮ ਕੋਲੋਂ ਬਰਾਮਦ ਕੀਤੀ ਵਰਦੀ ਅਤੇ ਹੋਰ ਸਮਾਨ ਦੀ ਭਾਲ ਕਰ ਰਹੀ ਹੈ। ਪੀੜਤਾ ਦੇ ਪਿਤਾ ਮੁਤਾਬਕ ਦੋਸ਼ੀ ਨੇ ਉਸ ਨੂੰ ਧਮਕੀ ਵੀ ਦਿੱਤੀ ਕਿ ਜੇਕਰ ਉਸ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਤਾਂ ਉਹ ਉਸ ਦੀ ਜ਼ਿੰਦਗੀ ਖ਼ਰਾਬ ਕਰ ਦੇਵੇਗਾ।

## CHANGE OF NAME

I, JANVI D/O TARLOK NATH WHOSE PERMANENT ADDRESS IN INDIA IS VILL: MALLA BEDIAN, P.O. AUR, SBS NAGAR, PIN:144417, PUNJAB INDIA AND NOW LIVING AT 8 CRANSTONE CRESCENT, LEICESTER LE3 8LA, UK HEREBY GIVE NOTICE OF MY INTENTION TO CHANGE MY NAME TO JANVI VERMA. (U/I)

I, VINISHA D/O MR PREM KUMAR WHOSE PERMANENT ADDRESS IN INDIA IS H NO-108, GALI NO-5, NEAR GURU NANAK PURA RAM NAGAR, AMRITSAR, PUNJAB 143001 AND NOW LIVING AT 360-366 BEARWOOD COURT HOTEL, BEARWOOD ROAD, SMETHWICK, WEST MIDLANDS, B66 4ET HEREBY GIVE NOTICE OF MY INTENTION TO CHANGE MY NAME TO VINISHA (GIVEN NAME) KAUR (SURNAME). (U/I)


CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ______
SON / DAUGHTER / WIFE OF MR ______
WHOSE PERMANENT ADDRESS IN INDIA IS ______
______
AND IS NOW LIVING AT ______
______ HEREBY GIVE NOTICE OF MY INTENTION
TO CHANGE MY NAME TO ______
TEL ______

Please send the completed form with payment to:
Panjab Times, Bridle Gate Lane, Derby, DE24 0QW
or email the wording to: panjabtimes@aol.com
TO PAY BY CREDIT CARD TEL: 01332-372851
Account Name: Punjab Times Trust Ltd
Account No: 20853011 Sort Code: 20-25-85


# ਕੈਨੇਡਾ ਵਿਚ ਪੰਜਾਬੀ ਮੁਟਿਆਰ ਨਾਲ ਦਿਨ ਦਿਹਾੜੇ ਗੋਰੇ ਗੁੰਡੇ ਵਲੋਂ ਹੱਥੋਪਾਈ

## ✪ ਕਿਸੇ ਨੇ ਕੁੜੀ ਦੀ ਮਦਦ ਕਰਨ ਦੀ ਕੋਸ਼ਿਸ਼ ਨਹੀਂ ਕੀਤੀ



ਕੈਲਗਰੀ-ਕੈਨੇਡਾ ਦੇ ਕੈਲਗਰੀ ਨਗਰ ਕੌਂਸਲ ਨੇੜੇ ਪੈਂਦੇ ਬੋ ਵੈਲੀ ਕਾਲਜ ਟ੍ਰੇਨ ਸਟੇਸ਼ਨ 'ਤੇ ਕਥਿਤ ਪੰਜਾਬੀ ਮੁਟਿਆਰ ਨਾਲ ਇਕ ਸਿਰ ਫਿਰੇ ਵਲੋਂ ਦਿਨ ਦਿਹਾੜੇ ਹੱਥੋਪਾਈ ਕਰਨ ਦੀ ਵੀਡੀਓ ਸਾਹਮਣੇ ਆਈ ਸੀ ਜਿਸ ਵਿਚ ਦਿਖ ਰਿਹਾ ਸੀ ਕਿ ਉਕਤ ਨੌਜਵਾਨ ਵੱਲੋਂ ਮੁਟਿਆਰ ਦੇ ਹੱਥੋਂ ਪਾਣੀ ਵਾਲੀ ਬੋਤਲ ਫੜਕੇ ਉਸ ਦੇ ਮੂੰਹ 'ਤੇ ਪਾਉਣ ਦੀ ਕੋਸ਼ਿਸ਼ ਕੀਤੀ। ਸਟੇਸ਼ਨ 'ਤੇ ਖੜੇ ਲੋਕ ਵੀਡੀਓ ਬਣਾਉਂਦੇ ਰਹੇ ਪਰ ਕਿਸੇ ਨੇ ਕੁੜੀ ਦੀ ਮਦਦ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਹਾਦਸੇ ਤੋਂ ਬਾਅਦ ਸ਼ਹਿਰ ਵਿਚ ਚਿੰਤਾ ਦਾ ਦਾ ਮਾਹੌਲ ਬਣਿਆ ਹੋਇਆ ਹੈ। ਇਸ ਘਟਨਾ ਤੋਂ ਬਾਅਦ ਸ਼ਹਿਰ ਦੇ ਪ੍ਰਮੁੱਖ ਵਿਅਕਤੀਆਂ ਨੇ ਕੈਲਗਰੀ ਪੁਲਿਸ ਚੀ.ਫ ਅਤੇ ਸ਼ਹਿਰ ਦੀ ਮੇਅਰ ਨਾਲ ਮੀਟਿੰਗ ਕਰਨ ਵਾਸਤੇ ਸਮਾਂ ਮੰਗਿਆ ਹੈ।

# 30 ਮਾਰਚ ਤੜਕੇ 2 ਵਜੇ ਹੋਣ ਜਾਣਗੀਆਂ ਯੂਰਪ ਦੀਆਂ ਤਮਾਮ ਘੜੀਆਂ ਇੱਕ ਘੰਟੇ ਲਈ ਅੱਗੇ

## ਇਟਲੀ ਸਰਕਾਰ ਨੂੰ ਸਮਾਂ ਬਦਲਣ ਦੀ ਪ੍ਰਕ੍ਰਿਆ ਨਾਲ ਹੁੰਦੀ ਹੈ ਲੱਖਾਂ ਯੂਰੋ ਦੀ ਬੱਚਤ



ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ)- ਜਦੋਂ ਦੀ ਯੂਰਪੀਅਨ ਯੂਨੀਅਨ ਹੋਂਦ ਵਿੱਚ ਆਈ ਹੈ ਉਂਦੋ ਤੋਂ ਯੂਰਪੀਅਨ ਦੇਸ਼ਾਂ ਵਿੱਚ ਸਾਲ ਦੇ ਮਾਰਚ ਤੇ ਅਕਤੂਬਰ ਮਹੀਨੇ ਸਮਾਂ ਬਦਲਦਾ ਹੈ ਜਿਸ ਅਨੁਸਾਰ ਇਹਨਾਂ ਦੇਸ਼ਾਂ ਵਿੱਚ ਅਕਤੂਬਰ ਮਹੀਨੇ ਦੇ ਆਖ਼ਰੀ ਐਤਵਾਰ ਘੜੀ ਦਾ ਸਮਾਂ ਇੱਕ ਘੰਟਾ ਪਿੱਛੇ ਤੇ ਮਾਰਚ ਮਹੀਨੇ ਦੇ ਆਖ਼ਰੀ ਐਤਵਾਰ ਘੜੀ ਦਾ ਸਮਾਂ ਇੱਕ ਘੰਟਾ ਅੱਗੇ ਚਲਾ ਜਾਂਦਾ ਹੈ।ਯੂਰਪ ਯੂਨੀਅਨ ਬਣਨ ਤੋਂ ਪਹਿਲਾਂ ਵੀ ਜਰਮਨ ,ਫਰਾਂਸ ਤੇ ਕੁਝ ਹੋਰ ਦੇਸ਼ ਸਾਲ ਵਿੱਚ 2 ਵਾਰ ਸਮਾਂ ਬਦਲ ਸਨ ਉਂਝ ਦੁਨੀਆਂ ਦੇ ਉੱਤਰੀ ਅਮਰੀਕਾ, ਅਫ਼ਰੀਕਾ, ਕੈਨੇਡਾ ਦੇ ਕੁਝ ਹਿੱਸੇ ਆਦਿ ਕਈ ਦੇਸ਼ਾਂ ਵਿੱਚ ਸਮਾਂ ਬਦਲ ਦੀ ਪ੍ਰਕਿਆ ਚੱਲਦੀ ਹੈ ਪਰ ਯੂਰਪ ਵਿੱਚ ਇਹ ਸੰਨ 2001 ਤੋਂ ਚੱਲ ਰਿਹਾ ਜਿਸ ਦਾ ਮੁੱਖ ਮਕਸਦ ਊਰਜਾ ਦੀ ਬਚਤ ਕਰਨੀ ਹੁੰਦਾ ਹੈ ਜਿਹੜੇ ਲੋਕ ਜ਼ਿਆਦਾ ਸੌਣਾ ਚਾਹੁੰਦੇ ਹਨ ਉਨ੍ਹਾਂ ਦੇ ਸੌਣ ਦਾ ਸਮਾਂ ਖਰਾਬ ਹੋ ਜਾਂਦਾ ਹੈ ।ਮਾਹਿਰਾਂ ਅਨੁਸਾਰ ਸਮੇਂ ਬਦਲਣ ਨਾਲ ਲੋਕਾਂ ਦੀ ਸਿਹਤ ਉਪੱਰ ਮਾੜਾ ਅਸਰ ਪੈਂਦਾ ਹੈ ।ਨੀਂਦ ਅਤੇ ਜਾਗਣ ਦੇ ਸਮੇਂ ਨੂੰ ਨਿਯੰਤ੍ਰਿਤ ਕਰਨ ਵਾਲੀ ਸਰਕੇਡੀਅਨ ਤਾਲ ਬਦਲ ਜਾਂਦੀ ਹੈ ਜਿਸ ਨਾਲ ਕਈ ਤਰ੍ਹਾਂ ਦੇ ਨੀਂਦ ਵਿਕਾਰ ਹੋ ਸਕਦੇ ਹਨ ਜਿਵੇਂ ਪ੍ਰਭਾਵਿਤ ਲੋਕਾਂ ਨੂੰ ਥਕਾਵਟ, ਭਟਕਣਾ, ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਿਲ,ਮੂਡ ਵਿੱਚ ਅਚਾਨਕ ਤਬਦੀਲੀਆਂ ਆ ਸਕਦੀਆਂ ਹਨ।ਬੇਸ਼ੱਕ ਯੂਰਪ ਦੇ ਬਸ਼ਿੰਦੇ ਇਸ ਪ੍ਰਕ੍ਰਿਆ ਨਾਲ ਕੁਝ ਦਿਨ ਪ੍ਰੇਸ਼ਾਨ ਵੀ ਹੁੰਦੇ ਪਰ ਇਸ ਪ੍ਰਕ੍ਰਿਆ ਨਾਲ ਊਰਜਾ ਬੱਚਤ ਦੇ ਮੱਦੇ ਨਜ਼ਰ 7 ਮਹੀਨਿਆਂ ਦੇ ਡੇਲਾਈਟ ਸੇਵਿੰਗ ਸਮੇਂ ਮਾਰਚ ਤੋਂ ਅਕਤੂਬਰ ਦੌਰਾਨ ਇਟਲੀ ਦੀ ਬਿਜਲੀ ਪ੍ਰਣਾਲੀ ਦੀ 340 ਮਿਲੀਅਨ ਕਿਲੋਵਾਟ ਦੀ ਬੱਚਤ ਹੁੰਦੀ ਹੈ ਜੋ ਕਿ ਲਗਭਗ 130 ਹਜ਼ਾਰ ਪਰਿਵਾਰਾਂ ਦੀ ਔਸਤ ਸਲਾਨਾ ਲੋੜ ਨੂੰ ਪੂਰਾ ਕਰ ਸਕਦੀ ਹੈ ਜਿਸ ਨਾਲ ਕਿ ਸਰਕਾਰੀ ਖਜ਼ਾਨੇ ਨੂੰ 75 ਮਿਲੀਅਨ ਯੂਰੋ ਤੋਂ ਵੱਧ ਦਾ ਲਾਭ ਹੁੰਦਾ ਹੈ।ਯੂਰਪੀ ਪੱਧਰ ਤੇ ਕੁਝ ਸਾਲਾਂ ਤੋਂ ਡੇਲਾਈਟ ਸੇਵਿੰਗ ਨੂੰ ਬੰਦ ਕਰਨ ਲਈ ਵਿਚਾਰਾਂ ਸੰਨ 2015 ਤੋਂ ਸ਼ੁਰੂ ਹੋਈਆਂ ਤੇ ਯੂਰਪੀ ਸੰਸਦ ਵਿੱਚ ਸੰਨ 2018 ਵਿੱਚ ਮਤੇ ਵੀ ਪਾਸ ਹੋਏ ਕਿ ਸੰਨ 2021 ਤੋਂ ਸਮਾਂ ਬਦਲਣ ਦੀ ਪ੍ਰਕ੍ਰਿਆ ਉਪੱਰ ਮੁੰਕਮਲ ਰੋਕ ਲੱਗ ਜਾਵੇਗੀ ਪਰ ਇਸ ਤੋਂ ਪਹਿਲਾਂ ਕਿ ਇਹ ਪ੍ਰਕ੍ਰਿਆ ਬੰਦ ਹੁੰਦੀ ਸੰਨ 2020 ਵਿੱਚ ਕਰੋਨਾ ਦੀ ਕੋਰਪੀ ਨੇ ਦੁਨੀਆਂ ਭਰ ਦਾ ਸਮਾਂ ਬਦਲ ਕੇ ਰੱਖ ਦਿੱਤਾ ਜਿਸ ਦੇ ਝੰਬੇ ਕਈ ਦੇਸ਼ ਹਾਲੇ ਤੱਕ ਤਾਬੇ ਨਹੀਂ ਆਏ।

ਯੂਰਪ ਦੇ ਬਹੁਤੇ ਲੋਕ ਸਮਾਂ ਬਦਲਣ ਦੀ ਪ੍ਰਕ੍ਰਿਆ ਰੋਕਣ ਲਈ ਰਜਾਮੰਦ ਹਨ ਪਰ ਸਮਾਂ ਇਸ ਪ੍ਰਕ੍ਰਿਆ ਨੂੰ ਰੋਕਣ ਲਈ ਕਦੋਂ ਰਜਾਮੰਦ ਹੁੰਦਾ ਇਹ ਆਉਣ ਵਾਲਾ ਸਮਾਂ ਹੀ ਤੈਅ ਕਰੇਗਾ।ਫ਼ਿਲਹਾਲ 30 ਮਾਰਚ 2025 ਦਿਨ ਐਤਵਾਰ ਨੂੰ ਸਾਰੇ ਯੂਰਪ ਦਾ ਸਮਾਂ ਤੜਕਸਾਰ 2 ਵਜੇ ਇੱਕ ਘੰਟੇ ਲਈ ਘੜੀਆਂ ਉਪੱਰ ਇੱਕ ਘੰਟੇ ਲਈ ਅੱਗੇ ਆ ਜਾਵੇਗਾ ਤੇ 26 ਅਕਤੂਬਰ 2025 ਦਿਨ ਐਤਵਰ ਨੂੰ ਤੜਕੇ 3 ਵਜੇ ਵਾਪਸ ਮੁੜੇਗਾ

ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ

## ਗੁਰੂ ਨਾਨਕ ਰੋਡ ਅਤੇ ਪਾਰਕ ਐਵੇਨਿਊ ਦੀ ਸਮੂਹ ਸਾਧ ਸੰਗਤ ਵੱਲੋਂ



# ਵਿਸਾਖੀ ਨਗਰ ਕੀਰਤਨ

6 ਅਪ੍ਰੈਲ 2025 ਐਤਵਾਰ ਨੂੰ ਸਜਾਇਆ ਜਾਵੇਗਾ








*Khalsa Saajna Divas*

# NAGAR KIRTAN

SUNDAY 6 APRIL 2025

ਵਿਸਾਖੀ ਨਗਰ ਕੀਰਤਨ ਵਿੱਚ ਹੁੰਮ ਹੁੰਮਾ ਕੇ ਸ਼ਾਮਲ ਹੋਣ ਲਈ ਸਮੂਹ ਸੰਗਤਾਂ ਨੂੰ ਨਿਮਰਤ ਸਹਿਤ ਖੁਲ੍ਹਾ ਸੱਦਾ

## NEW NAGAR KIRTAN ROUTE

STARTING @ 10AM
**PARK AVENUE**

FINISHING AT
**GURU NANAK ROAD**




- START: PARK AVENUE GURDWARA
- GREEN DRIVE
- UXBRIDGE ROAD
- SOUTH ROAD
- SOUTHALL TRAIN STATION
- KING STREET
- FINISH: GURU NANAK RD GURDWARA

CONTACT: **HARJIT@SGSSS.ORG** OR **07767 524 565**
MORE INFORMATION AND FAQ: **WWW.SGSSS.ORG**

# GURDWARA SRI GURU SINGH SABHA SOUTHALL

| 2-8 Park Avenue, Southall, Middlesex, UB1 3AG | Guru Nanak Road, Southall, Middlesex, UB2 4NP |
|---|---|
| Tel: 020 8574 8901 Fax: 020 8574 8902 | Tel: 020 8574 4311 Fax: 020 8574 8902 |

ਬੇਨਤੀ ਕਰਤਾ – ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪ੍ਰਬੰਧਕ ਕਮੇਟੀ, ਟਰੱਸਟੀ ਅਤੇ ਸਮੂਹ ਸਾਧ ਸੰਗਤ

# ਚੰਗੇ ਬੈਕਟੀਰੀਆ




ਇਮਿਊਨਿਟੀ ਨੂੰ ਸਹਿਯੋਗ ਦਿੰਦਾ ਹੈ*

## YAKULT BALANCE:

- ਆਂਦਰਾਂ ਵਿੱਚ ਬੈਕਟੀਰੀਆ ਦੀ ਮਾਤਰਾ ਵਧਾਉਂਦਾ ਹੈ**
- ਘੱਟ ਮਿੱਠਾ ਅਤੇ ਘੱਟ ਕੈਲੋਰੀਆਂ***
- ਫ਼ੈਟ-ਮੁਕਤ ਅਤੇ ਗਲੁਟਨ-ਮੁਕਤ
- ਇਮਿਊਨਿਟੀ ਨੂੰ ਸਹਿਯੋਗ ਦੇਣ ਅਤੇ ਮਾਸਪੇਸ਼ੀਆਂ ਅਤੇ ਹੱਡੀਆਂ ਨੂੰ ਮਜ਼ਬੂਤ ਰੱਖਣ ਲਈ ਵਿਟਾਮਿਨ ਡੀ ਨਾਲ ਭਰਪੂਰ
- ਸ਼ਾਕਾਹਾਰੀਆਂ ਲਈ ਢੁੱਕਵਾਂ
- ਰੋਜ਼ਾਨਾ ਆਪਣੇ ਨਾਸ਼ਤੇ ਨਾਲ ਇਸਦਾ ਆਨੰਦ ਮਾਣੋ


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਕੀ ਹੁਣ ਗਰਲਫਰੈਂਡ ਵੀ ਕਿਰਾਏ 'ਤੇ ਮਿਲਣਗੀਆਂ?

## ✪ ਰੇਬੇਕਾ ਨੇ ਸੋਸ਼ਲ ਮੀਡੀਆ 'ਤੇ ਆਪਣੇ 'ਗਰਲਫ੍ਰੈਂਡ ਪੈਕੇਜ' ਪੋਸਟ ਕਰਕੇ ਸਨਸਨੀ ਮਚਾਈ ✪ ਰੈਂਟ-ਏ-ਗਰਲਫ੍ਰੈਂਡ' ਜਾਂ 'ਰੈਂਟ-ਏ-ਬੁਆਏਫ੍ਰੈਂਡ' ਸੇਵਾਵਾਂ ਪਹਿਲਾਂ ਹੀ ਜਾਪਾਨ ਅਤੇ ਅਮਰੀਕਾ ਵਰਗੇ ਦੇਸ਼ਾਂ ਵਿਚ

ਨਿਊਯਾਰਕ-ਅਮਰੀਕਾ ਦੀ ਜੇਸੇਨੀਆ ਰੇਬੇਕਾ ਨੇ ਸੋਸ਼ਲ ਮੀਡੀਆ 'ਤੇ ਆਪਣੇ 'ਗਰਲਫ੍ਰੈਂਡ ਪੈਕੇਜ' ਦਾ ਇਸ਼ਤਿਹਾਰ ਪੋਸਟ ਕਰਕੇ ਸਨਸਨੀ ਮਚਾ ਦਿੱਤੀ ਹੈ। ਉਸਨੇ ਇੱਕ ਰਸਮੀ ਰੇਟ ਸੂਚੀ ਜਾਰੀ ਕੀਤੀ ਕਿ ਉਹ ਕਿੰਨੇ ਪੈਸੇ ਲਵੇਗੀ ਅਤੇ ਕਿੰਨੇ ਘੰਟੇ ਤੱਕ ਉਹ 'ਗਰਲਫ੍ਰੈਂਡ' ਦੀ ਭੂਮਿਕਾ ਨਿਭਾਏਗੀ। 29 ਸਾਲਾਂ ਦੀ ਜੇਸੇਨੀਆ ਨੇ ਐਲਾਨ ਕੀਤਾ ਕਿ ਉਹ ਸਿੰਗਲ ਲੜਕਿਆਂ ਲਈ ਇੱਕ ਵਿਸ਼ੇਸ਼ ਪੇਸ਼ਕਸ਼ ਲੈ ਕੇ ਆਈ ਹੈ, ਜਿਸ ਵਿੱਚ ਉਹ ਉਨ੍ਹਾਂ ਲਈ ਉਨ੍ਹਾਂ ਦੀ 'ਫੈਸਟੀਵਲ ਗਰਲਫ੍ਰੈਂਡ' ਬਣ ਜਾਵੇਗੀ। ਇਸ ਵਿਲੱਖਣ ਪੈਕੇਜ ਵਿੱਚ ਚਾਰ ਵੱਖ-ਵੱਖ ਸ਼੍ਰੇਣੀਆਂ- ਬ੍ਰੌਨਜ਼, ਸਿਲਵਰ, ਗੋਲਡ ਅਤੇ ਪਲੈਟੀਨਮ ਰੱਖੀਆਂ ਗਈਆਂ ਹਨ, ਜਿਸ ਵਿੱਚ ਸੇਵਾ ਦੇ ਸਮੇਂ ਅਤੇ ਗਤੀਵਿਧੀ ਅਨੁਸਾਰ ਕੀਮਤਾਂ ਨਿਰਧਾਰਤ ਕੀਤੀਆਂ ਗਈਆਂ ਹਨ। ਸਭ ਤੋਂ ਬੇਸਿਕ ਪੈਕੇਜ ਯਾਨੀ 'ਬ੍ਰੌਨਜ਼' ਵਿਚ ਗਾਹਕ ਨੂੰ ਸਿਰਫ ਇਕ ਘੰਟੇ ਲਈ ਗਰਲਫ੍ਰੈਂਡ ਮਿਲੇਗੀ, ਜਿਸ ਦਾ ਚਾਰਜ 150 ਡਾਲਰ ਹੋਵੇਗਾ। ਇਹ ਰਕਮ ਸਿਲਵਰ ਦੇ ਪੈਕੇਜ ਵਿੱਚ $250 ਹੋ ਜਾਵੇਗੀ, ਜਿਸ ਵਿੱਚ ਲੜਕੇ ਨੂੰ ਰੇਬੇਕਾ ਲਈ ਇੱਕ ਤੋਹਫ਼ਾ ਵੀ ਖਰੀਦਣਾ ਹੋਵੇਗਾ।

ਗੋਲਡ ਪੈਕੇਜ ਵਿੱਚ ਰੇਬੇਕਾ ਗਾਹਕ ਨਾਲ 3 ਘੰਟੇ ਬਿਤਾਏਗੀ, ਪਰਿਵਾਰ ਨਾਲ ਸਮਾਂ ਬਿਤਾਏਗੀ ਅਤੇ ਰਿਸ਼ਤੇ ਬਾਰੇ ਝੂਠੀਆਂ ਕਹਾਣੀਆਂ ਸੁਣਾਏਗੀ। ਇਸ ਪੈਕੇਜ ਦਾ ਚਾਰਜ 450 ਡਾਲਰ ਹੋਵੇਗਾ। ਇਸ ਦੇ ਨਾਲ ਹੀ ਸਭ ਤੋਂ ਮਹਿੰਗਾ ਪਲੈਟੀਨਮ ਪੈਕੇਜ ਹੈ, ਜਿਸ 'ਚ ਉਹ ਪੂਰੇ 6 ਘੰਟੇ 'ਫਰਜ਼ੀ ਗਰਲਫ੍ਰੈਂਡ' ਦੇ ਰੂਪ 'ਚ ਕੰਮ ਕਰੇਗੀ, ਪਰਿਵਾਰ ਦੇ ਸਾਹਮਣੇ ਰੋਮਾਂਟਿਕ ਅੰਦਾਜ਼ ਦਿਖਾਏਗੀ ਅਤੇ ਲੋੜ ਪੈਣ 'ਤੇ ਆਪਣੇ ਪਿਆਰ ਦਾ ਇਜ਼ਹਾਰ ਵੀ ਕਰੇਗੀ। ਇਸ ਦੀ ਕੀਮਤ 600 ਡਾਲਰ ਰੱਖੀ ਗਈ ਹੈ। ਇਸ ਅਨੋਖੀ 'ਗਰਲਫ੍ਰੈਂਡ ਆਨ ਰੈਂਟ' ਸਕੀਮ ਵਿਚ ਵੀ ਕੁਝ ਦਿਲਚਸਪ ਮੋੜ ਹਨ। ਜੇ ਗਾਹਕ ਵਾਧੂ ਪੈਸੇ ਖਰਚਣ ਲਈ ਤਿਆਰ ਹੈ ਤਾਂ ਰੇਬੇਕਾ ਰਾਤ ਦੇ ਖਾਣੇ ਤੋਂ ਬਾਅਦ ਗੰਦੇ ਬਰਤਨ ਧੋਣ ਲਈ ਵੀ ਤਿਆਰ ਹੈ! ਭਾਵ, ਸਿਰਫ ਫਰਜ਼ੀ ਪਿਆਰ ਹੀ ਨਹੀਂ, ਸਗੋਂ ਕੁਝ 'ਘਰੇਲੂ ਸੇਵਾਵਾਂ' ਵੀ ਇਸ ਪੈਕੇਜ ਦਾ ਹਿੱਸਾ ਹੋ ਸਕਦੀਆਂ ਹਨ। ਸੋਸ਼ਲ ਮੀਡੀਆ 'ਤੇ ਇਸ ਆਫਰ 'ਤੇ ਲੋਕਾਂ ਦੀਆਂ ਪ੍ਰਤੀਕਿਰਿਆਵਾਂ ਵੀ ਧਮਾਕੇਦਾਰ ਰਹੀਆਂ ਹਨ। ਕਿਸੇ ਨੇ ਇਸ ਨੂੰ 'ਨਵਾਂ ਕਾਰੋਬਾਰੀ ਮਾਡਲ' ਕਿਹਾ, ਜਦੋਂਕਿ ਕਿਸੇ ਨੇ ਇਸ ਨੂੰ 'ਅਮਰੀਕੀ ਵਪਾਰਵਾਦ ਦੀ ਸੀਮਾ' ਕਿਹਾ। ਕੁਝ ਲੋਕਾਂ ਨੇ ਮਜ਼ਾਕ ਵਿਚ ਕਿਹਾ ਕਿ ਇਹ ਪੇਸ਼ਕਸ਼ ਭਾਰਤੀ ਮੁੰਡਿਆਂ ਲਈ ਨਹੀਂ ਹੈ, ਕਿਉਂਕਿ ਇੱਥੇ ਕੋਈ ਵੀ ਮਾਪੇ ਇਸ ਨੂੰ ਇੰਨੀ ਜਲਦੀ ਸਵੀਕਾਰ ਨਹੀਂ ਕਰਨਗੇ!



'ਲਵ ਆਨ ਰੈਂਟ' ਦੇ ਇਸ ਟਰੈਂਡ ਨੂੰ ਦੇਖ ਕੇ ਕਈ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਹੁਣ ਸਿੰਗਲ ਲੜਕਿਆਂ ਨੂੰ ਕ੍ਰਿਸਮਿਸ 'ਤੇ ਉਦਾਸ ਹੋਣ ਦੀ ਲੋੜ ਨਹੀਂ ਹੈ ਕਿਉਂਕਿ ਹੁਣ ਗਰਲਫਰੈਂਡ ਵੀ ਕਿਰਾਏ 'ਤੇ ਮਿਲਣ ਲੱਗ ਪਈਆਂ ਹਨ। ਇਸ ਦੇ ਨਾਲ ਹੀ ਕੁਝ ਯੂਜ਼ਰਸ ਨੇ ਇਸ ਨੂੰ 'ਭਾਵਨਾਤਮਕ ਘੁਟਾਲਾ' ਦੱਸਿਆ ਅਤੇ ਸਵਾਲ ਉਠਾਇਆ ਕਿ ਕੀ ਮਨੁੱਖੀ ਰਿਸ਼ਤੇ ਵੀ ਬਾਜ਼ਾਰ 'ਚ ਵਿਕਣ ਲੱਗ ਪਏ ਹਨ?

ਰੇਬੇਕਾ ਦੀ ਸਕੀਮ ਨੇ ਭਾਵੇਂ ਹਲਚਲ ਮਚਾ ਦਿੱਤੀ ਹੋਵੇ ਪਰ ਅਜਿਹੀਆਂ 'ਰੈਂਟ-ਏ-ਗਰਲਫ੍ਰੈਂਡ' ਜਾਂ 'ਰੈਂਟ-ਏ-ਬੁਆਏਫ੍ਰੈਂਡ' ਸੇਵਾਵਾਂ ਪਹਿਲਾਂ ਹੀ ਜਾਪਾਨ ਅਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਚੱਲ ਰਹੀਆਂ ਹਨ। ਲੋਕ ਇਹਨਾਂ ਦੀ ਵਰਤੋਂ ਆਪਣੇ ਪਰਿਵਾਰ ਨੂੰ ਦਿਖਾਉਣ ਲਈ, ਇਕੱਲੇਪਣ ਨੂੰ ਦੂਰ ਕਰਨ ਲਈ ਜਾਂ ਸਿਰਫ਼ ਆਪਣੇ ਸਮਾਜਿਕ ਅਕਸ ਨੂੰ ਕਾਇਮ ਰੱਖਣ ਲਈ ਕਰਦੇ ਹਨ। ਹਾਲਾਂਕਿ, ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੀਆਂ ਸੇਵਾਵਾਂ ਸਿਰਫ਼ ਮਨੋਰੰਜਨ ਜਾਂ ਮਨੋਰੰਜਨ ਲਈ ਨਹੀਂ ਹਨ, ਸਗੋਂ ਇਹ ਇਸ ਗੱਲ ਦਾ ਵੀ ਸੰਕੇਤ ਹੈ ਕਿ ਸਮਾਜ ਵਿੱਚ ਲੋਕਾਂ ਵਿੱਚ ਇਕੱਲੇਪਣ ਅਤੇ ਅਸੁਰੱਖਿਆ ਦੀ ਭਾਵਨਾ ਵਧ ਰਹੀ ਹੈ। ਅਜਿਹੇ ਵਿੱਚ ਅਜਿਹੀਆਂ ਗੱਲਾਂ ਇੱਕ ਵੱਡੇ ਸਮਾਜਿਕ ਰੁਝਾਨ ਵੱਲ ਇਸ਼ਾਰਾ ਕਰਦੀਆਂ ਹਨ। ਫਿਲਹਾਲ ਇਹ ਅਨੋਖੀ ਸਕੀਮ ਕਿੰਨੀ ਕਾਮਯਾਬ ਹੋਵੇਗੀ ਅਤੇ ਕਿੰਨੇ ਲੋਕ ਇਸ 'ਗਰਲਫਰੈਂਡ ਆਫਰ' ਦਾ ਫਾਇਦਾ ਉਠਾਉਣਗੇ, ਇਹ ਤਾਂ ਸਮਾਂ ਹੀ ਦੱਸੇਗਾ ਪਰ ਇਹ ਤੈਅ ਹੈ ਕਿ ਇਸ ਨੇ ਇੰਟਰਨੈੱਟ 'ਤੇ ਕਾਫੀ ਸੁਰਖੀਆਂ ਬਟੋਰੀਆਂ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਭਵਿੱਖ ਵਿਚ ਹੋਰ ਕਿਹੜੀਆਂ ਚੀਜ਼ਾਂ ਕਿਰਾਏ 'ਤੇ ਮਿਲਣਗੀਆਂ।

ਮਾਮਲਾ ਧੀਆਂ ਨਾਲ ਛੇੜਖਾਨੀ ਦਾ

# ਉਲਾਂਭਾ ਦੇਣ ਆਏ ਪਿਓ ਦਾ ਕਤਲ, ਚਾਚਾ ਜ਼ਖ਼ਮੀ, ਦੋਸ਼ੀ ਫਰਾਰ

ਸ੍ਰੀ ਮੁਕਤਸਰ ਸਾਹਿਬ-ਇੱਥੋਂ ਨੇੜਲੇ ਪਿੰਡ ਭੁੱਲਰ ਵਿੱਚ ਬੀਤੇ ਦਿਨੀਂ ਗੋਲੀ ਵੱਜਣ ਕਾਰਨ ਇਕ ਵਿਅਕਤੀ ਦੀ ਮੌਤ ਤੇ ਦੂਜਾ ਗੰਭੀਰ ਜ਼ਖ਼ਮੀ ਹੋ ਗਿਆ। ਜ਼ਿਕਰਯੋਗ ਹੈ ਕਿ ਪਿੰਡ ਦਾ ਹੀ ਇੱਕ ਨੌਜਵਾਨ ਆਪਣੇ ਗੁਆਂਢ ਵਿਚ ਰਹਿੰਦੀਆਂ ਲੜਕੀਆਂ ਨੂੰ ਕਾਫ਼ੀ ਸਮੇਂ ਤੋਂ ਪ੍ਰੇਸ਼ਾਨ ਕਰਦਾ ਆ ਰਿਹਾ ਸੀ। ਲੜਕੀਆਂ ਦਾ ਪਿਤਾ ਜਦੋਂ ਆਪਣੇ ਭਰਾ ਨਾਲ ਮੁੰਡੇ ਦੇ ਘਰ ਉਸ ਨੂੰ ਅਜਿਹਾ ਕਰਨ ਤੋਂ ਰੋਕਣ ਗਿਆ ਤਾਂ ਮੁੰਡੇ ਨੇ ਉਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਤੇ ਉਸ ਨਾਲ ਆਏ ਵਿਅਕਤੀ ਨੂੰ ਜ਼ਖ਼ਮੀ ਕਰ ਦਿੱਤਾ। ਮ੍ਰਿਤਕ ਦੀ ਪਛਾਣ ਬੂਟਾ ਸਿੰਘ (50) ਵਜੋਂ ਤੇ ਜ਼ਖ਼ਮੀ ਦੀ ਪਛਾਣ ਮਨਦੀਪ ਸਿੰਘ ਵਜੋਂ ਹੋਈ ਹੈ। ਮਨਦੀਪ ਨੂੰ ਪਹਿਲਾਂ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿੱਚ ਦਾਖ਼ਲ ਕਰਵਾਇਆ ਗਿਆ ਜਿੱਥੋਂ ਡਾਕਟਰਾਂ ਨੇ ਉਸ ਨੂੰ ਫ਼ਰੀਦਕੋਟ ਮੈਡੀਕਲ ਕਾਲਜ ਵਿੱਚ ਰੈਫਰ ਕਰ ਦਿੱਤਾ ਹੈ।



ਜਾਣਕਾਰੀ ਅਨੁਸਾਰ ਪਿੰਡ ਭੁੱਲਰ ਦਾ ਬਲਵਲ ਸਿੰਘ ਕਾਫ਼ੀ ਸਮੇਂ ਤੋਂ ਬੂਟਾ ਸਿੰਘ ਦੀਆਂ ਧੀਆਂ ਨੂੰ ਪ੍ਰੇਸ਼ਾਨ ਕਰਦਾ ਆ ਰਿਹਾ ਸੀ। ਉਹ ਹੁਣ ਲੜਕੀਆਂ ਦੇ ਮੋਬਾਈਲ ਫੋਨ 'ਤੇ ਇਤਰਾਜ਼ਯੋਗ ਮੈਸੇਜ ਕਰਦਾ ਸੀ। ਇਸ ਤੋਂ ਦੁਖੀ ਹੋ ਕੇ ਬੂਟਾ ਸਿੰਘ ਨੇ ਆਪਣੀ ਇੱਕ ਧੀ ਦਾ ਪਹਿਲਾਂ ਵਿਆਹ ਵੀ ਕਰ ਦਿੱਤਾ ਸੀ ਪਰ ਹੁਣ ਉਹ ਦੂਜੀਆਂ ਲੜਕੀਆਂ ਨੂੰ ਪ੍ਰੇਸ਼ਾਨ ਕਰਨ ਲੱਗ ਪਿਆ ਸੀ। ਇਸ ਦਾ ਪਤਾ ਜਦੋਂ ਲੜਕੀਆਂ ਦੇ ਚਾਚਾ ਮਨਦੀਪ ਸਿੰਘ ਤੇ ਪਿਤਾ ਬੂਟਾ ਸਿੰਘ ਨੂੰ ਲੱਗਿਆ ਤਾਂ ਉਹ ਉਲਾਂਭਾ ਦੇਣ ਵਾਸਤੇ ਬਲਵਲ ਸਿੰਘ ਦੇ ਘਰ ਗਏ। ਬਲਵਲ ਨੇ ਆਪਣੇ ਪਿਤਾ ਜਸਕਰਨ ਸਿੰਘ ਦੀ ਬੰਦੂਕ ਨਾਲ ਬੂਟਾ ਸਿੰਘ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਅਤੇ ਇਸ ਮਗਰੋਂ ਮਨਦੀਪ ਸਿੰਘ ਨੂੰ ਵੀ ਗੋਲੀ ਮਾਰ ਦਿੱਤੀ।

ਬੂਟਾ ਸਿੰਘ ਦੀ ਪਤਨੀ ਦਲਜੀਤ ਕੌਰ ਨੇ ਦੱਸਿਆ ਕਿ ਉਸ ਦੀਆਂ ਪੰਜ ਧੀਆਂ ਹਨ ਤੇ ਇੱਕ ਪੁੱਤਰ ਹੈ। ਬਲਵਲ ਸਿੰਘ ਉਸ ਦੀਆਂ ਧੀਆਂ ਨੂੰ ਪ੍ਰੇਸ਼ਾਨ ਕਰਦਾ ਰਹਿੰਦਾ ਸੀ।

ਦੱਸਣਯੋਗ ਹੈ ਕਿ ਬੂਟਾ ਸਿੰਘ ਤੇ ਬਲਵਲ ਸਿੰਘ ਦੇ ਦੋਵੇਂ ਪਰਿਵਾਰ ਮਜ਼ਦੂਰੀ ਕਰਦੇ ਹਨ। ਪੁਲੀਸ ਪਾਰਟੀ ਸਣੇ ਘਟਨਾ ਸਥਾਨ 'ਤੇ ਪੁੱਜੇ ਡੀਐੱਸਪੀ ਰਮਨਦੀਪ ਸਿੰਘ ਨੇ ਦੱਸਿਆ ਕਿ ਬਲਵਲ ਨੇ ਆਪਣੇ ਪਿਤਾ ਦੀ ਬੰਦੂਕ ਨਾਲ ਵਾਰਦਾਤ ਨੂੰ ਅੰਜਾਮ ਦਿੱਤਾ ਅਤੇ ਘਟਨਾ ਮਗਰੋਂ ਫ਼ਰਾਰ ਹੋ ਗਿਆ ਹੈ। ਪੁਲੀਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪਹਿਲਵਾਨ ਤੋਂ ਗੈਂਗਸਟਰ ਬਣਿਆ ਮਨਜੀਤ ਦਲਾਲ ਗ੍ਰਿਫ਼ਤਾਰ

## ✪ ਦਲਾਲ ਖ਼ਿਲਾਫ਼ ਘੱਟੋ-ਘੱਟ 10 ਵੱਡੇ ਕੇਸ ਦਰਜ



ਨਵੀਂ ਦਿੱਲੀ-ਦਿੱਲੀ ਪੁਲੀਸ ਨੇ ਭਗੌੜੇ ਗੈਂਗਸਟਰ ਅਤੇ ਕੌਮੀ ਪੱਧਰ ਦੇ ਸਾਬਕਾ ਪਹਿਲਵਾਨ ਮਨਜੀਤ ਦਲਾਲ ਨੂੰ ਇੱਥੋਂ ਦੇ ਸਿੰਘੂ ਬਾਰਡਰ ਇਲਾਕੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਅਨੁਸਾਰ ਮੁਲਜ਼ਮ ਦਲਾਲ ਨੀਰਜ ਬਵਾਨਾ-ਅਮਿਤ ਭੂਰਾ ਗਰੋਹ ਨਾਲ ਜੁੜਿਆ ਹੋਇਆ ਸੀ ਅਤੇ ਉਹ ਇਕ ਸ਼ਾਰਪਸ਼ੂਟਰ ਹੈ। ਕਿਹਾ ਗਿਆ ਕਿ ਦਲਾਲ ਖ਼ਿਲਾਫ਼ ਘੱਟੋ-ਘੱਟ 10 ਵੱਡੇ ਕੇਸ ਦਰਜ ਹਨ, ਜਿਨ੍ਹਾਂ ਵਿੱਚ ਪਿਸ਼ੌਰੀ ਰੈਸਤਰਾਂ ਵਿੱਚ 2018 ਵਿਚ ਹੋਈ ਗੋਲੀਬਾਰੀ ਦਾ ਮਾਮਲਾ ਵੀ ਸ਼ਾਮਲ ਹੈ। ਇਸ ਵਿੱਚ ਕਿਹਾ ਗਿਆ ਕਿ ਮਨਜੀਤ ਦਲਾਲ ਫ਼ਰਾਰ ਸੀ ਅਤੇ ਪੁਲੀਸ ਦੀ ਟੀਮ 'ਤੇ ਗੋਲੀਬਾਰੀ, ਹੱਤਿਆ ਦੀ ਕੋਸ਼ਿਸ਼ ਅਤੇ ਮਾਫੀਆ ਜਬਰੀ ਵਸੂਲੀ ਸਣੇ ਕਈ ਮਾਮਲਿਆਂ ਵਿੱਚ ਲੋੜੀਂਦਾ ਸੀ। ਡੀਸੀਪੀ (ਅਪਰਾਧ) ਆਦਿੱਤਿਆ ਗੌਤਮ ਨੇ ਕਿਹਾ, "ਹਰਿਆਣਾ ਦੇ ਬਹਾਦਰਗੜ੍ਹ ਦਾ ਵਸਨੀਕ ਦਲਾਲ ਇਕ ਸਮੇਂ ਪਹਿਲਵਾਨ ਸੀ ਅਤੇ ਉਸ ਨੇ 2007 ਵਿੱਚ 86 ਕਿੱਲੋ ਭਾਰ ਵਰਗ ਵਿੱਚ ਕੌਮੀ ਪੱਧਰ 'ਤੇ ਚਾਂਦੀ ਦਾ ਤਗ਼ਮਾ ਜਿੱਤਿਆ ਸੀ।" ਅਧਿਕਾਰੀ ਨੇ ਦੱਸਿਆ ਕਿ ਸਾਲ 2010 ਵਿੱਚ ਦਲਾਲ ਦੀ ਮਾਂ ਦੀ ਕੈਂਸਰ ਨਾਲ ਮੌਤ ਹੋਣ ਅਤੇ ਪਿਤਾ ਦੇ ਘਰ ਛੱਡ ਕੇ ਚਲੇ ਜਾਣ ਤੋਂ ਬਾਅਦ ਉਸ ਦੀ ਜ਼ਿੰਦਗੀ ਵਿੱਚ ਵੱਡਾ ਬਦਲਾਅ ਆਇਆ, ਜਿਸ ਮਗਰੋਂ ਉਹ ਖ਼ਤਰਨਾਕ ਗੈਂਗਸਟਰ ਨੀਰਜ ਬਵਾਨਾ ਦੇ ਗਰੋਹ ਵਿੱਚ ਸ਼ਾਮਲ ਹੋ ਗਿਆ। ਗੌਤਮ ਨੇ ਦੱਸਿਆ ਕਿ ਪੁਲੀਸ ਨੂੰ ਇਹ ਜਾਣਕਾਰੀ ਮਿਲੀ ਕਿ ਮੁਲਜ਼ਮ ਨੇ ਅਦਾਲਤ ਦੀ ਸੁਣਵਾਈ ਵਿੱਚ ਜਾਣਾ ਬੰਦ ਕਰ ਦਿੱਤਾ ਅਤੇ ਉਸ ਨੇ ਆਪਣਾ ਜੱਦੀ ਘਰ ਵੀ ਛੱਡ ਦਿੱਤਾ।

# ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਪੁਰਬ ਕਿਵੇਂ ਮਨਾਇਆ ਜਾਵੇ ?

ਡਾਕਟਰ ਪਰਮਵੀਰ ਸਿੰਘ



ਗੁਰੂ ਤੇਗ ਬਹਾਦਰ ਜੀ ਦੀ ਦਾ 350 ਸਾਲਾ ਸ਼ਹੀਦੀ ਗੁਰਪੁਰਬ ਇਸ ਸਾਲ 25 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। ਇਨ੍ਹਾਂ ਤੋਂ ਇਕ ਦਿਨ ਪਹਿਲਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਸ਼ਹੀਦ ਕੀਤਾ ਗਿਆ ਸੀ, ਜਿਸ ਕਰਕੇ ਉਨ੍ਹਾਂ ਦੀ ਸ਼ਹਾਦਤ ਨੂੰ ਵੀ ਨਾਲ ਹੀ ਯਾਦ ਕੀਤਾ ਜਾਵੇਗਾ। ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦੇਣ ਲਈ ਦਿੱਲੀ ਜਾਣ ਤੋਂ ਪਹਿਲਾਂ ਗੁਰਿਆਈ ਆਪਣੇ ਸਪੁੱਤਰ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ ਜੀ) ਨੂੰ ਪ੍ਰਦਾਨ ਕਰ ਦਿੱਤੀ ਸੀ। ਇਸ ਘਟਨਾ ਦੀ ਯਾਦ ਵਿਚ ਅਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ। ਇਸ ਕਰਕੇ ਇਸ ਸਾਲ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਿਆਈ ਦਿਵਸ ਦੇ ਵੀ 350 ਸਾਲ ਸੰਪੂਰਨ ਹੋ ਰਹੇ ਹਨ। ਇਸੇ ਸਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸ਼ਤਾਬਦੀ ਸਥਾਪਨਾ ਦਿਵਸ ਆ ਰਿਹਾ ਹੈ। 1 ਨਵੰਬਰ, 1925 ਨੂੰ ਲਾਗੂ ਹੋਏ ਗੁਰਦੁਆਰਾ ਐਕਟ ਦੇ ਨਵੰਬਰ 2025 'ਚ 100 ਸਾਲ ਪੂਰੇ ਹੋ ਰਹੇ ਹਨ ਅਤੇ ਇਸ ਸਥਾਪਨਾ ਦਿਵਸ ਨੂੰ ਮਨਾਉਣ ਲਈ ਵੀ ਯਤਨ ਕੀਤੇ ਜਾਣੇ ਹਨ। ਭਾਵੇਂ ਕਿ ਇਹ ਸਮੂਹ ਸ਼ਤਾਬਦੀਆਂ ਹੀ ਮਹੱਤਵਪੂਰਨ ਹਨ ਅਤੇ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਵਲੋਂ ਇਨ੍ਹਾਂ ਨੂੰ ਦੇਸ਼-ਵਿਦੇਸ਼ ਵਿਚ ਆਪੋ-ਆਪਣੇ ਢੰਗ ਨਾਲ ਮਨਾਇਆ ਜਾਵੇਗਾ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਧਰਮ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਜਿਸ ਤਰ੍ਹਾਂ ਦੀ ਚੇਤਨਾ ਪੈਦਾ ਕੀਤੀ ਹੈ, ਉਹ ਇਕ ਵੱਖਰੀ ਮਿਸਾਲ ਪੇਸ਼ ਕਰਦੀ ਹੈ। ਇਸ ਦ੍ਰਿਸ਼ਟੀ ਤੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ 350 ਸਾਲਾ ਸ਼ਹੀਦੀ ਗੁਰਪੁਰਬ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ ਕਿ ਇਸ ਸ਼ਹੀਦੀ ਗੁਰਪੁਰਬ ਨੂੰ ਕਿਵੇਂ ਮਨਾਇਆ ਜਾਵੇ ? ਜਾਂ ਇਸ ਸ਼ਤਾਬਦੀ ਮੌਕੇ ਅਜਿਹੇ ਕਿਹੜੇ ਸਮਾਗਮ ਆਯੋਜਿਤ ਕੀਤੇ ਜਾਣ ਜਿਹੜੇ ਕਿ ਆਮ ਲੋਕਾਂ ਵਿਚ ਉਨ੍ਹਾਂ ਦੇ ਜੀਵਨ ਅਤੇ ਸਿੱਖਿਆਵਾਂ ਦਾ ਸੰਚਾਰ ਕਰ ਸਕਣ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਜੀਵਨ ਨੂੰ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ ਜਾਂ ਇੰਝ ਕਹਿ ਲਵੋ ਕਿ ਜੇਕਰ ਉਨ੍ਹਾਂ ਦੀ ਬਾਣੀ ਅਤੇ ਜੀਵਨ ਨੂੰ ਜੋੜ ਕੇ ਦੇਖਿਆ ਜਾਵੇ ਤਾਂ ਹੀ ਉਨ੍ਹਾਂ ਸੰਬੰਧੀ ਸਹੀ ਸੋਚ ਅਤੇ ਸੂਝ ਪੈਦਾ ਹੋ ਸਕਦੀ ਹੈ। ਗੁਰੂ ਸਾਹਿਬ ਦੀ ਬਾਣੀ ਮਨੁੱਖ ਨੂੰ ਦੁੱਖ-ਸੁੱਖ, ਸਨੇਹ ਅਤੇ ਭੈਅ ਤੋਂ ਮੁਕਤ ਕਰਦੀ ਹੈ, ਉਸਤਤਿ-ਨਿੰਦਾ, ਲੋਭ-ਮੋਹ-ਹੰਕਾਰ, ਆਸਾ-ਮਨਸਾ, ਕਾਮ-ਕ੍ਰੋਧ ਆਦਿ ਤੋਂ ਨਿਰਲੇਪ ਰਹਿ ਕੇ ਗੁਰੂ ਦੀ ਬਖ਼ਸ਼ਿਸ਼ ਪ੍ਰਾਪਤ ਕਰਨ 'ਤੇ ਜ਼ੋਰ ਦਿੰਦੀ ਹੈ।ਗੁਰੂ ਸਾਹਿਬ ਦੀ ਬਾਣੀ ਦੇ ਨਾਲ-ਨਾਲ ਉਨ੍ਹਾਂ ਦੇ ਜੀਵਨ 'ਚ ਦਿਖਾਈ ਦਿੰਦੇ ਪਰਉਪਕਾਰ ਦੇ ਕਾਰਜ ਵਿਸ਼ੇਸ਼



ਮਹੱਤਵ ਰੱਖਦੇ ਹਨ।ਅਨੰਦਪੁਰ ਸਾਹਿਬ ਤੋਂ ਮਾਲਵੇ ਦੇ ਵਿਭਿੰਨ ਨਗਰਾਂ 'ਚੋਂ ਹੁੰਦੇ ਹੋਏ ਗੁਰੂ ਜੀ ਪੂਰਬ ਦੀ ਪ੍ਰਚਾਰ-ਯਾਤਰਾ ਦੌਰਾਨ ਜਿਹੜੇ ਨਗਰਾਂ 'ਚੋਂ ਲੰਘੇ, ਉੱਥੇ ਕੀਤੇ ਗਏ ਵਿਸ਼ੇਸ਼ ਕਾਰਜ ਮਨੁੱਖਤਾ ਲਈ ਚਾਨਣ ਮੁਨਾਰੇ ਦਾ ਕਾਰਜ ਕਰਦੇ ਹਨ, ਜਿਵੇਂ ਪ੍ਰਭੂ-ਮੁਖੀ ਜੀਵਨ ਜਾਚ ਧਾਰਨ ਕਰਨ ਲਈ ਧਰਮਸ਼ਾਲਾਵਾਂ ਕਾਇਮ ਕਰਨੀਆਂ, ਪ੍ਰਚਾਰਕ ਨਿਯੁਕਤ ਕਰਨੇ, ਪਹਿਲਾਂ ਤੋਂ ਨਿਯੁਕਤ ਪ੍ਰਚਾਰਕਾਂ ਨੂੰ ਉਤਸ਼ਾਹ ਪ੍ਰਦਾਨ ਕਰਨਾ, ਬੰਜਰ ਜ਼ਮੀਨਾਂ ਨੂੰ ਆਬਾਦ ਕਰਨਾ, ਖੂਹ ਲਵਾਉਣੇ, ਗਊਆਂ ਦਾਨ ਕਰਨੀਆਂ, ਪਿੰਡਾਂ ਦੇ ਚੌਧਰੀਆਂ ਨੂੰ ਲੋਕਾਂ ਦੀ ਸੇਵਾ ਲਈ ਪ੍ਰੇਰਿਤ ਕਰਨਾ, ਬਾਗ਼ ਲਵਾਉਣੇ, ਛੱਪੜ ਸਾਫ਼ ਕਰਨੇ, ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ, ਕਿਰਤ ਕਰਨ 'ਤੇ ਜ਼ੋਰ, ਆਪਣੇ ਧਰਮ 'ਚ ਦ੍ਰਿੜ੍ਹਤਾ ਧਾਰਨ ਕਰਨਾ ਆਦਿ। ਮੌਜੂਦਾ ਸਮੇਂ ਵਿਚ ਜਿਸ ਤਰ੍ਹਾਂ ਨਾਲ ਮਨੁੱਖ ਸਵਾਰਥੀ ਹੋ ਰਿਹਾ ਹੈ, ਦੂਜਿਆਂ ਨੂੰ ਦਬਾ ਕੇ ਜਾਂ ਪਿੱਛੇ ਧੱਕ ਕੇ ਅੱਗੇ ਲੰਘਣ ਲਈ ਯਤਨਸ਼ੀਲ ਹੈ, ਕੁਦਰਤ ਤੋਂ ਦੂਰ ਹੋ ਰਿਹਾ ਹੈ, ਕੁਦਰਤੀ ਸਰੋਤਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ, ਨਸ਼ਿਆਂ ਦੀ ਪਕੜ 'ਚ ਆ ਗਿਆ ਹੈ, ਲਾਲਚ ਵੱਸ ਧਰਮ ਨੂੰ ਧਾਰਨ ਕਰਨ ਦੀ ਥਾਂ ਧਰਮ ਬਦਲਣ ਵੱਲ ਰੁਚਿਤ ਹੋ ਰਿਹਾ ਹੈ ਆਦਿ। ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਤੇ ਸੰਦੇਸ਼ ਅਜਿਹੇ ਮਨੁੱਖਾਂ ਨੂੰ ਜੀਵਨ ਦੀ ਸਹੀ ਦਿਸ਼ਾ ਪ੍ਰਦਾਨ ਕਰਨ ਵਿਚ ਸਹਾਈ ਹੁੰਦੇ ਹਨ। ਇਹ ਕਿਸੇ ਵਿਸ਼ੇਸ਼ ਇਲਾਕੇ ਜਾਂ ਧਾਰਮਿਕ ਸਮੂਹ ਲਈ ਨਹੀਂ ਹਨ।ਗੁਰੂ ਸਾਹਿਬ ਦਾ ਸੰਦੇਸ਼ ਸਮੁੱਚੀ ਮਨੁੱਖਤਾ ਲਈ ਸਾਂਝਾ ਹੈ, ਇਸ ਲਈ ਹੋਰਨਾਂ ਭਾਸ਼ਾਵਾਂ ਵਿਚ ਉਨ੍ਹਾਂ ਦੇ ਜੀਵਨ, ਬਾਣੀ ਅਤੇ ਸੰਦੇਸ਼ ਦਾ ਅਨੁਵਾਦ ਕਰਕੇ ਜਾਂ ਕਰਵਾ ਕੇ ਆਮ ਲੋਕਾਂ ਤੱਕ ਪਹੁੰਚਾਇਆ ਜਾ ਸਕਦਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ 1975 'ਚ ਬਹੁਤ ਹੀ ਸ਼ਰਧਾ ਭਾਵਨਾ ਅਤੇ ਚੜ੍ਹਦੀ ਕਲਾ ਨਾਲ ਮਨਾਈ ਗਈ ਸੀ। ਇਨ੍ਹਾਂ ਸਮਾਗਮਾਂ ਦੌਰਾਨ ਈਸਟ ਇੰਡੀਆ ਸਿੱਖ ਕੌਂਸਲ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਬਿਹਾਰ ਸਿੱਖ ਪ੍ਰਤੀਨਿਧ ਬੋਰਡ ਅਤੇ ਸਿੰਘ ਸਭਾਵਾਂ ਇਕ ਪਲੇਟਫਾਰਮ 'ਤੇ ਮੌਜੂਦ ਸਨ। ਸਭ ਨੇ ਮਿਲ ਕੇ ਇਹ ਮਤਾ ਕੀਤਾ ਸੀ ਕਿ ਜਿਹੜੀ ਵੀ ਸੰਸਥਾ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਕੋਈ ਵੀ ਸਮਾਗਮ ਉਲੀਕੇਗੀ, ਉਸ ਨੂੰ ਰਾਗੀ ਜਥੇ, ਪ੍ਰਚਾਰਕ ਅਤੇ ਭੇਟਾ-ਰਹਿਤ ਸਾਹਿਤ ਮੁਹੱਈਆ ਕਰਵਾਇਆ ਜਾਵੇਗਾ। ਬਿਹਾਰ ਦੀ ਸੰਗਤ ਗੁਰੂ ਤੇਗ ਬਹਾਦਰ ਜੀ ਨੂੰ 'ਪਿਤਾ ਜੀ' ਦੇ ਰੂਪ 'ਚ ਮੰਨਦੀ ਹੈ ਅਤੇ 1975 ਦੇ ਸ਼ਹੀਦੀ ਸਮਾਗਮਾਂ 'ਚ ਉਨ੍ਹਾਂ ਨੇ ਵਿਸ਼ੇਸ਼ ਰੁਚੀ ਦਿਖਾਈ ਸੀ। ਬਿਹਾਰ ਦੇ ਲਗਭਗ ਹਰ ਵੱਡੇ ਪਿੰਡ ਅਤੇ ਨਗਰ ਵਿਚ ਸਮਾਗਮ ਆਯੋਜਿਤ ਕੀਤੇ ਗਏ ਸਨ, ਜਿਨ੍ਹਾਂ 'ਚ ਸਥਾਨਕ ਲੋਕਾਂ ਵਲੋਂ ਵੱਡੇ ਪੱਧਰ 'ਤੇ ਹਾਜ਼ਰੀ ਭਰੀ ਗਈ ਸੀ।

1984 ਤੋਂ ਬਾਅਦ ਬਹੁਤ ਸਾਰੇ ਗੁਰਧਾਮਾਂ ਦੀ ਸਥਿਤੀ ਬਦਲ ਗਈ ਹੈ ਅਤੇ ਕਈ ਥਾਵਾਂ 'ਤੇ ਸਿੱਖ ਸੰਗਤ ਵੀ ਨਾ-ਮਾਤਰ ਹੀ ਮੌਜੂਦ ਹੈ। ਇਨ੍ਹਾਂ ਸਮਾਗਮਾਂ ਦੌਰਾਨ ਅਜਿਹੇ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਕਰ ਰਹੇ ਸਿੱਖਾਂ ਨੂੰ ਸਹਾਇਤਾ, ਉਤਸ਼ਾਹ ਅਤੇ ਪ੍ਰੇਰਨਾ ਦੇਣ ਦੀ ਲੋੜ ਹੈ। ਪੰਜਾਬ, ਹਰਿਆਣਾ, ਦਿੱਲੀ, ਯੂ.ਪੀ. ਅਤੇ ਪਟਨਾ ਸਾਹਿਬ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਇਕ ਪਲੇਟਫਾਰਮ 'ਤੇ ਆ ਕੇ ਸਾਂਝੇ ਰੂਪ 'ਚ ਸਮਾਗਮ ਉਲੀਕਣੇ ਚਾਹੀਦੇ ਹਨ ਤਾਂ ਕਿ ਉਨ੍ਹਾਂ ਦਾ ਪ੍ਰਭਾਵ ਦੂਰ ਤੱਕ ਜਾ ਸਕੇ।

ਗੁਰੂ ਤੇਗ ਬਹਾਦਰ ਜੀ ਦੀ ਸ਼ਤਾਬਦੀ ਮਨਾਉਣ ਲਈ ਦੋ ਤਰ੍ਹਾਂ ਦੇ ਸਮਾਗਮ ਕਰਨ ਦੀ ਲੋੜ ਹੈ। ਪਹਿਲੀ ਤਰ੍ਹਾਂ ਦੇ ਰਵਾਇਤੀ ਸਮਾਗਮ ਲਗਭਗ ਹਰ ਇਕ ਗੁਰਪੁਰਬ ਜਾਂ ਸ਼ਤਾਬਦੀ ਮੌਕੇ ਕੀਤੇ ਜਾਂਦੇ ਹਨ, ਜਿਸ ਵਿਚ ਦੀਵਾਨ, ਕੀਰਤਨ, ਨਗਰ ਕੀਰਤਨ, ਕਥਾ ਆਦਿ ਮੌਜੂਦ ਹੁੰਦੇ ਹਨ। ਰਾਗੀ, ਢਾਡੀ, ਪ੍ਰਚਾਰਕ ਆਦਿ ਇਨ੍ਹਾਂ ਸਮਾਗਮਾਂ ਦੀ ਸ਼ਾਨ ਹੁੰਦੇ ਹਨ ਅਤੇ ਵੱਡੀ ਗਿਣਤੀ 'ਚ ਸੰਗਤ ਇਨ੍ਹਾਂ ਸਮਾਗਮਾਂ 'ਚ ਹਾਜ਼ਰੀ ਭਰਦੀ ਹੈ। ਗੁਰੂ ਸਾਹਿਬ ਨਾਲ ਸੰਬੰਧਿਤ ਅਜਿਹੇ ਸਮਾਗਮ ਸਿੱਖ ਅਤੇ ਗ਼ੈਰ-ਸਿੱਖ ਲੋਕਾਂ 'ਚ ਚੰਗਾ ਪ੍ਰਭਾਵ ਸਿਰਜਦੇ ਹਨ ਅਤੇ ਆਮ ਲੋਕਾਂ ਨੂੰ ਗੁਰੂ-ਘਰ ਨਾਲ ਜੋੜਨ ਦਾ ਕਾਰਜ ਕਰਦੇ ਹਨ।

ਦੂਜੀ ਤਰ੍ਹਾਂ ਦੇ ਸਮਾਗਮ ਅਕਾਦਮਿਕ ਪੱਧਰ ਦੇ ਹੋਣੇ ਚਾਹੀਦੇ ਹਨ, ਜਿਹੜੇ ਕਿ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਬਾਣੀ ਅਤੇ ਸ਼ਹਾਦਤ ਸੰਬੰਧੀ ਸਹੀ ਤੱਥ ਉਨ੍ਹਾਂ ਲੋਕਾਂ ਤੱਕ ਲੈ ਕੇ ਜਾਣ ਜਿਹੜੇ ਪੜ੍ਹਨ-ਲਿਖਣ ਦੀ ਰੁਚੀ ਰੱਖਦੇ ਹਨ ਅਤੇ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਸੰਦੇਸ਼ ਨੂੰ ਸਦੀਵੀ ਰੂਪ ਵਿਚ ਕਲਮਬੱਧ ਕਰਨਾ ਹੁੰਦਾ ਹੈ।ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਕੁਝ ਅਜਿਹੇ ਨੁਕਤੇ ਕਿਤਾਬਾਂ ਦਾ ਹਿੱਸਾ ਹਨ, ਜਿਹੜੇ ਕਿ ਉਨ੍ਹਾਂ ਦੇ ਜੀਵਨ ਅਤੇ ਬਾਣੀ ਨੂੰ ਸਹੀ ਰੂਪ 'ਚ ਬਿਆਨ ਨਹੀਂ ਕਰਦੇ, ਜਿਸ ਨਾਲ ਕਈ ਵਾਰੀ ਅਜਿਹੇ ਭਰਮ-ਭੁਲੇਖੇ ਪੈਦਾ ਹੋ ਜਾਂਦੇ ਹਨ, ਜਿਹੜੇ ਵਿਵਾਦ ਦਾ ਕਾਰਨ ਬਣ ਜਾਂਦੇ ਹਨ। ਸਹੀ ਤੱਥਾਂ ਤੋਂ ਕੋਰੇ ਕੁਝ ਅਜਿਹੇ ਬਿਰਤਾਂਤ ਪੁਸਤਕਾਂ ਦਾ ਹਿੱਸਾ ਬਣੇ ਹੋਏ ਹਨ, ਜਿਹੜੇ ਕਿ ਲਿਖਾਰੀਆਂ ਦੀ ਕਲਮ ਦਾ ਹਿੱਸਾ ਬਣ ਜਾਂਦੇ ਹਨ, ਜਿਸ ਨਾਲ ਧਾਰਮਿਕ ਅਤੇ ਸਮਾਜਿਕ ਪੱਧਰ 'ਤੇ ਦੂਸ਼ਣਬਾਜ਼ੀ ਆਰੰਭ ਹੋ ਜਾਂਦੀ ਹੈ।ਭਾਰਤ ਦੇ ਵਿੱਦਿਅਕ ਪ੍ਰਬੰਧ ਨਾਲ ਜੁੜੀਆਂ ਹੋਈਆਂ ਸੰਸਥਾਵਾਂ ਤੱਕ ਗੁਰੂ ਤੇਗ ਬਹਾਦਰ ਜੀ ਸੰਬੰਧੀ ਸਹੀ ਜਾਣਕਾਰੀ ਕਿਵੇਂ ਲੈ ਕੇ ਜਾਣੀ ਹੈ, ਇਸ ਦਿਸ਼ਾ 'ਚ ਵਿਸ਼ੇਸ਼ ਯਤਨ ਕਰਨ ਦੀ ਲੋੜ ਹੈ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਸੰਬੰਧੀ ਹਾਲੇ ਬਹੁਤ ਸਾਰੇ ਤੱਥ ਲੱਭਣੇ ਬਾਕੀ ਹਨ, ਜਿਨ੍ਹਾਂ 'ਚ ਉਨ੍ਹਾਂ ਦੀ ਮਾਲਵੇ ਵਿਚਲੀ ਪ੍ਰਚਾਰ-ਯਾਤਰਾ ਦੇ ਸਹੀ ਵੇਰਵੇ ਅਤੇ ਸ਼ਹਾਦਤ ਤੋਂ ਪਹਿਲਾਂ ਹੋਈ ਗ੍ਰਿਫਤਾਰੀ ਦਾ ਸਹੀ ਸਥਾਨ ਸ਼ਾਮਿਲ ਹੈ। ਵੱਖ-ਵੱਖ ਪੁਸਤਕਾਂ 'ਚ ਆਏ ਵਿਭਿੰਨ ਬਿਰਤਾਂਤ ਉਨ੍ਹਾਂ ਦੀਆਂ ਜੀਵਨ ਯਾਤਰਾਵਾਂ ਸੰਬੰਧੀ ਭੁਲੇਖੇ ਪੈਦਾ ਕਰਦੇ ਹਨ। ਗੁਰੂ ਸਾਹਿਬਾਨ ਦੇ ਸਮੇਂ ਫ਼ਾਰਸੀ ਰਾਜ-ਭਾਸ਼ਾ ਸੀ ਅਤੇ ਬਹੁਤ ਸਾਰੇ ਵੇਰਵੇ ਇਸ ਭਾਸ਼ਾ 'ਚ ਕੰਮ ਕਰਨ ਵਾਲੇ ਲਿਖਾਰੀਆਂ ਵਲੋਂ ਦਰਜ ਕੀਤੇ ਗਏ ਹਨ, ਭਾਵੇਂ ਕਿ ਇਨ੍ਹਾਂ ਸਰੋਤਾਂ 'ਚ ਵੀ ਤੱਥਾਂ ਦੀ ਘਾਟ ਅਤੇ ਉਲਾਰਵਾਦੀ ਬਿਰਤੀ ਨਜ਼ਰ ਆਉਂਦੀ ਹੈ, ਪਰ ਫਿਰ ਵੀ ਸੂਝਵਾਨ ਵਿਦਵਾਨ ਸਹੀ ਸਿੱਟੇ ਕੱਢਣ 'ਚ ਸਫ਼ਲ ਹੋ ਜਾਂਦੇ ਹਨ। ਸਹੀ ਤੱਥ ਇਕੱਤਰ ਕਰਨ ਲਈ ਫ਼ਾਰਸੀ ਭਾਸ਼ਾ ਜਾਣਨ ਵਾਲੇ ਸਿੱਖ ਵਿਦਵਾਨ ਤਿਆਰ ਕਰਨ ਦੀ ਲੋੜ ਹੈ, ਜਿਹੜੇ ਕਿ ਪੁਰਾਤਤਵ ਵਿਭਾਗਾਂ 'ਚ ਸੰਭਾਲ ਕੇ ਰੱਖੇ ਹੋਏ ਪੁਰਾਤਨ ਫ਼ਾਰਸੀ ਸਰੋਤਾਂ ਦੀ ਭਾਲ ਕਰਕੇ ਸਹੀ ਤੱਥ ਸਾਹਮਣੇ ਲਿਆਉਣ ਲਈ ਯਤਨ ਕਰਨ। ਭਾਵੇਂ ਕਿ ਇਹ ਕੰਮ ਲੰਮਾ ਅਤੇ ਖਰਚੀਲਾ ਹੈ, ਪਰ ਇਸ ਦਿਸ਼ਾ 'ਚ ਯਤਨ ਆਰੰਭ ਕਰਨ ਦੀ ਲੋੜ ਹੈ ਤਾਂ ਕਿ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਸੰਬੰਧੀ ਹੋਰ ਵਧੇਰੇ ਖੋਜ ਕੀਤੀ ਜਾ ਸਕੇ।

ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ ਅਤੇ ਬੰਗਾਲ ਤੋਂ ਇਲਾਵਾ ਇਕ ਗੁਰਧਾਮ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿਖੇ ਵੀ ਸਥਿਤ ਹੈ, ਜਿਸ ਨੂੰ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਹੈ। ਢਾਕੇ ਦੇ ਬੰਗਲਾ ਬਾਜ਼ਾਰ 'ਚ ਸਥਿਤ ਇਹ ਗੁਰਧਾਮ ਗੁਰੂ-ਘਰ ਦੇ ਪ੍ਰਚਾਰਕ ਬੁਲਾਕੀ ਦਾਸ ਦਾ ਘਰ ਸੀ। ਮੌਜੂਦਾ ਸਮੇਂ 'ਚ ਉਸ ਦੀ ਹਾਲਤ ਬਹੁਤ ਹੀ ਖਸਤਾ ਹੋ ਚੁੱਕੀ ਹੈ, ਉਸ ਦੀ ਸੇਵਾ-ਸੰਭਾਲ ਅਤੇ ਕਾਰ-ਸੇਵਾ ਲਈ ਯਤਨ ਕਰਨ ਦੀ ਲੋੜ ਹੈ।

-ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਪੰਜ ਸਾਥੀ ਗ੍ਰਿਫ਼ਤਾਰ

## ✪ 4 ਲੱਖ 90 ਹਜ਼ਾਰ ਦੀ ਡਰੱਗ ਮਨੀ, ਹੈਰੋਇਨ, ਅਸਲਾ ਤੇ ਤਿੰਨ ਵਾਹਨ ਬਰਾਮਦ

ਚੰਡੀਗੜ੍ਹ-ਚੰਡੀਗੜ੍ਹ ਆਪ੍ਰੇਸ਼ਨ ਸੈੱਲ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ, ਵੇਕਾਂਤ ਗਰਗ ਅਤੇ ਆਟੋਮੈਟਿਕ ਹਥਿਆਰਾਂ ਦੀ ਸਪਲਾਈ ਕਰਨ ਵਾਲੇ ਰਾਜੂ ਵਾਸੂਡੀਆ ਗੈਂਗ ਲਈ ਕੰਮ ਕਰਨ ਵਾਲੇ ਦੋਸ਼ੀ ਧਰਮਿੰਦਰ ਨੂੰ ਗ੍ਰਿਫਤਾਰ ਕਰਨ ਤੋਂ ਇਲਾਵਾ 4 ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਹੈ।

ਪੁਲਿਸ ਨੇ ਚੰਡੀਗੜ੍ਹ, ਰਾਜਸਥਾਨ ਅਤੇ ਪੰਜਾਬ ਤੋਂ 5 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਦੇ ਕਬਜ਼ੇ 'ਚੋਂ ਹੈਰੋਇਨ, ਨਾਜਾਇਜ਼ ਹਥਿਆਰ, ਵਾਹਨ ਅਤੇ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ। ਫੜੇ ਗਏ ਅਪਰਾਧੀ ਕਤਲ, ਐੱਨਡੀਪੀਐੱਸ ਐਕਟ ਅਤੇ ਅਸਲਾ ਐਕਟ ਦੇ ਮਾਮਲਿਆਂ ਵਿਚ ਲੋੜੀਂਦੇ ਸਨ ਜਿਨ੍ਹਾਂ ਵਿੱਚੋਂ ਕਈ ਭਗੌੜੇ ਵੀ ਸਨ।

ਆਪ੍ਰੇਸ਼ਨ ਸੈੱਲ ਦੀ ਐੱਸਪੀ ਗੀਤਾਂਜਲੀ ਖੰਡੇਲਵਾਲ ਨੇ ਦੱਸਿਆ ਕਿ ਪੁਲਿਸ ਨੇ ਮੁਲਜ਼ਮਾਂ ਕੋਲੋਂ 190 ਗ੍ਰਾਮ ਹੈਰੋਇਨ, ਡਰੱਗ ਮਨੀ 4,90,000, 3 ਪਿਸਤੌਲ, 2 ਕਾਰਤੂਸ ਤੇ 1 ਫਾਰਚੂਨਰ ਕਾਰ, 1 ਵੈਂਟੋ ਕਾਰ, 1 ਸਪਲੈਂਡਰ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ ਹੋਟਲ ਸੰਚਾਲਕ ਧਰਮਿੰਦਰ ਪਹਿਲਾਂ ਵੀ ਚੰਡੀਗੜ੍ਹ 'ਚ ਸੋਨੂੰ ਸ਼ਾਹ ਕਤਲ ਕਾਂਡ 'ਚ ਗ੍ਰਿਫਤਾਰ ਹੋ ਚੁੱਕਾ ਹੈ ਜਿਸ 'ਤੇ ਹਮਲਾਵਰਾਂ ਨੂੰ ਪਨਾਹ ਦੇਣ ਦਾ ਦੋਸ਼ ਸੀ ਅਤੇ ਪੁੱਛਗਿੱਛ ਦੌਰਾਨ ਉਸ ਨੇ ਇਹ ਕਤਲ ਲਾਰੈਂਸ ਬਿਸ਼ਨੋਈ ਦੇ ਕਹਿਣ 'ਤੇ ਕਰਨ ਦੀ ਗੱਲ ਕਬੂਲੀ ਹੈ। ਫੜੇ ਗਏ ਮੁਲਜ਼ਮ ਪਹਿਲਾਂ ਵੀ ਵੱਡੇ ਅਪਰਾਧਿਕ ਮਾਮਲੇ ਵਿੱਚ ਨਾਮਜ਼ਦ ਹਨ ਜਿਨ੍ਹਾਂ ਖ਼ਿਲਾਫ਼ ਪਹਿਲਾਂ ਵੀ ਲੰਬਾ-ਚੌੜਾ ਅਪਰਾਧਿਕ ਰਿਕਾਰਡ ਬੋਲਦਾ ਹੈ।

ਰਜਿੰਦਰ ਸਿੰਘ ਗੋਲਡੀ ਵਾਸੀ ਝਾਮਪੁਰ ਮੋਹਾਲੀ ਖ਼ਿਲਾਫ਼ ਕਤਲ, ਐੱਨਡੀਪੀਐੱਸ ਐਕਟ, ਆਰਮਜ਼ ਐਕਟ ਲਈ ਵਾਂਟੇਡ ਹੈ ਜੋ 2019 ਵਿੱਚ ਮੋਹਾਲੀ ਐੱਸਟੀਐੱਫ ਵੱਲੋਂ ਦਰਜ ਕੀਤੇ ਕੇਸ ਵਿੱਚ ਫਰਾਰ ਹੈ। ਇਸ ਤੋਂ ਇਲਾਵਾ ਉਕਤ ਮੁਲਜ਼ਮ ਕਤਲ ਸਮੇਤ ਕਈ ਗੰਭੀਰ ਅਪਰਾਧਾਂ ਵਿੱਚ ਸ਼ਾਮਲ ਹੈ ਜਦ ਕਿ ਧਰਮਿੰਦਰ ਸਿੰਘ ਵਾਸੀ ਚੰਡੀਗੜ੍ਹ ਅਤੇ ਲੁਧਿਆਣਾ ਸੋਨੂੰ ਸ਼ਾਹ ਕਤਲ ਕਾਂਡ ਦਾ ਮੁਲਜ਼ਮ ਲੁਧਿਆਣਾ ਤੋਂ ਗ੍ਰਿਫ਼ਤਾਰ ਕੀਤਾ ਜਿਸ ਦੇ ਕਬਜ਼ੇ ਵਿੱਚੋਂ 140 ਗ੍ਰਾਮ ਹੈਰੋਇਨ, 50,000 ਰੁਪਏ ਦੀ ਡਰੱਗ ਮਨੀ ਅਤੇ ਵੈਂਟੋ ਕਾਰ ਬਰਾਮਦ ਕੀਤੀ।

ਮੁਲਜ਼ਮ ਕਤਲ, ਅਸਲਾ ਐਕਟ, ਐੱਨਡੀਪੀਐੱਸ ਐਕਟ ਦੇ ਕੇਸਾਂ ਵਿੱਚ ਲੋੜੀਂਦਾ ਹੈ ਜਦਕਿ ਰਾਹੁਲ ਉਰਫ ਮੋਟੀਆ ਉਰਫ ਮੋਟਾ ਵਾਸੀ ਮਟੌਰ ਮੋਹਾਲੀ ਵਜੋ ਹੋਈ ਜੋ ਕਿ ਕਲੱਬਾਂ ਵਿੱਚ ਬਾਊਂਸਰ ਵਜੋਂ ਕੰਮ ਕਰਦਾ ਹੈ। ਰਾਹੁਲ ਕਤਲ, ਆਰਮਜ਼ ਐਕਟ ਕੇਸ ਵਿੱਚ ਕੁਰੂਕਸ਼ੇਤਰ ਅਤੇ ਚੰਡੀਗੜ੍ਹ ਵਿੱਚ ਲੋੜੀਂਦਾ ਹੈ ਜਿਸ ਖ਼ਿਲਾਫ਼ ਕਤਲ ਦਰਜ ਹੋਇਆ ਸੀ।

ਦੀਪਕ ਥਾਪਾ ਉਰਫ ਕਾਂਚਾ ਨਿਵਾਸੀ ਸੈਕਟਰ-38, ਚੰਡੀਗੜ੍ਹ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਨਾਜਾਇਜ਼ ਹਥਿਆਰ ਰੱਖਣ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਜਿਸ ਦੇ ਕਬਜ਼ੇ ਵਿੱਚੋ 4,40,000 ਨਕਦੀ ਤੇ ਇੱਕ ਦੇਸੀ ਪਿਸਤੌਲ ਬਰਾਮਦ ਹੋਇਆ। ਨਰਿੰਦਰ ਉਰਫ਼ ਅਮਨ ਨਿਵਾਸੀ ਚੰਡੀਗੜ੍ਹ ਦੇ ਕਬਜ਼ੇ ਵਿੱਚੋਂ ਵੀ 50 ਗ੍ਰਾਮ ਹੈਰੋਇਨ ਬਰਾਮਦ ਕੀਤੀ।

### -ਮਾਮਲਾ ਭੈਣ ਨੂੰ ਛੇੜਨ ਤੋਂ ਰੋਕਣ ਦਾ-

## ਗੁੰਡਿਆਂ ਵਲੋਂ ਭਰਾ 'ਤੇ ਤਲਵਾਰਾਂ ਨਾਲ ਹਮਲਾ, 22 ਟਾਂਕੇ ਲੱਗੇ



ਲੁਧਿਆਣਾ-ਢੰਡਾਰੀ ਕਲਾਂ ਇਲਾਕੇ ਵਿਚ ਬਦਮਾਸ਼ਾਂ ਨੇ ਇਕ ਮੋਬਾਈਲ ਦੀ ਦੁਕਾਨ ਵਿਚ ਵੜ ਕੇ ਦੁਕਾਨਦਾਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਦੁਕਾਨਦਾਰ ਦੇ ਸਿਰ ਤੇ ਚਿਹਰੇ 'ਤੇ ਗੰਭੀਰ ਚੋਟਾਂ ਆਈਆਂ। ਹਮਲਾਵਰਾਂ ਨੇ ਦੁਕਾਨ ਵਿਚ ਰੱਖੇ ਲੈਪਟਾਪ ਨੂੰ ਵੀ ਤੋੜ ਦਿੱਤਾ। ਬਦਮਾਸ਼ ਦੁਕਾਨ ਵਿਚ ਲੱਗੇ ਸੀਸੀਟੀਵੀ ਕੈਮਰਿਆਂ ਵਿਚ ਕੈਦ ਹੋ ਗਏ। ਖ਼ੂਨ ਨਾਲ ਲੱਥਪੱਥ ਦੁਕਾਨਦਾਰ ਨੂੰ ਲੋਕਾਂ ਨੇ ਸਿਵਲ ਹਸਪਤਾਲ ਪਹੁੰਚਾਇਆ। ਪੀੜਤ ਦੀਪਕ ਨੇ ਇਸ ਦੀ ਸ਼ਿਕਾਇਤ ਕੰਗਣਵਾਲ ਚੌਕੀ ਦੀ ਪੁਲਿਸ ਨੂੰ ਦਿੱਤੀ। ਦੋਸ਼ ਲਾਉਂਦੇ ਹੋਏ ਦੁਕਾਨਦਾਰ ਦੀਪਕ ਕੁਮਾਰ ਨੇ ਕਿਹਾ ਕਿ ਹੋਲੀ ਦੇ ਦਿਨ ਉਸ ਦੀ ਭੈਣ ਨਾਲ ਕੁਝ ਲੋਕ ਛੇੜਛਾੜ ਕਰ ਰਹੇ ਸਨ। ਉਸ ਨੇ ਉਨ੍ਹਾਂ ਨੂੰ ਰੋਕਿਆ। ਕਿ ਇਸ ਗੱਲ ਦੀ ਬਦਮਾਸ਼ਾਂ ਨੇ ਮਨ ਵਿਚ ਰੰਜਿਸ਼ ਰੱਖੀ। ਇਸੇ ਕਰਕੇ ਐਤਵਾਰ ਦੀ ਰਾਤ ਨੂੰ ਹਮਲਾਵਰਾਂ ਨੇ ਦੁਕਾਨ 'ਚ ਵੜ ਕੇ ਕੁੱਟਮਾਰ ਕੀਤੀ ਤੇ ਲੈਪਟਾਪ ਅਤੇ ਹੋਰ ਸਮਾਨ ਵੀ ਤੋੜ ਦਿੱਤਾ। ਦੀਪਕ ਦੇ ਸਿਰ ਤੇ 19 ਤੇ ਚਿਹਰੇ 'ਤੇ 3 ਟਾਂਕੇ ਲੱਗੇ ਹਨ। ਪੁਲਿਸ ਨੇ ਫੁਟੇਜ ਕਬਜ਼ੇ 'ਚ ਲੈ ਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## 14 ਸਾਲਾ ਬੱਚੇ ਨੂੰ ਗੋਲੀ ਮਾਰਨ ਵਾਲਾ ਪੁਲਿਸ ਮੁਕਾਬਲੇ ਵਿਚ ਗ੍ਰਿਫ਼ਤਾਰ



ਅੰਮ੍ਰਿਤਸਰ-ਮਹਿਤਾ ਨੇੜੇ ਪਿੰਡ ਖੱਬੇ ਰਾਜਪੂਤਾ ਵਿੱਚ ਇੱਕ ਫੁੱਟਬਾਲ ਟੂਰਨਾਮੈਂਟ ਦੌਰਾਨ 14 ਸਾਲਾ ਗੁਰਸੇਵਕ ਦੇ ਕਤਲ ਦੇ ਮੁੱਖ ਦੋਸ਼ੀ ਕੁਲਬੀਰ ਸਿੰਘ ਦਾ ਪੁਲਿਸ ਨਾਲ ਮੁਕਾਬਲਾ ਹੋਇਆ। ਮੁਕਾਬਲੇ ਵਿੱਚ, ਕੁਲਬੀਰ ਦੀ ਲੱਤ ਵਿੱਚ ਗੋਲੀ ਲੱਗੀ ਅਤੇ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਕੁਲਬੀਰ ਸਿੰਘ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਡੀਐਸਪੀ ਜੰਡਿਆਲਾ ਗੁਰੂ ਰਵਿੰਦਰ ਸਿੰਘ ਦੇ ਅਨੁਸਾਰ, ਕੁਲਬੀਰ ਸਿੰਘ ਵਾਸੀ ਭੋਮਾ ਨੂੰ ਪਹਿਲਾਂ ਹੀ ਘੇਰ ਲਿਆ ਗਿਆ ਸੀ ਅਤੇ ਉਹ ਪੁਲਿਸ ਹਿਰਾਸਤ ਵਿੱਚ ਸੀ। ਜਦੋਂ ਕਿ ਉਸਦਾ ਦੂਜਾ ਸਾਥੀ ਅਜੇ ਫਰਾਰ ਹੈ। ਜਦੋਂ ਥਾਣਾ ਮਹਿਤਾ ਦੇ ਐਸਐਚਓ ਦੀ ਅਗਵਾਈ ਹੇਠ ਪੁਲਿਸ ਕੁਲਬੀਰ ਨੂੰ ਰਿਕਵਰੀ ਲਈ ਲੈ ਗਈ, ਤਾਂ ਉਸਨੇ ਸਥਿਤੀ ਦਾ ਫਾਇਦਾ ਉਠਾਇਆ ਅਤੇ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ, ਉਸਨੇ ਸ਼ਹਿਤੂਤ ਦੇ ਦਰੱਖਤ ਹੇਠ ਲੁਕਾਇਆ ਪਿਸਤੌਲ ਕੱਢਿਆ ਅਤੇ ਅਚਾਨਕ ਪੁਲਿਸ 'ਤੇ ਗੋਲੀਬਾਰੀ ਕਰ ਦਿੱਤੀ। ਇਸ ਤੋਂ ਬਾਅਦ ਉਸਨੇ ਭੱਜਣ ਦੀ ਕੋਸ਼ਿਸ਼ ਕੀਤੀ। ਪੁਲਿਸ ਨੇ ਪਹਿਲਾਂ ਹਵਾ ਵਿੱਚ ਗੋਲੀਬਾਰੀ ਕੀਤੀ, ਪਰ ਜਦੋਂ ਉਹ ਨਹੀਂ ਰੁਕਿਆ ਅਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਤਾਂ ਪੁਲਿਸ ਨੂੰ ਜਵਾਬੀ ਕਾਰਵਾਈ ਕਰਨੀ ਪਈ। ਪੁਲਿਸ ਦੀ ਗੋਲੀ ਕੁਲਬੀਰ ਦੀ ਲੱਤ ਵਿੱਚ ਲੱਗੀ, ਜਿਸ ਤੋਂ ਬਾਅਦ ਉਸਨੂੰ ਕਾਬੂ ਕਰਕੇ ਹਸਪਤਾਲ ਲਿਜਾਇਆ ਗਿਆ।

## ਹੈਰੋਇਨ ਸਮਗਲਿੰਗ 'ਚ ਸਰਗਨਾ ਔਰਤ ਸਮੇਤ ਚਾਰ ਜਣੇ ਗ੍ਰਿਫ਼ਤਾਰ

### ✪ ਮਨਦੀਪ ਕੌਰ ਹੈਰੋਇਨ ਦੀਆਂ ਖੇਪਾਂ ਦਾ ਨਿਪਟਾਰਾ ਪੁਲਿਸ ਦੀ ਵਰਦੀ ਪਾ ਕੇ ਕਰਦੀ ਸੀ



ਅੰਮ੍ਰਿਤਸਰ-ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਐਤਵਾਰ ਸਵੇਰੇ ਇਕ ਵੱਡੇ ਹੈਰੋਇਨ ਤਸਕਰੀ ਗਿਰੋਹ ਦੇ ਚਾਰ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ 'ਚ ਮਨਦੀਪ ਕੌਰ ਝਬਾਲ,ਆਲਮ ਅਰੋੜਾ ਛੇਹਰਟਾ, ਮਨਮੀਤ ਸਿੰਘ ਗੋਲੂ ਸ਼ਾਮਲ ਹੈ।ਸੀਪੀ ਨੇ ਕਿਹਾ ਕਿ ਚੌਥੇ ਸ਼ੱਕੀ ਦੀ ਪਛਾਣ ਅਜੇ ਜਨਤਕ ਨਹੀਂ ਕੀਤੀ ਗਈ ਹੈ, ਕਿਉਂਕਿ ਉਸ ਦੀ ਪੁੱਛਗਿੱਛ ਦੌਰਾਨ ਕਈ ਖੁਲਾਸੇ ਹੋਏ ਹਨ। ਜਿਸ ਤੇ ਪੁਲਿਸ ਕੰਮ ਕਰ ਰਹੀ ਹੈ। ਮੁਲਜ਼ਮ ਦੇ ਕਬਜ਼ੇ ਵਿਚੋਂ ਪੰਜ ਕਿੱਲੋਗ੍ਰਾਮ ਦੋ ਸੌ ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ ਅਤੇ ਮਾਮਲਾ ਦਰਜ ਕਰ ਲਿਆ ਗਿਆ ਹੈ।

ਛੇਹਰਟਾ ਪੁਲਿਸ ਨੇ ਚਾਰਾਂ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਸੀਪੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਉਕਤ ਗਿਰੋਹ ਦੇ ਹੋਰ ਮੈਂਬਰਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਸੀਪੀ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਮਨਦੀਪ ਕੌਰ ਦੇ ਪਤੀ ਦਵਿੰਦਰ ਸਿੰਘ ਦੀ ਮੌਤ ਹੋ ਗਈ ਸੀ ਅਤੇ ਉਸ ਦੇ ਇਕ ਦੋਸਤ ਨੇ ਮੋਬਾਈਲ ਰਾਹੀਂ ਪਾਕਿਸਤਾਨੀ ਤਸਕਰਾਂ ਨਾਲ ਉਸ ਦੀ ਮੁਲਾਕਾਤ ਕਰਵਾਈ ਸੀ। ਮਨਦੀਪ ਕੌਰ ਆਪਣੇ ਸਾਥੀ ਨਾਲ ਮਿਲ ਕੇ ਡਰੋਨ ਰਾਹੀਂ ਸਰਹੱਦ ਪਾਰ ਰਹਿਣ ਵਾਲੇ ਤਸਕਰਾਂ ਤੋਂ ਹੈਰੋਇਨ ਦੀਆਂ ਵੱਡੀਆਂ ਖੇਪਾਂ ਪ੍ਰਾਪਤ ਕਰ ਰਹੀ ਹੈ ਤੇ ਉਨ੍ਹਾਂ ਨੂੰ ਟਿਕਾਣੇ ਲਗਾ ਰਹੀ ਹੈ। ਸੀਪੀ ਨੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਮਨਦੀਪ ਕੌਰ ਹੈਰੋਇਨ ਦੀਆਂ ਖੇਪਾਂ ਦਾ ਨਿਪਟਾਰਾ ਕਰਨ ਲਈ ਪੁਲਿਸ ਦੀ ਵਰਦੀ ਪਾ ਕੇ ਬਾਹਰ ਜਾਂਦੀ ਸੀ।


## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: M: 07966 388 388

# 'ਆਜ਼ਾਦੀ ਸੰਗਰਾਮੀਏ ਸਾਹਿਤਕਾਰ-ਪੱਤਰਕਾਰ' ਪੁਸਤਕ : ਦੇਸ਼ ਭਗਤਾਂ ਦੀ ਜਦੋਜਹਿਦ ਦੀ ਕਹਾਣੀ

**ਉਜਾਗਰ ਸਿੰਘ**



ਕੁਲਵੰਤ ਸਿੰਘ ਪੱਤਰਕਾਰ ਖੋਜੀ ਕਿਸਮ ਦਾ ਵਿਅਕਤੀ ਸੀ। ਭਾਵੇਂ ਉਹ ਨੌਕਰੀ ਕਰਦਾ ਰਿਹਾ ਪ੍ਰੰਤੂ ਉਸਦਾ ਝੁਕਾਅ ਖੋਜੀ ਪੱਤਰਕਾਰੀ, ਸਾਹਿਤਕਾਰੀ ਤੇ ਇਤਿਹਾਸ ਵੱਲ ਰਿਹਾ। ਇਸ ਕਰਕੇ ਉਹ ਆਪਣੇ ਵਿਹਲੇ ਸਮੇਂ ਵਿੱਚ ਅਖ਼ਬਾਰਾਂ ਲਈ ਲੇਖ ਲਿਖਦਾ ਅਤੇ ਸਾਹਿਤਕ ਰਚਨਾਵਾਂ ਲਿਖਦਾ ਰਹਿੰਦਾ ਸੀ। 'ਆਜ਼ਾਦੀ ਸੰਗਰਾਮੀਏ ਸਾਹਿਤਕਾਰ-ਪੱਤਰਕਾਰ' ਪੁਸਤਕ ਵਿੱਚ ਉਸਨੇ 14 ਅਜਿਹੇ ਸਾਹਿਤਕਾਰਾਂ-ਪੱਤਰਕਾਰ ਦੇਸ਼ ਭਗਤਾਂ ਦੀ ਜ਼ਿੰਦਗੀ ਦੀਆਂ ਸਰਗਰਮੀਆਂ ਨੂੰ ਬੜੀ ਨੀਝ ਨਾਲ ਵਿਸਤਾਰ ਪੂਰਬਕ ਲਿਖਿਆ ਹੈ, ਜਿਨ੍ਹਾਂ ਨੇ ਆਪਣੀ ਅਤੇ ਆਪਣੇ ਪਰਿਵਾਰ ਦੀ ਜ਼ਿੰਦਗੀ ਦੇ ਨਿਰਬਾਹ ਦੀ ਪ੍ਰਵਾਹ ਨਾ ਕਰਦਿਆਂ ਸਿੱਖੀ ਸੋਚ ਤੇ ਸਿੱਦਕ ਨਾਲ ਪਹਿਰਾ ਦਿੰਦੇ ਹੋਏ ਅੰਗਰੇਜ਼ ਸਰਕਾਰ ਦੀਆਂ ਅਣਮਨੁਖੀ ਕਾਰਵਾਈਆਂ ਨੂੰ ਲੋਕ ਕਚਹਿਰੀ ਵਿੱਚ ਆਪਣੀਆਂ ਸਾਹਿਤਕ ਰਚਨਾਵਾਂ ਅਤੇ ਪੱਤਰਕਾਰਤਾ ਰਾਹੀਂ ਪੇਸ਼ ਕਰਕੇ ਦੇਸ਼ ਵਾਸੀਆਂ ਵਿੱਚ ਆਜ਼ਾਦੀ ਦੇ ਸੰਗਰਾਮ ਲਈ ਜੋਸ਼ ਪੈਦਾ ਕੀਤਾ, ਪ੍ਰੰਤੂ ਉਨ੍ਹਾਂ ਆਪਣੀ ਜ਼ਿੰਦਗੀ ਨੂੰ ਜੋਖ਼ਮ ਵਿੱਚ ਪਾਉਂਦਿਆਂ ਆਪਣੇ ਫ਼ਰਜ਼ ਨਿਭਾਉਣ ਨੂੰ ਪਹਿਲ ਦਿੱਤੀ। ਇਹ ਪੁਸਤਕ ਸਿੱਖੀ ਸੋਚ ਨੂੰ ਪ੍ਰਣਾਏ ਹੋਏ, ਖੋਜੀ ਸਾਹਿਤਕਾਰਾਂ, ਇਤਿਹਾਸ ਅਤੇ ਪੱਤਰਕਾਰੀ ਦੇ ਖੋਜੀ ਵਿਦਿਆਰਥੀਆਂ ਲਈ ਚਾਨਣ ਮੁਨਾਰਾ ਸਾਬਤ ਹੋਵੇਗੀ।

ਉਨ੍ਹਾਂ ਲਈ ਮਾਰਗ ਦਰਸ਼ਕ ਅਤੇ ਪ੍ਰੇਰਨਾ ਸਰੋਤ ਬਣੇਗੀ ਕਿਉਂਕਿ ਇਸ ਪੁਸਤਕ ਨੂੰ ਕੁਲਵੰਤ ਸਿੰਘ ਪੱਤਰਕਾਰ ਨੇ ਇਤਿਹਾਸਕ ਤੱਥਾਂ ਸਮੇਤ ਪੁਰਤੱਤਵ ਵਿਭਾਗ ਦੇ ਰਿਕਾਰਡ ਵਿੱਚੋਂ ਲੱਭਕੇ ਲਿਖਿਆ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਪੁਸਤਕ ਆਜ਼ਾਦੀ ਸੰਗਰਾਮ ਅਤੇ ਅਕਾਲੀ ਦਲ ਦੀਆਂ ਸਰਗਰਮੀਆਂ ਦਾ ਇਤਿਹਾਸ ਹੈ, ਕਿਉਂਕਿ ਲੇਖਕ ਨੇ ਇਹ ਸਾਰਾ ਕੁਝ ਇਨ੍ਹਾਂ 14 ਵਿਅਕਤੀਆਂ ਦੀਆਂ ਪ੍ਰਾਪਤੀਆਂ ਵਿੱਚ ਵਰਨਣ ਕਰ ਦਿੱਤਾ ਹੈ। ਗਿਆਨੀ ਗੁਰਮੁੱਖ ਸਿੰਘ ਮੁਸਾਫ਼ਰ ਬਾਰੇ ਲਿਖਦਿਆਂ ਲੇਖਕ ਨੇ ਉਸਦੇ ਜਨਮ, ਪਰਿਵਾਰਿਕ ਪਿਛੋਕੜ, ਅਧਿਆਪਕ, ਗੁਰਦੁਆਰਾ ਸੁਧਾਰ ਲਹਿਰ, ਸਾਹਿਤਕਾਰ, ਪੱਤਰਕਾਰ, ਅਕਾਲੀ ਦਲ, ਕਾਂਗਰਸ ਅਤੇ ਅਕਾਲ ਤਖ਼ਤ ਦੇ ਜਥੇਦਾਰ ਹੁੰਦਿਆਂ ਜਿਹੜੇ ਸ਼ਲਾਘਾਯੋਗ ਕੰਮ ਕੀਤੇ, ਉਨ੍ਹਾਂ ਦੀ ਜਾਣਕਾਰੀ ਦਿੱਤੀ ਹੈ। ਉਹ ਇੱਕੋ-ਇੱਕ ਅਜਿਹਾ ਵਿਅਕਤੀ ਹੈ, ਜਿਹੜਾ ਇੱਕੋ ਸਮੇਂ ਅਕਾਲੀ ਦਲ ਦਾ ਜਨਰਲ ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਰਿਹਾ ਹੈ। ਪੁਨਰਗਠਤ ਪੰਜਾਬ ਦਾ ਪਹਿਲਾ ਮੁੱਖ ਮੰਤਰੀ, ਵਿਧਾਨਕਾਰ, ਸੰਸਦ ਮੈਂਬਰ, ਮੰਤਰੀ ਅਤੇ ਸਰਗਰਮ ਵਿਅੰਗਕਾਰ ਲੇਖਕ ਸੀ। ਗਿਆਨੀ ਹੀਰਾ ਸਿੰਘ ਦਰਦ ਦਾ ਜੀਵਨ ਵੀ ਜਦੋਜਹਿਦ ਵਾਲਾ ਅਕਾਲੀ ਸਰਗਰਮੀਆਂ ਵਿੱਚ ਵਿਚਰਿਆ ਹੈ। ਪਰਿਵਾਰ ਦਾ ਗੁਜ਼ਾਰਾ ਕਰਨ ਲਈ ਵੀ ਉਸਨੂੰ ਬਹੁਤ ਸਾਰੇ ਵੇਲਣ ਵੇਲਣੇ ਪਏ। ਧਾਰਮਿਕ ਵਿਅਕਤੀ ਹੋਣ ਕਰਕੇ ਉਹ ਸਿੱਖ ਧਰਮ ਅਤੇ ਦੇਸ਼ ਭਗਤੀ ਦੇ ਪ੍ਰੋਗਰਾਮਾ ਵਿੱਚ ਹਿੱਸਾ ਲੈਂਦਾ ਰਿਹਾ, ਜਿਸ ਕਰਕੇ ਵੱਖ-ਵੱਖ ਮੌਕਿਆਂ 'ਤੇ ਲਗਪਗ 7 ਸਾਲ ਉਸਨੂੰ ਜੇਲ੍ਹ ਵਿੱਚ ਗੁਜ਼ਾਰਨੇ ਪਏ। ਦੇਸ਼ ਭਗਤੀ ਦੀਆਂ ਕਵਿਤਾਵਾਂ ਲਿਖਣ ਕਰਕੇ ਆਜ਼ਾਦੀ ਦੇ ਜਲਸਿਆਂ ਵਿੱਚ ਕਵਿਤਾਵਾਂ ਪੜ੍ਹਨ ਲਈ ਜਾਂਦਾ ਸੀ। ਇਸ ਤੋਂ ਇਲਾਵਾ ਉਹ ਕਈ ਅਖ਼ਬਾਰਾਂ ਦਾ ਸੰਪਾਦਕ ਰਿਹਾ। ਅਖ਼ਬਾਰਾਂ ਵਿੱਚ ਅੰਗਰੇਜ਼ ਸਰਕਾਰ ਦੇ ਵਿਰੁੱਧ ਲੇਖ ਲਿਖਣ ਅਤੇ ਖ਼ਬਰਾਂ ਛਾਪਣ ਕਰਕੇ ਵੀ ਜੇਲ੍ਹ ਯਾਤਰਾ ਕਰਨੀ ਪਈ। ਪਹਿਲਾਂ ਉਹ ਅਖ਼ਬਾਰਾਂ ਦੇ ਸੰਪਾਦਕ ਰਹੇ ਫਿਰ ਉਸਨੇ ਆਪਣਾ ਅਖ਼ਬਾਰ 'ਫੁਲਵਾੜੀ' ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ ਅਤੇ ਪੁਸਤਕਾਂ ਦੀ ਪ੍ਰਕਾਸ਼ਨਾ ਵੀ ਕਰਦਾ ਰਿਹਾ। ਪਰਿਵਾਰ ਦਾ ਗੁਜ਼ਾਰਾ ਫੁਲਵਾੜੀ ਅਤੇ ਪੁਸਤਕਾਂ ਦੀ ਵਿਕਰੀ ਕਰਕੇ ਹੁੰਦਾ ਰਿਹਾ। ਮਾਸਟਰ ਤਾਰਾ ਸਿੰਘ ਸ਼੍ਰੋਮਣੀ ਅਕਾਲੀ ਦਲ ਦਾ ਸਿਰਮੌਰ ਨੇਤਾ ਹੋਇਆ ਹੈ।

ਲਗਪਗ 50 ਸਾਲ ਸਿੱਖ ਕੌਮ ਦੀ ਸੇਵਾ ਕਰਦਾ ਰਿਹਾ ਹੈ। ਨੌਵੀਂ ਜਮਾਤ ਵਿੱਚ ਬ੍ਰਾਹਮਣ ਪਰਿਵਾਰ ਵਿੱਚੋਂ ਹੁੰਦਾ ਹੋਇਆ ਅੰਮ੍ਰਿਤਧਾਰੀ ਬਣਕੇ ਨਾਨਕ ਚੰਦ ਤੋਂ ਤਾਰਾ ਸਿੰਘ ਬਣ ਗਿਆ। ਉਸ ਦਿਨ ਤੋਂ ਹੀ ਸਿੱਖੀ ਸੋਚ ਨੂੰ ਸਮਰਪਤ ਹੋ ਕੇ ਸ਼੍ਰੋਮਣੀ ਅਕਾਲੀ ਦੇ ਆਜ਼ਾਦੀ ਅਤੇ ਗੁਰਦੁਆਰਾ ਸਾਹਿਬਾਨ ਦੇ ਸੁਧਾਰਾਂ ਲਈ ਹੋਣ ਵਾਲੇ ਹਰ ਅੰਦੋਲਨ ਵਿੱਚ ਸ਼ਾਮਲ ਹੀ ਨਹੀਂ ਹੁੰਦਾ ਰਿਹਾ ਸਗੋਂ ਮੋਢੀ ਦੀ ਭੂਮਿਕਾ ਨਿਭਾਉਂਦਾ ਰਿਹਾ। ਸਕੂਲ ਮਾਸਟਰ ਤੋਂ ਆਪਣਾ ਕੈਰੀਅਰ ਸ਼ੁਰੂ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਤੱਕ ਪਹੁੰਚਿਆ। ਜਦੋਂ ਦੇਸ਼ ਦੀ ਵੰਡ ਦਾ ਮਸਲਾ ਖੜ੍ਹਾ ਹੋਇਆ ਤਾਂ ਡੱਟਕੇ ਵਿਰੋਧ ਕੀਤਾ ਅਤੇ ਅਖ਼ੀਰ ਜਦੋਂ ਕਾਂਗਰਸ ਨੇ ਇਹ ਧਰਮ ਦੇ ਆਧਾਰ 'ਤੇ ਵੰਡ ਪ੍ਰਵਾਨ ਕਰ ਲਈ ਤਾਂ ਵੰਡ ਸਮੇਂ ਪਾਕਿਸਤਾਨ ਵਿੱਚ ਜਾਣ ਦੀ ਥਾਂ ਭਾਰਤ ਨਾਲ ਰਹਿਣ ਦਾ ਫ਼ੈਸਲਾ ਕਾਂਗਰਸ ਤੋਂ ਸ਼ਰਤਾਂ ਮਨਾ ਕੇ ਲਿਆ, ਪ੍ਰੰਤੂ ਉਹੀ ਕਾਂਗਰਸ ਆਜ਼ਾਦੀ ਤੋਂ ਬਾਅਦ ਮੁਕਰ ਗਈ ਤੇ ਸਭ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਆਜ਼ਾਦੀ ਅੰਦੋਲਨ ਵਿੱਚ ਵੀ ਗ੍ਰਿਫ਼ਤਾਰ ਅਤੇ ਆਜ਼ਾਦੀ ਤੋਂ ਬਾਅਦ ਵੀ ਪੰਜਾਬੀ ਸੂਬੇ ਦੀ ਮੰਗ ਲਈ 14 ਸਾਲ ਡੱਟਿਆ ਰਿਹਾ। ਕਈ ਅਖ਼ਬਾਰਾਂ ਦੇ ਸੰਪਾਦਕ ਵੀ ਰਹੇ। ਉਸ ਦੀਆਂ 11 ਪੁਸਤਕਾਂ ਅਤੇ 6 ਟ੍ਰੈਕਟ ਸਿੱਖ ਮਸਲਿਆਂ ਤੇ ਪ੍ਰਕਾਸ਼ਤ ਹੋਏ ਸਨ। ਵਿਧਾਤਾ ਸਿੰਘ ਤੀਰ ਸਟੇਜੀ ਕਵੀ ਸੀ। ਉਸਨੇ ਕਈ ਰੰਗਾਂ, ਧਾਰਮਿਕ, ਸਮਾਜਿਕ, ਇਨਕਲਾਬੀ ਅਤੇ ਦੇਸ਼ ਭਗਤੀ ਦੀਆਂ ਕਵਿਤਾਵਾਂ ਲਿਖੀਆਂ, ਜਿਹੜੀਆਂ ਸਰੋਤਿਆਂ ਦੇ ਦਿਲਾਂ 'ਤੇ ਸਿੱਧਾ ਤੀਰ ਚਲਾਉਂਦੀਆਂ ਸਨ। ਉਸਦਾ ਜੀਵਨ ਵੀ ਜਦੋਜਹਿਦ ਵਾਲਾ ਰਿਹਾ ਤੇ ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਉਹ ਬਹੁਤਾ ਸਮਾਂ ਗ੍ਰੰਥੀ ਦੀ ਸੇਵਾ ਨਿਭਾਉਂਦਾ ਰਿਹਾ। ਉਹ ਵੀ ਧਾਰਮਿਕ ਰੰਗ ਵਿੱਚ ਰੰਗਿਆ ਹੋਇਆ ਸੀ। ਉਸਨੇ 15 ਸਾਲ ਦੀ ਉਮਰ ਵਿੱਚ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਹ ਜ਼ਜ਼ਬਾਤੀ ਕਵੀ ਸੀ, ਸਰੋਤਿਆਂ ਨੂੰ




ਵੀ ਜ਼ਜ਼ਬਾਤਾਂ ਦੇ ਵਹਿਣ ਵਿੱਚ ਵਹਾ ਲੈਂਦਾ ਸੀ। ਉਸਨੇ 15 ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ। ਬਹੁਤਾ ਸਮਾਂ ਉਹ ਸਟੇਜਾਂ ਤੇ ਕਵਿਤਾਵਾਂ ਸੁਣਾਉਂਦਾ ਰਿਹਾ ਕਿਉਂਕਿ ਉਹ ਅਕਾਲੀ ਦਲ ਅਤੇ ਬਾਅਦ ਵਿੱਚ 18 ਸਾਲ ਕਾਂਗਰਸ ਪਾਰਟੀ ਵਿੱਚ ਕੰਮ ਕਰਦਾ ਰਿਹਾ ਪ੍ਰੰਤੂ ਸਿਆਸਤਦਾਨਾ ਦੀਆਂ ਤਿਗੜਮਬਾਜ਼ੀਆਂ ਕਰਕੇ ਸਿਆਸਤ ਤੋਂ ਕਿਨਾਰਾ ਕਰ ਗਿਆ ਸੀ। ਪ੍ਰਿੰਸੀਪਲ ਤੇਜਾ ਸਿੰਘ ਉਚ ਕੋਟੀ ਦੇ ਸਾਹਿਤਕਾਰ, ਇਤਿਹਾਸ ਦੇ ਖੋਜੀ ਤੇ ਸਿੱਖ ਧਰਮ ਦੇ ਉਘੇ ਵਿਦਵਾਨ ਸਨ। ਉਨ੍ਹਾਂ ਨੇ ਆਪਣਾ ਸਾਰਾ ਕੈਰੀਅਰ ਆਪਣੀ ਵਿਦਵਤਾ ਅਤੇ ਮਿਹਨਤ ਨਾਲ ਬਣਾਇਆ।

ਇਸ ਮੰਤਵ ਲਈ ਉਸਨੂੰ ਕਈ ਵਾਰੀ ਜੇਲ੍ਹ ਯਾਤਰਾ ਕਰਨੀ ਪਈ। ਉਸਨੂੰ ਆਪਣੀ ਪੜ੍ਹਾਈ ਕਰਨ ਲਈ ਵੀ ਕਈ ਸਕੂਲਾਂ ਵਿੱਚ ਜਾਣਾ ਪਿਆ। ਉਸਦੀ ਵਿਦਵਾਨੀ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਉਸਨੇ 11 ਪੰਜਾਬੀ ਅਤੇ 5 ਅੰਗਰੇਜ਼ੀ ਦੀਆਂ ਸਿੱਖ ਧਰਮ ਬਾਰੇ ਖੋਜੀ ਪੁਸਤਕਾਂ ਲਿਖੀਆਂ। ਅਵਤਾਰ ਸਿੰਘ ਆਜ਼ਾਦ ਗੁਰਬਾਣੀ, ਗੁਰਮਤਿ ਅਤੇ ਸਿੱਖ ਇਤਿਹਾਸ ਨੂੰ ਪ੍ਰਣਾਇਆ ਹੋਇਆ ਵਿਦਵਾਨ ਪੱਤਰਕਾਰ ਸੀ, ਜਿਹੜਾ 7 ਅਖ਼ਬਾਰਾਂ ਦਾ ਸੰਪਾਦਕ ਰਿਹਾ ਅਤੇ ਆਪਣੀਆਂ ਸੰਪਾਦਕੀਆਂ ਤੇ ਲੇਖਾਂ ਵਿੱਚ ਸਿੱਖ ਧਰਮ ਬਾਰੇ ਵਿਦਵਤਾ ਭਰਪੂਰ ਜਾਣਕਾਰੀ ਦਿੰਦਾ। ਉਸਨੂੰ ਗੁਰੂ ਕੇ ਬਾਗ ਅਤੇ ਜੈਤੋ ਦੇ ਮੋਰਚੇ ਵਿੱਚ ਜੇਲ੍ਹ ਵੀ ਜਾਣਾ ਪਿਆ। ਸੋਹਣ ਸਿੰਘ ਜੋਸ਼ ਅਕਾਲੀ ਲਹਿਰ ਦੀ ਪੈਦਾਇਸ਼ ਸੀ। ਅਕਾਲੀ ਲਹਿਰ ਸਮੇਂ ਗਰੂ ਕਾ ਬਾਗ ਦਾ ਮੋਰਚਾ, ਗੁਰਦੁਆਰਾ ਰਕਾਬ ਗੰਜ, ਚਾਬੀਆਂ ਦਾ ਮੋਰਚਾ ਅਤੇ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸਰਗਰਮ ਰਿਹਾ। ਉਸਨੇ ਪਿੰਡਾਂ ਵਿੱਚ ਜਾ ਕੇ ਜੋਸ਼ੀਲੇ ਭਾਸ਼ਣ ਕਰਕੇ ਲੋਕਾਂ ਨੂੰ ਲਾਮਬੰਦ ਕੀਤਾ। ਇਨ੍ਹਾਂ ਮੋਰਚਿਆਂ ਵਿੱਚ ਉਸਨੂੰ14 ਸਾਲ ਦੀ ਜੇਲ੍ਹ ਵਿੱਚ ਗੁਜ਼ਾਰਨੇ ਪਏ। ਬੜੀ ਹੈਰਾਨੀ ਦੀ ਗੱਲ ਹੈ ਕਿ ਉਹ ਅਕਾਲੀ ਦਲ, ਕਾਂਗਰਸ ਅਤੇ ਕਮਿਊਨਿਸਟ ਪਾਰਟੀਆਂ ਵਿੱਚ ਸੀਨੀਅਰ ਅਹੁਦਿਆਂ ਤੇ ਕੰਮ ਕਰਦਾ ਰਿਹਾ। ਉਸਨੂੰ ਆਜ਼ਾਦੀ ਤੋਂ ਬਾਅਦ ਵੀ ਤਿੰਨ ਸਾਲ ਦੀ ਜੇਲ੍ਹ ਕੱਟਣੀ ਪਈ। ਉਹ 7 ਅਖ਼ਬਾਰਾਂ ਦਾ ਸੰਪਾਦਕ ਰਿਹਾ ਅਤੇ 6 ਪੁਸਤਕਾਂ ਵੀ ਲਿਖੀਆਂ।

ਭਗਵਾਨ ਸਿੰਘ ਪ੍ਰੀਤਮ ਗ਼ਦਰ ਪਾਰਟੀ ਦੇ ਉਘੇ ਲੀਡਰ ਸਨ, ਉਹ ਅਮਰੀਕਾ ਵਿੱਚ ਗ਼ਦਰ ਪਾਰਟੀ ਦੇ 6 ਸਾਲ 1914 ਤੋਂ 1920 ਤੱਕ ਪ੍ਰਧਾਨ, ਸਿੱਖ ਧਰਮ ਦੇ ਪ੍ਰਚਾਰਕ ਅਤੇ ਕਈ ਗੁਰਦੁਆਰਿਆਂ ਦੇ ਗ੍ਰੰਥੀ ਵੀ ਰਹੇ। ਉਸਨੇ ਦੇਸ਼ ਦੀ ਆਜ਼ਾਦੀ ਲਈ ਗ਼ਦਰ ਪਾਰਟੀ ਦੀਆਂ ਸਰਗਰਮੀਆਂ, ਚੀਨ, ਹਾਂਗਕਾਂਗ, ਜਰਮਨ, ਜਾਪਾਨ, ਕੈਨੇਡਾ ਅਤੇ ਅਮਰੀਕਾ ਵਿੱਚ ਲਗਾਤਾਰ ਜ਼ਾਰੀ ਰੱਖੀਆਂ ਅਤੇ ਆਪਣੀਆਂ ਜੋਸ਼ੀਲੀਆਂ ਕਵਿਤਾਵਾਂ ਰਾਹੀਂ ਆਜ਼ਾਦੀ ਦੀ ਜਦੋਜਹਿਦ ਨੂੰ ਹੋਰ ਤੇਜ ਕੀਤਾ। ਉਸਨੇ 'ਜੰਗ ਔਰ ਆਜ਼ਾਦੀ' ਪੁਸਤਕ ਲਿਖੀ ਜਿਸ ਦੀਆਂ 2 ਲੱਖ ਕਾਪੀਆਂ ਪ੍ਰਕਾਸ਼ਤ ਹੋਈਆਂ ਸਨ। ਇਸ ਤੋਂ ਇਲਾਵਾ ਉਸਨੇ 12 ਪੁਸਤਕਾਂ ਅੰਗਰੇਜ਼ੀ ਵਿੱਚ ਲਿਖੀਆਂ ਸਨ। ਉਸ ਦੀਆਂ ਕਵਿਤਾਵਾਂ ਅਖ਼ਬਾਰਾਂ ਵਿੱਚ ਪ੍ਰਕਾਸ਼ਤ ਹੁੰਦੀਆਂ ਸਨ। 10 ਨਵੰਬਰ 1958 ਵਿੱਚ ਭਾਰਤ ਆਇਆ ਪ੍ਰੰਤੂ ਭਾਰਤ ਸਰਕਾਰ ਨੇ ਉਸਦਾ ਮੁੱਲ ਨਹੀਂ ਪਾਇਆ। ਉਹ 8 ਸਤੰਬਰ 1962 ਨੂੰ ਸਵਰਗ ਸਿਧਾਰ ਗਿਆ। ਮੁਨਸ਼ਾ ਸਿੰਘ ਦੁਖੀ ਉਚ ਕੋਟੀ ਦੇ ਕਵੀ ਤੇ ਵਿਦਵਾਨ ਸਨ। ਅਫਰੀਕਾ, ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਿੱਚ ਗ਼ਦਰ ਪਾਰਟੀ ਦਾ ਪ੍ਰਚਾਰ ਕਵਿਤਾਵਾਂ ਅਤੇ ਲੇਖਾਂ ਨਾਲ ਕਰਦੇ ਰਹੇ, ਕੁਝ ਸਮਾਂ ਅਖ਼ਬਾਰਾਂ ਦੀ ਸੰਪਾਦਕੀ ਵੀ ਕੀਤੀ। ਅਫ਼ਰੀਕਾ ਵਿੱਚ ਗ੍ਰੰਥੀ ਵੀ ਰਹੇ। ਭਾਰਤ ਆ ਕੇ ਗ੍ਰਿਫ਼ਤਾਰ ਹੋਏ ਤੇ 5 ਸਾਲ 2 ਮਹੀਨੇ ਜੇਲ੍ਹ ਵਿੱਚ ਬੰਦ ਰਹੇ। 15 ਪੁਸਤਕਾਂ ਪੰਜਾਬੀ ਵਿੱਚ ਲਿਖੀਆਂ। 26 ਜਨਵਰੀ 1971 ਨੂੰ ਸਵਰਗਵਾਸ ਹੋ ਗਏ। ਸਰਦੂਲ ਸਿੰਘ ਕਵੀਸ਼ਰ ਸਿੱਖ ਵਿਦਵਾਨ, ਕਵੀਸ਼ਰ, ਲੇਖਕ, ਸਿਆਸਤਦਾਨ ਦੇਸ਼ ਭਗਤ ਸਨ, ਜਿਨ੍ਹਾਂ ਨੇ 1913 ਤੋਂ 1947 ਤੱਕ 34 ਸਾਲ ਅਕਾਲੀ ਦਲ ਦੇ ਸਾਰੇ ਮੋਰਚਿਆਂ ਅਤੇ ਆਜ਼ਾਦੀ ਦੀ ਜਦੋਜਹਿਦ ਦੇ ਪ੍ਰੋਗਰਾਮਾ ਵਿੱਚ ਹਿੱਸਾ ਲਿਆ। ਉਹ ਸ਼੍ਰੋਮਣੀ ਕਮੇਟੀ ਦੀ ਪਬਲਿਸਿਟੀ ਕਮੇਟੀ ਦੇ ਇਨਚਾਰਜ ਵੀ ਰਹੇ। ਉਨ੍ਹਾਂ ਨੇ 11 ਸਾਲ ਜੇਲ੍ਹ ਕੱਟੀ ਅਤੇ ਅੰਗਰੇਜ਼ੀ ਦੇ ਦੋ ਅਖ਼ਬਾਰ ਪ੍ਰਕਾਸ਼ਤ ਕਰਕੇ ਅੰਗਰੇਜ਼ਾਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਉਸ ਦੀਆਂ ਜੋਸ਼ੀਲੀਆਂ ਕਵੀਸ਼ਰੀਆਂ ਨੇ ਦੇਸ਼ ਭਗਤੀ ਦੀ ਭਾਵਨਾ ਪੈਦਾ ਕੀਤੀ। ਸਿੱਖੀ ਸੋਚ ਨਾਲ ਸੰਬੰਧਤ 15 ਪੁਸਤਕਾਂ ਅੰਗਰੇਜ਼ੀ ਵਿੱਚ ਲਿਖੀਆਂ। ਉਹ 26 ਮਾਰਚ 1963 ਨੂੰ ਸਵਰਗਵਾਸ ਹੋ ਗਏ। ਡਾ.ਦੀਵਾਨ ਸਿੰਘ ਕਾਲੇਪਾਣੀ ਸਚਾਈ ਦਾ ਪਹਿਰੇਦਾਰ ਕਵੀ ਸੀ। ਮੈਡੀਕਲ ਕਾਲਜ ਆਗਰਾ ਤੋਂ 1919 ਵਿੱਚ ਡਾਕਟਰੀ ਦਾ ਕੋਰਸ ਕਰਕੇ ਫ਼ੌਜ ਵਿੱਚ ਭਰਤੀ ਹੋ ਗਿਆ ਸੀ। ਫ਼ੌਜ ਵਿੱਚ ਉਸਨੂੰ ਭਾਰਤੀ ਆਜ਼ਾਦੀ ਦੇ ਪ੍ਰਵਾਨਿਆਂ ਸਿਆਸਤਦਾਨਾ ਦੇ ਵਿਰੁੱਧ ਭਾਸ਼ਣ ਦੇਣ ਲਈ ਲਿਖ ਕੇ ਦਿੱਤਾ ਗਿਆ, ਉਸਨੇ ਭਾਸ਼ਣ ਦੇਣ ਤੋਂ ਇਨਕਾਰ ਕਰ ਦਿੱਤਾ। ਇਮਾਨਦਾਰੀ ਨਾਲ ਨੌਕਰੀ ਕਰਦੇ ਨੂੰ ਆਜ਼ਾਦੀ ਦਾ ਸਮਰਥੱਕ ਹੋਣ ਕਰਕੇ ਦੂਰ ਦੁਰਾਡੇ ਇਲਾਕਿਆਂ ਵਿੱਚ ਤਬਦੀਲ ਕੀਤਾ ਜਾਂਦਾ ਰਿਹਾ। ਅਖ਼ੀਰ ਬਗ਼ਾਬਤ ਦਾ ਇਲਜ਼ਾਮ ਲਗਾਕੇ ਕਾਲੇ ਪਾਣੀ ਦੀ ਜੇਲ੍ਹ ਵਿੱਚ ਤਸੀਹੇ ਦੇ ਸ਼ਹੀਦ ਕਰ ਦਿੱਤਾ ਗਿਆ। ਬਾਕੀ ਹਿਸਾ ਸਫ਼ਾ 57 ਤੇ ਪੜ੍ਹੋ

# ਨੁਸਰਤ ਫਤਿਹ ਅਲੀ ਖਾਨ ਨੂੰ ਆਦਰਸ਼ ਮੰਨ ਪੰਜਾਬੀ ਔਰਤ ਗਾਇਕੀ ਵਿੱਚ ਸਟਾਰ ਗਾਇਕਾ ਤੇ ਨਾਇਕਾ ਬਣਨ ਵੱਲ-ਜੈਸਮੀਨ ਖਾਨ



ਫਗਵਾੜਾ ਦੀ ਜੈਸਮੀਨ ਖਾਨ ਨੂੰ ਰੱਬ ਨੇ ਰੂਪ ਵੀ ਦਿੱਤਾ ਹੈ ਤੇ ਨਾਲ ਗਾਇਕੀ ਦੀ ਕਲਾ ਵੀ ਦਿੱਤੀ ਹੈ ਤੇ ਜੈਸਮੀਨ ਖਾਨ ਦਿਨ ਰਾਤ ਸੰਗੀਤ ਨੂੰ ਇਬਾਦਤ ਮੰਨ ਚਲਦੀ ਪਈ ਹੈ। ਓਹਦਾ ਗੋਲ ਮਟੋਲ ਜਿਹਾ ਚਿਹਰਾ ਭੁਲੇਖਾ ਜੈਸਮੀਨ ਦਾ ਪੈਂਦਾ ਹੈ ਤੇ ਜਦ ਓਹ ਸੁਰ ਨਾਲ ਸਟੇਜ ਤੇ ਆ ਲੋਕਾਂ ਸਨਮੁੱਖ ਹੁੰਦੀ ਹੈ ਤੇ ਨਿਰਸੰਦੇਹ ਲੋਕ ਪੁੱਛਦੇ ਨੇ ਕਿੰਨੀ ਦੀ ਕੁੜੀ ਆ ਬਾਹਲਾ ਮਿੱਠਾ ਗਾ ਰਹੀ ਹੈ ਤੇ ਅੰਦਾਜ਼ ਦਿਲ ਖਿੱਚ ਲੈ ਜਾਂਦੇ ਹਨ। ਜੈਸਮੀਨ ਖਾਨ ਦਰਅਸਲ ਗੁਰਦੀਪ ਸੰਧੂ ਸਟਾਰ ਐਕਟਰ ਨਾਲ ਗਾਇਕ ਸ਼ੰਮੀ ਖਾਨ ਦੇ ਨਵੇਂ ਗੀਤ ਦੇ ਵੀਡਿਓ ਦੀ ਸ਼ੂਟਿੰਗ ਤੇ ਮਿਲੀ ਸੀ। ਓਸ ਨੇ ਇਸ ਵੀਡਿਓ ਵਿੱਚ ਮਾਡਲਿੰਗ ਕੀਤੀ ਤਾਂ ਅਸੀਂ ਪੁੱਛਿਆ ਕਿ ਤੁਸੀਂ ਫ਼ਿਲਮ ਲਾਈਨ ਵੱਲ ਹੋ ਤਾਂ ਓਸ ਕਿਹਾ ਕਿ ਐਕਟਿੰਗ ਤੇ ਮਾਡਲਿੰਗ ਇਹ ਗਾਇਕੀ ਨਾਲ ਹੀ ਰਿਸ਼ਤਾ ਰੱਖਦੇ ਹਨ। ਮੇਰੇ ਚਿਹਰੇ ਮੁਤਾਬਿਕ ਡਾਇਰੈਕਟਰ ਸਾਬ ਨੂੰ ਲੱਗਿਆ ਕਿ ਮੈਂ ਸ਼ੰਮੀ ਖਾਨ ਦੇ ਗੀਤ ਵਿੱਚ ਕੰਮ ਕਰਾਂ। ਵੈਸੇ ਮੈਂ ਗਾਇਕਾ ਹਾਂ ਤੇ ਸਟਾਰ ਗਾਇਕਾ ਬਣ ਕਿ ਨਾਇਕਾ ਬਣ ਸਕਦੀ ਹਾਂ, ਕੋਸਿਸ਼ ਤੇ ਮਿਹਨਤ ਜ਼ਾਰੀ ਹੈ। ਜੈਸਮੀਨ ਖਾਨ ਨੇ "ਰੈੱਡ ਸੂਟ" ਗੀਤ ਵਿੱਚ ਸ਼ੰਟੀ ਸਿੱਧੂ ਦਾ ਸਾਥ ਦਿੱਤਾ ਤੇ ਇਹ ਗੀਤ ਅੱਜ ਕਲ ਖ਼ੂਬ ਚਲ ਰਿਹਾ ਹੈ ਤੇ ਸਾਰੇ ਜੈਸਮੀਨ ਖਾਨ ਨੂੰ ਦੂਜੀ ਪੂਜਾ ਆਖਣ ਲੱਗ ਪਏ ਹਨ। ਓਸ ਕਿਹਾ ਕਿ ਸ਼ੰਟੀ ਸਿੱਧੂ ਨੇ ਕਿਹਾ ਕਿ ਓਸ ਨੇ ਇੰਟਰਨੈੱਟ ਤੇ ਓਸ ਨੂੰ ਸੁਣ ਫੈਸਲਾ ਕੀਤਾ ਕਿ ਓਸ ਨਾਲ "ਰੈੱਡ ਸੂਟ" ਓਹੀ ਪਾਏਗੀ ਯਾਨੀ ਜੈਸਮੀਨ ਹੀ ਗਾਏਗੀ। ਚਮਕੀਲੀਆਂ ਅੱਖਾਂ ਵਿੱਚ ਕਾਮਯਾਬੀ ਦੇ ਡੋਰੇ ਓਹ ਦਿਖਾ ਰਹੀ ਹੈ ਤੇ ਗਲਾ ਓਸ ਦਾ ਖੰਡ ਮਿਸ਼ਰੀ ਬਣ ਸਰੋਤਿਆਂ ਦੀ ਮਨੋਰੰਜਨ ਪਿਆਸ ਬੁਝਾ ਰਿਹਾ ਹਾ। ਬੱਬੂ ਚੌਹਾਨ ਨਾਲ ਓਸ ਦਾ ਦੋਗਾਣਾ "ਪਟਿਆਲਾ ਪੈੱਗ" ਵੀ ਚਰਚਿਤ ਹੋਇਆ ਹੈ। ਜੈਸਮੀਨ ਖਾਨ ਲੇਵਿਟਾਤਿੰਗ ਗੀਤ ਨਾਲ ਅੱਗੇ ਵਧਦੀ ਹੁਣ ਵੀਡਿਓ, ਸੰਗੀਤ ਤੇ ਫ਼ਿਲਮਾਂ ਦੀ ਕਤਾਰ ਵੱਲ ਚਲ ਪਈ ਹੈ। ਓਹ ਆਖਦੀ ਹੈ ਕਿ ਗੀਤ "ਕਲੋਜ" ਨਾਲ ਓਹ ਲੋਕਾਂ ਵਿੱਚ ਕਾਫੀ ਨਾਮ ਬਣਾਉਣ ਵਿੱਚ ਸਫਲ ਰਹੀ ਹੈ ਤੇ ਫਿਰ "ਗੇਮ ਬੁਆਏ" ਗਾਣੇ ਦੀ ਬਦੌਲਤ ਓਸ ਦਾ ਨਾਮ ਪੰਜਾਬੀ ਗਾਇਕੀ ਵਿੱਚ ਕਾਫੀ ਬਣਿਆ ਹੈ। ਗਾਇਕੀ ਵਿੱਚ ਓਹ ਨੁਸਰਤ ਫ਼ਤਹਿ ਅਲੀ ਖ਼ਾਨ ਸਾਬ ਨੂੰ ਬਚਪਨ ਤੋਂ ਸੁਣ ਅਹਿਸਾਸ ਕਰਵਾ ਰਹੀ ਹੈ ਕਿ ਓਹ ਕਲਾਸਿਕ ਸੰਗੀਤ, ਗਾਇਕੀ ਨਾਲ ਸੁਰਤਾਲ ਵਾਲੀ ਗਾਇਕਾ ਬਣ ਪੰਜਾਬੀ ਨਾਰੀ ਗਾਇਕੀ ਵਿੱਚ ਸੁਰਿੰਦਰ ਕੌਰ, ਅਮਰ ਨੂਰੀ, ਕੌਰ ਬੀ ਤੇ ਨਿਮਰਤ ਖੈਹਰਾ ਦੀ ਤਰਾਂ ਲੋਕ ਪ੍ਰਿਅ ਸਟਾਰ ਬਣਨ ਦੇ ਸੁਪਨੇ ਪੂਰੇ ਕਰੇਗੀ ਤੇ ਫ਼ਿਲਮਾਂ ਲਈ ਪਲੇ ਬੈਕ ਕਰੇਗੀ। ਅੱਛੇ ਬੈਨਰ ਤੇ ਚੰਗੇ ਲੋਕਾਂ ਨਾਲ ਫ਼ਿਲਮ ਕਰੇਗੀ। ਇਹ ਸਾਰੇ ਰਾਹ ਓਸ ਦੇ ਪਿਤਾ ਤੇ ਨਾਨਾ ਜੀ ਵੱਲੋਂ ਸੰਗੀਤ ਖੇਤਰ ਵਿੱਚ ਸਰਗਰਮੀ ਨੂੰ ਉਸ ਰਾਹੀਂ ਮੰਜ਼ਿਲ ਤੇ ਲਿਜਾਣ ਵੱਲ ਸਹਾਈ ਹੋਣਗੇ ਤੇ ਦੋ ਸਾਲ ਤੱਕ ਸਾਰੇ ਪਾਸੇ ਜੈਸਮੀਨ ਜੈਸਮੀਨ ਬਿਲਕੁਲ ਅਫਸਾਨਾ ਖਾਨ, ਪ੍ਰਾਂਜਲ ਦਹਿਆ ,ਗੁਰਲੇਜ਼ ਅਖ਼ਤਰ,ਸੁਦੇਸ਼ ਕੁਮਾਰੀ ਦੀ ਤਰਾਂ ਹੋਏ ਓਹ ਤੇ ਓਸ ਦੇ ਪ੍ਰਸੰਸਕ ਇਹੀ ਚਾਹੁੰਦੇ ਹਨ। ਦੁਆਵਾਂ ਸੱਤੇ ਖੈਰਾਂ ਹੋਵਣ ਆਫ਼ਰੀਨ। -ਅੰਮ੍ਰਿਤ ਪਵਾਰ

### 56 ਸਫ਼ੇ ਦੀ ਬਾਕੀ

ਨਾਨਕ ਸਿੰਘ ਆਧੁਨਿਕ ਨਾਵਲ ਦਾ ਪਿਤਾਮਾ ਸੀ। ਕੀਰਤਨ ਕਰਨ ਜਾਣਦਾ, ਕਵੀ ਦਰਬਾਰਾਂ ਵਿੱਚ ਦੇਸ਼ ਭਗਤੀ ਦੀਆਂ ਕਵਿਤਾਵਾਂ ਪੜ੍ਹਦਾ ਸੀ। ਗੁਰਦੁਆਰਾ ਸੁਧਾਰ ਮੋਰਚਿਆਂ ਵਿੱਚ ਹਿੱਸਾ ਲੈਣ ਕਰਕੇ ਜੇਲ੍ਹ ਯਾਤਰਾ ਵੀ ਕਰਨੀ ਪਈ। ਉਸਨੇ ਧਾਰਮਿਕ ਅਤੇ ਸਮਾਜਿਕ ਸਰੋਕਾਰਾਂ ਵਾਲੀਆਂ 43 ਪੁਸਤਕਾਂ ਲਿਖੀਆਂ, ਜਿਨ੍ਹਾਂ ਵਿੱਚ 27 ਨਾਵਲ, 9 ਕਾਵਿ ਸੰਗ੍ਰਹਿ, 6 ਕਹਾਣੀ ਸੰਗ੍ਰਹਿ, ਇੱਕ ਨਾਟਕ ਸੰਗ੍ਰਹਿ ਸ਼ਾਮਲ ਹਨ। ਪ੍ਰੋ.ਸਾਹਿਬ ਸਿੰਘ ਗੁਰਮਤਿ-ਗੁਰਬਾਣੀ ਵਿਆਕਰਣ ਦੇ ਉਚ ਕੋਟੀ ਦੇ ਵਿਦਵਾਨ, ਵਿਆਖਿਆਕਾਰ, ਲੇਖਕ ਤੇ ਸਿੱਖ ਧਰਮ ਦੇ ਚਿੰਤਕ ਸਨ। ਉਨ੍ਹਾਂ ਨੇ ਗੁਰਬਾਣੀ ਦੇ ਵਿਆਕਰਣ ਦੀ ਰਚਨਾ ਕੀਤੀ। ਉਨ੍ਹਾਂ ਆਪਣਾ ਸਾਰਾ ਜੀਵਨ ਗੁਰਬਾਣੀ ਦੀ ਖੋਜ ਤੇ ਟੀਕਾਕਰਣ ਤੇ ਲਗਾ ਦਿੱਤੀ। ਉਹ ਪੰਜਾਬੀ, ਸੰਸਕ੍ਰਿਤ, ਉਰਦੂ, ਫਾਰਸੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਪ੍ਰਮੁੱਖ ਵਿਦਵਾਨ ਅਤੇ ਸਿੱਖ ਧਰਮ ਇਤਿਹਾਸ, ਪੰਜਾਬੀ, ਸੰਸਕ੍ਰਿਤ ਅਤੇ ਅੰਗਰੇਜ਼ੀ ਦੇ ਅਧਿਆਪਕ ਸਨ। ਉਹ ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨ ਵੀ ਰਹੇ। ਗੁਰਦੁਆਰਾ ਸੁਧਾਰ ਲਹਿਰ ਵਿੱਚ ਜੇਲ੍ਹ ਦੀ ਯਾਤਰਾ ਵੀ ਕੀਤੀ। ਪੜ੍ਹਾਈ ਵਿੱਚ ਹਮੇਸ਼ਾ ਫਸਟ ਆਉਂਦੇ ਅਤੇ ਵਜ਼ੀਫਾ ਪ੍ਰਾਪਤ ਕਰਦੇ ਰਹੇ। ਗੁਰਬਾਣੀ-ਵਿਆਕਰਣ ਆਧਾਰ 'ਤੇ ਉਨ੍ਹਾਂ 15 ਟੀਕੇ ਲਿਖਕੇ ਪ੍ਰਕਾਸ਼ਤ ਕਰਵਾਏ। ਭਾਈ ਰਣਧੀਰ ਸਿੰਘ ਗੁਰਬਾਣੀ ਦੇ ਵਿਦਵਾਨ, ਵਿਆਖਿਆਕਾਰ, ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਨਿਵੇਕਲੇ ਲੇਖਕ ਸਨ। 1905 ਵਿੱਚ ਉਨ੍ਹਾਂ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਕੀਤੀ। ਕਾਮਾਗਾਟਾ ਮਾਰੂ ਜ਼ਹਾਜ ਦੀ ਘਟਨਾ ਤੋਂ ਬਾਅਦ ਉਨ੍ਹਾਂ ਨੇ ਅੰਗਰੇਜ਼ ਸਰਕਾਰ ਵਿਰੁੱਧ ਯੋਜਨਾਬੱਧ ਢੰਗ ਨਾਲ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਅਤੇ ਫੀਰੋਜ਼ਪੁਰ ਛਾਉਣੀ ਵਿੱਚ ਬਗਾਬਤ ਕਰਵਾਉਣ ਲਈ ਆਪਣੇ ਜੱਥੇ ਨਾਲ ਕੀਰਤਨ ਕਰਦੇ ਗਏ ਪ੍ਰੰਤੂ ਗਦਾਰਾਂ ਕਰਕੇ ਉਹ ਪ੍ਰੋਗਰਾਮ ਸਫਲ ਨਹੀਂ ਹੋਇਆ। ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਉਮਰ ਕੈਦ ਦੀ ਸਜਾ ਦੂਜੇ ਲਾਹੌਰ ਸ਼ਾਜ਼ਸ਼ ਕੇਸ ਵਿੱਚ ਦਿੱਤੀ ਗਈ ਅਤੇ ਜਾਇਦਾਦ ਜ਼ਬਤ ਕਰ ਲਈ। ਜੇਲ੍ਹ ਵਿੱਚ ਵੀ ਗੁਰਮਤਿ ਸਿਧਾਂਤਾਂ ਅਨੁਸਾਰ ਜੇਲ੍ਹ ਮੈਨੂਅਲ ਬਦਲਵਾਏ। ਜੇਲ੍ਹ ਪੂਰੀ ਕਰਨ ਤੋਂ ਬਾਅਦ ਉਹ 30 ਸਾਲ ਗੁਰਬਾਣੀ, ਗੁਰਮਤਿ ਦਾ ਪ੍ਰਚਾਰ ਕੀਰਤਨ ਸਮਾਗਮ ਤੇ ਅੰਮ੍ਰਿਤ ਸੰਚਾਰ ਰਾਹੀਂ ਸਿੱਖਾਂ ਨੂੰ ਬਾਣੀ ਤੇ ਬਾਣੇ ਦਾ ਧਾਰਨੀ ਬਣਾਇਆ। 209 ਪੰਨਿਆਂ, 300 ਰੁਪਏ ਕੀਮਤ ਵਾਲੀ ਇਹ ਪੁਸਤਕ ਕੇ. ਜੇ. ਐਸ.ਪਬਲੀਕੇਸ਼ਨਜ਼ ਪਟਿਆਲਾ ਨੇ ਆਜ਼ਾਦੀ ਸੰਗਰਾਮੀਏ ਫ਼ਾਊਂਡੇਸ਼ਨ ਇੰਡੀਆ ਵੱਲੋਂ ਪ੍ਰਕਾਸ਼ਤ ਕੀਤੀ ਹੈ। ਸੰਪਰਕ: ਕੇ. ਜੇ. ਐਸ.ਪਬਲੀਕੇਸ਼ਨ: 9888441617 ujagarsingh48@yahoo.com

# ਮਾਧਵੀ ਅੱਗਰਵਾਲ ਦਾ ਕਾਵਿ ਸੰਗ੍ਰਹਿ ਕਵਿਤਾ ਹਮਾਰਾ ਸ਼ਿਤਿਜ ਲੋਕ ਅਰਪਣ



ਜਲੰਧਰ (ਤੇਜਿੰਦਰ ਮਨਚੰਦਾ)-ਅਦਬੀ ਦੁਨੀਆ ਵਲੋਂ ਸ਼ਾਨਦਾਰ ਤੇ ਪ੍ਰਭਾਵਸ਼ੀਲ ਸਾਹਿਤਕ ਪ੍ਰੋਗਰਾਮ ਦਾ ਆਯੋਜਨ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਕਰਕੇ ਹਿੰਦੀ ਦੀ ਪ੍ਰਸਿੱਧ ਕਵਿੱਤਰੀ ਮਾਧਵੀ ਅੱਗਰਵਾਲ ਦੀ ਤੀਜੀ ਪੁਸਤਕ ਅਤੇ ਦੂਜਾ ਕਾਵਿ ਸੰਗ੍ਰਹਿ ਕਵਿਤਾ ਹਮਾਰਾ ਸ਼ਿਤਿਜ ਦਾ ਲੋਕ ਅਰਪਣ ਪ੍ਰਧਾਨ ਜਗਦੀਸ਼ ਡਾਲਿਆ ਅਤੇ ਸਰਪ੍ਰਸਤ ਕੀਮਤੀ ਕੈਸਰ ਅਤੇ ਸੁਰਜੀਤ ਸਿੰਘ ਦੀ ਦੇਖ ਰੇਖ ਹੇਠ ਕੀਤਾ ਗਿਆ। ਪ੍ਰੋਗਰਾਮ ਦੇ ਮੁੱਖ ਮਹਿਮਾਨ ਦੇ ਤੌਰ ਤੇ ਪ੍ਰੋ.ਸੀਮਾ ਜੈਨ ਅਤੇ ਵਿਸ਼ੇਸ਼ ਮਹਿਮਾਨ ਵਜੋਂ ਡਾ.ਰਾਮ ਮੂਰਤੀ ਜੀ ਸ਼ਾਮਿਲ ਰਹੇ। ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਜਨ ਸਕੱਤਰ ਪ੍ਰੋ.ਸੰਧੂ ਵਰਿਆਣਵੀ, ਲੋਕ ਸ਼ਾਇਰ ਜਗਦੀਸ਼ ਰਾਣਾ, ਸੰਤ ਸੰਧੂ, ਸੁਰਜੀਤ ਸਿੰਘ, ਪਰਮਦਾਸ ਹੀਰ ਆਦਿ ਸੁਸ਼ੋਭਿਤ ਹੋਏ। ਅਦਬੀ ਦੁਨੀਆ ਦੇ ਪ੍ਰਧਾਨ ਜਗਦੀਸ਼ ਡਾਲਿਆ ਨੇ ਸਭ ਦਾ ਸਵਾਗਤ ਕਰਦਿਆਂ ਮਾਧਵੀ ਅੱਗਰਵਾਲ ਨੂੰ ਮੁਬਾਰਕਾਂ ਦਿੱਤੀਆਂ। ਇਸ ਮੌਕੇ ਸੀਮਾ ਜੈਨ ਅਤੇ ਡਾ.ਰਾਮ ਮੂਰਤੀ ਨੇ ਮਾਧਵੀ ਅੱਗਰਵਾਲ ਦੇ ਕਾਵਿ ਸੰਗ੍ਰਹਿ ਕਵਿਤਾ ਹਮਾਰਾ ਸ਼ਿਤਿਜ ਬਾਰੇ ਸੰਖੇਪ ਵਿੱਚ ਮੁਕੰਮਲ ਜਾਣਕਾਰੀ ਸਾਂਝੀ ਕਰਦਿਆਂ ਉਸ ਦੀ ਕਵਿਤਾ ਦੇ ਕਈ ਰੰਗਾਂ ਬਾਰੇ ਚਾਨਣ ਪਾਇਆ। ਲੋਕ ਸ਼ਾਇਰ ਜਗਦੀਸ਼ ਰਾਣਾ ਅਤੇ ਪ੍ਰੋ.ਸੰਧੂ ਵਰਿਆਣਵੀ ਨੇ ਮਾਧਵੀ ਅੱਗਰਵਾਲ ਨੂੰ ਵਧਾਈ ਦਿੰਦਿਆਂ ਉਸ ਦੇ ਵਿਅਕਤਿਤਵ ਅਤੇ ਮਿਲਣਸਾਰ ਸੁਭਾਅ ਅਤੇ ਉਸ ਦੀ ਕਵਿਤਾ ਦੀਆਂ ਖੂਬੀਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਬਹੁਤ ਘੱਟ ਸਮੇਂ ਵਿੱਚ ਉਸ ਦਾ ਨਾਮ ਤੇਜ਼ੀ ਨਾਲ ਸਾਹਿਤ ਜਗਤ ਵਿਚ ਉੱਭਰ ਕੇ ਸਾਹਮਣੇ ਆਇਆ ਹੈ ਤੇ ਪੂਰੀ ਉਮੀਦ ਹੈ ਉਹ ਆਪਣੀ ਮਿਹਨਤ ਲਗਨ ਤੇ ਇੱਛਾ ਸ਼ਕਤੀ ਨਾਲਸਾਹਿਤ ਜਗਤ ਵਿੱਚ ਆਪਣੀ ਵੱਖਰੀ ਪਛਾਣ ਬਣਾਏਗੀ

ਮਾਧਵੀ ਅੱਗਰਵਾਲ ਨੇ ਬੋਲਦਿਆਂ ਕਿਹਾ ਕਿ ਉਸ ਨੇ ਕਦੀ ਸੋਚਿਆ ਵੀ ਨਹੀਂ ਸੀ ਕਿ ਉਹ ਕਵਿਤਾ ਲਿਖੇਗੀ ਪਰ ਸਮੇਂ ਨੇ ਉਸ ਹੱਥ ਕਲਮ ਫੜਾ ਦਿੱਤੀ ਤੇ ਕਵਿਤਾ ਨੇ ਉਸ ਨੂੰ ਇਕ ਅਲੱਗ ਪਹਿਚਾਣ ਦਿੱਤੀ ਹੈ। ਉਸ ਨੇ ਆ ਪਣੇ ਜੀਵਨ ਸਾਥੀ ਅਤੇ ਪਰਿਵਾਰਕ ਮੈਂਬਰਾਂ ਵਲੋਂ ਮਿਲਦੇ ਭਰਪੂਰ ਸਹਿਯੋਗ ਬਾਰੇ ਵੀ ਖੁੱਲ੍ਹ ਕੇ ਗੱਲ ਕੀਤੀ। ਮਾਧਵੀ ਅੱਗਰਵਾਲ ਨੇ ਆਪਣੇ ਕਾਵਿ ਸੰਗ੍ਰਹਿ ਚੋਂ ਆਪਣੀਆਂ ਕਵਿਤਾਵਾਂ ਦੀ ਵੀ ਸਾਂਝ ਪਾਈ।

ਅਦਬੀ ਦੁਨੀਆ ਵਲੋਂ ਮਾਧਵੀ ਅੱਗਰਵਾਲ ਦੇ ਨਾਲ਼ ਨਾਲ਼ ਸੀਮਾ ਜੈਨ, ਡਾ.ਰਾਮ ਮੂਰਤੀ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸ਼ਹੀਦ-ਏ-ਆਜ਼ਮ ਸ.ਭਗਤ ਸਿੰਘ ਦੀ ਯਾਦ ਵਿੱਚ ਸ਼ਾਨਦਾਰ ਕਵੀ ਦਰਬਾਰ ਦਾ ਆਯੋਜਨ ਵੀ ਕੀਤਾ ਗਿਆ ਜਿਸ ਵਿੱਚ ਪ੍ਰਧਾਨਗੀ ਮੰਡਲ ਦੇ ਨਾਲ਼ ਨਾਲ਼ ਕੀਮਤੀ ਕੈਸਰ, ਪਰਮਦਾਸ ਹੀਰ, ਮਿੱਤਰ ਮਨਜੀਤ, ਧਰਮਵੀਰ ਸਾਗਰ, ਗੁਰਦੀਪ ਸਿੰਘ ਸੈਣੀ, ਡਾ.ਵੀਣਾ ਵਿਜ ਉਦਿਤ, ਹਰਬੰਸ ਸਿੰਘ ਅਕਸ, ਪ੍ਰਿੰਸੀਪਲ ਪ੍ਰੋਮਿਲਾ ਅਰੋੜਾ, ਦੀਪਿਕਾ ਅਰੋੜਾ, ਪ੍ਰਵੀਨ ਗਗਨੇਜਾ, ਕੁਲਵਿੰਦਰ ਗਾਖਲ, ਜਸਪਾਲ ਜ਼ੀਰਵੀ, ਹਰਭਜਨ ਸਿੰਘ ਨਾਹਲ, ਹਰਜਿੰਦਰ ਸਿੰਘ ਜਿੰਦੀ, ਉਰਮਿਲਜੀਤ ਸਿੰਘ, ਤਰਸੇਮ ਜਲੰਧਰੀ, ਦਲਜੀਤ ਮਹਿਮੀ, ਪਵੀ ਟਿਵਾਣਾ, ਮਨੋਜ ਫਗਵਾੜਵੀ ਤੇ ਹੋਰ ਕਵੀਆਂ ਨੇ ਅਲਗ ਅਲਗ ਰੰਗਾਂ ਦੀਆਂ ਕਵਿਤਾਵਾਂ ਸੁਣਾ ਕੇ ਖ਼ੂਬ ਰੰਗ ਬੰਨ੍ਹਿਆ। ਮੰਚ ਸੰਚਾਲਨ ਰੋਹਿਤ ਸਿੱਧੂ ਅਲਗ ਨੇ ਵਧੀਆ ਢੰਗ ਨਾਲ਼ ਚਲਾਉਂਦਿਆਂ ਸਭ ਨੂੰ ਸਮਾਂ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਹਿਤ ਅੱਗਰਵਾਲ, ਪ੍ਰਭਾ ਅੱਗਰਵਾਲ, ਅਨੀਤਾ ਬਾਵਾ, ਰਜਨੀ ਬਾਵਾ, ਰੇਨੂੰ ਬਾਵਾ, ਸੁਰਭੀ, ਨੀਨਾ ਲਾਂਬਾ, ਬਲਬੀਰ ਕੁਮਾਰ ਲਾਂਬਾ, ਨਾਵਲਕਾਰ ਗੁਰਨਾਮ ਬਾਵਾ, ਹਿਮਾਨੀ ਗੁਪਤਾ, ਆਸ਼ਾ ਕਿਰਨ ਗੁਪਤਾ, ਪ੍ਰਦੀਪ ਧਵਨ, ਪੂਨਮ ਧਵਨ, ਮਾਣਿਕ ਧਵਨ, ਚੰਦ੍ਰ ਮੋਹਨ ਭਾਟੀਆ, ਚੰਦਰਸ਼ੇਖਰ, ਐਡਵੋਕੇਟ ਜੀ. ਪੀ. ਐਸ.ਰਾਣਾ, ਸੁਰਿੰਦਰਪਾਲ ਸਿੰਘ, ਰਾਜੇਸ਼, ਰਾਜੀਵ ਵੀ ਹਾਜ਼ਿਰ ਰਹੇ।

# ਪੁਸਤਕ ਸਮੀਖਿਆ ਦੀ ਅਨੂਠੀ ਸ਼ੈਲੀ :ਡਾ. ਗੁਰਦਿਆਲ ਸਿੰਘ ਰਾਏ ਦਾ ਸਮੀਖਿਆ ਸੰਸਾਰ



**ਰਵਿੰਦਰ ਸਿੰਘ ਸੋਢੀ**
001-604-369-2371
ਕੈਲਗਰੀ, ਕੈਨੇਡਾ

ਪੁਸਤਕ ਪੜਚੋਲ ਜਾਂ ਸਮੀਖਿਆ ਵੀ ਆਲੋਚਨਾ ਦੇ ਖੇਤਰ ਵਿਚ ਹੀ ਆਉਂਦੀ ਹੈ। ਜਿਵੇਂ ਹਿਸਾਬ, ਮਨੋਵਿਗਿਆਨ ਅਤੇ ਦਰਸ਼ਨ ਦੇ ਵਿਸ਼ਿਆਂ ਨੂੰ ਆਮ ਤੌਰ ਤੇ ਨੀਰਸ ਸਮਝਿਆ ਜਾਂਦਾ ਹੈ, ਉਸੇ ਤਰਾਂ ਆਲੋਚਨਾ ਦਾ ਖੇਤਰ ਵੀ ਆਮ ਪਾਠਕਾਂ ਦੀ ਪਕੜ ਤੋਂ ਬਾਹਰ ਹੀ ਰਹਿੰਦਾ ਹੈ। ਕੁਝ ਆਲੋਚਕਾਂ ਦੇ ਮੁਸ਼ਕਲ ਸ਼ਬਦਾਂ ਦੇ ਮੱਕੜ ਜਾਲ ਤੋਂ ਵੀ ਪਾਠਕ ਜਲਦੀ ਹੀ ਘਬਰਾ ਜਾਂਦਾ ਹੈ। ਇਸੇ ਲਈ ਆਲੋਚਨਾ ਦੀਆਂ ਪੁਸਤਕਾਂ ਇਕ ਖਾਸ ਵਰਗ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੀਆਂ ਹਨ ਜਾਂ ਵਿਦਿਆਰਥੀ ਵਰਗ ਨੂੰ ਮਜ਼ਬੂਰੀ ਵਿਚ ਇਹਨਾਂ ਨੂੰ ਪੜ੍ਹਨ ਦਾ ਅੱਕ ਚੱਬਣਾ ਪੈਂਦਾ ਹੈ। ਪਰ ਪ੍ਰਸਿੱਧ ਚਿੰਤਕ ਹਰਮੀਤ ਸਿੰਘ ਅੱਟਵਾਲ ਵੱਲੋਂ ਸੰਪਾਦਿਤ ਪੁਸਤਕ 'ਡਾ. ਗੁਰਦਿਆਲ ਸਿੰਘ ਰਾਏ ਦਾ ਸਮੀਖਿਆ ਸੰਸਾਰ' ਪੁਸਤਕ ਪੜ੍ਹ ਕੇ ਮੇਰੇ ਉਪਰੋਕਤ ਵਿਚਾਰ ਵਿਚ ਕੁਝ ਤਬਦੀਲੀ ਆਈ ਹੈ। ਇਸ ਪੁਸਤਕ ਵਿਚ ਸੰਪਾਦਕ ਨੇ ਡਾ. ਰਾਏ ਦੇ 13 ਲੇਖਾਂ ਨੂੰ ਸ਼ਾਮਿਲ ਕੀਤਾ ਹੈ। ਇਹਨਾਂ ਵਿਚੋਂ ਇਕ ਲੇਖ(ਬਹੁਤ ਹੀ ਸੰਖੇਪ) ਆਲੋਚਨਾ ਦੇ ਮਾਪ ਦੰਡਾ ਸਬੰਧੀ ਹੈ, ਸੱਤ ਲੇਖ ਕਵਿਤਾਵਾਂ ਦੀਆਂ ਪੁਸਤਕਾਂ ਦੀ ਪਰਖ-ਪੜਚੋਲ ਵਾਲੇ ਹਨ, ਦੋ ਲੇਖਾਂ ਵਿਚ ਵਾਰਤਕ ਦੀਆਂ ਪੁਸਤਕਾਂ ਨੂੰ ਆਲੋਚਨਾ ਦੀ ਕਸਵੱਟੀ ਤੇ ਪਰਖਿਆ ਗਿਆ ਹੈ ਅਤੇ ਤਿੰਨ ਆਲੋਚਨਾਤਮਕ ਲੇਖ ਕਹਾਣੀਆਂ ਬਾਰੇ ਹਨ।

ਇਸ ਤੋਂ ਪਹਿਲਾਂ ਕਿ ਵਿਚਾਰ ਅਧੀਨ ਪੁਸਤਕ ਤੇ ਚਰਚਾ ਕੀਤੀ ਜਾਵੇ, ਡਾ. ਰਾਏ ਸੰਬੰਧੀ ਦੋ-ਚਾਰ ਸਤਰਾਂ ਲਿਖਣੀਆਂ ਜ਼ਰੂਰੀ ਸਮਝਦਾ ਹਾਂ। ਉਹ ਭਾਵੇਂ ਲੰਮੇ ਸਮੇਂ ਤੋਂ ਬਰਤਾਨੀਆ ਰਹਿ ਰਹੇ ਹਨ, ਪਰ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ, ਪੰਜਾਬੀ ਸਭਿਆਚਾਰ ਦਾ ਪੱਲਾ ਉਹਨਾਂ ਨੇ ਘੁੱਟ ਕੇ ਫੜਿਆ ਹੋਇਆ ਹੈ। ਕਈ ਪੁਸਤਕਾਂ ਦੇ ਲੇਖਕ ਹਨ, ਕਈ ਸਾਂਝੀਆਂ ਪੁਸਤਕਾਂ ਵਿਚ ਵੀ ਹਾਜ਼ਰੀ ਲਵਾ ਚੁੱਕੇ ਹਨ ਅਤੇ ਸਭ ਤੋਂ ਵੱਧ ਉਹਨਾਂ ਵੱਲੋਂ ਚਲਾਈ ਜਾ ਰਹੀ 'ਲਿਖਾਰੀ' ਵੈਬਸਾਈਟ ਰਾਹੀਂ ਉਹ ਪੁਰਾਣੀਆਂ ਅਤੇ ਨਵੀਆਂ ਕਲਮਾਂ ਨੂੰ ਪਾਠਕਾਂ ਦੇ ਸਨਮੁੱਖ ਕਰਦੇ ਆ ਰਹੇ ਹਨ। ਉਹਨਾਂ ਦੇ ਅਜਿਹੇ ਉਸਾਰੂ ਉੱਦਮ ਸਦਕਾ ਉਹਨਾਂ ਨੂੰ ਕਈ ਮਾਨ-ਸਨਮਾਨ ਵੀ ਪ੍ਰਾਪਤ ਹੋ ਚੁੱਕੇ ਹਨ। ਉਮਰ ਦੀਆਂ ਅੱਸੀ-ਪਚਾਸੀ ਬਹਾਰਾਂ ਨੂੰ ਮਾਣਨ ਵਾਲੇ ਮਿੱਠ ਬੋਲੜੇ ਅਤੇ ਆਪਣੇ ਤੋਂ ਉਮਰ ਵਿਚ ਛੋਟਿਆਂ ਨੂੰ ਵੀ ਆਦਰ-ਮਾਣ ਦੇਣ ਵਾਲੇ ਡਾ. ਗੁਰਦਿਆਲ ਸਿੰਘ ਰਾਏ ਆਪਣੀ ਢਿੱਲੀ-ਮਿੱਠੀ ਸਿਹਤ ਦੇ ਬਾਵਜੂਦ ਵੀ ਪੰਜਾਬੀ ਸਾਹਿਤ ਦੀ ਸੇਵਾ ਵੇਲੇ ਗੱਭਰੂਆਂ ਦੇ ਜੋਸ਼ ਨੂੰ ਵੀ ਮਾਤ ਪਾਉਂਦੇ ਹਨ।

ਮੈਂ ਆਪ ਵੀ ਪੁਸਤਕ ਰੀਵਿਊ ਜਾਂ ਪੜਚੋਲ ਕਰਦਾ ਹਾਂ, ਇਸ ਲਈ ਪਤਾ ਹੈ ਕਿ ਕਿਸੇ ਵੀ ਪੁਸਤਕ ਸੰਬੰਧੀ ਕੁਝ ਵੀ ਲਿਖਿਆ ਸਮਾਂ ਪਾ ਕੇ ਪੁਰਾਣਾ ਹੋ ਜਾਂਦਾ ਹੈ, ਪਰ ਵਿਚਾਰ ਅਧੀਨ ਡਾ. ਰਾਏ ਦੀ ਪੁਸਤਕ ਪੜ੍ਹ ਕੇ ਮੇਰਾ ਇਹ ਵਿਚਾਰ ਬਦਲਿਆ ਹੈ। ਮੈਂ ਇਹ ਮਹਿਸੂਸ ਕੀਤਾ ਹੈ ਕਿ ਜੇ ਪੜਚੋਲ ਕਰਤਾ ਦੀ ਸ਼ੈਲੀ ਵਿਚ ਵਿਲੱਖਣਤਾ ਹੈ, ਉਹ ਪੁਸਤਕ ਦੇ ਉਸਾਰੂ ਪੱਖਾਂ ਦੇ ਨਾਲ-ਨਾਲ ਪੁਸਤਕ ਦੀਆਂ ਕਮਜ਼ੋਰੀਆਂ ਸੰਬੰਧੀ ਵੀ ਚਰਚਾ ਕਰਦਾ ਹੈ ਤਾਂ ਪੁਸਤਕ ਰੀਵਿਊ ਜਾਂ ਪੜਚੋਲ ਵੀ ਨਿਰਸੰਦੇਹ ਚਿਰ-ਜੀਵੀ ਹੋ ਸਕਦੀ ਹੈ।

ਪੁਸਤਕ ਦਾ ਪਹਿਲਾ ਹੀ ਲੇਖ 'ਆਲੋਚਨਾ ਦਾ ਕਾਰਜ ਖੇਤਰ' ਭਾਵੇਂ ਬਹੁਤ ਹੀ ਸੰਖੇਪ ਹੈ, ਪਰ ਇਸ ਸੰਖੇਪਤਾ ਤੋਂ ਹੀ ਆਲੋਚਨਾ ਦੇ ਖੇਤਰ ਦੀ ਮੁਢਲੀ ਜਾਣਕਾਰੀ ਮਿਲ ਜਾਂਦੀ ਹੈ। ਲੇਖਕ ਦੀ ਵਿਦਵਤਾ ਇਸ ਗੱਲ ਤੋਂ ਝਲਕਦੀ ਹੈ ਕਿ ਉਸ ਨੇ ਆਲੋਚਨਾ ਸ਼ਬਦ ਦੀ ਉਤਪਤੀ ਵੱਲ ਇਸ਼ਾਰਾ ਕੀਤਾ ਹੈ ਅਤੇ ਇਸਦੇ ਨਾਲ ਹੀ ਮਨੁੱਖੀ ਸੁਭਾਅ ਦੇ ਬੁਨਿਆਦੀ ਪੱਖ ਦੀ ਗੱਲ ਕਰਦੇ ਲਿਖਿਆ ਹੈ ਕਿ ਕੋਈ ਵੀ ਆਪਣੇ ਬਾਰੇ ਨਾਂਹ-ਪੱਖੀ ਵਿਚਾਰ ਸੁਣਨਾ ਨਹੀਂ ਚਾਹੁੰਦਾ ਅਤੇ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਲੇਖਕ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਸ ਦੀਆਂ ਲਿਖਤਾਂ ਵਿਚ ਕੁਝ ਘਾਟਾਂ ਰਹਿ ਹੀ ਜਾਂਦੀਆਂ ਹਨ। ਦੇਖਣ ਵਾਲੀ ਗੱਲ ਇਹ ਹੁੰਦੀ ਹੈ ਕਿ ਆਲੋਚਕ ਉਹਨਾਂ ਖ਼ਾਮੀਆਂ ਨੂੰ ਉਜਾਗਰ ਕਰਨ ਲਈ "ਖੰਡ ਵਲੇਟਵੀਂ ਗੱਲ ਕਰਦਾ ਹੈ ਕਿ ਅੱਕ ਚਬਾਉਣਾ ਪਸੰਦ ਕਰਦਾ ਹੈ।" ਲੇਖਕ ਨੇ ਸਾਹਿਤਕ ਆਲੋਚਨਾ ਦੇ ਪੰਦਰਾਂ ਰੂਪਾਂ ਦਾ ਵੀ ਜ਼ਿਕਰ ਕੀਤਾ ਹੈ। ਡਾ. ਰਾਏ ਦਾ ਵਿਚਾਰ ਹੈ ਕਿ ਪੁਸਤਕਾਂ ਦੇ ਮੁੱਖ ਬੰਦ, ਰੀਵਿਊ ਅਤੇ ਪੁਸਤਕਾਂ ਉੱਤੇ ਲਿਖੇ ਵਿਸ਼ੇਸ਼ ਪਰਚੇ ਵੀ ਇਕ ਤਰਾਂ ਦੀ ਆਲੋਚਨਾ ਹੀ ਹੁੰਦੀ ਹੈ। ਉਹਨਾਂ ਅਨੁਸਾਰ "ਨਿਰਸੰਦੇਹ ਸਾਹਿਤ ਜੀਵਨ ਦੀ ਵਿਆਖਿਆ ਹੈ, ਪਰ ਆਲੋਚਨਾ ਸਿਰਫ ਆਲੋਚਨਾ ਹੀ ਨਹੀਂ, ਰਚਣਹਾਰ ਵੱਲੋਂ ਪ੍ਰਗਟਾਈ ਜੀਵਨ ਵਿਆਖਿਆ ਦੀ ਅਗਾਂਹ ਹੋਰ ਵਿਆਖਿਆ ਹੈ।" ਆਲੋਚਨਾ ਦੇ ਮਕਸਦ ਸੰਬੰਧੀ ਉਹ ਲਿਖਦੇ ਹਨ, "ਪਾਠਕੀ ਜੀਵਨ ਸੂਝ ਅਤੇ ਸੋਝੀ ਨੂੰ ਪਹਿਲਾਂ ਨਾਲੋਂ ਹੋਰ ਸਾਰਥਕ, ਹੋਰ ਸਜਗ, ਹੋਰ ਸੁਹਾਵਣਾ, ਹੋਰ ਸੱਚਾ, ਹੋਰ ਸੰਪੂਰਨ, ਹੋਰ ਸਫਲ, ਹੋਰ ਸਫਲ ਅਤੇ ਸਹਿਜ ਬਣਾਉਂਣਾ ਹੈ।" ਇਕ ਹੋਰ ਬਹੁਤ ਹੀ ਮਹੱਤਵਪੂਰਨ ਗੱਲ ਕਹੀ ਗਈ ਹੈ ਕਿ 'ਆਲੋਚਨਾ ਕਦੇ ਵੀ ਰਚਨਾ ਦਾ ਪਠਨ ਨਹੀਂ ਬਣ ਸਕਦੀ, ਪਰ ਪੁਸਤਕ ਪੜ੍ਹਨ ਦੀ ਜਗਿਆਸਾ ਜਰੂਰ ਪੈਦਾ ਕਰੇ।'

ਪੁਸਤਕ ਵਿਚਲੇ ਲੇਖਾਂ ਨੂੰ ਪੜ੍ਹ ਕੇ ਇਕ ਗੱਲ ਸਪਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਸੁਹਿਰਦ ਆਲੋਚਕ ਨੇ ਵੱਖ-ਵੱਖ ਪੁਸਤਕਾਂ 'ਤੇ ਚਰਚਾ ਕਰਦੇ ਹੋਏ ਆਪਣੀ ਕਲਾਤਮਕ ਸ਼ੈਲੀ ਨੂੰ ਬਰਕਰਾਰ ਰੱਖਿਆ ਹੈ। ਇਕ ਸ਼ਬਦ ਤੋਂ ਬਾਅਦ ਦੂਜਾ ਸ਼ਬਦ ਅਤੇ ਇਕ ਵਾਕ ਤੋਂ ਬਾਅਦ ਦੂਜਾ ਵਾਕ ਪੜ੍ਹਨ ਵਾਲੇ ਨੂੰ ਇਹ ਮਹਿਸੂਸ ਨਹੀਂ ਹੁੰਦਾ ਕਿ ਉਹ ਕੋਈ ਆਲੋਚਨਾਤਮਕ ਲੇਖ ਪੜ੍ਹ ਰਿਹਾ ਹੈ, ਬਲਕਿ ਉਹ ਤਾਂ ਕਹਾਣੀ, ਨਾਵਲ ਵਰਗੀ ਰਚਨਾ ਪੜ੍ਹ ਰਿਹਾ ਮਹਿਸੂਸ ਕਰਦਾ ਹੈ ਅਤੇ ਉਸ ਨੂੰ ਲੱਗਦਾ ਹੈ ਜਿਵੇਂ ਉਹ ਸਰੋਦੀ ਕਾਵਿ ਪੜ੍ਹ ਰਿਹਾ ਹੋਵੇ। ਹੇਠਲੀਆਂ ਕੁਝ ਉਦਾਹਰਣਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ:




ਪੰਦਰਾਂ ਮੁਰੱਬਿਆਂ ਵਾਲੀ ਖੇਤ ਨੂੰ ਭੱਤਾ ਲੈ ਕੇ ਜਾਣ ਵਾਲੀ ਜੱਟੀ ਹੁਣ ਹੀਥਰੋ ਦੇ ਅੰਤਰ-ਰਾਸ਼ਟਰੀ ਏਅਰ ਪੋਰਟ ਉੱਤੇ ਖੁਸ਼ੀ-ਖੁਸ਼ੀ ਏਅਰ-ਕੰਡੀਸ਼ਨਡ ਟੌਇਲਟਾਂ ਸਾਫ਼ ਕਰ ਰਹੀ ਹੈ ਅਤੇ ਮਟਕ-ਮਟਕ ਪੱਬ ਧਰਦੀ ਹੈ। (ਪੰਨਾ 41) ਦੋ ਪੁੜਾਂ ਵਿਚ ਪਿਸ ਕੇ ਨਿਕਲੇ ਇਕ ਤੀਜੇ ਅਤੇ ਵੱਖਰੇ ਕਿਸਮ ਦੇ ਸਮਾਜਕ ਵਿਹਾਰ, ਚਲਨ ਅਤੇ ਨਵੀਂ ਸੋਚ ਦਾ ਜਨਮ ਅਤੇ ਪਸਾਰਾ ਵੀ ਸੁਭਾਵਿਕ ਹੈ। (ਪੰਨਾ 75) ਲੁਕ ਛਿਪ ਕੇ ਗੁੜ ਖਾਣਾ ਲੋੜਦੇ ਹਨ, ਪਰ ਆਪਣੀ ਸੰਤਾਨ ਨੂੰ ਸ਼ਹਿਦ ਚੱਟਣ ਲਈ ਪ੍ਰੇਰਦੇ ਹਨ। (ਪੰਨਾ,94)

ਲੇਖਕ ਲਈ ਚਲਦੇ ਹੋਏ ਸਮੇਂ ਨੂੰ ਸ਼ਬਦਾਂ ਦੀ ਤਲੀ 'ਤੇ ਸਮੇਟ ਕੇ, ਫੁੱਲਾਂ ਦੀ ਸੇਜ ਬਣਾ ਕੇ ਪੇਸ਼ ਕਰਨਾ ਇਕ ਤਪੱਸਿਆ ਦੀ ਮੰਗ ਕਰਦਾ ਹੈ, ਸੂਲਾਂ ਦੀਆਂ ਨੋਕਾਂ ਉੱਤੇ ਨੰਗੇ ਪੈਰ ਤੁਰਨਾ ਅਤੇ ਜ਼ਹਿਰ-ਭਿਜੀ ਸੂਈ-ਗਧੋਈ ਨਾਲ ਅੱਲੇ ਜ਼ਖ਼ਮਾਂ ਨੂੰ ਕੁਰੇਦ ਕੇ ਛੇੜਨਾ-ਫਰੋਲਣਾ ਸੌਖਾ ਨਹੀਂ ਹੁੰਦਾ।(ਪੰਨਾ 112)

ਕਈ ਲੇਖਾਂ ਵਿਚ ਆਲੋਚਕ ਨੇ ਸੰਬੰਧਿਤ ਪੁਸਤਕ ਦੀਆਂ ਖ਼ਾਮੀਆਂ ਬਾਰੇ ਅਜਿਹੇ ਢੰਗ ਨਾਲ ਟਿੱਪਣੀ ਕੀਤੀ ਹੈ ਕਿ ਲੇਖਕ ਨੂੰ ਬੜੇ ਸਹਿਜ ਨਾਲ ਉਸਦੀ ਗਲਤੀ ਦਾ ਅਹਿਸਾਸ ਕਰਵਾ ਦਿੱਤਾ ਹੈ। ਮਸਲਨ ਰਣਜੀਤ ਸਿੰਘ ਰਾਣਾ ਦੀ ਪੁਸਤਕ 'ਤੇ ਚਰਚਾ ਕਰਦੇ ਹੋਏ ਲਿਖਿਆ ਹੈ ਕਿ ਕਿਸੇ ਦੂਜੀ ਕਿਤਾਬ ਵਿਚੋਂ ਵੀ ਕੁਝ ਕਵਿਤਾਵਾਂ ਦਾ ਦੁਹਰਾ ਕੀਤਾ ਹੈ, ਜਿਸ ਤੋਂ ਸੰਕੋਚ ਕਰਨਾ ਚਾਹੀਦਾ ਸੀ ਅਤੇ ਸ਼ਬਦ ਜੋੜਾਂ ਦੀਆਂ ਗਲਤੀਆਂ, ਉਰਦੂ ਦੇ ਅਪ੍ਰਚਲਿਤ ਸ਼ਬਦਾਂ ਤੋਂ ਗੁਰੇਜ ਕਰਨ ਦੀ ਸਲਾਹ ਦਿੱਤੀ ਹੈ।

ਕਈ ਪੁਸਤਕਾਂ ਦੇ ਮੁੱਖ ਬੰਦਾਂ ਦੀ ਵੀ ਚਰਚਾ ਕੀਤੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਡਾ. ਰਾਏ ਪੂਰੀ ਪੁਸਤਕ ਪੜ੍ਹਨ ਉਪਰੰਤ ਹੀ ਪੁਸਤਕ ਸੰਬੰਧੀ ਕੁਝ ਲਿਖਦੇ ਹਨ। ਕਈ ਥਾਂਵਾਂ ਤੇ ਉਹਨਾਂ ਨੇ ਆਪਣੇ ਵਿਚਾਰਾਂ ਨੂੰ ਸਪਸ਼ਟ ਕਰਨ ਲਈ ਵਿਸ਼ਵ ਪ੍ਰਸਿੱਧ ਵਿਦਵਾਨਾਂ ਦੇ ਵਿਚਾਰਾਂ ਦਾ ਉਲੇਖ ਵੀ ਕੀਤਾ ਹੈ।

ਉਹਨਾਂ ਨੇ ਕਈ ਪੁਸਤਕਾਂ 'ਤੇ ਚਰਚਾ ਕਰਦੇ ਹੋਏ ਪੁਸਤਕ ਦੀ ਜਾਣਕਾਰੀ ਇਸ ਢੰਗ ਨਾਲ ਦਿੱਤੀ ਹੈ ਕਿ ਪਾਠਕ ਦਾ ਦਿਲ ਵਿਚਾਰ ਅਧੀਨ ਪੁਸਤਕ ਨੂੰ ਪੜ੍ਹਨ ਲਈ ਬਿਹਬਲ ਹੋ ਉੱਠਦਾ ਹੈ। ਇਸਦੀ ਸਭ ਤੋਂ ਵੱਧੀਆਂ ਉਦਾਹਰਣ ਹੈ ਪਿਆਰਾ ਸਿੰਘ ਪਦਮ ਦੀ ਪੁਸਤਕ 'ਪੰਜਾਬੀ ਸਭਿਆਚਾਰ ਦੀ ਪੇਸ਼ਕਾਰੀ'।

"ਪੰਜਾਬੀਆਂ ਦਾ ਪਰੰਪਰਾਗਤ ਵਿਸ਼ਵਾਸ, ਧਰਮ, ਵਿਆਹ ਸੰਸਕਾਰ, ਵਿਆਹ ਸੰਸਕਾਰ ਵੇਲੇ ਦੀਆਂ ਵੱਖ-ਵੱਖ ਰੀਤਾਂ-ਰਿਵਾਜਾਂ, ਪੰਜਾਬੀਆਂ ਦਾ ਪਹਿਰਾਵਾ ਸਜਣ-ਸੰਵਰਨ ਦੀ ਤਾਂਘ, ਹਾਰ-ਸ਼ਿੰਗਾਰ, ਗਹਿਣੇ-ਗੱਟੇ ਲੋਕ ਗੀਤ, ਮੇਲੇ ਆਦਿ ਹਨ। ਪਰ ਸਭਿਆਚਾਰ ਖੜੋਤ ਵਾਲਾ ਨਹੀਂ ਹੁੰਦਾ ਸਗੋਂ ਗਤੀਸ਼ੀਲ ਹੁੰਦਾ ਹੈ। ( ਪੰਨਾ 85) ਡਾ. ਰਾਏ ਨੇ ਕਵਿਤਾ, ਕਹਾਣੀ ਅਤੇ ਵਾਰਤਕ ਰੂਪਾਂ ਵਾਲੀਆਂ ਪੁਸਤਕਾਂ ਦੀ ਪੜਚੋਲ ਇਕੋ ਜਿਹੀ ਪ੍ਰਵੀਣਤਾ ਨਾਲ ਕੀਤੀ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਸਾਰੀਆਂ ਹੀ ਸਾਹਿਤਕ ਵਿਧਾਵਾਂ ਦੀ ਜਾਣਕਾਰੀ ਰੱਖਦੇ ਹਨ।

ਪੁਸਤਕਾਂ ਦੀ ਪੜਚੋਲ ਸਮੇਂ ਉਹਨਾਂ ਨੇ ਬੜੇ ਢੁੱਕਵੇਂ ਸ਼ਬਦਾਂ ਵਿਚ ਪੁਸਤਕਾਂ ਦਾ ਨਿਚੋੜ ਪੇਸ਼ ਕੀਤਾ ਹੈ। ਓਂਕਾਰਪ੍ਰੀਤ ਸਿੰਘ ਦੀ ਪੁਸਤਕ 'ਵਿਚਾਰ ਦੇ ਵਿਹੜੇ 'ਚ: ਮਿੱਪਲ ਦੀ ਕੈਨਵਸ' ਬਾਰੇ ਉਹਨਾਂ ਦੀ ਟਿੱਪਣੀ ਹੈ, "ਮਿੱਪਲ ਦੇ ਕੈਨਵਸ ਰਾਹੀਂ ਉਸ ਨੇ ਬੀਤੇ ਨੂੰ ਭੁਲਾਉਣ, ਨਵੇਂ ਨੂੰ ਅਪਣਾਉਣ ਅਤੇ ਅੱਜ ਵਿਚ ਜੀਨ ਲਈ 'ਆਪਣੀ ਤੜਪ' ਨੂੰ 'ਸਮੂੰਹ ਦਾ ਅਹਿਸਾਸ' ਬਣਾਉਣ ਵੱਲ ਕਦਮ ਚੁੱਕਿਆ ਹੈ।" (ਪੰਨਾ 75)

ਬਲਵਿੰਦਰ ਮਥਾਰੂ ਦੀ ਪੁਸਤਕ 'ਸੁਰ-ਸਾਂਝ' ਦੀ ਟਿੱਪਣੀ ਵੀ ਧਿਆਨ ਖਿੱਚਦੀ ਹੈ, "ਉਸਦੀ ਛੰਦ ਰਹਿਤ ਕਵਿਤਾ ਵਿਚ ਰਿਦਮ ਹੈ, ਸੁੰਦਰਤਾ ਹੈ, ਨਗੀਨੇ ਵਰਗੇ ਸ਼ਬਦ ਹਨ, ਬਿੰਬ ਹਨ, ਸੋਚ ਦੀ ਗੰਭੀਰਤਾ ਵਾਲਾ ਚਿੰਤਨ ਹੈ, ਵਿਚਾਰਾਂ ਤੇ ਅਹਿਸਾਸਾਂ ਦੀ ਸ਼ਿਦਤ ਹੈ ਅਤੇ ਨਵੇਕਲੀ ਛਾਪ ਵਾਲੀ ਸ਼ੈਲੀ ਹੈ।" (ਪੰਨਾ 17)

ਡਾ. ਰਾਏ ਅਸਲ ਵਿਚ ਸ਼ਬਦਾਂ ਦੇ ਜਾਦੂਗਰ ਹਨ। ਕਿਸੇ ਲੇਖਕ ਦੀ ਜਾਣ ਪਹਿਚਾਣ ਸਮੇਂ ਉਹ ਸ਼ਬਦੀ ਚਿੱਤਰ ਪੇਸ਼ ਕਰ ਦਿੰਦੇ ਹਨ। ਹਰਭਜਨ ਸਿੰਘ ਬੈਂਸ ਸੰਬੰਧੀ ਉਹ ਲਿਖਦੇ ਹਨ, "ਬੋਲੀਆਂ ਦਾ ਮਾਹਰ, ਹੀਰ ਦਾ ਗਵਈਆ, ਬਾਂਸਰੀ ਦੀਆਂ ਸੁਰਾਂ ਨਾਲ ਦਿਲ ਨੂੰ ਧੂਹ ਪਾਉਣ ਵਾਲਾ, ਸੰਗੀਤ ਕਲਾ ਦਾ ਮਾਹਰ, ਸੰਵੇਦਨਸ਼ੀਲ, ਚਿੰਤਕ ਅਤੇ ਗੰਭੀਰ ਸੁਭਾ ਵਾਲਾ ਵੀਚਾਰਵਾਨ।" (ਪੰਨਾ 61)

ਹੁਣ ਕੁਝ ਸ਼ਬਦ ਇਸ ਪੁਸਤਕ ਦੇ ਸੰਪਾਦਕ ਹਰਮੀਤ ਸਿੰਘ ਅੱਟਵਾਲ ਸੰਬੰਧੀ। ਉਹਨਾਂ ਨੇ ਆਪਣੀ ਸੰਪਾਦਕੀ ਵਿਚ ਡਾ. ਰਾਏ ਸੰਬੰਧੀ ਜਾਣਕਾਰੀ ਦੇਣ ਦੇ ਨਾਲ-ਨਾਲ ਪੁਸਤਕ ਵਿਚ ਦਿੱਤੇ ਲੇਖਾਂ ਬਾਰੇ ਵੀ ਚਰਚਾ ਕੀਤੀ ਹੈ। ਅਟਵਾਲ ਸਾਹਿਬ ਇਸ ਲਈ ਵਧਾਈ ਦੇ ਹੱਕਦਾਰ ਹਨ ਕਿ ਉਹਨਾਂ ਨੇ ਇਕ ਵਧੀਆ ਪੁਸਤਕ ਦਾ ਸੰਪਾਦਨ ਕਰਕੇ ਪੰਜਾਬੀ ਦੀਆਂ ਸਾਹਿਤਕ ਪੁਸਤਕਾਂ ਦੀ ਪੜਚੋਲ ਕਰਨ ਵਾਲੇ ਜਾਂ ਰੀਵਿਊ ਲਿਖਣ ਵਾਲਿਆਂ ਦੀ ਰਹਿਨੁਮਾਈ ਲਈ ਇਕ ਵਧੀਆ ਪੁਸਤਕ ਤਿਆਰ ਕੀਤੀ ਹੈ। ਇਹ ਪੁਸਤਕ ਉਹਨਾਂ ਸਭ ਲਈ ਰਾਹ ਦਸੇਰਾ ਬਣ ਸਕਦੀ ਹੈ ਜੋ ਪੁਸਤਕ ਪੜਚੋਲ ਵਿਧਾ ਵਿਚ ਨਾਮਣਾ ਖੱਟਣਾ ਚਾਹੁੰਦੇ ਹਨ। ਐਵਿਸ ਪਬਲੀਕੇਸ਼ਨ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਦਾ ਮੁੱਲ 350 ਰੁਪਏ ਹੈ।

# ਗੁਰਦੁਆਰਾ ਸ੍ਰੀ ਨਾਨਕਸਰ ਸਾਹਿਬ ਪਾਤਸ਼ਾਹੀ ਪਹਿਲੀ, ਵੇਰਕਾ

## ਜੋੜ-ਮੇਲੇ ’ਤੇ ਵਿਸ਼ੇਸ਼

ਰਮੇਸ਼ ਬੱਗਾ ਚੋਹਲਾ
ਮੋਬ:9463132719



ਗੁਰਦੁਆਰਾ ਗੁਰੂ ਸਾਹਿਬ ਦਾ ਉਹ ਦਰ/ਘਰ ਹੈ ਜਿਥੇ ਕੇਵਲ ਸਿੱਖ ਭਾਈਚਾਰੇ ਦਾ ਹੀ ਨਹੀਂ ਸਗੋਂ ਉਸ ਹਰੇਕ ਪ੍ਰਾਣੀ ਦਾ ਸਿਰ ਝੁਕਦਾ ਹੈ ਜਿਹੜਾ ਸਰਬੱਤ ਦੇ ਭਲੇ ਵਾਲੀ ਸਿੱਖ-ਵਿਚਾਰਧਾਰਾ ਦੀ ਥੋੜ੍ਹੀ-ਬਹੁਤੀ ਸਮਝ ਰੱਖਦਾ ਹੈ। ਇਸ ਸਮਝ ਕਾਰਨ ਹੀ ਬਹੁਤ ਸਾਰੇ ਗੁਰਦੁਆਰਿਆਂ ਵਿਚ ਸਿੱਖ ਸ਼ਰਧਾਲੂਆਂ ਦੇ ਨਾਲ-ਨਾਲ ਗ਼ੈਰ-ਸਿੱਖਾਂ ਸਰਧਾਲੂਆਂ ਦੀ ਹਾਜ਼ਰੀ ਵੀ ਲੱਗਦੀ ਰਹਿੰਦੀ ਹੈ।

ਇਹ ਹਾਜ਼ਰੀ ਗੁਰੂ ਸਾਹਿਬਾਨ ਵੱਲੋਂ ਆਰੰਭ ਕੀਤੇ ਗਏ ਸਾਂਝੀਵਾਲਤਾ ਦੇ ਮਿਸ਼ਨ ਪ੍ਰਤੀ ਹੁੰਗਾਰਾ ਭਰਦੀ ਹੈ। ਇਸ ਤਰ੍ਹਾਂ ਦੇ ਹੁੰਗਾਰੇ ਦੀ ਇੱਕ ਮਿਸਾਲ ਜ਼ਿਲ੍ਹਾ ਅੰਮ੍ਰਿਤਸਰ ਵਿਚ ਪੈਂਦੇ ਕਸਬਾ ਵੇਰਕਾ ਦੀ ਜਰਨੈਲੀ ਸੜਕ ’ਤੇ ਸਥਿਤ ਗੁਰਦੁਆਰਾ ਨਾਨਕਸਰ ਸਾਹਿਬ (ਪਾਤਸ਼ਾਹੀ ਪਹਿਲੀ) ਤੋਂ ਮਿਲ ਜਾਂਦੀ ਹੈ।

ਇਸ ਗੁਰਦੁਆਰਾ ਸਾਹਿਬ ਨਾਲ ਜੁੜੇ ਇਤਿਹਾਸਕ ਤੱਥ ਬਿਆਨ ਕਰਦੇ ਹਨ ਕਿ ਜਗਤ ਗੁਰੂ ਨਾਨਕ ਦੇਵ ਜੀ ਆਪਣੇ ਸਾਥੀ ਭਾਈ ਮਰਦਾਨੇ ਨਾਲ ਨਗਰ ਬਟਾਲੇ ਵੱਲ ਨੂੰ ਜਾ ਰਹੇ ਸਨ। ਇਸ ਸ਼ਫ਼ਰ ਦੌਰਾਨ ਉਹ ਕੁੱਝ



ਸਮੇਂ ਲਈ ਪਿੰਡ ਵੇਰਕਾ ਦੇ ਇੱਕ ਜੰਡ ਹੇਠ ਵਿਸ਼ਰਾਮ ਕਰਨ ਲੱਗੇ। ਇਸ ਵਿਸ਼ਰਾਮ ਦੌਰਾਨ ਇਸ ਪਿੰਡ ਦੀ ਇੱਕ ਮਾਈ ਆਪਣੇ ਸੋਕਾਗ੍ਰਸਤ ਬੱਚੇ ਨੂੰ ਨਾਲ ਲੈ ਕੇ ਗੁਰੂ ਸਾਹਿਬ ਦੇ ਸਨਮੁੱਖ ਹੋਈ ਅਤੇ ਬੱਚੇ ਦੀ ਤੰਦਰੁਸਤੀ ਲਈ ਅਰਜੋਈ ਕਰਨ ਲੱਗੀ। ਮਾਈ ਦੀ ਤਰਸਯੋਗ ਹਾਲਤ ਨੂੰ ਦੇਖ ਕੇ ਗੁਰੂ ਸਾਹਿਬ ਮੇਹਰ ਦੇ ਘਰ ਵਿਚ ਆਏ ਅਤੇ ਮਾਈ ਨੂੰ ਕਹਿਣ ਲੱਗੇ ਕਿ ਉਹ ਜੰਡ ਨੇੜਲੀ ਛੱਪੜੀ ਵਿਚ ਇਸ ਬੱਚੇ ਦਾ ਇਸ਼ਨਾਨ ਕਰਵਾ ਲਿਆਵੇ।

ਗੁਰੂ ਸਾਹਿਬ ਦਾ ਹੁਕਮ ਪਾ ਕੇ ਜਦੋਂ ਉਹ ਮਾਈ ਬੱਚੇ ਦਾ ਇਸ਼ਨਾਨ ਕਰਵਾਉਣ ਲੱਗੀ ਤਾਂ ਸੁੱਕੇ ਹੋਏ ਬੱਚੇ ਦਾ ਸਰੀਰ ਹਰਿਆ-ਭਰਿਆ (ਸਿਹਤਯਾਬ) ਹੋਣ ਲੱਗਾ। ਬੱਚੇ ਦੀ ਇਹ ਹਰਿਆਲੀ ਮਾਈ ਦੀ ਖੁਸ਼ਹਾਲੀ ਬਣ ਗਈ ਜਦੋਂ ਬਿਮਾਰ ਬੱਚਾ ਪੂਰੀ ਤਰ੍ਹਾਂ ਠੀਕ ਹੋ ਗਿਆ। ਖ਼ੁਸ਼ੀ ਵਿਚ ਖੀਵੀ ਹੋਈ ਉਹ ਮਾਈ ਆਪਣੇ ਘਰ ਗਈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਦੇ ਛੱਕਣ ਲਈ ਪ੍ਰਸ਼ਾਦਾ ਤਿਆਰ ਕਰ ਲਿਆਈ। ਪ੍ਰਸ਼ਾਦਾ-ਪਾਣੀ ਛੱਕਣ ਤੋਂ ਬਾਅਦ ਗੁਰੂ ਸਾਹਿਬ ਨੇ ਪ੍ਰਸੰਨ-ਚਿੱਤ ਹੋ ਕੇ ਫ਼ੁਰਮਾਇਆ, “ਮਾਈ! ਆਉਣ ਵਾਲੇ ਸਮੇਂ ਵਿਚ ਜਿਹੜਾ ਵੀ ਪ੍ਰਾਣੀ ਇਸ ਛੱਪੜੀ ਵਿਚ ਸ਼ਰਧਾ-ਭਾਵਨਾ ਨਾਲ ਇਸ਼ਨਾਨ ਕਰੇਗਾ ਉਸ ਦੇ ਸਾਰੇ ਦੁੱਖ ਦੂਰ ਹੋਣਗੇ। ਇਥੇ ਧਰਮਸ਼ਾਲਾ ਬਣਾ ਕੇ ਆਉਂਦੇ-ਜਾਂਦੇ ਮੁਸਾਫਿਰਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ।”

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਮੁਤਾਬਿਕ ਨਗਰ ਵੇਰਕਾ ਦੇ ਵਾਸੀਆਂ ਵੱਲੋਂ ਇਸ ਸਥਾਨ ’ਤੇ ਇੱਕ ਧਰਮਸ਼ਾਲਾ ਦੀ ਉਸਾਰੀ ਕਰਵਾਈ ਗਈ ਅਤੇ ਛੱਪੜੀ ਦੀ ਜਗ੍ਹਾ ਪਵਿੱਤਰ ਸਰੋਵਰ ਬਣਾਇਆ ਗਿਆ। ਇਸ ਉਪਰਾਲੇ ਦਾ ਵਿਕਸਤ ਰੂਪ ਹੀ ਗੁਰਦੁਆਰਾ ਸ੍ਰੀ ਨਾਨਕਸਰ ਸਾਹਿਬ ਹੈ ਜਿਹੜਾ ਅੰਮ੍ਰਿਤਸਰ-ਬਟਾਲਾ ਰੋਡ ’ਤੇ ਸਥਿਤ ਹੈ। ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਭੂਰੀ ਵਾਲੇ ਸੰਤਾਂ ਕੋਲ ਹੈ ਜਿਹੜੀ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ ਜਾ ਰਹੀ ਹੈ। ਇਸ ਸਥਾਨ ’ਤੇ ਹਰ ਸਾਲ 25 ਅਤੇ 26 ਮਾਰਚ ਨੂੰ ਭਾਰੀ ਜੋੜ-ਮੇਲਾ ਮਨਾਇਆ ਜਾਂਦਾ ਹੈ।

* * * * * * * *

# ਨੋਟਾਂ ਦੀ ਗੇਮ ਹੈ ਭਾਰਤ ਦੀ ਰਾਜਨੀਤੀ, ਭਾਜਪਾ ਨੇ ਸਭ ਨੂੰ ਪਛਾੜਿਆ

**✪ ਚੋਣ ਕਮਿਸ਼ਨ ਦੀ ਰਿਪੋਰਟ ਮੁਤਾਬਕ 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ ਸਭ ਤੋਂ ਵੱਧ ਖਰਚ ਕੀਤਾ**

**✪ ਚੋਣ ਪ੍ਰਚਾਰ ਦੌਰਾਨ 22 ਪਾਰਟੀਆਂ ਨੇ ਜਿੰਨੇ ਪੈਸੇ ਖਰਚੇ, ਉਸ ਨਾਲੋਂ ਢਾਈ ਗੁਣਾ ਵੱਧ ਸ਼ਰਾਬ, ਨਸ਼ੇ ਤੇ ਪੈਸੇ ਫੜੇ ਗਏ**

### ਖਾਸ ਰਿਪੋਟ

2024 ਦੀਆਂ ਲੋਕ ਸਭਾ ਚੋਣਾਂ ਤੇ ਉਸ ਦੇ ਨਾਲ ਹੋਈਆਂ ਚਾਰ ਅਸੰਬਲੀਆਂ ਦੀਆਂ ਚੋਣਾਂ ਵਿੱਚ 22 ਪ੍ਰਮੁੱਖ ਪਾਰਟੀਆਂ ਨੇ ਜਿੰਨਾ ਖਰਚਾ ਕੀਤਾ, ਉਸ ’ਚ ਇਕੱਲੀ ਭਾਜਪਾ ਦਾ ਹਿੱਸਾ 45 ਫੀਸਦੀ ਤੋਂ ਵੱਧ ਸੀ। ਕਾਮਨਵੈੱਲਥ ਹਿਊਮਨ ਰਾਈਟਸ ਇਨੀਸ਼ੀਏਟਿਵ (ਸੀ ਐੱਚ ਆਰ ਆਈ) ਦੇ ਡਾਇਰੈਕਟਰ ਤੇ ਆਰ ਟੀ ਆਈ ਕਾਰਕੁਨ ਵੈਂਕਟੇਸ਼ ਨਾਇਕ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਮੁਤਾਬਕ ਚੋਣਾਂ ਤੋਂ ਬਾਅਦ ਦਿਖਾਈ ਗਈ ਬੈਲੈਂਸ ਸ਼ੀਟ ਵਿੱਚ ਭਾਜਪਾ ਤੇ ਸੀ ਪੀ ਆਈ (ਐੱਮ) ਸਣੇ ਛੇ ਪਾਰਟੀਆਂ ਦੇ ਖਾਤਿਆਂ ਵਿੱਚ ਪੈਸੇ ਵਧ ਗਏ ਸਨ।

ਰਿਪੋਰਟ ਮੁਤਾਬਕ ਇਸ ਤੋਂ ਪਤਾ ਲੱਗਦਾ ਹੈ ਕਿ ਛੇ ਪਾਰਟੀਆਂ ਨੇ ਇਕੱਤਰ ਕੀਤੇ ਚੰਦੇ ਨਾਲੋਂ ਚੋਣਾਂ ਵਿੱਚ ਘੱਟ ਪੈਸੇ ਖਰਚ ਕੀਤੇ, ਪਰ ਚੋਣਾਂ ਦੌਰਾਨ ਕਾਫੀ ਮਾਤਰਾ ਵਿੱਚ ਫੜੇ ਜਾਂਦੇ ਪਦਾਰਥਾਂ ਤੇ ਲੁਕਵੇਂ ਖਰਚਿਆਂ ਨੂੰ ਸ਼ਾਮਲ ਕਰੀਏ ਤਾਂ ਪਤਾ ਲਾਉਣਾ ਔਖਾ ਹੈ ਕਿ ਪਾਰਟੀਆਂ ਨੇ ਕਿੰਨੇ ਪੈਸੇ ਖਰਚ ਕੀਤੇ।

ਸਿਆਸੀ ਪਾਰਟੀਆਂ ਵੱਲੋਂ ਲੋਕ ਸਭਾ ਚੋਣਾਂ ਅਤੇ ਸਿੱਕਮ, ਅਰੁਣਾਚਲ ਪ੍ਰਦੇਸ਼,



ਓਡੀਸ਼ਾ ਤੇ ਆਂਧਰਾ ਪ੍ਰਦੇਸ਼ ਅਸੰਬਲੀ ਦੀਆਂ ਚੋਣਾਂ ਤੋਂ ਬਾਅਦ ਭਾਰਤੀ ਚੋਣ ਕਮਿਸ਼ਨ ਨੂੰ ਦਿੱਤੀਆਂ ਖਰਚਾ-ਰਿਪੋਰਟਾਂ ਦੇ ਵਿਸ਼ਲੇਸ਼ਣ ਵਿੱਚ ਸਾਹਮਣੇ ਆਇਆ ਹੈ ਕਿ 2014 ਦੀਆਂ ਲੋਕ ਸਭਾ ਤੋਂ ਲੈ ਕੇ ਹੁਣ ਤੱਕ ਭਾਜਪਾ ਹੀ ਸਭ ਤੋਂ ਵੱਧ ਖਰਚ ਕਰ ਰਹੀ ਹੈ। ਰਿਪੋਰਟ ਮੁਤਾਬਕ 22 ਪਾਰਟੀਆਂ ਕੋਲ ਚੋਣਾਂ ਵਿੱਚ ਖਰਚਣ ਲਈ 18,742 ਕਰੋੜ 31 ਲੱਖ ਰੁਪਏ ਸਨ। ਇਸ ਵਿੱਚ ਚੋਣਾਂ ਦੇ ਐਲਾਨ ਤੋਂ ਪਹਿਲਾਂ ਉਨ੍ਹਾਂ ਕੋਲ ਪਈ ਰਕਮ ਤੇ ਚੋਣਾਂ ਦੌਰਾਨ ਇਕੱਠਾ ਕੀਤਾ ਚੰਦਾ ਸ਼ਾਮਲ ਹੈ। ਕੁਲ ਮਿਲਾ ਕੇ ਪਾਰਟੀਆਂ ਨੇ 3861 ਕਰੋੜ 57 ਲੱਖ ਰੁਪਏ ਚੋਣ ਮੁਹਿੰਮ ਦੌਰਾਨ ਖਰਚ ਕੀਤੇ। ਚੋਣਾਂ ਦੇ ਐਲਾਨ ਤੋਂ ਚੋਣਾਂ ਮੁਕੰਮਲ ਹੋਣ ਤੱਕ ਪਾਰਟੀਆਂ ਨੇ 7416 ਕਰੋੜ 31 ਲੱਖ ਰੁਪਏ ਇਕੱਠੇ ਕੀਤੇ। ਇਨ੍ਹਾਂ ਵਿੱਚੋਂ 84.5 ਫੀਸਦੀ ਚੰਦਾ ਸਿਰਫ ਭਾਜਪਾ ਨੂੰ ਮਿਲਿਆ। ਭਾਜਪਾ ਨੇ ਚੋਣਾਂ ਵਿੱਚ ਕੁਲ 1737 ਕਰੋੜ 68 ਲੱਖ ਰੁਪਏ ਖਰਚੇ। ਇਸ ਵਿੱਚੋਂ 41 ਕਰੋੜ ਇੱਕ ਲੱਖ ਰੁਪਏ ਚਾਰ ਅਸੰਬਲੀ ਚੋਣਾਂ ਵਿੱਚ ਖਰਚੇ। ਚੋਣਾਂ ਦੀ ਸ਼ੁਰੂਆਤ ਵੇਲੇ ਭਾਜਪਾ ਦੀ ਤਿਜੌਰੀ ਵਿੱਚ 5921 ਕਰੋੜ 81 ਲੱਖ ਰੁਪਏ ਸਨ ਅਤੇ ਚੋਣਾਂ ਮੁਕੰਮਲ ਹੋਣ ਵੇਲੇ ਇਹ ਵਧ ਕੇ 10107 ਕਰੋੜ ਹੋ ਗਏ, ਯਾਨਿ ਕਿ 4185 ਕਰੋੜ ਤੋਂ ਵੱਧ ਦਾ ਇਜ਼ਾਫਾ ਹੋ ਗਿਆ। ਰਿਪੋਰਟ ਵਿੱਚ ਇਹ ਤੱਥ ਵੀ ਨੋਟ ਕੀਤਾ ਗਿਆ ਹੈ ਕਿ ਚੋਣ ਪ੍ਰਚਾਰ ਦੌਰਾਨ 22 ਪਾਰਟੀਆਂ ਨੇ ਜਿੰਨੇ ਪੈਸੇ ਖਰਚੇ, ਉਸ ਨਾਲੋਂ ਢਾਈ ਗੁਣਾ ਵੱਧ ਪਦਾਰਥ (ਸ਼ਰਾਬ, ਨਸ਼ੇ ਤੇ ਪੈਸੇ ਆਦਿ) ਉਡਣ ਦਸਤਿਆਂ ਨੇ ਫੜੇ। ਇਹ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਹੋਰ ਕਿੰਨਾ ਮਾਲ ਉਡਣ ਦਸਤਿਆਂ ਦੀਆਂ ਨਜ਼ਰਾਂ ਵਿੱਚੋਂ ਲੁਕੋ ਕੇ ਵਰਤਾ ਦਿੱਤਾ ਗਿਆ ਹੋਵੇਗਾ।

ਰਿਪੋਰਟ ਦੱਸਦੀ ਹੈ ਕਿ ਜੇ ਇੱਕ ਪਾਰਟੀ ਹੀ ਲਗਭਗ ਅੱਧਾ ਚੰਦਾ ਇਕੱਠਾ ਕਰ ਲੈਂਦੀ ਹੈ ਤੇ ਫਿਰ ਵੱਡੇ ਪੱਧਰ ’ਤੇ ਖਰਚ ਕਰਦੀ ਹੈ ਤਾਂ ਦੂਜੀਆਂ ਪਾਰਟੀਆਂ ਨੇ ਉਸ ਦਾ ਕੀ ਮੁਕਾਬਲਾ ਕਰ ਲੈਣਾ। ਇਹ ਹਕੀਕਤ ਚੋਣਾਂ ਦੀ ਨਿਰਪੱਖਤਾ ’ਤੇ ਸਵਾਲੀਆ ਨਿਸ਼ਾਨ ਖੜ੍ਹਾ ਕਰਦੀ ਹੈ। ਇਸ ਲਈ ਰਾਜਕੀ ਚੋਣ ਫੰਡਿੰਗ ਅਤੇ ਸਿਆਸੀ ਪਾਰਟੀਆਂ ਨੂੰ ਚੰਦੇ ਦੀ ਉਪਰਲੀ ਹੱਦ ਤੈਅ ਕਰਨ ਵਰਗੇ ਬਦਲਾਂ ’ਤੇ ਫ਼ੌਰੀ ਵਿਚਾਰ ਕਰਨ ਦੀ ਲੋੜ ਹੈ, ਤਾਂ ਜੋ ਸਭ ਲਈ ਮੈਦਾਨ ਇੱਕੋ ਜਿਹਾ ਹੋਵੇ।

# • ਪੰਜਾਬੀ ਫ਼ਿਲਮ ਦਰਪਣ •

## ਮਨਜੀਤ ਪੱਪੂ ਸੁਣਾ ਰਿਹੈ "ਦਾਸਤਾਨ ਏ ਪੰਜਾਬ"




ਲਾਡੀ ਠੀਕਰੀਵਾਲ ਨੂੰ ਪਤਾ ਹੈ ਕਿ ਇਤਿਹਾਸਕ ਦਾਸਤਾਨ ਕਿਸੇ ਕੋਲੋ ਰਿਕਾਰਡ ਕਰਵਾ ਲੋਕਾਂ ਤੱਕ ਪਹੁੰਚਦੀ ਕਰਨੀ ਹੋਏ ਤਾਂ ਗਾਇਕ ਮਨਜੀਤ ਪੱਪੂ ਫਿੱਟ ਗਾਇਕ ਹੈ। ਮਨਜੀਤ ਪੱਪੂ ਦੀ ਬੁਲੰਦ ਆਵਾਜ਼ ਤਾਂ ਜੈਜ਼ੀ ਬੀ ਤੇ ਸੁਖਸ਼ਿੰਦਰ ਸ਼ਿੰਦਾ ਨਾਲ ਆ ਲੋਕ ਪ੍ਰਿਅ ਹੋ ਚੁੱਕੀ ਹੈ। ਘੁੰਮਣ ਰਿਕਾਰਡਜ਼ ਤੇ ਲਾਡੀ ਠੀਕਰੀਵਾਲ ਨੇ ਮਨਜੀਤ ਪੱਪੂ ਦੀ ਆਵਾਜ਼ ਵਿੱਚ ਧਾਰਮਿਕ ਵਲਵਲੇ ਵਾਲਾ ਟਰੈਕ "ਦਾਸਤਾਨ ਏ ਪੰਜਾਬ" ਲਿਆਂਦਾ ਹੈ। ਸੁਖਜਿੰਦਰ ਸਿੰਘ ਘੁਮਾਣ ਘੁੰਮਣ ਦੇ ਨਿਰਮਾਣ ਹੇਠ ਆਏ ਇਸ ਟਰੈਕ ਦਾ ਸੰਗੀਤ ਹਰੀ ਅਮਿਤ ਨੇ ਬਣਾਇਆ ਹੈ। ਮਨਜੀਤ ਪੱਪੂ ਨੇ ਕਿਹਾ ਕਿ ਗੁਰਮੀਤ ਮੰਡੇਰ ਤੇ ਸੁਖਜਿੰਦਰ ਸਿੰਘ ਘੁੰਮਣ ਦਾ ਧੰਨਵਾਦ ਸਹੀ ਵਕਤ ਦੀ ਗੱਲ "ਦਾਸਤਾਨ ਏ ਪੰਜਾਬ" ਦਾ ਮੌਕਾ ਦਿੱਤਾ ਹੈ।

## ਯੋਗਰਾਜ ਸਿੰਘ ਦਾ ਹੱਕ ਹੈ ਮਿਲਣਾ ਚਾਹੀਦਾ ਹੈ



ਜਿਸ ਯੋਗਰਾਜ ਸਿੰਘ ਨੇ ਸੁਨੀਲ ਗਾਵਸਕਰ ਤੇ ਬਿਸ਼ਨ ਸਿੰਘ ਬੇਦੀ, ਕਪਿਲ ਦੇਵ ਨਾਲ ਦੇਸ਼ ਲਈ ਸੰਸਾਰ ਭਰ ਵਿੱਚ ਕ੍ਰਿਕਟ ਖੇਡ ਨਾਮ ਚਮਕਾਇਆ ਓਹ ਸਹੀ ਅਰਥ ਵਿੱਚ ਪਦਮ ਸ੍ਰੀ ਐਵਾਰਡ ਦੇ ਹੱਕਦਾਰ ਹਨ। ਦੂਜਾ ਓਹਨਾਂ ਦਾ ਬੇਟਾ ਯੁਵਰਾਜ ਸਿੰਘ ਕ੍ਰਿਕਟ ਦਾ ਹੀਰਾ ਓਹਨਾਂ ਬਣਾਇਆ, ਖਿਡਾਰੀਆਂ ਨੂੰ ਟ੍ਰੇਨਿੰਗ ਦਿੰਦੇ ਹਨ। ਰਹੀ ਗੱਲ ਸਿਨੇਮਾ ਦੀ ਤਾਂ "ਬੀਬੀ ਰਜਨੀ" ਵਿੱਚ ਅਦਾਕਾਰੀ ਲਈ ਓਹ ਨੈਸ਼ਨਲ ਫ਼ਿਲਮ ਸਨਮਾਨ ਦੇ ਹੱਕਦਾਰ ਹਨ। ਬੀ ਸੀ ਸੀ ਆਈ, ਪੰਜਾਬੀ ਸੱਭਿਆਚਾਰਕ ਸੰਸਥਾਵਾਂ ਮੁਹਿੰਮ ਚਲਾ ਦੇਣ ਕਿ ਅਸਲੀ ਹੱਕਦਾਰ ਇਹਨਾਂ ਵੱਡੇ ਸਨਮਾਨਾਂ ਦਾ ਯੋਗਰਾਜ ਸਿੰਘ ਹੈ। ਯੋਗਰਾਜ ਸਿੰਘ ਧਰਮ, ਕਰਮ, ਖੇਡ ਤੇ ਸਮਾਜ ਸੇਵਾ ਦਾ ਦੂਜਾ ਨਾਮ ਹੈ। ਫ਼ਿਲਮ ਤੇ ਖੇਡ ਖੇਤਰ ਵਿੱਚ ਓਸ ਦੀ ਦੇਣ ਓਹਨਾਂ ਨੂੰ ਇਹਨਾਂ ਸਨਮਾਨਾਂ ਦੀ ਹੱਕਦਾਰ ਬਣਾ ਰਹੀ ਹੈ।

## ਚੰਨ ਭੱਟੀ ਨੇ ਬੰਨੀ ਸ਼ਰਮਾ ਤੇ ਨਮਤਾਜ ਖਾਨ ਨਾਲ ਦੇਖਿਆ "ਤੇਰਾ ਸ਼ਹਿਰ"




ਭੱਟੀ ਬ੍ਰਦਰਜ਼ ਤੇਜ਼ੀ ਨਾਲ ਪੰਜਾਬੀ ਗਾਇਕੀ ਵਿੱਚ ਛਾ ਰਹੇ ਹਨ ਤੇ ਚੰਨ ਭੱਟੀ ਹੁਣ ਸਟਾਰ ਗਾਇਕ ਬਣਨ ਲਈ ਟਰੈਕ ਗਾਇਕੀ ਵਿੱਚ ਸਰਗਰਮ ਹੈ ਤਾਂ ਕਿ ਓਹ ਆਪਣੀ ਮੰਜ਼ਿਲ ਤੇ ਜਾਏ। ਅੱਛੀ ਗੱਲ ਕਿ ਆਰ ਜੇ ਬੀਟਸ ਨੇ ਭੱਟੀ ਬ੍ਰਦਰਜ਼ ਨੂੰ ਉਤਸ਼ਾਹ ਦੇਣਾ ਸ਼ੁਰੂ ਕੀਤਾ ਹੈ। ਚੰਨ ਭੱਟੀ ਦਾ ਗੀਤ "ਤੇਰਾ ਸ਼ਹਿਰ" ਖ਼ੂਬ ਚਰਚਿਤ ਹੋਣ ਵਾਲਾ ਹੈ ਤੇ ਬੇਹਤਰੀਨ ਗੱਲ ਕਿ ਵੀਡਿਓ ਨਿਰਦੇਸ਼ਕ ਨਾਮਤਾਜ ਖਾਨ ਨੇ ਚੰਨ ਭੱਟੀ ਦਾ ਵੀਡਿਓ ਬਣਾਇਆ ਹੈ ਤੇ ਨਮਤਾਜ ਖਾਨ ਹੁਣ ਬੰਨੀ ਸ਼ਰਮਾ, ਮਨੀਸ਼ ਸ਼ਰਮਾ ਟੀਮ ਨਾਲ ਮਿਲ ਕੰਮ ਕਰ ਰਹੇ ਨੇ ਤੇ "ਤੇਰਾ ਸ਼ਹਿਰ" ਨੇ ਚੰਨ ਭੱਟੀ ਦੀ ਗੱਲ ਬਣਾ ਦਿੱਤੀ ਹੈ। ਖ਼ੁਸ਼ੀ ਵਾਲੀ ਗੱਲ ਖੁਸ਼ੀ ਸੈਨੀ ਲਈ ਕਿ ਓਸ ਦੀ ਰੂਪ ਸੱਜਾ ਤੇ ਮਾਡਲਿੰਗ ਚੰਨ ਭੱਟੀ ਨੂੰ ਸਟਾਰ ਬਣਾ ਰਹੀ ਹੈ ਤੇ ਲਾਭ ਖੁਸ਼ੀ ਸੈਨੀ ਨੂੰ ਵੀ ਮਿਲ ਰਿਹਾ ਹੈ।

## ਜੀ ਘੁਮਾਣ ਬੋਲੇ ਸਮੇਂ ਨਾਲ ਬਦਲਣਾ ਪੈਣਾ ਹੈ



ਸਮੇਂ ਨੂੰ ਦੇਖ ਗਾਇਕ ਜੀ ਘੁਮਾਣ ਨੇ ਗਾਇਕੀ ਦੇ ਨਾਲ ਨਾਲ ਆਡੀਓ ਵੀਡਿਓ ਸੰਗੀਤ ਖੇਤਰ ਵਿੱਚ ਪ੍ਰਵੇਸ਼ ਕਰ ਹੁਣ ਪੰਜਾਬ ਕਿੰਗਸ ਨੂੰ ਉਭਾਰਨ ਦੇ ਯਤਨ ਤੇਜ਼ ਕੀਤੇ ਹਨ। ਜੀ ਘੁਮਾਣ ਨੇ ਇਸ ਤੇ ਕਿਹਾ ਕਿ ਗਾਇਕੀ ਵੀ ਕੰਪਿਊਟਰ ਵਾਲੀ ਹੋਈ ਹੈ ਪਰ ਅਸਲੀ ਗਾਇਕੀ ਲਾਈਵ ਤੇ ਸਟੇਜ ਦੀ ਗਾਇਕੀ ਹੈ। ਪਿਤਾ ਰਘਵੀਰ ਸਿੰਘ ਚਾਹੇ ਪਿਛਲੇ ਦਿਨੀਂ ਓਸ ਦਾ ਸਾਥ ਛੱਡ ਗਏ ਪਰ ਓਹ ਓਹਨਾਂ ਦਾ ਨਾਮ ਰੌਸ਼ਨ ਕਰਨ ਲਈ ਗਾਇਕ, ਸੰਗੀਤ ਪੇਸ਼ਕਾਰ ਬਣਨ ਦੇ ਬਾਅਦ ਫ਼ਿਲਮੀ ਦੁਨੀਆਂ ਵੱਲ ਕਦਮ ਵਧਾ ਰਿਹਾ ਹੈ। ਜੀ ਘੁਮਾਣ ਨੇ ਪੁਰਾਣੀਆਂ ਮਾਡਲ ਕੁੜੀਆਂ ਦੀ ਸਿਫਤ ਕੀਤੀ ਕਿ ਉਹ ਕੰਮ ਨੂੰ ਬੇਹਤਰੀਨ ਬਣਾਉਣ ਲਈ ਕਲਾਕਾਰ ਦਾ ਸਹਿਯੋਗ ਕਰਦੀਆਂ ਸਨ ਪਰ ਅੱਜ ਕਲ ਓਹ ਪੈਸੇ ਤੱਕ ਸੀਮਤ ਹਨ।

## ਰੁਪਿੰਦਰ ਗੋਇਲ ਦੇਖਦੇ ਜਾਓ ਮੰਜ਼ਿਲ ਨੇੜੇ ਆਪ ਆਏਗੀ



ਰੁਪਿੰਦਰ ਗੋਇਲ ਕਨੇਡਾ ਹਨ ਤੇ ਰੂਹ ਓਹਨਾਂ ਦੀ ਪੰਜਾਬ ਵਿਚ ਹੈ। ਨਿਰਦੇਸ਼ਕ ਰਵਿੰਦਰ ਰਵੀ ਦੀ ਹਰ ਫ਼ਿਲਮ ਦੇ ਸੈੱਟ ਤੇ ਓਹ ਜਾਂਦੇ ਆਓਂਦੇ ਰਹੇ ਹਨ। ਰੁਪਿੰਦਰ ਗੋਇਲ ਨੇ ਦਵਿੰਦਰ ਦੀਪ ਕਾਲਾ ਦੇ ਫ਼ਿਲਮਾਂ ਦੇ ਕੈਰੀਅਰ ਲਈ ਆਪਣਾ ਯੋਗਦਾਨ ਦਿੱਤਾ ਹੈ। "ਜੱਟ ਜਿਓਣਾ ਮੌੜ" ਤੇ ਸਹੀ ਰੀਵਿਊ ਤੇ "ਆਪਾਂ ਫਿਰ ਮਿਲਾਂਗੇ" ਫ਼ਿਲਮ ਲਈ ਰੁਪਿੰਦਰ ਗੋਇਲ ਨੇ ਕੰਮ ਕੀਤਾ। ਆਮ ਦੋਸਤਾਂ ਵਿੱਚ ਕਾਕਾ ਨਾਮ ਨਾਲ ਜਾਣੇ ਜਾਂਦੇ ਕਾਕਾ ਉਰਫ ਰੁਪਿੰਦਰ ਗੋਇਲ ਨੇ ਕਿਹਾ ਕਿ ਕਨੇਡਾ ਵਿਖੇ ਬੇਸ਼ਕ ਜ਼ਿੰਦਗੀ ਬਹੁਤ ਤੇਜ਼ ਚਲਦੀ ਹੈ ਫਿਰ ਵੀ ਪੰਜਾਬੀ ਆਪਣੀ ਬੋਲੀ ਦੀਆਂ ਫ਼ਿਲਮਜ਼ ਤੇ ਸੰਗੀਤ ਨਾਲ ਮੋਹ ਕਰਦੇ ਹਨ। ਰੁਪਿੰਦਰ ਗੋਇਲ ਆ ਰਹੇ ਸਮੇਂ ਵਿੱਚ ਵੱਡੀ ਫ਼ਿਲਮ ਦਾ ਨਿਰਮਾਣ ਕਰਨਗੇ ਤੇ ਓਹਨਾਂ ਦੀ ਇਹ ਫ਼ਿਲਮ ਕਨੇਡੀਅਨ ਪੰਜਾਬੀ ਲੋਕਾਂ ਦੇ ਜਨ ਜੀਵਨ ਤੇ ਅਧਾਰਿਤ ਹੋਏਗੀ।

## ਭਗਵੰਤ ਕੰਗ ਨੇ ਚਮਕਾ ਦਿੱਤੀਆਂ ਮੁਟਿਆਰਾਂ ਬਣਾ ਦਿੱਤੀਆਂ ਫ਼ਿਲਮੀ ਪਰੀਆਂ



ਗੱਲ ਇੱਥੇ ਹੀ ਮੁੱਕ ਜਾਂਦੀ ਤਾਂ ਹੋਰ ਗੱਲ ਸੀ ਪਰ ਪਰ ਗੱਲ ਭਗਵੰਤ ਕੰਗ ਦੀ ਕਰਨੀ ਹੈ ਸਦਕੇ ਜਾਵਾਂ ਇਸ ਨਿਰਦੇਸ਼ਕ ਦੇ ਜਿਸ ਨੇ ਤਿੰਨ ਚਾਰ ਮੁਟਿਆਰਾਂ ਨੂੰ ਗਲੈਮਰ ਵਰਲਡ ਦੀਆਂ ਰਾਣੀਆਂ ਬਣਾ ਦਿੱਤਾ ਸੂ। ਐਂਜਲੀਨਾ ਰਾਜਪੂਤ ਨੂੰ "ਮੁਰਗਾਬੀਆਂ"! ਨਾਲ ਸ਼ਬਾਨਾ ਆਜ਼ਮੀ ਬਣਾ ਦਿੱਤਾ ਹੈ ਜਦ ਕਿ ਪ੍ਰਭਜੋਤ ਰੰਧਾਵਾ ਤਾਂ ਐਂਡ ਗਰਲ ਬਣ ਗਈ ਹੈ "ਕੈਰਮ ਬੋਰਡ" ਜ਼ਿੰਦਾਬਾਦ। ਕਿਰਨਾ ਖਾਨ ਨੂੰ ਪਲੇ ਬੈਕ ਗਾਇਕ ਬਣਾ ਦਿੱਤਾ ਹੈ। ਗੱਲ ਅਧੂਰੀ ਰਹੂ ਭਗਵੰਤ ਕੰਗ ਬਾਬਤ ਜ਼ਿਕਰ ਨਾ ਕਰੀਏ ਜਸਮੀਨ ਕੌਰ ਦਾ ਜਿਸ ਨੂੰ ਵੈੱਬ ਸੀਰੀਜ਼ ਦੀ ਰਸਮਿਕਾ ਮੰਦਾਨਾ ਬਣਾਇਆ ਹੈ। ਅੱਤੀਂ ਉੱਤਮ ਨਿਰਦੇਸ਼ਕ ਕੰਗ, ਬੇਹਤਰੀਨ ਭਗਵੰਤ ਕੰਗ। ਪੰਜਾਬੀ ਵੈੱਬ ਸੀਰੀਜ਼ ਦੇ ਕਿੰਗ ਬਣ ਚੁੱਕੇ ਹਨ ਓਹ ਜੈ ਹੋ।

-ਅੰਮ੍ਰਿਤ ਪਵਾਰ

## ਟਰੰਪ ਵੱਲੋਂ ਵੈਨੇਜ਼ੁਏਲਾ ਦੇ ਤੇਲ ਖਰੀਦਦਾਰਾਂ ਤੇ 25% ਟੈਰਿਫ ਲਗਾਉਣ ਦਾ ਐਲਾਨ

ਵਾਸ਼ਿੰਗਟਨ - ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੈਨੇਜ਼ੁਏਲਾ ਤੋਂ ਤੇਲ ਅਤੇ ਗੈਸ ਖਰੀਦਣ ਵਾਲੇ ਦੇਸ਼ਾਂ ਤੇ 25% ਟੈਰਿਫ ਲਗਾਉਣ ਦੀ ਯੋਜਨਾ ਬਣਾਈ ਹੈ। 2 ਅਪ੍ਰੈਲ 2025 ਤੋਂ ਲਾਗੂ ਹੋਣ ਵਾਲਾ ਇਹ ਨਵਾਂ ਟੈਕਸ, ਭਾਰਤ ਅਤੇ ਚੀਨ ਵਰਗੀਆਂ ਵੱਡੀਆਂ ਅਰਥਵਿਵਸਥਾਵਾਂ ਤੇ ਪ੍ਰਭਾਵ ਪਾ ਸਕਦਾ ਹੈ, ਜਦਕਿ ਵਿਸ਼ਵ ਵਪਾਰ ਵਿੱਚ ਅਣਉਹੰਦੇਪਣ ਨੂੰ ਵਧਾ ਸਕਦਾ ਹੈ। ਟਰੰਪ ਦੀ ਨਵੀਂ ਵਪਾਰਕ ਨੀਤੀ ਜਨਵਰੀ 2025 ਵਿੱਚ ਵ੍ਹਾਈਟ ਹਾਊਸ ਵਾਪਸੀ ਤੋਂ ਬਾਅਦ, ਟਰੰਪ ਵਪਾਰਕ ਉਪਾਵਾਂ ਰਾਹੀਂ ਸਹਿਯੋਗੀਆਂ ਅਤੇ ਵਿਰੋਧੀਆਂ ਤੇ ਦਬਾਅ ਬਣਾਉਣ ਦੀ ਨੀਤੀ ਅਪਨਾ ਰਹੇ ਹਨ। ਸੋਮਵਾਰ, 24 ਮਾਰਚ ਨੂੰ ਜਾਰੀ ਹੁਕਮ ਅਨੁਸਾਰ, ਵੈਨੇਜ਼ੁਏਲਾ ਤੋਂ ਆਯਾਤ ਕੀਤੇ ਜਾਣ ਵਾਲੇ ਤੇਲ ਤੇ 25% ਵਾਧੂ ਟੈਰਿਫ ਲਗਾਇਆ ਜਾਵੇਗਾ। ਅਮਰੀਕਾ ਨੇ ਇੱਕ ਦਿਨ ਵਿੱਚ ਵੇਚੇ 1000 Gold Card, ਇੱਕ ਦੀ ਕੀਮਤ 44 ਕਰੋੜ ਰੁਪਏ। ਰਾਸ਼ਟਰਪਤੀ ਡੋਨਾਲਡ ਟਰੰਪ ਦਾ ਗੋਲਡ ਕਾਰਡ ਵੀਜ਼ਾ ਪ੍ਰੋਗਰਾਮ ਅਧਿਕਾਰਤ ਤੌਰ ਤੇ ਲਾਂਚ ਹੋਣ ਤੋਂ ਪਹਿਲਾਂ ਹੀ ਸੁਪਰਹਿੱਟ ਹੋ ਗਿਆ ਹੈ। ਅਮਰੀਕੀ ਵਪਾਰਕ ਸਕੱਤਰ ਹਾਵਰਡ ਲੁਟਨਿਕ ਨੇ ਸੋਮਵਾਰ ਨੂੰ ਦਾਅਵਾ ਕੀਤਾ ਕਿ ਉਨ੍ਹਾਂ ਨੇ ਇੱਕ ਦਿਨ ਵਿੱਚ 1000 ਗੋਲਡ ਕਾਰਡ ਵੇਚੇ ਹਨ। ਇੱਕ ਗੋਲਡ ਕਾਰਡ ਦੀ ਕੀਮਤ 5 ਮਿਲੀਅਨ ਡਾਲਰ (44 ਕਰੋੜ ਭਾਰਤੀ ਰੁਪਏ) ਹੈ। ਇਸ ਦਾ ਮਤਲਬ ਹੈ ਕਿ ਸਿਰਫ਼ ਇੱਕ ਦਿਨ ਵਿੱਚ 44,000 ਕਰੋੜ ਰੁਪਏ ਦੇ ਗੋਲਡ ਕਾਰਡ ਵਿਕ ਗਏ।

ਹਾਵਰਡ ਨੇ ਕਿਹਾ ਕਿ ਲੋਕ ਗੋਲਡ ਕਾਰਡ ਲੈਣ ਲਈ ਲਾਈਨਾਂ ਵਿੱਚ ਲੱਗ ਰਹੇ ਹਨ। ਹਾਲਾਂਕਿ, ਇਹ ਪ੍ਰੋਗਰਾਮ ਅਧਿਕਾਰਤ ਤੌਰ ਤੇ ਲਗਭਗ ਦੋ ਹਫ਼ਤਿਆਂ ਬਾਅਦ ਸ਼ੁਰੂ ਹੋਵੇਗਾ। ਐਲੋਨ ਮਸਕ ਇਸ ਵੇਲੇ ਇਸ ਲਈ ਸਾਫਟਵੇਅਰ ਵਿਕਸਤ ਕਰ ਰਿਹਾ ਹੈ। ਟਰੰਪ ਸਰਕਾਰ 10 ਲੱਖ ਗੋਲਡ ਕਾਰਡਾਂ ਦੇ ਟੀਚੇ ਵੱਲ ਕੰਮ ਕਰ ਰਹੀ ਹੈ। ਪ੍ਰਸ਼ਾਸਨ ਦਾ ਮੰਨਣਾ ਹੈ ਕਿ ਇਹ ਬਹੁਤ ਮੁਸ਼ਕਲ ਨਹੀਂ ਹੈ ਕਿਉਂਕਿ ਦੁਨੀਆ ਵਿੱਚ 3.7 ਕਰੋੜ ਲੋਕ ਇਸਨੂੰ ਖਰੀਦ ਸਕਦੇ ਹਨ। ਅਮਰੀਕੀ ਸਰਕਾਰ ਇਸ ਪ੍ਰੋਗਰਾਮ ਤੋਂ ਇਕੱਠੇ ਕੀਤੇ ਪੈਸੇ ਦੀ ਵਰਤੋਂ ਦੇਸ਼ ਦੇ ਕਰਜ਼ੇ ਨੂੰ ਘਟਾਉਣ ਲਈ ਕਰੇਗੀ।

ਹਾਵਰਡ ਲੁਟਨਿਕ ਨੇ ਕਿਹਾ ਕਿ ਗੋਲਡ ਕਾਰਡ ਖਰੀਦਣ ਵਾਲਿਆਂ ਨੂੰ ਅਮਰੀਕਾ ਵਿੱਚ ਅਣਮਿੱਥੇ ਸਮੇਂ ਲਈ ਰਹਿਣ ਦਾ ਅਧਿਕਾਰ ਮਿਲੇਗਾ। ਕਾਰਡ ਖਰੀਦਣ ਵਾਲਿਆਂ ਦੀ ਵੀ ਜਾਂਚ ਕੀਤੀ ਜਾਵੇਗੀ ਕਿ ਕੀ ਉਹ ਕਾਨੂੰਨ ਦੀ ਪਾਲਣਾ ਕਰਨ ਵਾਲੇ ਚੰਗੇ ਲੋਕ ਹਨ ਜਾਂ ਨਹੀਂ। ਜੇਕਰ ਕਾਰਡ ਖਰੀਦਣ ਵਾਲਾ ਵਿਅਕਤੀ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹੈ ਤਾਂ ਅਮਰੀਕਾ ਇਸ ਕਾਰਡ ਨੂੰ ਹਮੇਸ਼ਾ ਲਈ ਰੱਦ ਕਰ ਸਕਦਾ ਹੈ। ਟਰੰਪ ਦਾ ਕਹਿਣਾ ਹੈ ਕਿ ਗੋਲਡ ਵੀਜ਼ਾ ਕਾਰਡ ਨਾਗਰਿਕਾਂ ਨੂੰ ਗ੍ਰੀਨ ਕਾਰਡ ਵਰਗੇ ਵਿਸ਼ੇਸ਼ ਅਧਿਕਾਰ ਦੇਵੇਗਾ। ਇਹ ਨਵਾਂ ਵੀਜ਼ਾ ਪ੍ਰੋਗਰਾਮ ਦੇਸ਼ ਵਿੱਚ ਨਿਵੇਸ਼ ਵਧਾਏਗਾ, ਇਸ ਦੇ ਨਾਲ ਹੀ ਓਬ-5 ਨਾਲ ਸਬੰਧਤ ਧੋਖਾਧੜੀ ਨੂੰ ਰੋਕਿਆ ਜਾਵੇਗਾ ਅਤੇ ਨੌਕਰਸ਼ਾਹੀ ਤੇ ਲਗਾਮ ਲਗਾਈ ਜਾਵੇਗੀ।